ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 6 July, 2025) ਪਟਿਆਲਾ ਐਤਵਾਰ, 6 ਜੁਲਾਈ, 2025, 22 ਹਾੜ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 185 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ 10-11 ਨੂੰ

ਚੰਡੀਗੜ੍ਹ, 5 ਜੁਲਾਈ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ 10 ਤੇ 11 ਜੁਲਾਈ, 2025 ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਸਕਦੀ ਹੈ। ਇਸ ਤੋਂ ਪਹਿਲਾਂ 7 ਜੁਲਾਈ ਦਿਨ ਸੋਮਵਾਰ ਨੂੰ ਸਵੇਰੇ 10.30 ਵਜੇ ਸੀ.ਐਮ. ਭਗਵੰਤ ਮਾਨ ਨੇ ਕੈਬਨਿਟ ਬੈਠਕ ਬੁਲਾਈ ਹੈ, ਜੋ ਉਨ੍ਹਾਂ ਦੇ ਘਰ 'ਤੇ ਹੋਵੇਗੀ। ਇਸ ਬੈਠਕ ਵਿਚ ਦੋ ਵੱਡੇ ਮੁੱਦਿਆਂ 'ਤੇ ਫੈਸਲਾ ਲਿਆ ਜਾ ਸਕਦਾ ਹੈ। ਇਨ੍ਹਾਂ ਵਿਚ ਬੇਅਦਬੀ ਖਿਲਾਫ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ ਜੋ ਧਾਰਮਿਕ ਗ੍ਰੰਥਾਂ ਤੇ ਆਸਥਾ ਦੇ (ਬਾਕੀ ਸਫਾ 2 'ਤੇ)

ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਨੇ ਕੀਤਾ ਸਪੱਸ਼ਟ

## ਅਮਰੀਕਾ ਨਾਲ ਡੀਲ ਓਦੋਂ ਹੀ ਜਦੋਂ ਦੋਵਾਂ ਦੇਸ਼ਾਂ ਨੂੰ ਹੋਵੇ ਫ਼ਾਇਦਾ: ਪਿਊਸ਼ ਗੋਇਲ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 5 ਜੁਲਾਈ :ਅਮਰੀਕਾ ਨਾਲ ਵਪਾਰ ਡੀਲ ਨੂੰ ਲੈ ਕੇ ਭਾਰਤ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਤੈਅ ਸਮੇਂ ਦੀ ਸੀਮਾ ਦੇ ਦਬਾਅ ਹੇਠ ਕੋਈ ਡੀਲ ਨਹੀਂ ਕਰੇਗਾ। ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਕਿਹਾ ਹੈ ਕਿ ਅਮਰੀਕਾ ਨਾਲ ਵਪਾਰਿਕ ਸਮਝੌਤਾ ਤਦ ਹੀ ਕੀਤਾ ਜਾਵੇਗਾ ਜਦੋਂ ਇਹ ਦੋਹਾਂ ਪੱਖਾਂ ਲਈ ਲਾਭਕਾਰੀ ਹੋਵੇ ਅਤੇ ਰਾਸ਼ਟਰਹਿਤ ਵਿੱਚ ਹੋਵੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਮਰੀਕਾ ਤੋਂ ਇਲਾਵਾ ਭਾਰਤ ਦੀ ਈ.ਯੂ., ਨਿਊਜ਼ੀਲੈਂਡ, ਓਮਾਨ, ਚਿਲੀ ਅਤੇ ਪੇਰੂ ਵਰਗੇ ਕਈ ਦੇਸ਼ਾਂ ਨਾਲ ਵੀ ਮੁਕਤ ਵਪਾਰ ਸਮਝੌਤਿਆਂ ਬਾਰੇ ਗੱਲਬਾਤ ਚੱਲ ਰਹੀ ਹੈ। ਇਸ ਦੇ ਨਾਲ ਹੀ ਭਾਰਤ ਨੇ ਡਬਲਿਊ.ਟੀ.ਓ. ਵਿੱਚ ਅਮਰੀਕਾ ਵੱਲੋਂ ਆਟੋ ਪਾਰਟਸ 'ਤੇ ਲਾਏ 25% ਟੈਰਿਫ਼ ਦਾ ਕਰੜਾ ਵਿਰੋਧ ਕੀਤਾ ਹੈ।



ਭਾਰਤ ਨੇ ਸਾਫ਼ ਕੀਤਾ ਹੈ ਕਿ ਉਹ ਅਮਰੀਕੀ ਉਤਪਾਦਾਂ 'ਤੇ ਜਵਾਬੀ ਟੈਰਿਫ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ, ਤਾਂ ਜੋ ਆਪਣੇ ਨੁਕਸਾਨ ਦੀ ਭਰਪਾਈ ਕਰ ਸਕੇ। ਦੱਸਣਯੋਗ ਹੈ ਕਿ 26 ਮਾਰਚ 2025 ਨੂੰ ਅਮਰੀਕਾ ਨੇ ਭਾਰਤ ਤੋਂ ਆਯਾਤ ਕੀਤੇ ਲਾਈਟ ਟਰੱਕ, ਪੈਸੈਂਜਰ ਵਾਹਨਾਂ ਅਤੇ ਕੁਝ ਹੋਰ ਆਟੋ ਪਾਰਟਸ 'ਤੇ 25% ਟੈਰਿਫ ਲਗਾਇਆ ਸੀ ਅਤੇ ਡਬਲਿਊ.ਟੀ.ਓ. ਨੂੰ ਵੀ ਇਸ ਦੀ ਜਾਣਕਾਰੀ (ਬਾਕੀ ਸਫਾ 2 'ਤੇ)

### ਮੋਦੀ ਵਪਾਰ ਸਮਝੌਤੇ ਦੇ ਮੁੱਦੇ 'ਤੇ ਟਰੰਪ ਅੱਗੇ ਝੁਕਣਗੇ: ਰਾਹੁਲ

ਨਵੀਂ ਦਿੱਲੀ, 5 ਜੁਲਾਈ (ਚੜ੍ਹਦੀਕਲਾ ਬਿਊਰੋ) : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਹੈ ਕਿ ਉਹ ਟੈਕਸਾਂ ਦੀ ਸਮਾਂ-ਸੀਮਾ ਦੇ ਮੁੱਦੇ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਬਾਅ ਹੇਠ ਆ ਜਾਣਗੇ। ਉਨ੍ਹਾਂ ਇਹ ਟਿੱਪਣੀ ਵਣਜ ਅਤੇ ਸਨਅਤਾਂ ਬਾਰੇ ਕੇਂਦਰੀ ਮੰਤਰੀ ਪਿਊਸ਼ ਗੋਇਲ ਵੱਲੋਂ ਬੀਤੇ ਦਿਨੀਂ ਦਿੱਤੇ ਗਏ ਬਿਆਨ ਮਗਰੋਂ ਕੀਤੀ ਹੈ। ਪਿਯੂਸ਼ ਗੋਇਲ ਨੇ ਕਿਹਾ ਸੀ ਕਿ (ਬਾਕੀ ਸਫਾ 2 'ਤੇ)

## ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀਆਂ ਕਾਰਵਾਈਆਂ ਨੂੰ ਕੀਤਾ ਅਪ੍ਰਵਾਨ, ਤਿੰਨ ਨੂੰ ਤਨਖ਼ਾਹੀਆ ਐਲਾਨਿਆ

### 15 ਦਿਨਾਂ ਦੇ ਅੰਦਰ ਸਪੱਸ਼ਟੀਕਰਨ ਦੇਣ ਦੇ ਆਦੇਸ਼



ਫੋਟੋ: ਗੁਰਦਿਆਲ ਸਿੰਘ

ਬਬਲੂ ਮਹਾਜਨ

================

ਅੰਮ੍ਰਿਤਸਰ, 5 ਜੁਲਾਈ :ਪੰਜ ਸਿੰਘ ਸਾਹਿਬਾਨ ਦੀ ਇੱਕ ਮਹੱਤਵਪੂਰਨ ਇਕੱਤਰਤਾ ਅੱਜ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ। ਇਕੱਤਰਤਾ ਦੀ ਅਗਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੀਤੀ, ਜਿਸ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਤਿੰਨ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਨੇ ਸ਼ਮੂਲੀਅਤ ਕੀਤੀ। ਇਕੱਤਰਤਾ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਗੰਭੀਰ ਮਾਮਲਿਆਂ 'ਤੇ ਚਰਚਾ ਕੀਤੀ।ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 19 ਨਵੰਬਰ, 2003 ਨੂੰ ਜਾਰੀ ਕੀਤੇ ਗਏ ਮਤਾ ਨੰਬਰ 01 ਦੀ ਪ੍ਰੋੜ੍ਹਤਾ ਕਰਦਿਆਂ ਇਸ ਦੀ ਰੋਸ਼ਨੀ ਵਿੱਚ ਫੈਸਲਾ ਕੀਤਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ 21 ਮਈ, 2025 ਅਤੇ 5 ਜੁਲਾਈ, 2025 ਨੂੰ ਜਾਰੀ ਕੀਤੇ ਗਏ ਹਾਲੀਆ ਪੱਤਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੀ ਘੋਰ ਉਲੰਘਣਾ ਮੰਨਿਆ ਗਿਆ। ਪੰਜ ਸਿੰਘ ਸਾਹਿਬਾਨ (ਬਾਕੀ ਸਫਾ 2 'ਤੇ)

### ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਸੁਖਬੀਰ ਸਿੰਘ ਬਾਦਲ ਨੂੰ ਦਿੱਤਾ ਤਨਖ਼ਾਹੀਆ ਕਰਾਰ

ਬਬਲੂ ਮਹਾਜਨ

================



ਅੰਮ੍ਰਿਤਸਰ, 5 ਜੁਲਾਈ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ। ਜਿਸ ਵਿਚ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਫੈਸਲੇ ਵਿਚ ਪੰਜ ਪਿਆਰਿਆਂ ਨੇ ਕਿਹਾ ਕਿ 21ਮਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਜਥੇਦਾਰ ਟੇਕ ਸਿੰਘ ਨੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਜਾਰੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਰਿਯਾਦਾ, ਸੰਵਿਧਾਨ ਅਤੇ ਉਪ ਨਿਯਮ ਨੂੰ ਚੁਣੌਤੀ ਦਿੰਦੇ ਹੋਏ ਇਥੋਂ ਦੇ ਪ੍ਰਬੰਧਕ ਕਮੇਟੀ ਦੇ ਅਧਿਕਾਰ ਅਤੇ ਸ਼ਕਤੀ ਵਿਚ ਦਖ਼ਲ ਅੰਦਾਜ਼ੀ ਕਰਕੇ ਉਸ ਦੇ ਨਿਰਣੈ 9 ਅਤੇ 10 ਮਈ 2023 ਦੀ ਇਕੱਤਰਤਾ ਵਿੱਚ ਲਏ ਗਏ ਫੈਸਲੇ ਦੇ ਖਿਲਾਫ ਜਾ ਕੇ ਗੈਰ ਸੰਵਿਧਾਨਿਕ, ਗੈਰ ਸਿਧਾਂਤਕ ਆਦੇਸ਼ ਜਾਰੀ ਕਰ ਦਿੱਤਾ। ਇਸ ਪੂਰੇ ਘਟਨਾ ਕ੍ਰਮ ਵਿੱਚ (ਬਾਕੀ ਸਫਾ 2 'ਤੇ)

### ਕੇਂਦਰ ਵੱਲੋਂ ਟੋਲ ਕੀਮਤਾਂ 'ਚ 50 ਫ਼ੀਸਦੀ ਤਕ ਦੀ ਕਟੌਤੀ

ਨਵੀਂ ਦਿੱਲੀ, 5 ਜੁਲਾਈ (ਚੜ੍ਹਦੀਕਲਾ ਬਿਊਰੋ) : ਸਰਕਾਰ ਨੇ ਰਾਸ਼ਟਰੀ ਰਾਜਮਾਰਗਾਂ ਦੇ ਉਨ੍ਹਾਂ ਹਿੱਸਿਆਂ ਲਈ ਟੋਲ ਕੀਮਤਾਂ ਵਿਚ 50 ਫ਼ੀ ਸਦੀ ਤਕ ਕਟੌਤੀ ਕੀਤੀ ਹੈ ਜਿਨ੍ਹਾਂ ਵਿਚ ਸੁਰੰਗਾਂ, ਪੁਲਾਂ, ਫਲਾਈਓਵਰਾਂ ਜਾਂ ਐਲੀਵੇਟਿਡ ਸੜਕਾਂ ਵਰਗੇ ਢਾਂਚੇ ਹਨ। ਇਸ ਕਦਮ ਨਾਲ ਡਰਾਈਵਰਾਂ ਲਈ ਯਾਤਰਾ ਲਾਗਤ ਘੱਟ ਜਾਵੇਗੀ। ਰਾਸ਼ਟਰੀ ਰਾਜਮਾਰਗਾਂ 'ਤੇ ਟੋਲ ਪਲਾਜ਼ਿਆਂ 'ਤੇ ਉਪਭੋਗਤਾ ਖਰਚਿਆਂ ਦੀ ਵਸੂਲੀ ਰਾਸ਼ਟਰੀ ਰਾਜਮਾਰਗ ਫੀਸ ਨਿਯਮਾਂ, 2008 ਦੇ ਅਨੁਸਾਰ ਇਕੱਠੀ ਕੀਤੀ ਜਾਂਦੀ ਹੈ। ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ 2008 ਦੇ ਨਿਯਮਾਂ ਵਿਚ ਸੋਧ ਕੀਤੀ ਹੈ ਅਤੇ ਟੋਲ ਕੀਮਤਾਂ ਦੀ ਗਣਨਾ ਲਈ ਇਕ ਨਵਾਂ ਤਰੀਕਾ ਜਾਂ ਫਾਰਮੂਲਾ ਸੂਚਿਤ ਕੀਤਾ ਹੈ।ਬੁੱਧਵਾਰ ਨੂੰ ਜਾਰੀ ਨੋਟੀਫ਼ਿਕੇਸ਼ਨ ਦੇ ਅਨੁਸਾਰ ਮੰਤਰਾਲੇ ਨੇ ਕਿਹਾ ਹੈ ਕਿ ਢਾਂਚੇ ਵਾਲੇ ਹਾਈਵੇਅ ਸੈਕਸ਼ਨ 'ਤੇ ਫੀਸ ਦੀ ਗਣਨਾ ਦੋ ਤਰੀਕਿਆਂ (ਬਾਕੀ ਸਫਾ 2 'ਤੇ)

## ਸਿੱਖਾਂ ਲਈ ਉੱਤਰ ਪ੍ਰਦੇਸ਼ 'ਚ ਸ਼ੁਰੂ ਹੋਵੇਗੀ ਤੀਰਥ ਯਾਤਰਾ ਯੋਜਨਾ: ਆਦਿੱਤਿਆਨਾਥ

### ਪ੍ਰਤੀ ਵਿਅਕਤੀ 10,000 ਰੁਪਏ ਦੀ ਸਹਾਇਤਾ ਮਿਲੇਗੀ

ਚੜ੍ਹਦੀਕਲਾ ਬਿਊਰੋ

================

ਲਖਨਊ , 5 ਜੁਲਾਈ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਨਿਚਰਵਾਰ ਨੂੰ ਅਧਿਕਾਰੀਆਂ ਨੂੰ ਸਿੱਖ ਅਤੇ ਬੋਧੀ ਸ਼ਰਧਾਲੂਆਂ ਲਈ ਅਧਿਆਤਮਿਕ ਯਾਤਰਾ ਦੀ ਸਹੂਲਤ ਲਈ ਦੋ ਨਵੀਆਂ ਤੀਰਥ ਯਾਤਰਾ ਸਹਾਇਤਾ ਯੋਜਨਾਵਾਂ 'ਬੋਧੀ ਤੀਰਥ ਦਰਸ਼ਨ ਯੋਜਨਾ' ਅਤੇ 'ਪੰਜ ਤਖ਼ਤ ਯਾਤਰਾ ਯੋਜਨਾ' ਸ਼ੁਰੂ ਕਰਨ ਦੇ ਹੁਕਮ ਦਿਤੇ। ਇਕ ਸਮੀਖਿਆ ਬੈਠਕ 'ਚ ਆਦਿੱਤਿਆਨਾਥ ਨੇ ਕਿਹਾ ਕਿ ਤੀਰਥ ਯਾਤਰਾ ਅਧਿਆਤਮਿਕ ਉਥਾਨ ਅਤੇ ਸਮਾਜਿਕ ਸਦਭਾਵਨਾ ਦਾ ਸਾਧਨ ਹੈ ਅਤੇ ਨਾਗਰਿਕਾਂ ਨੂੰ ਉਨ੍ਹਾਂ ਦੇ ਧਰਮ ਨਾਲ ਜੁੜੇ ਸਥਾਨਾਂ ਉਤੇ ਪਹੁੰਚਣ 'ਚ ਮਦਦ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।



'ਪੰਜ ਤਖ਼ਤ ਯਾਤਰਾ ਯੋਜਨਾ' ਉੱਤਰ ਪ੍ਰਦੇਸ਼ ਦੇ ਸਿੱਖ ਸ਼ਰਧਾਲੂਆਂ ਨੂੰ ਪੰਜ ਪਵਿੱਤਰ ਤਖ਼ਤ ਸਾਹਿਬ ਸਥਾਨਾਂ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਮਦਮਾ ਸਾਹਿਬ, ਸ੍ਰੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਸ੍ਰੀ ਹਰਿਮੰਦਰ ਜੀ ਸਾਹਿਬ (ਪਟਨਾ ਸਾਹਿਬ) ਦੇ ਦਰਸ਼ਨ ਕਰਨ ਦੇ ਯੋਗ ਬਣਾਏਗੀ। ਦੋਹਾਂ ਯੋਜਨਾਵਾਂ ਵਿਚ (ਬਾਕੀ ਸਫਾ 2 'ਤੇ)

## ਪੰਜਾਬ 'ਚ 6, 7, 8 ਤੇ 9 ਨੂੰ ਵਿਗੜੇਗਾ ਮੌਸਮ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 5 ਜੁਲਾਈ : ਪੰਜਾਬ 'ਚ ਮੌਨਸੂਨ ਨੇ ਜਿੱਥੇ ਇੱਕ ਪਾਸੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ, ਉੱਥੇ ਹੀ ਹੁਣ ਕੁਝ ਇਲਾਕਿਆਂ ਵਿੱਚ ਮੌਸਮ 'ਚ ਵੱਡੀ ਤਬਦੀਲੀ ਨਜ਼ਰ ਆਉਣ ਵਾਲੀ ਹੈ। ਮੌਸਮ ਵਿਭਾਗ ਵੱਲੋਂ ਚੇਤਾਵਨੀ ਜਾਰੀ ਕੀਤੀ ਗਈ ਹੈ ਕਿ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਅਚਾਨਕ ਮੌਸਮ ਵਿਗੜ ਸਕਦਾ ਹੈ।

ਸੂਬੇ 'ਚ ਮੀਂਹ ਨਾਲ ਅਸਮਾਨੀ ਬਿਜਲੀ ਲਿਸ਼ਕਣ ਅਤੇ ਤੇਜ਼ ਹਵਾਵਾਂ ਦੇ ਚੱਲਣ ਦੀ ਪੂਰੀ ਸੰਭਾਵਨਾ ਹੈ। ਮੌਸਮ ਵਿਭਾਗ ਦੇ ਅਨੁਸਾਰ ਅੱਜ ਰਾਤ ਨੂੰ ਸੰਗਰੂਰ, ਪਟਿਆਲਾ, ਫਤਹਿਗੜ੍ਹ ਸਾਹਿਬ, ਲੁਧਿਆਣਾ, ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਦਰਮਿਆਨਾ ਮੀਂਹ ਪੈਣ ਦੀ ਸੰਭਾਵਨਾ ਜਤਾਈ ਗਈ ਹੈ। ਇਸ ਦੇ ਨਾਲ-ਨਾਲ ਇਨ੍ਹਾਂ ਇਲਾਕਿਆਂ ਵਿੱਚ ਅਸਮਾਨੀ ਬਿਜਲੀ ਲਿਸ਼ਕਣ ਅਤੇ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ



ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਵੀ ਚੱਲ ਸਕਦੀਆਂ ਹਨ। ਮੌਸਮ ਵਿਭਾਗ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜਿਹੜੇ ਲੋਕ ਖੇਤਾਂ ਜਾਂ ਖੁੱਲ੍ਹੇ ਮੈਦਾਨਾਂ ਵਿੱਚ ਹਨ, ਉਹ ਤੁਰੰਤ ਸੁਰੱਖਿਅਤ ਥਾਵਾਂ 'ਤੇ ਪਹੁੰਚ ਜਾਣ। ਇਸ ਦੇ ਨਾਲ ਹੀ ਮੌਸਮ ਵਿਭਾਗ ਵਲੋਂ ਅਗਲੇ 5 ਦਿਨਾਂ ਲਈ ਭਾਰੀ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ।

ਜੁਲਾਈ ਮਹੀਨੇ ਪੂਰੇ ਸੂਬੇ 'ਚ ਮੀਂਹ, ਬਦਲ ਗਰਜਣ, ਬਿਜਲੀ ਲਿਸ਼ਕਣ ਅਤੇ ਤੇਜ਼ ਹਵਾਵਾਂ ਚੱਲਣਗੀਆਂ। ਵਿਭਾਗ ਵੱਲੋਂ ਜਾਰੀ ਕੀਤੀ ਤਾਜ਼ਾ (ਬਾਕੀ ਸਫਾ 2 'ਤੇ)

### ਭਾਖੜਾ ਡੈਮ 'ਚ ਪਾਣੀ ਦਾ ਪੱਧਰ 1584.21 ਫ਼ੁੱਟ ਤਕ ਪੁੱਜਾ

ਚੰਡੀਗੜ੍ਹ, 5 ਜੁਲਾਈ (ਚੜ੍ਹਦੀਕਲਾ ਬਿਊਰੋ) : ਪਿਛਲੇ ਦਿਨੀਂ ਹਿਮਾਚਲ ਦੇ ਪਹਾੜੀ ਇਲਾਕਿਆਂ ਵਿਚ ਪਈ ਭਾਰੀ ਬਾਰਿਸ਼ ਕਾਰਨ ਹਿਮਾਚਲ ਦੇ ਪਹਾੜੀ ਇਲਾਕਿਆਂ ਦੀਆਂ ਨਦੀਆਂ ਉਫਾਨ 'ਤੇ ਹਨ ਜਿਸ ਦੇ ਚੱਲਦਿਆਂ ਭਾਖੜਾ ਡੈਮ ਦਾ ਪੱਧਰ ਵੱਧ ਗਿਆ ਹੈ। ਇਹ ਪੱਧਰ ਖਤਰੇ ਦੇ ਨਿਸ਼ਾਨ ਤੋਂ ਕਰੀਬ 100 ਫ਼ੁਟ ਹੇਠਾਂ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਭਾਖੜਾ ਡੈਮ ਪਾਣੀ ਦਾ 1584.21 ਫ਼ੁੱਟ ਦਰਜ ਕੀਤਾ ਗਿਆ ਹੈ ਜੋ ਕਿ ਖਤਰੇ ਦੇ ਨਿਸ਼ਾਨ ਤੋਂ 1680 ਫ਼ੁੱਟ ਤੋਂ ਸਿਰਫ਼ 100 ਫ਼ੁੱਟ ਹੇਠਾਂ ਹੈ। ਭਾਖੜਾ ਡੈਮ 'ਚ (ਬਾਕੀ ਸਫਾ 2 'ਤੇ)

## ਮੋਦੀ ਦਾ ਅਰਜਨਟੀਨਾ 'ਚ ਸ਼ਾਨਦਾਰ ਸਵਾਗਤ



ਚੜ੍ਹਦੀਕਲਾ ਬਿਊਰੋ

================

ਬਿਊਨਸ ਆਇਰਸ, 5 ਜੁਲਾਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਰਜਨਟੀਨਾ ਦੀ ਰਾਜਧਾਨੀ ਬਿਊਨਸ ਆਇਰਸ ਪਹੁੰਚੇ। ਇਹ ਕਿਸੇ ਭਾਰਤੀ ਪ੍ਰਧਾਨ ਮੰਤਰੀ ਦਾ 57 ਸਾਲਾਂ ਵਿੱਚ ਅਰਜਨਟੀਨਾ ਦਾ ਪਹਿਲਾ ਦੁਵੱਲਾ ਦੌਰਾ ਹੈ। ਏਜ਼ੀਜ਼ਾ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ 2 ਦਿਨਾਂ ਦੌਰੇ ਵਿੱਚ ਉਹ ਅਰਜਨਟੀਨਾ ਦੇ ਰਾਸ਼ਟਰਪਤੀ ਜੇਵੀਅਰ ਮਾਈਲੀ ਨਾਲ ਇੱਕ ਮਹੱਤਵਪੂਰਨ ਮੁਲਾਕਾਤ ਕਰਨਗੇ ਅਤੇ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕਰਨਗੇ। ਇਹ ਪ੍ਰਧਾਨ ਮੰਤਰੀ ਮੋਦੀ ਦਾ ਅਰਜਨਟੀਨਾ ਦਾ ਦੂਜਾ ਦੌਰਾ ਹੈ। ਇਸ ਤੋਂ ਪਹਿਲਾਂ ਉਹ 2018 ਵਿੱਚ ਜੀ20 ਸੰਮੇਲਨ ਲਈ (ਬਾਕੀ ਸਫਾ 2 'ਤੇ)

ਕਾਂਗਰਸ ਦੇ ਵਕੀਲ ਨੇ ਅਦਾਲਤ 'ਚ ਦਿੱਤੀ ਦਲੀਲ

## 'ਕਾਂਗਰਸ ਨੇ ਏ.ਜੇ.ਐਲ. ਨੂੰ ਵੇਚਣ ਨਹੀਂ ਸਗੋਂ ਬਚਾਉਣ ਦੀ ਕੋਸ਼ਿਸ਼ ਕੀਤੀ'

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 5 ਜੁਲਾਈ : ਕਾਂਗਰਸ ਆਗੂ ਰਾਹੁਲ ਗਾਂਧੀ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਆਰ.ਐਸ. ਚੀਮਾ ਨੇ ਅੱਜ ਦਲੀਲ ਦਿੱਤੀ ਕਿ ਕਾਂਗਰਸ ਨੇ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ.ਜੇ.ਐਲ.) ਦੀਆਂ ਜਾਇਦਾਦਾਂ ਵੇਚਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਉਸ ਸੰਸਥਾ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ ਜੋ ਆਜ਼ਾਦੀ ਅੰਦੋਲਨ ਦਾ ਹਿੱਸਾ ਸੀ। ਚੀਮਾ ਨੇ ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ (ਬਾਕੀ ਸਫਾ 2 'ਤੇ)




### ਬੰਗਾਲ 'ਚ ਬੰਬ ਧਮਾਕੇ ਦੌਰਾਨ ਇੱਕ ਦੀ ਮੌਤ

ਕੋਲਕਾਤਾ , 5 ਜੁਲਾਈ (ਚੜ੍ਹਦੀਕਲਾ ਬਿਊਰੋ) : ਪੱਛਮੀ ਬੰਗਾਲ ਦੇ ਬਰਧਮਾਨ ਜ਼ਿਲ੍ਹੇ ਵਿਚ ਇਕ ਦੇਸੀ ਬੰਬ ਵਿਚ ਧਮਾਕਾ ਹੋ ਗਿਆ, ਜਿਸ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇਕ ਹੋਰ ਵਿਅਕਤੀ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਿਆ। ਇਸ ਘਟਨਾ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਘਟਨਾ ਸਥਾਨ 'ਤੇ ਪਹੁੰਚੀ ਪੁਲਿਸ ਨੇ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਧਮਾਕਾ ਇੰਨਾ ਭਿਆਨਕ ਸੀ ਕਿ ਜਿਸ ਘਰ ਵਿਚ ਬੰਬ ਬਣਾਇਆ ਜਾ ਰਿਹਾ ਸੀ, ਉਸ ਦੇ ਟੀਨ ਦੀ ਛੱਤ ਉਡ ਗਈ। ਘਟਨਾ ਤੋਂ ਬਾਅਦ ਇਲਾਕੇ ਵਿਚ ਦਹਿਸ਼ਤ ਫੈਲ ਗਈ। ਇਸ ਮਾਮਲੇ ਦੇ ਸਬੰਧ ਵਿਚ ਸਥਾਨਕ ਲੋਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਧਮਾਕਾ ਖਾਲੀ ਪਏ ਇਕ ਮਕਾਨ ਵਿਚ ਹੋਇਆ ਹੈ, ਜਿਸ ਨੂੰ ਗੈਰ-ਸਮਾਜਿਕ ਤੱਤ ਅਕਸਰ ਦੇਸੀ ਬੰਬ ਬਣਾਉਣ (ਬਾਕੀ ਸਫਾ 2 'ਤੇ)

## ਕੇਂਦਰ ਸਰਕਾਰ ਨੇ ਕੀਤਾ ਵਕ਼ਫ ਐਕਟ ਦੇ ਨਵੇਂ ਨਿਯਮ ਨੂੰ ਨੋਟੀਫਾਈਡ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 5 ਜੁਲਾਈ :ਕੇਂਦਰ ਨੇ ਏਕੀਕ੍ਰਿਤ ਵਕ਼ਫ ਪ੍ਰਬੰਧਨ, ਸਸ਼ਕਤੀਕਰਨ, ਕੁਸ਼ਲਤਾ ਤੇ ਵਿਕਾਸ ਨਿਯਮ, 2025 ਨੂੰ ਸੂਚਿਤ ਕੀਤਾ ਹੈ ਜੋ ਵਕ਼ਫ ਜਾਇਦਾਦਾਂ ਦੇ ਪੋਰਟਲ ਅਤੇ ਡੇਟਾਬੇਸ, ਉਨ੍ਹਾਂ ਦੀ ਰਜਿਸਟ੍ਰੇਸ਼ਨ ਦਾ ਤਰੀਕਾ, ਆਡਿਟ ਕਰਵਾਉਣਾ ਅਤੇ ਖਾਤਿਆਂ ਦੀ ਦੇਖਭਾਲ ਵਰਗੇ ਮੁੱਦਿਆਂ ਨਾਲ ਨਜਿੱਠਦੇ ਹਨ। ਇਹ ਨਿਯਮ ਵੀਰਵਾਰ ਨੂੰ 1995 ਦੇ ਐਕਟ ਦੀ ਧਾਰਾ 1082 ਦੇ ਤਹਿਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੂਚਿਤ ਕੀਤੇ ਗਏ ਸਨ, ਜਿਸ ਨੂੰ ਵਕ਼ਫ (ਸੋਧ) ਐਕਟ 2025 ਦੁਆਰਾ ਸ਼ਾਮਲ ਕੀਤਾ ਗਿਆ ਸੀ। ਇਹ ਕਾਨੂੰਨ 8 ਅਪ੍ਰੈਲ, 2025 ਤੋਂ ਲਾਗੂ ਹੋਇਆ ਸੀ। ਨਿਯਮਾਂ ਦੇ ਅਨੁਸਾਰ ਵਕ਼ਫ ਦੇ ਵੇਰਵੇ ਦਾਇਰ ਕਰਨ, 'ਔਕਾਫ਼' (ਵਕ਼ਫ) ਦੀ ਸੂਚੀ ਅਪਲੋਡ ਕਰਨ, ਨਵਾਂ ਵਕ਼ਫ ਰਜਿਸਟਰ ਕਰਨ, ਔਕਾਫ਼ ਦੇ ਰਜਿਸਟਰ ਦੀ ਦੇਖਭਾਲ ਅਤੇ ਵਕ਼ਫ ਦੇ ਮੁਤਵੱਲੀ ਦੇ ਖਾਤਿਆਂ ਦੀ ਦੇਖਭਾਲ ਅਤੇ ਜਮ੍ਹਾਂ ਕਰਾਉਣ, ਆਡਿਟ ਰਿਪੋਰਟ ਅਤੇ ਕਾਰਵਾਈਆਂ ਦੇ ਪ੍ਰਕਾਸ਼ਨ ਅਤੇ ਐਕਟ ਦੀ ਧਾਰਾ 48 ਦੇ ਤਹਿਤ ਬੋਰਡ ਨੂੰ ਆਦੇਸ਼ ਦੇਣ ਦੇ ਉਦੇਸ਼ਾਂ ਲਈ ਇੱਕ ਪੋਰਟਲ ਅਤੇ ਡਾਟਾਬੇਸ ਸਥਾਪਤ ਕੀਤਾ ਗਿਆ ਹੈ। ਸੂਚਿਤ ਨਿਯਮਾਂ 'ਚ ਕਿਹਾ ਗਿਆ ਹੈ ਕਿ ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਵਿੱਚ ਸੰਯੁਕਤ ਸਕੱਤਰ ਅਤੇ ਵਕ਼ਫ ਡਿਵੀਜ਼ਨ ਦੇ ਇੰਚਾਰਜ ਪੋਰਟਲ ਅਤੇ ਡੇਟਾਬੇਸ ਦੀ ਨਿਗਰਾਨੀ ਅਤੇ ਨਿਯੰਤਰਣ ਲਈ ਜ਼ਿੰਮੇਵਾਰ ਹੋਣਗੇ। ਪੋਰਟਲ ਅਤੇ ਡੇਟਾਬੇਸ (ਬਾਕੀ ਸਫਾ 2 'ਤੇ)

ਹੁਣ ਹਰ ਜਾਇਦਾਦ ਦੀ ਰਜਿਸਟ੍ਰੇਸ਼ਨ ਲਾਜ਼ਮੀ

## ਪਠਾਨਕੋਟ ਤੋਂ 28 ਜੁਲਾਈ ਨੂੰ ਚੱਲੇਗੀ 'ਭਾਰਤ ਗੌਰਵ ਟ੍ਰੇਨ'

ਨਵੀਂ ਦਿੱਲੀ, 5 ਜੁਲਾਈ (ਚੜ੍ਹਦੀਕਲਾ ਬਿਊਰੋ) : ਰੇਲਵੇ ਬੋਰਡ ਨੇ ਉਨ੍ਹਾਂ ਸ਼ਰਧਾਲੂਆਂ ਲਈ ਭਾਰਤ ਗੌਰਵ ਟ੍ਰੇਨ ਚਲਾਉਣ ਦਾ ਫੈਸਲਾ ਕੀਤਾ ਹੈ ਜੋ ਦੱਖਣੀ ਭਾਰਤ ਦੇ ਮਸ਼ਹੂਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਇਹ ਵਿਸ਼ੇਸ਼ ਟ੍ਰੇਨ 28 ਜੁਲਾਈ ਨੂੰ ਦੱਖਣੀ ਭਾਰਤ ਦੀ ਇੱਕ ਬ੍ਰਹਮ ਯਾਤਰਾ 'ਤੇ ਰਵਾਨਾ ਹੋਵੇਗੀ। 13 ਦਿਨਾਂ ਦੀ ਯਾਤਰਾ ਪਠਾਨਕੋਟ ਕੈਂਟ ਸਟੇਸ਼ਨ ਤੋਂ ਸ਼ੁਰੂ ਹੋਵੇਗੀ ਅਤੇ ਦੱਖਣੀ ਭਾਰਤ ਦੇ ਪ੍ਰਮੁੱਖ ਤੀਰਥ ਸਥਾਨਾਂ ਜਿਵੇਂ ਕਿ ਤਿਰੂਪਤੀ, ਰਾਮੇਸ਼ਵਰਮ, ਮਦੁਰਾਈ, ਕੰਨਿਆਕੁਮਾਰੀ ਅਤੇ ਮੱਲੀਕਾਰਜੁਨ ਦੇ ਦਰਸ਼ਨ ਕਰਵਾਏਗੀ। ਇਸ ਦੇ ਮੁੱਖ ਬੋਰਡਿੰਗ ਪੁਆਇੰਟਾਂ ਵਿੱਚ ਜਲੰਧਰ ਸ਼ਹਿਰ, ਲੁਧਿਆਣਾ, ਚੰਡੀਗੜ੍ਹ, ਅੰਬਾਲਾ ਕੈਂਟ, ਕੁਰੂਕਸ਼ੇਤਰ, ਕਰਨਾਲ, ਪਾਣੀਪਤ, ਸੋਨੀਪਤ, ਹਜ਼ਰਤ ਨਿਜ਼ਾਮੂਦੀਨ, (ਬਾਕੀ ਸਫਾ 2 'ਤੇ)




## ਬਿਹਾਰ 'ਚ ਵੋਟਰ ਸੂਚੀਆਂ ਦੀ ਸੁਧਾਈ ਖ਼ਿਲਾਫ਼ ਏ.ਡੀ.ਆਰ. ਨੇ ਐਸ.ਸੀ. ਦਾ ਬੂਹਾ ਖੜਕਾਇਆ

ਚੜ੍ਹਦੀਕਲਾ ਬਿਊਰੋ

================

ਪਟਨਾ, 5 ਜੁਲਾਈ : ਚੋਣ ਕਮਿਸ਼ਨ ਨੇ ਬਿਹਾਰ ਵਿੱਚ ਵੋਟਰ ਕਾਰਡਾਂ ਦੀ ਜਾਂਚ ਲਈ ਇੱਕ ਨਵੀਂ ਮੁਹਿੰਮ ਸ਼ੁਰੂ ਕੀਤੀ, ਜਿਸ ਨੂੰ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ. ਆਰ.) ਕਿਹਾ ਜਾ ਰਿਹਾ ਹੈ। ਇਸ ਮੁਹਿੰਮ ਦੇ ਤਹਿਤ ਵੋਟਰ ਸੂਚੀ ਨੂੰ ਅਪਡੇਟ ਕਰਨ ਦਾ ਕੰਮ ਵੀ ਚੱਲ ਰਿਹਾ ਹੈ। ਬਿਹਾਰ ਵਿੱਚ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਦਾ ਮੁੱਦਾ ਹੁਣ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ ਹੈ। ਚੋਣ ਕਮਿਸ਼ਨ ਦੇ ਇਸ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਈ.ਸੀ.ਆਈ. ਵੋਟਰ ਸੂਚੀ ਵਿੱਚ ਨਾਮ ਜੋੜਨ ਜਾਂ ਹਟਾਉਣ ਲਈ ਲੋਕਾਂ ਦੇ ਦਾਅਵਿਆਂ ਅਤੇ ਇਤਰਾਜ਼ਾਂ ਵੱਲ ਧਿਆਨ ਦਿੰਦਾ ਹੈ। ਬਾਕੀ ਕੰਮ ਗ੍ਰਹਿ ਮੰਤਰਾਲੇ ਦੁਆਰਾ ਦੇਖਿਆ ਜਾਂਦਾ ਹੈ।



ਦੱਸ ਦੇਈਏ ਕਿ ਕਮਿਸ਼ਨ ਵਿਰੁੱਧ ਇਹ ਪਟੀਸ਼ਨ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਵੱਲੋਂ ਦਾਇਰ ਕੀਤੀ ਗਈ ਹੈ। ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਚੋਣ ਕਮਿਸ਼ਨ ਦਾ ਇਹ ਹੁਕਮ ਮਨਮਾਨੀ ਹੈ। ਇਸ ਕਾਰਨ ਲੱਖਾਂ ਵੋਟਰ ਆਪਣੇ ਵੋਟ ਦੇ ਅਧਿਕਾਰ ਤੋਂ ਵਾਂਝੇ ਰਹਿ ਸਕਦੇ ਹਨ। ਇਸ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਦਖਲ ਦੇਣ ਦੀ ਮੰਗ ਵੀ ਕੀਤੀ ਗਈ ਹੈ। ਚੋਣ ਕਮਿਸ਼ਨ ਦੇ (ਬਾਕੀ ਸਫਾ 2 'ਤੇ)

### ਝਾਰਖੰਡ : ਕੋਲਾ ਖਦਾਨ ਹਾਦਸੇ 'ਚ ਇੱਕ ਦੀ ਮੌਤ, ਕਈ ਦੇ ਫਸੇ ਹੋਣ ਦਾ ਖ਼ਦਸ਼ਾ

ਰਾਮਗੜ੍ਹ, 5 ਜੁਲਾਈ (ਚੜ੍ਹਦੀਕਲਾ ਬਿਊਰੋ) : ਝਾਰਖੰਡ ਦੇ ਰਾਮਗੜ੍ਹ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਦੌਰਾਨ ਕੋਲਾ ਖਾਣ ਦਾ ਇੱਕ ਹਿੱਸਾ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਕੁਝ ਹੋਰਾਂ ਦੇ ਫਸੇ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਪੁਲਿਸ ਨੇ ਸ਼ਨਿਚਰਵਾਰ ਨੂੰ ਦੱਸਿਆ ਕਿ ਇਹ ਘਟਨਾ ਜ਼ਿਲ੍ਹੇ ਦੇ ਕਰਮਾ ਖੇਤਰ ਵਿੱਚ ਤੜਕਸਾਰ ਵਾਪਰੀ ਹੈ। ਉਨ੍ਹਾਂ ਕਿਹਾ ਕਿ ਰਾਹਤ ਅਤੇ ਬਚਾਅ ਕਾਰਜ ਲਈ ਇੱਕ ਪ੍ਰਸ਼ਾਸਨਿਕ ਟੀਮ ਭੇਜੀ ਗਈ ਹੈ। ਕੁਜੂ ਪੁਲਿਸ ਚੌਕੀ ਦੇ ਇੰਚਾਰਜ ਆਸ਼ੂਤੋਸ਼ ਕੁਮਾਰ ਸਿੰਘ ਨੇ ਦੱਸਿਆ,ਹੁਣ ਤੱਕ ਇੱਕ ਲਾਸ਼ ਬਰਾਮਦ ਕੀਤੀ ਗਈ ਹੈ ਅਤੇ ਬਚਾਅ ਕਾਰਜ ਜਾਰੀ ਹਨ, ਕਿਉਂਕਿ ਹੋਰ ਲੋਕਾਂ ਦੇ ਫਸੇ ਹੋਣ ਦਾ ਸ਼ੱਕ ਹੈ। ਉਨ੍ਹਾਂ ਕਿਹਾ ਕਿ ਕੁਝ ਪਿੰਡ ਵਾਸੀ ਘਟਨਾ ਸਥਾਨ 'ਤੇ ਕੋਲੇ ਦੀ ਗੈਰ-ਕਾਨੂੰਨੀ ਮਾਈਨਿੰਗ ਵਿੱਚ ਸ਼ਾਮਲ ਸਨ। ਰਾਮਗੜ੍ਹ ਦੇ ਡਿਪਟੀ ਕਮਿਸ਼ਨਰ (ਬਾਕੀ ਸਫਾ 2 'ਤੇ)



# ਨਸ਼ਿਆਂ ਦੇ ਕਾਰੋਬਾਰ 'ਚ ਸ਼ਾਮਲ ਵੱਡੀਆਂ ਮੱਛੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਵਾਂਗੇ: ਮਾਨ

## ਨੌਜਵਾਨਾਂ ਦੇ ਕਤਲੇਆਮ ਲਈ ਜ਼ਿੰਮੇਵਾਰ 'ਜਰਨੈਲਾਂ' ਨੂੰ ਜਵਾਬਦੇਹ ਬਣਾਇਆ ਜਾਵੇਗਾ

## ਸੂਬੇ ਦੇ ਪੇਂਡੂ ਵਿਕਾਸ ਫੰਡ ਦੇ ਹਿੱਸੇ ਨੂੰ ਰੋਕਣ ਲਈ ਕੇਂਦਰ ਸਰਕਾਰ ਦੀ ਕੀਤੀ ਨਿੰਦਾ

ਅੰਮ੍ਰਿਤਸਰ, 5 ਜੁਲਾਈ (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਨਸ਼ੇ ਵੇਚ ਕੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਬਰਬਾਦ ਕਰਨ ਵਾਲਿਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ।

ਪਵਿੱਤਰ ਸ਼ਹਿਰ ਦੇ ਵਸਨੀਕਾਂ ਨੂੰ ਲਗਭਗ 350 ਕਰੋੜ ਰੁਪਏ ਦੀਆਂ ਸੜਕਾਂ ਅਤੇ ਲਾਇਬ੍ਰੇਰੀਆਂ ਸਮਰਪਿਤ ਕਰਨ ਤੋਂ ਬਾਅਦ 'ਆਪ' ਆਗੂ ਮਨੀਸ਼ ਸਿਸੋਦੀਆ ਦੀ ਹਾਜ਼ਰੀ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਜਰਨੈਲਾਂ ਨੂੰ ਪਹਿਲਾਂ ਹੀ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਿਸੇ ਨੇ ਵੀ ਇਨ੍ਹਾਂ ਧਨਾਢ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਹਿੰਮਤ ਨਹੀਂ ਕੀਤੀ ਸੀ ਪਰ ਹੁਣ ਸਾਡੀ ਸਰਕਾਰ ਨੇ ਅਜਿਹਾ ਕੀਤਾ ਹੈ ਅਤੇ ਗੁਨਾਹਗਾਰਾਂ ਨੂੰ ਆਪਣੇ ਪਾਪਾਂ ਦੀ ਕੀਮਤ ਚੁਕਾਉਣੀ ਪਵੇਗੀ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਨ੍ਹਾਂ ਆਗੂਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ ਤਾਂ ਜੋ ਕੋਈ ਵੀ ਦੁਬਾਰਾ ਕਦੇ ਵੀ ਇਹ ਪਾਪ ਕਰਨ ਦੀ ਹਿੰਮਤ ਨਾ ਕਰੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੇ ਖਤਰੇ ਨਾਲ ਨਜਿੱਠਣ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਿਜਾਇਆ ਜਾ ਰਿਹਾ ਹੈ। ਨਸ਼ਿਆਂ ਕਾਰਨ ਪੰਜਾਬ ਨੂੰ ਹੋਏ ਭਾਰੀ ਨੁਕਸਾਨ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਇਹ ਮੁਹਿੰਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਸੂਬੇ ਵਿੱਚੋਂ ਇਸ ਬੁਰਾਈ ਨੂੰ ਖ਼ਤਮ ਕਰਨ ਲਈ ਸ਼ੁਰੂ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਪੀੜ੍ਹੀਆਂ ਦਾ ਘਾਣ ਕਰ ਕੇ ਤਸਕਰਾਂ ਦੇ ਵਧਣ-ਫੁੱਲਣ 'ਤੇ ਸੂਬਾ ਸਰਕਾਰ ਚੁੱਪ ਨਹੀਂ ਬੈਠੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਪਲਾਈ ਲਾਈਨ ਪਹਿਲਾਂ ਹੀ ਤੋੜ ਦਿੱਤੀ ਗਈ ਹੈ ਅਤੇ ਇਸ ਘਿਨਾਉਣੇ ਕਾਰੋਬਾਰ ਵਿੱਚ ਸ਼ਾਮਲ ਮੁੱਖ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਪਹਿਲੀ ਵਾਰ ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਤੌਰ 'ਤੇ ਬਣਾਈਆਂ ਜਾਇਦਾਦਾਂ ਨੂੰ ਜ਼ਬਤ ਕੀਤਾ ਜਾ ਰਿਹਾ ਹੈ ਜਾਂ ਢਾਹਿਆ ਜਾ ਰਿਹਾ ਹੈ ਤਾਂ ਜੋ ਇਹ ਹੋਰਾਂ ਨੂੰ ਇਸ ਪਾਸੇ ਆਉਣ ਤੋਂ ਰੋਕੇ।

ਮੁੱਖ ਮੰਤਰੀ ਨੇ 3,500 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ 19,000 ਕਿਲੋਮੀਟਰ ਲਿੰਕ ਸੜਕਾਂ ਨੂੰ ਕਵਰ ਕਰਨ ਵਾਲੇ ਵਿਸ਼ਾਲ ਸੜਕੀਂ ਪ੍ਰੋਜੈਕਟ ਦੀ ਸ਼ੁਰੂਆਤ ਦਾ ਵੀ ਐਲਾਨ ਕੀਤਾ। ਉਨ੍ਹਾਂ ਨੇ ਪੇਂਡੂ ਵਿਕਾਸ ਫੰਡ (ਆਰ.ਡੀ.ਐਫ) ਵਿੱਚ ਸੂਬੇ ਦੇ ਹਿੱਸੇ ਵਿੱਚੋਂ 6,000 ਕਰੋੜ ਰੁਪਏ ਰੋਕਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਜੇ ਇਹ ਫੰਡ ਜਾਰੀ ਕੀਤੇ ਜਾਂਦੇ ਹਨ ਤਾਂ ਸੂਬੇ ਦੀ ਹਰ ਸੜਕ ਬਣਾਈ ਜਾ ਸਕਦੀ ਹੈ। ਇਸ ਦੇ ਬਾਵਜੂਦ ਉਨ੍ਹਾਂ ਕਿਹਾ ਕਿ ਸੂਬਾ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਉਪਲਬਧ ਫੰਡਾਂ ਦੀ ਵਧੀਆ ਵਰਤੋਂ ਕਰ ਰਿਹਾ ਹੈ।

ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੂਬਾ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਲਈ ਸਖ਼ਤ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਜਨਤਕ ਜਸ਼ਨ ਅਤੇ ਖੁਸ਼ੀ ਦੇ ਸਮਾਗਮ ਗਾਇਬ ਹੋ ਗਏ ਸਨ ਅਤੇ ਉਨ੍ਹਾਂ ਨੇ ਵਿਕਾਸ ਤੇ ਖੁਸ਼ਹਾਲੀ ਨੂੰ ਨਜ਼ਰ-ਅੰਦਾਜ਼ ਕੀਤਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਸ਼ਾਸ਼ਨਾਂ ਨੇ ਦਹਾਕਿਆਂ ਤੱਕ ਲੋਕਾਂ ਨੂੰ ਧੋਖਾ ਦਿੱਤਾ, ਜਿਸ ਨਾਲ ਸੂਬੇ ਦੇ ਵਿਕਾਸ ਵਿੱਚ ਅੜਿੱਕਾ ਪੈਦਾ ਹੋਇਆ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਸਿਆਸੀ ਪਾਰਟੀਆਂ ਨੂੰ ਨਕਾਰ ਦਿੱਤਾ ਹੈ, ਜੋ ਹਰ ਪੰਜ ਸਾਲਾਂ ਬਾਅਦ ਸੂਬੇ ਨੂੰ ਲੁੱਟਣ ਲਈ ਸੱਤਾ ਹੜੱਪਣ ਦੀ ਖੇਡ ਖੇਡਦੀਆਂ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੂੰ ਸੂਬੇ ਦੇ



ਲੋਕਾਂ ਨੇ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨ ਲਈ ਵਚਨਬੱਧ ਹਨ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਉਨ੍ਹਾਂ ਦੀ ਆਲੋਚਨਾ ਇਸ ਲਈ ਕਰਦੇ ਹਨ ਕਿਉਂਕਿ ਉਹ ਉਨ੍ਹਾਂ ਦੀ ਸਰਕਾਰ ਵੱਲੋਂ ਲਏ ਗਏ ਲੋਕ-ਪੱਖੀ ਫ਼ੈਸਲਿਆਂ ਤੋਂ ਸੜਦੇ ਹਨ।

ਮੁੱਖ ਮੰਤਰੀ ਨੇ ਇਹ ਮਾਣ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਤੋਂ ਬਿਨਾਂ ਸਿਰਫ ਯੋਗਤਾ ਦੇ ਆਧਾਰ 'ਤੇ 54,000 ਤੋਂ ਵੱਧ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੌਕਰੀਆਂ ਨਾਲ ਨੌਜਵਾਨਾਂ ਨੂੰ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਗੀਦਾਰ ਬਣਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸੱਤਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਵਿਧਾਇਕਾਂ ਨੂੰ ਦਿੱਤੀਆਂ ਜਾਂਦੀਆਂ ਕਈ-ਕਈ ਪੈਨਸ਼ਨਾਂ ਖ਼ਤਮ ਕਰ ਦਿੱਤੀਆਂ, ਜਿਸ ਨਾਲ ਜਨਤਕ ਫੰਡਾਂ ਦੀ ਕਾਫੀ ਬੱਚਤ ਹੋਈ।

ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਕਿਹਾ ਕਿ 17 ਟੋਲ ਪਲਾਜ਼ਾ ਬੰਦ ਕਰ ਦਿੱਤੇ ਗਏ ਹਨ, ਜਿਸ ਦੇ ਨਤੀਜੇ ਵਜੋਂ ਆਮ ਲੋਕਾਂ ਨੂੰ ਰੋਜ਼ਾਨਾ 64 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ 2022 ਵਿੱਚ ਮੁਫ਼ਤ ਬਿਜਲੀ ਦੀ ਗਰੰਟੀ ਸ਼ੁਰੂ ਕਰਨ ਉਪਰੰਤ 90 ਫ਼ੀਸਦੀ ਪਰਿਵਾਰਾਂ ਨੂੰ ਮੁਫਤ ਬਿਜਲੀ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦਾ ਬਿੱਲ ਜ਼ੀਰੋ ਆ ਰਿਹਾ ਹੈ, ਜਿਸ ਨਾਲ ਪਰਿਵਾਰਾਂ 'ਤੇ ਵਿੱਤੀ ਬੋਝ ਕਾਫੀ ਘੱਟ ਗਿਆ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਦੱਸਿਆ ਕਿ ਘਰੇਲੂ ਖਪਤਕਾਰਾਂ ਤੋਂ ਇਲਾਵਾ ਕਿਸਾਨਾਂ ਨੂੰ ਮੁਫਤ ਅਤੇ ਨਿਰਵਿਘਨ ਬਿਜਲੀ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਨਾਲ ਅਰਥਚਾਰੇ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਸਿੰਚਾਈ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਸੀ ਤਾਂ ਨਹਿਰੀ ਪਾਣੀ ਦਾ ਸਿਰਫ 21 ਫੀਸਦ ਪਾਣੀ ਹੀ ਖੇਤੀਬਾੜੀ ਲਈ ਵਰਤਿਆ ਜਾਂਦਾ ਸੀ, ਜਦੋਂ ਕਿ ਹੁਣ ਇਹ ਵੱਧ ਕੇ 75 ਫ਼ੀਸਦ ਹੋ ਗਿਆ ਹੈ, ਜਿਸ ਨਾਲ ਦੂਰ-ਦਰਾਡੇ ਦੇ ਕਿਸਾਨਾਂ ਲਈ ਵੀ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਰਹੀ ਹੈ ਅਤੇ ਭੂਮੀਗਤ ਪਾਣੀ ਦੀ ਸੰਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਨੇ ਹਾਈਵੇਅ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਦੇਸ਼ ਦੀ ਪਹਿਲੀ ਸਮਰਪਿਤ ਸੜਕ ਸੁਰੱਖਿਆ ਫੋਰਸ ਸ਼ੁਰੂ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਫੋਰਸ ਵਿੱਚ ਮਹਿਲਾ ਕਮਚਾਰੀਆਂ ਸਮੇਤ 1,597 ਨਵੇਂ ਭਰਤੀ ਅਤੇ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਕਰਮਚਾਰੀ ਸ਼ਾਮਲ ਹਨ ਅਤੇ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ 144 ਵਾਹਨ ਪ੍ਰਦਾਨ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਸਾਲ ਫਰਵਰੀ ਵਿੱਚ ਇਸ ਦੀ ਸ਼ੁਰੂਆਤ ਤੋਂ ਬਾਅਦ ਸੂਬੇ ਵਿੱਚ ਸੜਕੀਂ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ 48.10 ਫੀਸਦੀ ਦੀ ਕਮੀ ਆਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਈ ਸੂਬਿਆਂ ਦੇ ਨਾਲ-ਨਾਲ ਭਾਰਤ ਸਰਕਾਰ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਰਕਾਰ ਨੇ ਫਾਇਰ ਸਰਵਿਸਿਜ਼ ਵਿੱਚ ਔਰਤਾਂ ਦੀ ਭਰਤੀ ਲਈ ਸਰੀਰਕ ਮਾਪਦੰਡਾਂ ਨੂੰ ਬਦਲਣ ਲਈ ਨਿਯਮਾਂ ਵਿੱਚ ਸੋਧ ਕੀਤੀ ਹੈ ਅਤੇ ਪੰਜਾਬ ਅਜਿਹਾ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ। ਜਦਕਿ ਪਿਛਲੀਆਂ ਸਰਕਾਰਾਂ ਨੇ ਅਜਿਹੇ ਪ੍ਰਗਤੀਸ਼ੀਲ ਸੁਧਾਰਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਨੂੰ ਧਾਰਮਿਕ ਵਖਰੇਵਿਆਂ ਵਿੱਚ ਵੰਡੀ ਰੱਖਿਆ ਅਤੇ ਉਨ੍ਹਾਂ ਦੀ ਭਲਾਈ ਨੂੰ ਅਣਗੌਲਿਆਂ ਕਰਦੀਆਂ ਰਹੀਆਂ। ਉਨ੍ਹਾਂ ਨੇ ਪਵਿੱਤਰ ਗ੍ਰੰਥਾਂ ਨੂੰ ਲੈ ਕੇ ਜਾਣ ਵਾਲੇ ਵਾਹਨਾਂ ਉੱਤੇ ਲਗਾਏ ਜਾਣ ਵਾਲੇ ਟੈਕਸਾਂ ਦੀ ਉਦਾਹਰਣ ਦਿੱਤੀ, ਜਿਸ ਨੂੰ ਉਨ੍ਹਾਂ ਦੀ ਸਰਕਾਰ ਨੇ ਖ਼ਤਮ ਕਰ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰੇ ਦਾ ਮਾਹੌਲ ਹੈ ਜੋ ਵਿਕਾਸ ਲਈ ਅਤਿ ਲੋੜੀਂਦਾ ਤੇ ਮਹੱਤਵਪੂਰਨ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦੇ ਯਤਨਾਂ ਸਦਕਾ, ਪਿਛਲੇ ਤਿੰਨ ਸਾਲਾਂ ਵਿੱਚ ਇੱਕ ਲੱਖ ਕਰੋੜ ਤੋਂ ਵੱਧ ਦੇ ਨਿਵੇਸ਼ ਹੋਏ ਹਨ, ਜਿਸ ਵਿੱਚ ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਵੱਡੀਆਂ ਕੰਪਨੀਆਂ ਨੇ ਸੂਬੇ ਵਿੱਚ ਨਿਵੇਸ ਕਰਨ ਦੀ ਇੱਛਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਹ ਨਿਵੇਸ਼ ਪੰਜਾਬ ਦੇ ਸ਼ਾਨਦਾਰ ਬੁਨਿਆਦੀ ਢਾਂਚੇ, ਹੁਨਰਮੰਦ ਕਾਰਜਬਲ ਅਤੇ ਕਾਰੋਬਾਰ ਅਨੁਕੂਲ ਵਾਤਾਵਰਣ ਕਾਰਨ ਸੰਭਵ ਹੋਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਵਿਕਾਸ ਦੀਆਂ ਨਵੀਆਂ ਲੀਹਾਂ ਉਤੇ ਪਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਗੁਰਮੀਤ ਸਿੰਘ ਖੁੱਡੀਆਂ ਵੀ ਮੌਜੂਦ ਸਨ।

---

## ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼

ਅਪਮਾਨ 'ਤੇ ਸਖਤ ਸਜ਼ਾ ਦੇਵੇਗਾ। ਤੇ ਡਰੱਗ ਤਸਕਰੀ 'ਤੇ ਸਖਤ ਕਦਮ ਯਾਨੀ ਨਸ਼ੇ ਦੀ ਸਮੱਸਿਆ ਨੂੰ ਰੋਕਣ ਲਈ ਸਖਤ ਫੈਸਲੇ ਲਏ ਜਾ ਸਕਦੇ ਹਨ। ਪੰਜਾਬ ਸਰਕਾਰ 'ਤੇ ਇਨ੍ਹਾਂ ਦੋਵੇਂ ਮੁੱਦਿਆਂ ਨੂੰ ਲੈ ਕੇ ਵਿਰੋਧੀ ਲਗਾਤਾਰ ਹਮਲੇ ਕਰ ਰਹੇ ਹਨ ਤੇ ਸਰਕਾਰ ਹੁਣ ਠੋਸ ਕਦਮ ਚੁੱਕਣ ਦੀ ਤਿਆਰੀ ਵਿਚ ਹੈ। ਪੰਜਾਬ ਵਿਚ 'ਡਰੱਗ ਫ੍ਰੀ ਪੰਜਾਬ' ਮੁਹਿੰਮ ਦੀ ਅਗਲੀ ਕੜੀ ਵਿਚ ਡੀ-ਐਡਿਕਸ਼ਨ ਕਲੀਨਿਕ ਖੋਲ੍ਹਣ, ਰਿਹੈਬਿਲਿਟੇਸ਼ਨ 'ਤੇ ਫੋਕਸ ਤੇ ਡਰੱਗ ਤਸਕਰੀ ਰੋਕਣ ਲਈ ਕਾਨੂੰਨ ਵਿਚ ਸਖਤ ਨਿਯਮ ਲਿਆਂਦੇ ਜਾ ਸਕਦੇ ਹਨ। ਫਿਲਹਾਲ ਨਸ਼ੇ ਦੀ ਰੋਕਥਾਮ ਲਈ ਜ਼ਮੀਨੀ ਪੱਧਰ 'ਤੇ ਸਰਕਾਰ ਕੰਮ ਕਰਨ ਵਿਚ ਲੱਗੀ ਹੋਈ ਹੈ।

ਉਥੇ ਹੀ ਐਸ.ਵਾਈ.ਐਲ. ਵਿਵਾਦ 1982 ਤੋਂ ਪੈਂਡਿੰਗ ਹੈ। ਕੇਂਦਰ ਨੇ ਪੰਜਾਬ ਅਤੇ ਹਰਿਆਣਾ ਵਿਚਕਾਰ ਵਿਵਾਦ ਨੂੰ ਹੱਲ ਕਰਨ ਲਈ 9 ਜੁਲਾਈ 2025 ਨੂੰ ਮੀਟਿੰਗ ਦਾ ਪ੍ਰਸਤਾਵ ਰੱਖਿਆ ਹੈ। ਇਸ ਕਾਰਨ ਸਰਕਾਰ ਕੇਂਦਰ ਦੇ ਰੁਖ਼ ਨੂੰ ਦੇਖ ਕੇ ਇਸ ਬਾਰੇ ਵੀ ਫੈਸਲਾ ਲੈ ਸਕਦੀ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਖ਼ਤ ਸ੍ਰੀ ਪਟਨਾ ਸਾਹਿਬ

ਨੇ ਇਨ੍ਹਾਂ ਪੱਤਰਾਂ ਦੀ ਸਖ਼ਤ ਨਿੰਦਾ ਕਰਦਿਆਂ ਇਨ੍ਹਾਂ ਨੂੰ ਪੂਰਨ ਰੂਪ ਵਿੱਚ ਅਪ੍ਰਵਾਨ ਕੀਤਾ ਕਿਉਂਕਿ ਇਹ ਅਣਅਧਿਕਾਰਤ ਅਤੇ ਸਿੱਖ ਰਵਾਇਤ ਵਿਰੋਧੀ ਹਨ, ਜੋ ਕਿ ਸਰਵਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਵਾਲੇ ਹਨ।

ਅੱਜ ਦੀ ਇਕੱਤਰਤਾ ਵਿੱਚ ਮਤਾ ਪਾਸ ਕੀਤਾ ਗਿਆ ਕਿ ਪੰਜ ਤਖ਼ਤ ਸਾਹਿਬਾਨ ਪਵਿੱਤਰ ਹਨ ਅਤੇ ਦੁਨੀਆ ਭਰ ਦੇ ਸਿੱਖਾਂ ਵਿੱਚ ਡੂੰਘਾ ਸਤਿਕਾਰ ਰੱਖਦੇ ਹਨ, ਪਰ ਗੁਰਮਤਿ ਸਿਧਾਂਤ ਅਨੁਸਾਰ ਪੰਥਕ ਤੇ ਧਾਰਮਿਕ ਮਾਮਲਿਆਂ 'ਤੇ ਅੰਤਿਮ ਫੈਸਲਾ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੀ ਮੰਨਿਆ ਜਾਂਦਾ ਹੈ। ਬਾਕੀ ਤਖ਼ਤ ਸਾਹਿਬਾਨ ਨੂੰ ਆਪਣੇ ਸਥਾਨਕ ਮਾਮਲਿਆਂ ਉੱਤੇ ਫ਼ੈਸਲਾ ਕਰਨ ਦਾ ਅਧਿਕਾਰ ਹੈ। ਪੰਜ ਸਿੰਘ ਸਾਹਿਬਾਨ ਨੇ ਐਲਾਨ ਕੀਤਾ ਕਿ ਪੰਥ ਵਿਰੋਧੀ ਤਾਕਤਾਂ ਦੇ ਪ੍ਰਭਾਵ ਹੇਠ ਖ਼ਾਲਸਾ ਪੰਥ ਨੂੰ ਵੰਡਣ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਕਮਜ਼ੋਰ ਕਰਨ ਵਾਲੇ ਵਿਅਕਤੀਆਂ ਦੇ ਯਤਨਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਹਾਲ ਹੀ ਵਿੱਚ ਕੀਤੀਆਂ ਗਈਆਂ ਵਿਵਾਦਪੂਰਨ ਕਾਰਵਾਈਆਂ ਦਾ ਹਵਾਲਾ ਦਿੰਦੇ ਹੋਏ, ਖਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਸਬੰਧਤ ਮਾਮਲਿਆਂ ਵਿੱਚ, ਪੰਜ ਸਿੰਘ ਸਾਹਿਬਾਨ ਨੇ ਫੈਸਲਾ ਕੀਤਾ ਕਿ ਲਏ ਗਏ ਫੈਸਲੇ ਗੈਰ-ਸਿਧਾਂਤਕ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਅਧਿਕਾਰ ਖੇਤਰ ਤੋਂ ਬਾਹਰ ਹਨ, ਇਸ ਲਈ, ਇਨ੍ਹਾਂ ਫੈਸਲਿਆਂ ਨੂੰ ਪੂਰੀ ਤਰ੍ਹਾਂ ਅਪ੍ਰਵਾਨ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਨ, ਮੁਖ ਸਾਜ਼ਸ਼ਘਾੜੇ ਵਜੋਂ ਵਿਵਾਦ ਪੈਦਾ ਕਰਨ ਵਿੱਚ ਨਿਰੰਤਰ ਭੂਮਿਕਾ ਲਈ ਤਨਖ਼ਾਹੀਆ ਐਲਾਨਿਆ ਗਿਆ ਹੈ। ਸੰਗਤ ਨੂੰ ਆਦੇਸ਼ ਕੀਤਾ ਗਿਆ ਹੈ ਕਿ ਭਾਈ ਗੁਰਦਿਆਲ ਸਿੰਘ ਨੂੰ ਪੰਥਕ ਸਟੇਜਾਂ ਜਾਂ ਗੁਰਮਤਿ ਸਮਾਗਮਾਂ ਵਿੱਚ ਸੱਦਾ ਦੇਣ ਤੋਂ ਗੁਰੇਜ਼ ਕਰਨ ਜਦੋਂ ਤੱਕ ਉਹ ਅਕਾਲ ਤਖ਼ਤ ਸਾਹਿਬ 'ਤੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਮੁਆਫ਼ੀ ਨਹੀਂ ਮੰਗ ਲੈਂਦਾ।

ਇਸ ਤੋਂ ਇਲਾਵਾ, ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ - ਹਰਪਾਲ ਸਿੰਘ (ਜੌਹਲ) ਅਤੇ ਡਾ. ਗੁਰਮੀਤ ਸਿੰਘ - ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਾਣ ਸਤਿਕਾਰ ਨੂੰ ਚੁਣੌਤੀ ਦੇਣ ਵਾਲੀਆਂ ਮੀਡੀਆ/ ਸੋਸ਼ਲ ਮੀਡੀਆ ਬਿਆਨਾਂ ਅਤੇ ਸਾਜ਼ਿਸ਼ਾਂ ਵਿੱਚ ਸ਼ਾਮਲ ਹੋਣ ਲਈ ਤਨਖਾਹੀਆ ਐਲਾਨਿਆ ਗਿਆ ਹੈ। ਦੋਵਾਂ ਨੂੰ ਨਿੱਜੀ ਤੌਰ 'ਤੇ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫ਼ੀ ਮੰਗਣ ਦੇ ਨਿਰਦੇਸ਼ ਦਿੱਤੇ ਗਏ ਹਨ, ਅਤੇ ਜਦੋਂ ਤੱਕ ਇਹ ਪੇਸ਼ ਨਹੀਂ ਹੁੰਦੇ ਇਨ੍ਹਾਂ ਨੂੰ ਮੂੰਹ ਨਾ ਲਗਾਉਣ ਦਾ ਆਦੇਸ਼ ਕੀਤਾ ਗਿਆ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ - ਜਿਨ੍ਹਾਂ ਵਿੱਚ ਪ੍ਰਧਾਨ ਜਗਜੋਤ ਸਿੰਘ ਸੋਹੀ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਜੂਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਜਨਰਲ ਸਕੱਤਰ ਇੰਦਰਜੀਤ ਸਿੰਘ, ਸਕੱਤਰ ਹਰਬੰਸ ਸਿੰਘ, ਅਤੇ ਮੈਂਬਰ ਗੋਬਿੰਦ ਸਿੰਘ ਲੌਂਗੋਵਾਲ, ਰਾਜਾ ਸਿੰਘ ਅਤੇ ਮਹਿੰਦਰਪਾਲ ਸਿੰਘ ਸ਼ਾਮਲ ਹਨ - ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਆਪਣਾ ਪੱਖ ਪੇਸ਼ ਕਰਨ ਲਈ 15 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਉਹ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਪੰਥਕ ਪ੍ਰੰਪਰਾਵਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਅੰਮ੍ਰਿਤਸਰ ਤੋਂ ਗੁਰਦਿਆਲ ਸਿੰਘ ਦੀ ਰਿਪੁਰਟ ਅਨੁਸਾਰ :** ਪੰਜ ਸਿੰਘ ਸਾਹਿਬਾਨ ਦੀ ਇੱਕ ਮਹੱਤਵਪੂਰਨ ਇਕੱਤਰਤਾ ਅੱਜ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ। ਇਕੱਤਰਤਾ ਦੀ ਅਗਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੀਤੀ, ਜਿਸ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਤਿੰਨ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਨੇ ਸ਼ਮੂਲੀਅਤ ਕੀਤੀ। ਇਕੱਤਰਤਾ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਗੰਭੀਰ ਮਾਮਲਿਆਂ 'ਤੇ ਚਰਚਾ ਕੀਤੀ।

ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 19 ਨਵੰਬਰ, 2003 ਨੂੰ ਜਾਰੀ ਕੀਤੇ ਗਏ ਮਤਾ ਨੰਬਰ 01 ਦੀ ਪ੍ਰੋੜ੍ਹਤਾ ਕਰਦਿਆਂ ਇਸ ਦੀ ਰੋਸ਼ਨੀ ਵਿੱਚ ਫੈਸਲਾ ਕੀਤਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ 21 ਮਈ, 2025 ਅਤੇ 5 ਜੁਲਾਈ, 2025 ਨੂੰ ਜਾਰੀ ਕੀਤੇ ਗਏ ਹਾਲੀਆ ਪੱਤਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੀ ਘੋਰ ਉਲੰਘਣਾ ਮੰਨਿਆ ਗਿਆ। ਪੰਜ ਸਿੰਘ ਸਾਹਿਬਾਨ ਨੇ ਇਨ੍ਹਾਂ ਪੱਤਰਾਂ ਦੀ ਸਖ਼ਤ ਨਿੰਦਾ ਕਰਦਿਆਂ ਇਨ੍ਹਾਂ ਨੂੰ ਪੂਰਨ ਰੂਪ ਵਿੱਚ ਅਪ੍ਰਵਾਨ ਕੀਤਾ ਕਿਉਂਕਿ ਇਹ ਅਣਅਧਿਕਾਰਤ ਅਤੇ ਸਿੱਖ ਰਵਾਇਤ ਵਿਰੋਧੀ ਹਨ, ਜੋ ਕਿ ਸਰਵਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਵਾਲੇ ਹਨ।

ਅੱਜ ਦੀ ਇਕੱਤਰਤਾ ਵਿੱਚ ਮਤਾ ਪਾਸ ਕੀਤਾ ਗਿਆ ਕਿ ਪੰਜ ਤਖ਼ਤ

**ਚੜ੍ਹਦੀਕਲਾ**

**ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**

**PRGI (RNI) Regd. No. 22972/1972**

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**

**PRGI (RNI) Regd. No. 22972/1972**

## ਪਹਿਲੇ ਸਫ਼ੇ ਦੀ ਬਾਕੀ

ਸਾਹਿਬਾਨ ਪਵਿੱਤਰ ਹਨ ਅਤੇ ਦੁਨੀਆ ਭਰ ਦੇ ਸਿੱਖਾਂ ਵਿੱਚ ਡੂੰਘਾ ਸਤਿਕਾਰ ਰੱਖਦੇ ਹਨ, ਪਰ ਗੁਰਮਤਿ ਸਿਧਾਂਤ ਅਨੁਸਾਰ ਪੰਥਕ ਤੇ ਧਾਰਮਿਕ ਮਾਮਲਿਆਂ 'ਤੇ ਅੰਤਿਮ ਫੈਸਲਾ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੀ ਮੰਨਿਆ ਜਾਂਦਾ ਹੈ। ਬਾਕੀ ਤਖ਼ਤ ਸਾਹਿਬਾਨ ਨੂੰ ਆਪਣੇ ਸਥਾਨਕ ਮਾਮਲਿਆਂ ਉੱਤੇ ਫ਼ੈਸਲਾ ਕਰਨ ਦਾ ਅਧਿਕਾਰ ਹੈ। ਪੰਜ ਸਿੰਘ ਸਾਹਿਬਾਨ ਨੇ ਐਲਾਨ ਕੀਤਾ ਕਿ ਪੰਥ ਵਿਰੋਧੀ ਤਾਕਤਾਂ ਦੇ ਪ੍ਰਭਾਵ ਹੇਠ ਖ਼ਾਲਸਾ ਪੰਥ ਨੂੰ ਵੰਡਣ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਕਮਜ਼ੋਰ ਕਰਨ ਵਾਲੇ ਵਿਅਕਤੀਆਂ ਦੇ ਯਤਨਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਹਾਲ ਹੀ ਵਿੱਚ ਕੀਤੀਆਂ ਗਈਆਂ ਵਿਵਾਦਪੂਰਨ ਕਾਰਵਾਈਆਂ ਦਾ ਹਵਾਲਾ ਦਿੰਦੇ ਹੋਏ, ਖਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਸਬੰਧਤ ਮਾਮਲਿਆਂ ਵਿੱਚ, ਪੰਜ ਸਿੰਘ ਸਾਹਿਬਾਨ ਨੇ ਫੈਸਲਾ ਕੀਤਾ ਕਿ ਲਏ ਗਏ ਫੈਸਲੇ ਗੈਰ-ਸਿਧਾਂਤਕ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਅਧਿਕਾਰ ਖੇਤਰ ਤੋਂ ਬਾਹਰ ਹਨ, ਇਸ ਲਈ, ਇਨ੍ਹਾਂ ਫੈਸਲਿਆਂ ਨੂੰ ਪੂਰੀ ਤਰ੍ਹਾਂ ਅਪ੍ਰਵਾਨ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਨ, ਮੁਖ ਸਾਜ਼ਸ਼ਘਾੜੇ ਵਜੋਂ ਵਿਵਾਦ ਪੈਦਾ ਕਰਨ ਵਿੱਚ ਨਿਰੰਤਰ ਭੂਮਿਕਾ ਲਈ ਤਨਖ਼ਾਹੀਆ ਐਲਾਨਿਆ ਗਿਆ ਹੈ। ਸੰਗਤ ਨੂੰ ਆਦੇਸ਼ ਕੀਤਾ ਗਿਆ ਹੈ ਕਿ ਭਾਈ ਗੁਰਦਿਆਲ ਸਿੰਘ ਨੂੰ ਪੰਥਕ ਸਟੇਜਾਂ ਜਾਂ ਗੁਰਮਤਿ ਸਮਾਗਮਾਂ ਵਿੱਚ ਸੱਦਾ ਦੇਣ ਤੋਂ ਗੁਰੇਜ਼ ਕਰਨ ਜਦੋਂ ਤੱਕ ਉਹ ਅਕਾਲ ਤਖ਼ਤ ਸਾਹਿਬ 'ਤੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਮੁਆਫ਼ੀ ਨਹੀਂ ਮੰਗ ਲੈਂਦਾ।

ਇਸ ਤੋਂ ਇਲਾਵਾ, ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ - ਹਰਪਾਲ ਸਿੰਘ (ਜੌਹਲ) ਅਤੇ ਡਾ. ਗੁਰਮੀਤ ਸਿੰਘ - ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਾਣ ਸਤਿਕਾਰ ਨੂੰ ਚੁਣੌਤੀ ਦੇਣ ਵਾਲੀਆਂ ਮੀਡੀਆ/ ਸੋਸ਼ਲ ਮੀਡੀਆ ਬਿਆਨਾਂ ਅਤੇ ਸਾਜ਼ਸ਼ਾਂ ਵਿੱਚ ਸ਼ਾਮਲ ਹੋਣ ਲਈ ਤਨਖਾਹੀਆ ਐਲਾਨਿਆ ਗਿਆ ਹੈ। ਦੋਵਾਂ ਨੂੰ ਨਿੱਜੀ ਤੌਰ 'ਤੇ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫ਼ੀ ਮੰਗਣ ਦੇ ਨਿਰਦੇਸ਼ ਦਿੱਤੇ ਗਏ ਹਨ, ਅਤੇ ਜਦੋਂ ਤੱਕ ਇਹ ਪੇਸ਼ ਨਹੀਂ ਹੁੰਦੇ ਇਨ੍ਹਾਂ ਨੂੰ ਮੂੰਹ ਨਾ ਲਗਾਉਣ ਦਾ ਆਦੇਸ਼ ਕੀਤਾ ਗਿਆ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ - ਜਿਨ੍ਹਾਂ ਵਿੱਚ ਪ੍ਰਧਾਨ ਜਗਜੋਤ ਸਿੰਘ ਸੋਹੀ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਜੂਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਜਨਰਲ ਸਕੱਤਰ ਇੰਦਰਜੀਤ ਸਿੰਘ, ਸਕੱਤਰ ਹਰਬੰਸ ਸਿੰਘ, ਅਤੇ ਮੈਂਬਰ ਗੋਬਿੰਦ ਸਿੰਘ ਲੌਂਗੋਵਾਲ, ਰਾਜਾ ਸਿੰਘ ਅਤੇ ਮਹਿੰਦਰਪਾਲ ਸਿੰਘ ਸ਼ਾਮਲ ਹਨ - ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਆਪਣਾ ਪੱਖ ਪੇਸ਼ ਕਰਨ ਲਈ 15 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਉਹ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਪੰਥਕ ਪ੍ਰੰਪਰਾਵਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ

ਤੁਹਾਡੀ ਦਖ਼ਲ ਅੰਦਾਜ਼ੀ ਅਤੇ ਸਾਜ਼ਿਸ਼ ਕਰਤਾ ਦੇ ਰੂਪ ਵਿੱਚ ਸ਼ਾਮਲ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਸੀ । ਜਿਸ ਕਰਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਨੇ 21 ਮਈ ਅਤੇ 1 ਜੂਨ ਨੂੰ 10-10 ਦਿਨ ਦਾ ਸਮਾਂ ਦੇ ਕੇ ਤੁਹਾਨੂੰ ਅਪਨਾ ਪੱਖ ਰੱਖਣ ਲਈ ਦੋ ਬਾਰ ਮੌਕਾ ਦਿੱਤਾ ਗਿਆ ਪਰ ਤੁਸੀਂ ਪੇਸ਼ ਨਹੀਂ ਹੋਏ। ਤੀਸਰੀ ਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਿਨਤੀ ਤੇ 15 ਜੂਨ ਨੂੰ 20 ਦਿਨ ਦਾ ਹੋਰ ਸਮਾਂ ਦਿੱਤਾ ਗਿਆ ਪਰ ਫਿਰ ਵੀ ਤੁਸੀਂ ਪੇਸ਼ ਨਹੀਂ ਹੋਏ। ਇਸ ਤੋਂ ਸਪੱਸ਼ਟ ਲਗਦਾ ਹੈ ਕਿ ਤੁਸੀਂ ਉਪਰੋਕਤ ਘਟਨਾਕ੍ਰਮ ਵਿੱਚ ਸ਼ਾਮਲ ਹੋ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਹੋਇ ਆਦੇਸ਼ ਨੂੰ ਅਣਦੇਖੀ ਕਰਨ ਦੇ ਦੋਸ਼ੀ ਮੰਨਦੇ ਹੋਏ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਘੋਸ਼ਿਤ ਕੀਤਾ ਜਾਂਦਾ ਹੈ । ਇਸ ਫੈਸਲੇ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵਿਚ ਜਥੇਦਾਰ ਭਾਈ ਬਲਦੇਵ ਸਿੰਘ, ਭਾਈ ਦਿਲੀਪ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਪਰਸ਼ੁਰਾਮ ਸਿੰਘ ਤੇ ਭਾਈ ਅਮਰਜੀਤ ਸਿੰਘ ਸ਼ਾਮਲ ਸਨ।

## ਅਮਰੀਕਾ ਨਾਲ ਡੀਲ ਓਦੋਂ

ਨਹੀਂ ਦਿੱਤੀ, ਜੋ ਡਬਲਿਊ.ਟੀ.ਓ. ਦੇ ਨਿਯਮਾਂ ਦੀ ਉਲੰਘਣਾ ਹੈ। ਦੂਜੇ ਪਾਸੇ, ਭਾਰਤੀ ਵਫ਼ਦ ਜਿਸ ਦੀ ਅਗਵਾਈ ਮੁੱਖ ਬੁਲਾਰਾ ਰਾਜੇਸ਼ ਅਗਰਵਾਲ ਕਰ ਰਹੇ ਸਨ, ਅਮਰੀਕਾ ਦੌਰੇ ਤੋਂ ਵਾਪਸ ਆ ਗਿਆ ਹੈ। ਹਾਲਾਂਕਿ ਖੇਤੀਬਾੜੀ ਅਤੇ ਆਟੋਮੋਬਾਈਲ ਖੇਤਰ ਸਬੰਧੀ ਕੁਝ ਮੁੱਦੇ ਹਾਲੇ ਵੀ ਅਟਕੇ ਹੋਏ ਹਨ। 9 ਜੁਲਾਈ ਤੋਂ ਪਹਿਲਾਂ ਭਾਰਤ ਅਤੇ ਅਮਰੀਕਾ ਵਲੋਂ ਅੰਤਰਿਮ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀ ਕੋਸ਼ਿਸ਼ ਜਾਰੀ ਹੈ ਕਿਉਂਕਿ ਅਮਰੀਕਾ ਵੱਲੋਂ ਭਾਰਤ 'ਤੇ ਲਾਏ ਗਏ ਵਾਧੂ ਟੈਰਿਫ ਨੂੰ 90 ਦਿਨਾਂ ਲਈ ਰੋਕ ਦਿੱਤਾ ਗਿਆ ਸੀ, ਜਿਸ ਦੀ ਮਿਆਦ 9 ਜੁਲਾਈ ਨੂੰ ਖਤਮ ਹੋ ਰਹੀ ਹੈ।

## ਮੋਦੀ ਵਪਾਰ ਸਮਝੌਤੇ ਦੇ ਮੁੱਦੇ 'ਤੇ ਟਰੰਪ ਅੱਗੇ

ਭਾਰਤ ਸਮਾਂ-ਸੀਮਾ ਦੇ ਆਧਾਰ 'ਤੇ ਕੋਈ ਵਪਾਰ ਸਮਝੌਤਾ ਨਹੀਂ ਕਰਦਾ ਅਤੇ ਅਮਰੀਕਾ ਨਾਲ ਤਜਵੀਜ਼ਤ ਵਪਾਰ ਸਮਝੌਤੇ ਨੂੰ ਤਾਂ ਹੀ ਸਵੀਕਾਰ ਕੀਤਾ ਜਾਵੇਗਾ ਜਦੋਂ ਇਹ ਪੂਰੀ ਤਰ੍ਹਾਂ ਅੰਤਿਮ ਰੂਪ ਲੈ ਲਵੇਗਾ ਅਤੇ ਰਾਸ਼ਟਰ ਹਿੱਤ 'ਚ ਹੋਵੇਗਾ। ਰਾਹੁਲ ਗਾਂਧੀ ਨੇ ਉਨ੍ਹਾਂ ਦੇ ਇਸ ਬਿਆਨ ਨੂੰ ਲੈ ਕੇ 'ਐਕਸ' 'ਤੇ ਪੋਸਟ ਕਰਦਿਆਂ ਦਾਅਵਾ ਕੀਤਾ ਕਿ ਟਰੰਪ ਦੀ ਟੈਕਸ ਸਬੰਧੀ ਸਮਾਂ-ਸੀਮਾ ਅੱਗੇ ਮੋਦੀ ਆਸਾਨੀ ਨਾਲ ਝੁਕ ਜਾਣਗੇ।

## ਕੇਂਦਰ ਵੱਲੋਂ ਟੋਲ ਕੀਮਤਾਂ

ਨਾਲ ਕੀਤੀ ਜਾਵੇਗੀ। ਢਾਂਚੇ ਦੀ ਲੰਬਾਈ ਦਾ ਦਸ ਗੁਣਾ ਜੋੜ ਕੇ ਜਾਂ ਹਿੱਸੇ ਦੀ ਕੁੱਲ ਲੰਬਾਈ ਦਾ ਪੰਜ ਗੁਣਾ, ਜੋ ਵੀ ਘੱਟ ਹੋਵੇ। ਇਸ ਨਾਲ ਟੋਲ ਦਰਾਂ ਵਿਚ ਲਗਭਗ 50 ਫ਼ੀ ਸਦੀ ਦੀ ਸਿੱਧੀ ਛੋਟ ਮਿਲਦੀ ਹੈ।

ਮੌਜੂਦਾ ਨਿਯਮਾਂ ਅਨੁਸਾਰ, ਯਾਤਰੀ ਰਾਸ਼ਟਰੀ ਰਾਜਮਾਰਗਾਂ 'ਤੇ ਹਰ ਕਿਲੋਮੀਟਰ ਢਾਂਚੇ ਲਈ ਨਿਯਮਤ ਟੋਲ ਦਾ ਦਸ ਗੁਣਾ ਭੁਗਤਾਨ ਕਰਦੇ ਹਨ। ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ (ਐਨ.ਐਚ.ਏ.ਆਈ.) ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਮੌਜੂਦਾ ਟੋਲ ਗਣਨਾ ਫਾਰਮੂਲਾ ਅਜਿਹੇ ਬੁਨਿਆਦੀ ਢਾਂਚੇ ਨਾਲ ਜੁੜੀ ਉੱਚ ਨਿਰਮਾਣ ਲਾਗਤ ਦੀ ਭਰਪਾਈ ਕਰਨ ਦੇ ਉਦੇਸ਼ ਨਾਲ ਹੈ। ਅਧਿਕਾਰੀ ਨੇ ਕਿਹਾ ਕਿ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੁਆਰਾ ਜਾਰੀ ਸੋਧੇ ਹੋਏ ਨੋਟੀਫ਼ਿਕੇਸ਼ਨ ਵਿਚ, ਫਲਾਈਓਵਰ, ਅੰਡਰਪਾਸ ਅਤੇ ਸੁਰੰਗਾਂ ਵਰਗੇ ਹਿੱਸਿਆਂ ਲਈ ਟੋਲ ਦਰ ਵਿਚ 50 ਫ਼ੀ ਸਦੀ ਦੀ ਕਮੀ ਕੀਤੀ ਗਈ ਹੈ। ਤੁਹਾਨੂੰ ਦੱਸ ਦਈਏ ਕਿ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲਾ ਰਾਸ਼ਟਰੀ ਰਾਜਮਾਰਗਾਂ ਤੋਂ ਲੰਘਣ ਵਾਲੇ ਵਾਹਨਾਂ ਲਈ ਫਾਸਟੈਗ ਸਾਲਾਨਾ ਪਾਸ ਜਾਰੀ ਕਰ ਰਿਹਾ ਹੈ। ਨਿਤਿਨ ਗਡਕਰੀ ਨੇ ਕਿਹਾ ਹੈ ਕਿ ਫਾਸਟੈਗ ਸਾਲਾਨਾ ਪਾਸ 15 ਅਗਸਤ, 2025 ਤੋਂ ਲਾਗੂ ਹੋਵੇਗਾ। ਇਸ ਪਾਸ ਦੀ ਕੀਮਤ 3000 ਰੁਪਏ ਹੋਵੇਗੀ, ਜੋ ਤੁਹਾਨੂੰ ਇਕ ਸਾਲ ਵਿਚ ਘੱਟੋ-ਘੱਟ 7000 ਰੁਪਏ ਬਚਾਉਣ ਵਿਚ ਮਦਦ ਕਰੇਗੀ। ਇਹ ਫਾਸਟੈਗ ਸਾਲਾਨਾ ਪਾਸ ਸਿਰਫ਼ ਰਾਸ਼ਟਰੀ ਰਾਜਮਾਰਗਾਂ ਲਈ ਵੈਧ ਹੋਵੇਗਾ। ਕੇਂਦਰੀ ਮੰਤਰੀ ਨੇ ਕਿਹਾ ਕਿ ਇਹ ਪਾਸ ਜਾਰੀ ਹੋਣ ਦੀ ਮਿਤੀ ਤੋਂ ਇਕ ਸਾਲ ਜਾਂ 200 ਯਾਤਰਾਵਾਂ (ਜੋ ਵੀ ਪਹਿਲਾਂ ਖ਼ਤਮ ਹੋਵੇ) ਲਈ ਵੈਧ ਹੋਵੇਗਾ।

## ਸਿੱਖਾਂ ਲਈ ਉੱਤਰ ਪ੍ਰਦੇਸ਼ 'ਚ

ਸ਼ਰਧਾਲੂਆਂ ਨੂੰ ਪ੍ਰਤੀ ਵਿਅਕਤੀ ਘੱਟੋ-ਘੱਟ 10,000 ਰੁਪਏ ਦੀ ਗ੍ਰਾਂਟ ਮਿਲੇਗੀ।ਮੁੱਖ ਮੰਤਰੀ ਨੇ ਹੁਕਮ ਦਿਤੇ ਕਿ ਅਰਜ਼ੀ ਪ੍ਰਕਿਰਿਆ ਪੂਰੀ ਤਰ੍ਹਾਂ ਆਨਲਾਈਨ ਰੱਖੀ ਜਾਵੇ ਅਤੇ ਆਰਥਕ ਤੌਰ ਉਤੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਤਰਜੀਹ ਦਿਤੀ ਜਾਵੇ। ਇਹ ਯੋਜਨਾਵਾਂ ਆਈ.ਆਰ.ਸੀ.ਟੀ.ਸੀ. ਦੇ ਸਹਿਯੋਗ ਨਾਲ ਚਲਾਈਆਂ ਜਾਣਗੀਆਂ। ਸੁਰੱਖਿਆ, ਸਹੂਲਤ ਅਤੇ ਧਾਰਮਕ ਵਿਸ਼ਵਾਸ ਦੀ ਮਹੱਤਤਾ ਉਤੇ ਜ਼ੋਰ ਦਿੰਦਿਆਂ ਆਦਿੱਤਿਆਨਾਥ ਨੇ ਕਿਹਾ ਕਿ ਇਹ ਪਹਿਲਕਦਮੀਆਂ ਸਮਾਵੇਸ਼ੀ ਵਿਕਾਸ ਦੀ ਭਾਵਨਾ ਨੂੰ ਅੱਗੇ ਵਧਾਉਣਗੀਆਂ ਅਤੇ 'ਏਕ ਭਾਰਤ ਸ਼੍ਰੇਸ਼ਠ ਭਾਰਤ' ਦੇ ਦ੍ਰਿਸ਼ਟੀਕੋਣ ਤਹਿਤ ਕੌਮੀ ਏਕਤਾ ਨੂੰ ਉਤਸ਼ਾਹਤ ਕਰਨਗੀਆਂ।

## ਪੰਜਾਬ 'ਚ 6, 7, 8 ਤੇ 9 ਨੂੰ

ਭਵਿੱਖਬਾਣੀ ਮੁਤਾਬਕ 6 ਤੇ 7 ਜੁਲਾਈ ਨੂੰ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਨਵਾਂ ਸ਼ਹਿਰ, ਲੁਧਿਆਣਾ, ਰੂਪ ਨਗਰ, ਐੱਸ.ਏ.ਐੱਸ ਨਗਰ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿਚ ਹਾਲਾਤ ਵਿਗੜ ਸਕਦੇ ਹਨ ਅਤੇ ਭਾਰੀ ਮੀਂਹ ਪਵੇਗਾ। ਮੌਸਮ ਵਿਭਾਗ ਵੱਲੋਂ ਇਨ੍ਹਾਂ ਇਲਾਕਿਆਂ 'ਚ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਉੱਥੇ ਹੀ ਬਾਕੀ ਜ਼ਿਲ੍ਹਿਆਂ 'ਚ ਹਲਕੀ ਬੂੰਦਾਬਾਂਦੀ ਅਤੇ ਠੰਡੀਆਂ ਹਵਾਵਾਂ ਚੱਲਣਗੀਆਂ ਅਤੇ ਪੀਲਾ ਅਲਰਟ ਜਾਰੀ ਕੀਤਾ ਗਿਆ ਹੈ। ਇਸ ਤੋਂ ਇਲਾਵਾ 8 ਜੁਲਾਈ ਨੂੰ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਵਿਚ ਭਾਰੀ ਮੀਂਹ ਦੇ ਨਾਲ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਉੱਥੇ ਹੀ ਵਿਭਾਗ ਨੇ 9 ਜੁਲਾਈ ਲਈ ਹਲਕੀ ਬੂੰਦਾਬਾਂਦੀ ਦਾ ਅਸਰ ਦੱਸਿਆ ਹੈ ਅਤੇ ਮੌਸਮ 'ਚ ਤਬਦੀਲੀ ਆਵੇਗੀ।

## ਭਾਖੜਾ ਡੈਮ 'ਚ ਪਾਣੀ ਦਾ ਪੱਧਰ 1584.21 ਫ਼ੁੱਟ

ਪਾਣੀ ਦਾ ਪੱਧਰ ਵਧਣ ਕਾਰਨ ਡੈਮ ਦਾ ਪਾਣੀ ਛੱਡਣਾ ਸ਼ੁਰੂ ਕਰ ਦਿਤਾ ਹੈ। ਦੱਸ ਦਈਏ ਕਿ ਭਾਖੜਾ ਡੈਮ ਵਿਚ 44295 ਕਿਊਸਿਕ ਪਾਣੀ ਆ ਰਿਹਾ ਹੈ। ਜਿਸ ਕਾਰਨ ਭਾਖੜਾ ਡੈਮ ਤੋਂ 26065 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਪਾਣੀ ਵੱਖ-ਵੱਖ ਨਹਿਰਾਂ ਤੇ ਸਤਲੁਜ ਦਰਿਆ ਵਿਚ ਛੱਡਿਆ ਜਾ ਰਿਹਾ ਹੈ। ਨੰਗਲ ਹਾਈਡਲ ਨਹਿਰ 'ਚ 12350 ਕਿਊਸਿਕ ਪਾਣੀ, ਆਨੰਦਪੁਰ ਹਾਈਡਲ ਨਹਿਰ 'ਚ 10150 ਕਿਊਸਿਕ, ਸਤਲੁਜ ਦਰਿਆ 'ਚ 2000 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ।

## ਮੋਦੀ ਦਾ ਅਰਜਨਟੀਨਾ 'ਚ ਸ਼ਾਨਦਾਰ

ਇੱਥੇ ਆਏ ਸਨ। ਇਸ ਵਾਰ ਉਨ੍ਹਾਂ ਦਾ ਦੌਰਾ 5 ਦੇਸ਼ਾਂ ਦੇ ਉਨ੍ਹਾਂ ਦੇ ਦੌਰੇ ਦਾ ਤੀਜਾ ਪੜਾਅ ਹੈ। ਵਿਦੇਸ਼ ਮੰਤਰਾਲੇ ਅਨੁਸਾਰ, ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਮਾਈਲੀ ਵਿਚਕਾਰ ਰੱਖਿਆ, ਖੇਤੀਬਾੜੀ, ਖਣਨ, ਤੇਲ ਅਤੇ ਗੈਸ, ਨਵਿਆਉਣਯੋਗ ਊਰਜਾ, ਵਪਾਰ ਅਤੇ ਨਿਵੇਸ਼ ਵਰਗੇ ਕਈ ਮਹੱਤਵਪੂਰਨ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਗੱਲਬਾਤ ਹੋਵੇਗੀ। ਮੰਤਰਾਲੇ ਨੇ ਕਿਹਾ, 'ਇਹ ਦੌਰਾ ਭਾਰਤ ਅਤੇ ਅਰਜਨਟੀਨਾ ਵਿਚਕਾਰ ਬਹੁਪੱਖੀ ਰਣਨੀਤਕ ਸਾਂਝੇਦਾਰੀ ਨੂੰ ਹੋਰ ਡੂੰਘਾ ਕਰੇਗਾ।' ਅਰਜਨਟੀਨਾ ਰਵਾਨਾ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਅਰਜਨਟੀਨਾ ਲਾਤੀਨੀ ਅਮਰੀਕਾ ਵਿੱਚ ਸਾਡਾ ਮਹੱਤਵਪੂਰਨ ਆਰਥਿਕ ਭਾਈਵਾਲ ਹੈ ਅਤੇ 720 ਵਿੱਚ ਇੱਕ ਨਜ਼ਦੀਕੀ ਸਹਿਯੋਗੀ ਹੈ। ਮੈਂ ਰਾਸ਼ਟਰਪਤੀ ਜੇਵੀਅਰ ਮਾਈਲੀ ਨੂੰ ਮਿਲਣ ਲਈ ਉਤਸੁਕ ਹਾਂ, ਜਿਨ੍ਹਾਂ ਨੂੰ ਮੈਂ ਪਿਛਲੇ ਸਾਲ ਮਿਲਿਆ ਸੀ। ਅਸੀਂ ਖੇਤੀਬਾੜੀ, ਮਹੱਤਵਪੂਰਨ ਖਣਿਜ, ਊਰਜਾ, ਵਪਾਰ, ਸੈਰ-ਸਪਾਟਾ, ਤਕਨਾਲੋਜੀ ਅਤੇ ਨਿਵੇਸ਼ ਵਰਗੇ ਖੇਤਰਾਂ ਵਿੱਚ ਆਪਸੀ ਸਹਿਯੋਗ ਨੂੰ ਹੋਰ ਵਧਾਉਣ 'ਤੇ ਧਿਆਨ ਕੇਂਦਰਿਤ ਕਰਾਂਗੇ। ਪ੍ਰਧਾਨ ਮੰਤਰੀ ਮੋਦੀ ਅਰਜਨਟੀਨਾ ਤੋਂ ਪਹਿਲਾਂ ਤ੍ਰਿਨੀਦਾਦ ਅਤੇ ਟੋਬੈਗੋ ਦੇ ਦੌਰੇ 'ਤੇ ਸਨ, ਜਿੱਥੇ ਦੋਵਾਂ ਦੇਸ਼ਾਂ ਨੇ 6 ਸਮਝੌਤਿਆਂ 'ਤੇ ਦਸਤਖਤ ਕੀਤੇ। ਉਨ੍ਹਾਂ ਨੂੰ ਉੱਥੇ 'ਦਿ ਆਰਡਰ ਆਫ਼ ਦ ਰਿਪਬਲਿਕ ਆਫ਼ ਤ੍ਰਿਨੀਦਾਦ ਅਤੇ ਟੋਬੈਗੋ' ਨਾਲ ਸਨਮਾਨਿਤ ਕੀਤਾ ਗਿਆ, ਜੋ ਕਿ ਕੈਰੇਬੀਅਨ ਦੇਸ਼ ਦਾ ਸਭ ਤੋਂ ਉੱਚ ਨਾਗਰਿਕ ਸਨਮਾਨ ਹੈ। ਇਹ ਪਹਿਲੀ ਵਾਰ ਕਿਸੇ ਵਿਦੇਸ਼ੀ ਨੇਤਾ ਨੂੰ ਦਿੱਤਾ ਗਿਆ। ਅਰਜਨਟੀਨਾ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਬ੍ਰਾਜ਼ੀਲ ਜਾਣਗੇ, ਜਿੱਥੇ ਉਹ 17ਵੇਂ ਬ੍ਰਿਕਸ ਸੰਮੇਲਨ ਵਿੱਚ ਹਿੱਸਾ ਲੈਣਗੇ ਅਤੇ ਇੱਕ ਸਰਕਾਰੀ ਦੌਰੇ 'ਤੇ ਵੀ ਹੋਣਗੇ। ਉਨ੍ਹਾਂ ਦੀ ਯਾਤਰਾ ਦਾ ਆਖਰੀ ਪੜਾਅ ਨਾਮੀਬੀਆ ਹੋਵੇਗਾ।

## ਕਾਂਗਰਸ ਨੇ ਏ.ਜੇ.ਐਲ. ਨੂੰ ਵੇਚਣ

ਦੇ ਸਾਹਮਣੇ ਆਪਣੀਆਂ ਦਲੀਲਾਂ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਦੋਸ਼ਾਂ ਨੂੰ ਰੱਦ ਕੀਤਾ। ਸੰਘੀ ਏਜੰਸੀ ਨੇ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ, ਮਰਹੂਮ ਕਾਂਗਰਸੀ ਨੇਤਾ ਮੋਤੀਲਾਲ ਵੋਰਾ ਅਤੇ ਆਸਕਰ ਫਰਨਾਂਡੇਜ਼ ਦੇ ਨਾਲ-ਨਾਲ ਸੁਮਨ ਦੂਬੇ, ਸੈਮ ਪਿਤਰੋਦਾ ਅਤੇ ਇੱਕ ਨਿੱਜੀ ਕੰਪਨੀ ਯੰਗ ਇੰਡੀਅਨ 'ਤੇ ਨੈਸ਼ਨਲ ਹੈਰਾਲਡ ਅਖ਼ਬਾਰ ਪ੍ਰਕਾਸ਼ਿਤ ਕਰਨ ਵਾਲੇ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ.ਜੇ.ਐਲ.) ਨਾਲ ਸਬੰਧਤ 2,000 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਦੇ ਧੋਖਾਧੜੀ ਨਾਲ ਕਬਜ਼ੇ ਨੂੰ ਲੈ ਕੇ ਸਾਜ਼ਿਸ਼ ਅਤੇ ਮਨੀ ਲਾਂਡਰਿੰਗ ਦਾ ਦੋਸ਼ ਲਗਾਇਆ ਹੈ।

## ਬੰਗਾਲ 'ਚ ਬੰਬ ਧਮਾਕੇ ਦੌਰਾਨ ਇੱਕ ਦੀ ਮੌਤ

ਲਈ ਇਸਤੇਮਾਲ ਕਰਦੇ ਸਨ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਕ ਸਥਾਨਕ ਗੈਰ-ਸਮਾਜਿਕ ਤੱਤ ਨੇ ਕੁਝ ਲੋਕਾਂ ਨੂੰ ਉਸ ਘਰ ਵਿਚ ਦੇਸੀ ਬੰਬ ਬਣਾਉਣ ਲਈ ਬੁਲਾਇਆ ਸੀ ਅਤੇ ਉਸੇ ਦੌਰਾਨ ਧਮਾਕਾ ਹੋ ਗਿਆ।

## ਕੇਂਦਰ ਸਰਕਾਰ ਨੇ ਕੀਤਾ ਵਕਫ਼ ਐਕਟ

ਵਿੱਚ ਵਕਫ਼ ਐਕਟ ਵਿੱਚ ਦੱਸੀ ਗਈ ਸਾਰੀ ਜਾਣਕਾਰੀ ਅਤੇ ਵੇਰਵੇ ਸ਼ਾਮਲ ਹੋਣਗੇ। ਇਸ ਵਿੱਚ ਵਕਫ਼ ਜਾਇਦਾਦਾਂ ਦੀ ਨਿਗਰਾਨੀ ਅਤੇ ਪ੍ਰਬੰਧਨ ਅਤੇ ਸਬੰਧਿਤ ਡੇਟਾ, ਅਦਾਲਤੀ ਕੇਸ, ਵਿਵਾਦਾਂ ਦਾ ਹੱਲ ਅਤੇ ਵਕਫ਼ ਅਤੇ ਇਸ ਨਾਲ ਸਬੰਧਤ ਜਾਇਦਾਦਾਂ ਬਾਰੇ ਜਾਣਕਾਰੀ ਦਰਜ ਕਰਨ ਲਈ ਲੋੜੀਂਦੀ ਹੋਰ ਜਾਣਕਾਰੀ ਵੀ ਸ਼ਾਮਲ ਹੋਵੇਗੀ। ਨਿਯਮਾਂ 'ਚ ਕਿਹਾ ਗਿਆ ਹੈ ਕਿ ਹਰੇਕ ਰਾਜ ਸਰਕਾਰ ਘੱਟੋ-ਘੱਟ ਸੰਯੁਕਤ ਸਕੱਤਰ ਪੱਧਰ ਦੇ ਇੱਕ ਅਧਿਕਾਰੀ ਨੂੰ ਨੋਡਲ ਅਧਿਕਾਰੀ ਵਜੋਂ ਨਿਯੁਕਤ ਕਰੇਗੀ ਅਤੇ ਕੇਂਦਰ ਸਰਕਾਰ ਨਾਲ ਸਲਾਹ-ਮਸ਼ਵਰਾ ਕਰਕੇ ਇੱਕ ਕੇਂਦਰੀਕ੍ਰਿਤ ਸਹਾਇਤਾ ਇਕਾਈ ਸਥਾਪਤ ਕਰੇਗੀ, ਜੋ ਵਕਫ਼ ਅਤੇ ਇਸ ਦੀਆਂ ਜਾਇਦਾਦਾਂ ਦੇ ਵੇਰਵੇ ਅਪਲੋਡ ਕਰਨ, ਖਾਤਿਆਂ ਦੀ ਰਜਿਸਟ੍ਰੇਸ਼ਨ, ਰੱਖ-ਰਖਾਅ, ਆਡਿਟ ਅਤੇ ਵਕਫ਼ ਅਤੇ ਬੋਰਡ ਦੀਆਂ ਹੋਰ ਸਬੰਧਤ ਗਤੀਵਿਧੀਆਂ ਨੂੰ ਸੁਚਾਰੂ ਬਣਾਉਣ ਵਿੱਚ ਸਹਾਇਤਾ ਪ੍ਰਦਾਨ ਕਰੇਗੀ।

## ਪਠਾਨਕੋਟ ਤੋਂ 28 ਜੁਲਾਈ ਨੂੰ ਚੱਲੇਗੀ

ਮਥੁਰਾ, ਆਗਰਾ ਕੈਂਟ ਅਤੇ ਗਵਾਲੀਅਰ ਸ਼ਾਮਲ ਹਨ। ਕੁੱਲ ਮਿਲਾ ਕੇ, ਇਹ ਯਾਤਰਾ 12 ਰਾਤਾਂ ਅਤੇ 13 ਦਿਨਾਂ ਦੀ ਹੋਵੇਗੀ, ਜਿਸ ਦੀ ਵਾਪਸੀ 9 ਅਗਸਤ ਨੂੰ ਨਿਰਧਾਰਤ ਕੀਤੀ ਗਈ ਹੈ। ਯਾਤਰਾ ਲਈ ਤਿੰਨ ਸ਼੍ਰੇਣੀਆਂ ਵਿੱਚ ਸੀਟਾਂ ਉਪਲਬਧ ਹਨ, ਸਲੀਪਰ ਕਲਾਸ ਵਿੱਚ ਕੁੱਲ 640 ਸੀਟਾਂ, ਥਰਡ ਏਸੀ ਵਿੱਚ 70 ਸੀਟਾਂ ਅਤੇ ਸੈਕਿੰਡ ਏਸੀ ਵਿੱਚ 50 ਸੀਟਾਂ। ਸਲੀਪਰ ਕਲਾਸ ਦਾ ਕਿਰਾਇਆ 30,135 ਰੁਪਏ, ਥਰਡ ਏ.ਸੀ. ਦੀ ਕੀਮਤ 43,370 ਰੁਪਏ ਅਤੇ ਸੈਕਿੰਡ ਏ.ਸੀ. ਦੀ ਕੀਮਤ 57,470 ਰੁਪਏ ਪ੍ਰਤੀ ਵਿਅਕਤੀ ਹੋਵੇਗੀ। ਇਸ ਪੈਕੇਜ ਵਿੱਚ ਰੇਲ ਟਿਕਟ ਦੇ ਨਾਲ-ਨਾਲ ਰੋਜ਼ਾਨਾ ਖਾਣਾ, ਆਰਾਮਦਾਇਕ ਰਿਹਾਇਸ਼, ਸੈਰ-ਸਪਾਟੇ ਲਈ ਏਸੀ/ਨਾਨ-ਏਸੀ ਬੱਸ, ਟੂਰ ਐਸਕਾਰਟ, ਸੁਰੱਖਿਆ ਅਤੇ ਮੁੱਢਲੀ ਸਹਾਇਤਾ ਦੀ ਸਹੂਲਤ ਆਦਿ ਸ਼ਾਮਲ ਹਨ। ਇਸ ਬਾਰੇ ਰੇਲਵੇ ਦੇ ਡਾਇਰੈਕਟਰ ਪਬਲਿਕ ਰਿਲੇਸ਼ਨ ਦਿਲੀਪ ਕੁਮਾਰ ਨੇ ਕਿਹਾ ਕਿ ਸਮੇਂ-ਸਮੇਂ 'ਤੇ ਰੇਲਵੇ ਸਾਰੇ ਖੇਤਰਾਂ ਨੂੰ ਜੋੜਦਾ ਹੈ, ਇਸ ਲਈ ਇਹ ਰੇਲ ਗੱਡੀ ਪੰਜਾਬ ਨੂੰ ਦੱਖਣੀ ਭਾਰਤ ਦੇ ਮੰਦਰਾਂ ਨਾਲ ਜੋੜਨ ਲਈ ਚਲਾਈ ਜਾ ਰਹੀ ਹੈ। ਪਠਾਨਕੋਟ ਨੂੰ ਇਸ ਦੇ ਸ਼ੁਰੂਆਤੀ ਬਿੰਦੂ ਵਜੋਂ ਰੱਖਿਆ ਗਿਆ ਹੈ ਕਿਉਂਕਿ ਕਸ਼ਮੀਰ ਅਤੇ ਹਿਮਾਚਲ ਪਠਾਨਕੋਟ ਦੇ ਨੇੜੇ ਹਨ, ਇਸ ਲਈ ਉੱਥੋਂ ਜਾਣ ਵਾਲੇ ਲੋਕ ਵੀ ਜਾ ਸਕਦੇ ਹਨ।

## ਬਿਹਾਰ 'ਚ ਵੋਟਰ ਸੂਚੀਆਂ ਦੀ ਸੁਧਾਈ

ਸਾਬਕਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਨੇ ਵੀ ਕਈ ਵਾਰ ਕਿਹਾ ਹੈ ਕਿ ਚੋਣ ਕਮਿਸ਼ਨ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਸਿਰਫ਼ ਨਾਗਰਿਕਾਂ ਨੂੰ ਹੀ ਵੋਟ ਪਾਉਣ ਦਾ ਅਧਿਕਾਰ ਮਿਲੇ।

1995 ਦਾ ਲਾਲ ਬਾਬੂ ਹੁਸੈਨ ਕੇਸ ਇੱਕ ਉਦਾਹਰਣ ਹੈ। ਲਾਲ ਬਾਬੂ ਹੁਸੈਨ ਬਨਾਮ ਚੋਣ ਰਜਿਸਟ੍ਰੇਸ਼ਨ ਅਫਸਰ (ਈ.ਆਰ.ਓ.) ਕੇਸ ਵਿੱਚ, ਸੁਪਰੀਮ ਕੋਰਟ ਨੇ ਈ.ਸੀ.ਆਈ. ਦੇ ਦੋ ਹੁਕਮਾਂ ਨੂੰ ਰੱਦ ਕਰ ਦਿੱਤਾ। ਇਹ ਹੁਕਮ 21 ਅਗਸਤ, 1992 ਅਤੇ 9 ਸਤੰਬਰ, 1994 ਨੂੰ ਜਾਰੀ ਕੀਤੇ ਗਏ ਸਨ। ਪਹਿਲੇ ਹੁਕਮ ਵਿੱਚ, ਸਾਰੇ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਪੁਲਿਸ ਜਾਂਚ ਰਾਹੀਂ ਇਹ ਪਤਾ ਲਗਾਉਣ ਦਾ ਅਧਿਕਾਰ ਦਿੱਤਾ ਗਿਆ ਸੀ ਕਿ ਕੋਈ ਵਿਅਕਤੀ ਵਿਦੇਸ਼ੀ ਹੈ ਜਾਂ ਨਹੀਂ। ਦੂਜੇ ਹੁਕਮ ਵਿੱਚ, ਈ.ਆਰ.ਓ. ਨੂੰ ਵਿਦੇਸ਼ੀ ਨਾਗਰਿਕਾਂ ਦੀ ਪਛਾਣ ਕਰਨ ਅਤੇ ਵੋਟਰ ਸੂਚੀ ਵਿੱਚੋਂ ਉਨ੍ਹਾਂ ਦੇ ਨਾਮ ਹਟਾਉਣ ਦਾ ਅਧਿਕਾਰ ਦਿੱਤਾ ਗਿਆ ਸੀ।ਇਨ੍ਹਾਂ ਹੁਕਮਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਗ੍ਰੇਟਰ ਬੰਬਈ (ਹੁਣ ਮੁੰਬਈ) ਵਿੱਚ ਲਗਭਗ 1.67 ਲੱਖ ਲੋਕਾਂ ਨੂੰ ਨੋਟਿਸ ਜਾਰੀ ਕਰਨ ਤੋਂ ਬਾਅਦ ਦਾਇਰ ਕੀਤੀਆਂ ਗਈਆਂ ਸਨ। ਦਿੱਲੀ ਦੇ ਪਹਾੜਗੰਜ ਇਲਾਕੇ ਵਿੱਚ ਵੀ ਇਹੀ ਕੁਝ ਹੋਇਆ। ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਬਹੁਤ ਸਾਰੇ ਗਰੀਬ ਲੋਕ ਉੱਥੇ ਰਹਿੰਦੇ ਸਨ। ਈ.ਆਰ.ਓ. ਨੇ ਉਨ੍ਹਾਂ ਦੇ ਦਸਤਾਵੇਜ਼ ਸਵੀਕਾਰ ਨਹੀਂ ਕੀਤੇ, ਕਿਉਂਕਿ ਉਹ ਈ.ਸੀ.ਆਈ. ਨਿਯਮਾਂ ਅਨੁਸਾਰ ਨਹੀਂ ਸਨ।

ਸੁਪਰੀਮ ਕੋਰਟ ਨੇ ਈਆਰਓ ਦੇ ਕੰਮ ਕਰਨ ਦੇ ਤਰੀਕੇ 'ਤੇ ਸਵਾਲ ਉਠਾਏ ਅਤੇ ਕੁਝ ਨਿਯਮ ਬਣਾਏ। ਅਦਾਲਤ ਨੇ ਕਿਹਾ ਕਿ ਜੇਕਰ ਈਆਰਓ ਨੂੰ ਲੱਗਦਾ ਹੈ ਕਿ ਕਿਸੇ ਅਜਿਹੇ ਵਿਅਕਤੀ ਦਾ ਨਾਮ ਜਿਸਦੀ ਨਾਗਰਿਕਤਾ ਸ਼ੱਕੀ ਹੈ, ਵੋਟਰ ਸੂਚੀ ਵਿੱਚ ਮੌਜੂਦ ਹੈ, ਤਾਂ ਨੋਟਿਸ ਜਾਰੀ ਕਰਨ ਤੋਂ ਪਹਿਲਾਂ, ਈਆਰਓ ਨੂੰ ਪਿਛਲੀ ਵੋਟਰ ਸੂਚੀ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਇਸਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

## ਝਾਰਖੰਡ : ਕੋਲਾ ਖਦਾਨ

(ਡੀ.ਸੀ.) ਫੈਜ਼ ਅਕ ਅਹਿਮਦ ਮੁਮਤਾਜ਼ ਨੇ ਘਟਨਾ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਮਾਮਲੇ ਦੀ ਜਾਂਚ ਲਈ ਇੱਕ ਪ੍ਰਸ਼ਾਸਨਿਕ ਟੀਮ ਮੌਕੇ 'ਤੇ ਭੇਜੀ ਗਈ ਹੈ।

## ਕਰਨਾਟਕ ਵਿਖੇ 5 ਬਾਘਾਂ ਦੀ ਮੌਤ ਦੇ ਮਾਮਲੇ 'ਚ 2 ਅਧਿਕਾਰੀ ਮੁਅੱਤਲ

ਬੰਗਲੂਰੂ, 5 ਜੁਲਾਈ (ਚ.ਨ.ਸ.) : ਕਰਨਾਟਕ ਦੇ ਜੰਗਲਾਤ ਮੰਤਰੀ ਈਸ਼ਵਰ ਖੰਡਰੇ ਨੇ ਮਾਲੇ ਮਹਾਦੇਸ਼ਵਰਾ (ਐੱਮ.ਐੱਮ.) ਪਹਾੜੀਆਂ ਵਿੱਚ ਪੰਜ ਬਾਘਾਂ ਦੀ ਗੈਰ-ਕੁਦਰਤੀ ਮੌਤ ਦੇ ਸਬੰਧ ਵਿੱਚ ਲਾਪ੍ਰਵਾਹੀ ਅਤੇ ਕੰਮ ਵਿੱਚ ਕੁਤਾਹੀ ਲਈ ਦੋ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੰਤਰੀ ਨੇ ਇਸ ਮੁੱਦੇ ਦੇ ਸਬੰਧ ਵਿੱਚ ਡਿਪਟੀ ਕੰਜ਼ਰਵੇਟਰ ਆਫ ਫੋਰੈਸਟਸ (ਡੀ.ਸੀ.ਐੱਫ.) ਵਾਈ ਚੱਕਰਪਾਣੀ ਦੀ ਮੁਅੱਤਲੀ ਦੀ ਵੀ ਸਿਫਾਰਸ਼ ਕੀਤੀ ਹੈ।

ਜ਼ਿਕਰਯੋਗ ਹੈ ਕਿ ਇੱਕ ਮਾਦਾ ਬਾਘ ਅਤੇ ਉਸ ਦੇ ਚਾਰ ਬੱਚੇ 26 ਜੂਨ ਨੂੰ ਐੱਮ.ਐੱਮ. ਪਹਾੜੀਆਂ ਦੇ ਹੁਗਯਾਮ ਰੇਂਜ ਵਿੱਚ ਮ੍ਰਿਤਕ ਪਾਏ ਗਏ ਸਨ। ਖੰਡਰੇ ਨੇ ਅਧਿਕਾਰੀਆਂ ਦੇ ਆਚਰਣ ਦੀ ਵਿਭਾਗੀ ਜਾਂਚ ਦੀ ਵੀ ਸਿਫਾਰਸ਼ ਕੀਤੀ ਹੈ। ਘਟਨਾ ਤੋਂ ਬਾਅਦ ਅਧਿਕਾਰੀਆਂ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਮੰਤਰੀ ਨੇ ਉੱਚ ਪੱਧਰੀ ਜਾਂਚ ਕਮੇਟੀ ਨੂੰ 10 ਜੁਲਾਈ ਤੱਕ ਆਪਣੀ ਅੰਤਿਮ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਹੈ।

ਰਿਪੋਰਟ ਦਾ ਹਵਾਲਾ ਦਿੰਦੇ ਹੋਏ ਮੰਤਰੀ ਦੇ ਦਫ਼ਤਰ ਨੇ ਕਿਹਾ ਕਿ ਲਗਭਗ 11 ਸਾਲ ਦੀ ਮਾਦਾ ਬਾਘ ਅਤੇ ਉਸ ਦੇ ਚਾਰ ਬੱਚਿਆਂ, ਜਿਨ੍ਹਾਂ ਦੀ ਉਮਰ ਲਗਭਗ 10 ਤੋਂ 11 ਮਹੀਨੇ ਸੀ, ਦੀ ਮੌਤ ਕਥਿਤ ਤੌਰ 'ਤੇ ਗਾਂ ਦੀ ਦੇਹ 'ਤੇ ਛਿੜਕੇ ਗਏ ਰਸਾਇਣਾਂ ਕਾਰਨ ਹੋਈ ਸੀ, ਜਿਸਨੂੰ ਇੱਕ ਬਾਘ ਵੱਲੋਂ ਪਸ਼ੂਆਂ ਨੂੰ ਮਾਰ ਦਿੱਤੇ ਜਾਣ ਤੋਂ ਬਾਅਦ ਬਦਲੇ ਦੀ ਕਾਰਵਾਈ ਮੰਨਿਆ ਜਾ ਰਿਹਾ ਹੈ।

## ਭਾਰਤ ਦੀ ਹਵਾਲਗੀ ਬੇਨਤੀ 'ਤੇ ਅਮਰੀਕਾ 'ਚ ਨੀਰਵ ਮੋਦੀ ਦਾ ਭਰਾ ਗ੍ਰਿਫ਼ਤਾਰ

ਨਵੀਂ ਦਿੱਲੀ, 5 ਜੁਲਾਈ (ਚ.ਨ.ਸ.) : ਅਧਿਕਾਰੀਆਂ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਅਮਰੀਕੀ ਅਧਿਕਾਰੀਆਂ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਤੇ ਸੀਬੀਆਈ ਦੀਆਂ ਹਵਾਲਗੀ ਬੇਨਤੀਆਂ ਦੇ ਆਧਾਰ 'ਤੇ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੇ ਛੋਟੇ ਭਰਾ ਨਿਹਾਲ ਮੋਦੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਅਮਰੀਕੀ ਅਧਿਕਾਰੀਆਂ ਨੇ ਇਸ ਬਾਰੇ ਭਾਰਤ ਨੂੰ ਸੂਚਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਨਿਹਾਲ ਮੋਦੀ ਨੂੰ ਸ਼ੁੱਕਰਵਾਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਇਸ ਮਾਮਲੇ ਵਿੱਚ ਸੁਣਵਾਈ ਦੀ ਅਗਲੀ ਤਰੀਕ 17 ਜੁਲਾਈ ਹੈ, ਜਦੋਂ ਨਿਹਾਲ ਜ਼ਮਾਨਤ ਦੀ ਮੰਗ ਕਰ ਸਕਦਾ ਹੈ, ਪਰ ਅਮਰੀਕੀ ਵਕੀਲ ਇਸ ਦਾ ਵਿਰੋਧ ਕਰਨਗੇ।

ਇਹ ਕਦਮ ਈਡੀ ਅਤੇ ਸੀਬੀਆਈ ਵੱਲੋਂ ਸਾਂਝੇ ਤੌਰ 'ਤੇ ਪੇਸ਼ ਕੀਤੀ ਗਈ ਹਵਾਲਗੀ ਬੇਨਤੀ 'ਤੇ ਆਇਆ ਹੈ। ਅਮਰੀਕੀ ਵਕੀਲਾਂ ਦੀ ਅਗਵਾਈ ਹੇਠ ਹਵਾਲਗੀ ਦੀ ਕਾਰਵਾਈ ਦੋ ਦੋਸ਼ਾਂ 'ਤੇ ਕੀਤੀ ਗਈ ਸੀ - ਮਨੀ ਲਾਂਡਰਿੰਗ ਰੋਕਥਾਮ ਐਕਟ (ਪੀਐਮਐਲਏ), 2002 ਦੀ ਧਾਰਾ 3 ਦੇ ਤਹਿਤ ਮਨੀ ਲਾਂਡਰਿੰਗ ਦਾ ਇੱਕ ਦੋਸ਼ ਅਤੇ ਭਾਰਤੀ ਦੰਡ ਵਿਧਾਨ ਦੀ ਧਾਰਾ 120-ਬੀ (ਮੁਜਰਮਾਨਾ ਸਾਜ਼ਿਸ਼) ਅਤੇ 201 (ਲਾਪਤਾ) ਦੇ ਤਹਿਤ ਅਪਰਾਧਿਕ ਸਾਜ਼ਿਸ਼ ਦਾ ਇੱਕ ਦੋਸ਼।ਗ਼ੌਰਤਲਬ ਹੈ ਕਿ 46 ਸਾਲਾ ਨਿਹਾਲ, ਪੰਜਾਬ ਨੈਸ਼ਨਲ ਬੈਂਕ ਨਾਲ ਜੁੜੇ 13,000 ਕਰੋੜ ਰੁਪਏ ਦੇ ਕਥਿਤ ਧੋਖਾਧੜੀ ਦੇ ਮਾਮਲੇ, ਜਿਹੜਾ ਆਪਣੇ ਆਪ ਵਿਚ ਅਜਿਹਾ ਇਕ ਸਭ ਤੋਂ ਵੱਡਾ ਧੋਖਾਧੜੀ ਮਾਮਲੇ ਹੈ, ਦਾ ਦੋਸ਼ੀ ਹੈ। ਇਹ ਦੋਸ਼ ਲਗਾਇਆ ਗਿਆ ਹੈ ਕਿ ਇਹ ਧੋਖਾਧੜੀ ਦੋਵਾਂ ਭਰਾਵਾਂ ਅਤੇ ਉਨ੍ਹਾਂ ਦੇ ਚਾਚਾ ਮੇਹੁਲ ਚੋਕਸੀ ਦੁਆਰਾ ਕੀਤੀ ਗਈ ਸੀ।

# ਭਗਵੰਤ ਮਾਨ ਵੱਲੋਂ ਪਵਿੱਤਰ ਨਗਰੀ ਦੇ ਵਸਨੀਕਾਂ ਨੂੰ ਲਗਭਗ 350 ਕਰੋੜ ਦਾ ਤੋਹਫ਼ਾ

## ਅੰਮ੍ਰਿਤਸਰ ਵਿਖੇ ਨਵੀਆਂ ਬਣੀਆਂ ਸੜਕਾਂ, ਅਪਗ੍ਰੇਡ ਕੀਤੀਆਂ ਸੰਪਰਕ ਸੜਕਾਂ, ਛੇ ਨਵੀਆਂ ਲਾਇਬ੍ਰੇਰੀਆਂ ਲੋਕਾਂ ਨੂੰ ਕੀਤੀਆਂ ਸਮਰਪਿਤ



ਅੰਮ੍ਰਿਤਸਰ, 5 ਜੁਲਾਈ, (ਬਬਲੂ ਮਹਾਜਨ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪ੍ਰਮੁੱਖ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਦਿਆਂ ਅੰਮ੍ਰਿਤਸਰ ਦੇ ਵਸਨੀਕਾਂ ਨੂੰ ਲੱਗਭੱਗ 350 ਕਰੋੜ ਰੁਪਏ ਦਾ ਤੋਹਫਾ ਦਿੱਤਾ।

ਪਵਿੱਤਰ ਨਗਰੀ ਨੂੰ ਨਤਮਸਤਕ ਹੁੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਦੇ ਵਸਨੀਕਾਂ ਨੂੰ 346.57 ਕਰੋੜ ਰੁਪਏ ਦੇ ਪ੍ਰੋਜੈਕਟ ਸਮਰਪਿਤ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਨਵੀਆਂ ਸੜਕਾਂ ਦੇ ਨਿਰਮਾਣ 'ਤੇ 56.36 ਕਰੋੜ ਰੁਪਏ ਖਰਚ ਕੀਤੇ ਗਏ ਹਨ ਜਦਕਿ ਸੜਕੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ 'ਤੇ 287.01 ਕਰੋੜ ਰੁਪਏ ਅਤੇ ਛੇ ਨਵੀਆਂ ਲਾਇਬ੍ਰੇਰੀਆਂ ਦੇ ਨਿਰਮਾਣ 'ਤੇ 3.20 ਕਰੋੜ ਰੁਪਏ ਖਰਚ ਕੀਤੇ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੰਜਾਬ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਨੇ 56.36 ਕਰੋੜ ਰੁਪਏ ਦੀ ਲਾਗਤ ਨਾਲ ਨਵੀਆਂ ਬਣੀਆਂ ਸੜਕਾਂ ਦਾ ਉਦਘਾਟਨ ਕੀਤਾ ਗਿਆ ਹੈ ਅਤੇ 287.01 ਕਰੋੜ ਰੁਪਏ ਦੀ ਲਾਗਤ ਨਾਲ ਸੜਕਾਂ ਨੂੰ ਅਪਗ੍ਰੇਡ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਪੇਂਡੂ ਸੰਪਰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕੁੱਲ 64,878 ਕਿਲੋਮੀਟਰ ਸੰਪਰਕ ਸੜਕਾਂ ਹਨ ਅਤੇ ਹੁਣ ਤੱਕ ਹਰ ਛੇ ਸਾਲਾਂ ਵਿੱਚ ਇਨ੍ਹਾਂ ਦੀ ਮੁਰੰਮਤ ਕੀਤੀ ਜਾਂਦੀ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਇਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਦੇ ਨਾਲ ਅਗਲੇ ਪੰਜ ਸਾਲਾਂ ਲਈ ਚੱਲ ਰਹੀ ਸਾਂਭ-ਸੰਭਾਲ ਨੂੰ ਇਸ ਵਿੱਚ ਸ਼ਾਮਲ ਕਰਨ ਦਾ ਇੱਕ ਹੋਰ ਇਤਿਹਾਸਕ ਫੈਸਲਾ ਲਿਆ ਗਿਆ ਹੈ।

ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ ਅੰਮ੍ਰਿਤਸਰ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਛੇ ਲਾਇਬ੍ਰੇਰੀਆਂ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲਾਇਬ੍ਰੇਰੀਆਂ ਦਾ ਨਿਰਮਾਣ ਨਗਰ ਨਿਗਮ ਵੱਲੋਂ 3.20 ਕਰੋੜ ਦੀ ਲਾਗਤ ਨਾਲ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੰਮ੍ਰਿਤਸਰ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਦੋ ਮੌਜੂਦਾ ਲਾਇਬ੍ਰੇਰੀਆਂ ਜਿਨ੍ਹਾਂ ਵਿੱਚ ਛੇਹਰਟਾ ਲਾਇਬ੍ਰੇਰੀ ਅਤੇ ਪੁਰਾਣੀ ਡੀ.ਸੀ. ਦਫਤਰ ਲਾਇਬ੍ਰੇਰੀ ਦਾ ਕ੍ਰਮਵਾਰ 32.58 ਲੱਖ ਰੁਪਏ ਅਤੇ 31.41 ਲੱਖ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਦੇ ਉੱਤਰੀ, ਕੇਂਦਰੀ, ਪੂਰਬੀ ਅਤੇ ਦੱਖਣੀ ਹਲਕਿਆਂ ਵਿੱਚ ਇੱਕ-ਇੱਕ ਲਾਇਬ੍ਰੇਰੀ ਸਥਾਪਤ ਕੀਤੀ ਗਈ ਹੈ ਅਤੇ ਹਰੇਕ ਲਾਇਬ੍ਰੇਰੀ ਦੀ ਲਾਗਤ 64 ਲੱਖ ਰੁਪਏ ਹੈ। ਉਨ੍ਹਾਂ ਕਿਹਾ ਕਿ ਇਹ ਆਧੁਨਿਕ ਬੁਨਿਆਦੀ ਢਾਂਚੇ ਵਾਲੀਆਂ ਲਾਇਬ੍ਰੇਰੀਆਂ ਕੰਪਿਊਟਰ, ਇੰਟਰਨੈੱਟ, ਮਿਆਰੀ ਸਾਹਿਤ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਅਧਿਐਨ ਸਮੱਗਰੀ ਨਾਲ ਲੈਸ ਹਨ। ਭਗਵੰਤ ਸਿੰਘ ਮਾਨ ਨੇ ਆਸ ਪ੍ਰਗਟਾਈ ਕਿ ਇਹ ਲਾਇਬ੍ਰੇਰੀਆਂ ਵਿਦਿਆਰਥੀਆਂ ਵਿੱਚ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਸ ਦੀ ਨਵੀਂ ਕਿਰਨ ਪੈਦਾ ਕਰਨਗੀਆਂ ਕਿਉਂਕਿ ਹੁਣ ਵਿਦਿਆਰਥੀ ਕਿਤਾਬਾਂ ਰਾਹੀਂ ਵਿਸਵ ਪੱਧਰੀ ਗਿਆਨ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਲਾਇਬ੍ਰੇਰੀਆਂ ਵਿਦਿਆਰਥੀਆਂ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਦੇ ਟੀਚਿਆਂ ਨੂੰ ਸਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ।

# ਸ੍ਰੀ ਅਕਾਲ ਤਖ਼ਤ ਸਾਹਿਬ ਨੇ ਚੀਫ਼ ਖ਼ਾਲਸਾ ਦੀਵਾਨ ਦੀ 12 ਜੁਲਾਈ ਨੂੰ ਹੋਣ ਵਾਲੀ ਜਨਰਲ ਬਾਡੀ ਮੀਟਿੰਗ 'ਤੇ ਲਗਾਈ ਰੋਕ

## ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਸਾਥੀਆਂ ਸਮੇਤ ਸਕੱਤਰੇਤ ਪੁੱਜੇ



ਅੰਮ੍ਰਿਤਸਰ, 5 ਜੁਲਾਈ, (ਬਬਲੂ ਮਹਾਜਨ) : ਪਿਛਲੇ ਦਿਨੀਂ ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧ ਦੇ ਖਿਲਾਫ ਪੁੱਜੀਆਂ ਸ਼ਿਕਾਇਤਾਂ ਦੇ ਅਧਾਰ 'ਤੇ ਜਥੇਦਾਰ ਗੜਗੱਜ ਵੱਲੋਂ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸਮੇਤ ਕਾਰਜਕਾਰਨੀ ਕਮੇਟੀ ਨੂੰ 15 ਦਿਨਾਂ ਦੇ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਲਈ ਕਿਹਾ ਗਿਆ ਸੀ, ਜਿਸ 'ਤੇ ਪ੍ਰਧਾਨ ਚੀਫ ਖਾਲਸਾ ਦੀਵਾਨ ਆਪ ਖੁਦ ਹਾਜ਼ਰ ਨਹੀਂ ਹੋਏ। ਉਨ੍ਹਾਂ ਵੱਲੋਂ ਇੱਕ ਮਹੀਨੇ ਦੀ ਹੋਰ ਸਮੇਂ ਦੀ ਮੰਗ ਕੀਤੀ ਗਈ ਹੈ। ਪਰੰਤੂ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਸਮੇਤ ਕਾਰਜਕਾਰੀ ਮੈਂਬਰਾਂ ਨੇ ਅੱਜ ਸਕੱਤਰੇਤ ਵਿਖੇ ਆਪਣਾ ਸਪੱਸ਼ਟੀਕਰਨ ਦਿੱਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪੇ ਗਏ ਪੱਤਰ ਵਿਚ ਇਹਨਾਂ ਆਗੂਆਂ ਨੇ ਕਿਹਾ, ਸਾਨੂੰ ਅਖ਼ਬਾਰਾਂ ਵਿੱਚੋਂ ਪਤਾ ਲੱਗਿਆ ਕਿ ਆਪ ਜੀ ਨੇ ਚੀਫ਼ ਖਾਲਸਾ ਦੀਵਾਨ ਦੇ ਮੌਜੂਦਾ ਪ੍ਰਬੰਧਕਾਂ ਵਿਰੁੱਧ ਆਈਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਦੀਵਾਨ ਦੇ ਸਾਰੇ ਅਹੁਦੇਦਾਰਾਂ ਅਤੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਤਲਬ ਕੀਤਾ ਹੈ। ਅਸੀਂ ਹੁਣ ਤੱਕ ਉਡੀਕਦੇ ਰਹੇ ਕਿ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਇਸ ਸਬੰਧੀ ਕੋਈ ਮੀਟਿੰਗ ਬੁਲਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਲਬੀ ਉੱਤੇ ਫੁੱਲ ਚੜ੍ਹਾਉਣ ਸਬੰਧੀ ਕੋਈ ਪ੍ਰੋਗਰਾਮ ਬਣਾਉਣਗੇ। ਪ੍ਰੰਤੂ 10 ਦਿਨ ਉਡੀਕਣ ਤੋਂ ਬਾਅਦ ਅਸੀਂ ਆਪਣੇ ਸਾਧਨਾਂ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਿਖਿਆ ਗਿਆ ਪੱਤਰ ਪ੍ਰਾਪਤ ਕੀਤਾ। ਜਿਸ ਤੋਂ ਇਹ ਗਿਆਤ ਹੋਇਆ ਕਿ 20 ਜੂਨ 2025 ਨੂੰ ਲਿਖੇ ਗਏ ਇਸ ਪੱਤਰ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ ਹੋਣ ਦੀ ਆਖ਼ਰੀ ਤਰੀਕ 5 ਜੁਲਾਈ ਬਣਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਹੋਣ ਦਾ ਅਹਿਦ ਪ੍ਰਗਟ ਕਰਦਿਆਂ, ਇਹਨਾਂ ਆਗੂਆਂ ਨੇ ਕਿਹਾ, ਅਸੀਂ ਸਿੱਖ ਪੰਥ ਦੇ ਇਸ ਸਰਬ-ਉੱਚ ਦੇ ਕਿਸੇ ਹੁਕਮ ਦੀ ਅਦੂਲੀ ਸਬੰਧੀ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ। ਇਸ ਲਈ ਅਸੀਂ ਆਪ ਜੀ ਵੱਲੋਂ ਕੀਤੇ ਗਏ ਹੁਕਮ ਅਨੁਸਾਰ ਆਪਣੇ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਕਰਦੇ ਹਾਂ ਅਤੇ ਇਹ ਵੀ ਬਚਨ ਕਰਦੇ ਹਾਂ, ਅਸੀਂ ਇੱਥੋਂ ਜਾਰੀ ਹੋਣ ਵਾਲੇ ਹਰ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗੇ। ਇਸ ਮੌਕੇ ਸ੍ਰੀ ਸਵਿੰਦਰ ਸਿੰਘ ਕੱਥੂਨੰਗਲ ਦੇ ਨਾਲ ਦੀਵਾਨ ਦੇ ਮੈਂਬਰ ਸੁਖਜਿੰਦਰ ਸਿੰਘ ਪ੍ਰਿੰ, ਅਮਰਦੀਪ ਸਿੰਘ ਰਾਜੇਵਾਲ, ਅਜਮੇਰ ਸਿੰਘ ਹੇਰ, ਤਲਵਿੰਦਰ ਸਿੰਘ ਚਾਹਲ ਅਤੇ ਗੁਰਪ੍ਰੀਤ ਸਿੰਘ ਸੇਠੀ ਵੀ ਹਾਜ਼ਰ ਸਨ।

ਇਸੇ ਦੌਰਾਨ ਦੀਵਾਨ ਦੀ ਕਾਰਜਕਾਰਨੀ ਕਮੇਟੀ ਦੇ ਇਕ ਹੋਰ ਸੀਨੀਅਰ ਮੈਂਬਰ ਭਗਵੰਤਪਾਲ ਸਿੰਘ ਸੱਚਰ ਨੇ ਕੈਨੇਡਾ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੇ ਆਪਣੇ ਈਮੇਲ ਸੁਨੇਹੇ ਵਿਚ ਕਿਹਾ ਹੈ ਕਿ ਉਹ ਵਿਦੇਸ਼ ਵਿਚ ਹੋਣ ਕਾਰਨ ਅੱਜ ਹਾਜ਼ਰ ਨਹੀਂ ਹੋ ਸਕੇ, ਪ੍ਰੰਤੂ ਉਹ ਦੀਵਾਨ ਦੇ ਮਾਮਲਿਆਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਰ ਹੁਕਮ ਮੰਨਣਗੇ, ਦੀਵਾਨ ਦੇ ਮੀਤ ਪ੍ਰਧਾਨ ਜਗਜੀਤ ਸਿੰਘ ਬੀਤੀ ਪਹਿਲਾਂ ਹੀ ਆਪਣਾ ਲਿਖਤੀ ਪੱਤਰ ਹਾਜ਼ਰ ਹੋਕੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਚੁੱਕੇ ਹਨ। ਇੱਥੇ ਇਹ ਵਰਨਣਯੋਗ ਹੈ ਕਿ ਦੀਵਾਨ ਦੇ ਕੰਮਕਾਜ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚੀਆਂ ਸ਼ਿਕਾਇਤਾਂ ਤੋਂ ਬਾਅਦ ਦੀਵਾਨ ਦੇ ਸਾਰੇ ਅਹੁਦੇਦਾਰਾਂ ਅਤੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨੂੰ 5 ਜੁਲਾਈ ਤੱਕ ਪੇਸ਼ ਹੋ ਕੇ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਗਿਆ ਸੀ। ਜ਼ਿਕਰਯੋਗ ਹੈ ਕਿ ਇਸ ਪੁਰਾਤਨ ਸਿੱਖ ਸੰਸਥਾ ਵਿੱਚ ਪਿਛਲੇ ਲੰਮੇਂ ਸਮੇਂ ਤੋਂ ਚੱਲ ਰਹੀ ਆਪਸੀ ਧੜੇਬੰਦੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸਦੇ ਚੱਲਦਿਆਂ ਹੀ ਪੁਰਾਣੇ ਤੇ ਮੁਢਲੇ ਮੈਂਬਰਾਂ ਵਿੱਚੋਂ ਸੱਤਿਆਜੀਤ ਸਿੰਘ ਮਜੀਠੀਆ ਤੇ ਹੋਰਨਾਂ 65 ਮੈਂਬਰਾਂ ਦੀ ਮੈਂਬਰਸ਼ਿਪ ਨੂੰ ਰੱਦ ਕਰਨਾ, ਏਸੇ ਹੀ ਕੜੀ ਨਾਲ ਜੁੜਦਾ ਹੈ।

# ਪੰਜਾਬ ਤੋਂ ਕੀਟਨਾਸ਼ਕ ਰਹਿਤ ਬਾਸਮਤੀ ਨਿਰਯਾਤ ਨੂੰ ਤੇਜ਼ ਕਰਨ ਲਈ ਰਣਨੀਤਕ ਦਖ਼ਲਅੰਦਾਜ਼ੀ ਦੀ ਲੋੜ



ਚੰਡੀਗੜ੍ਹ, 5 ਜੁਲਾਈ, (ਚ.ਨ.ਸ.) : ਪੰਜਾਬ ਰਾਜ ਤੋਂ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਰਹਿਤ ਬਾਸਮਤੀ ਨਿਰਯਾਤ ਨੂੰ ਤੇਜ਼ ਕਰਨ ਸਬੰਧੀ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਪ੍ਰੋਫੈਸਰ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ ਵਿਚਾਰ-ਵਟਾਂਦਰਾ ਕੀਤਾ ਗਿਆ, ਤਾਂ ਜ਼ੋ ਫਸਲੀ ਸੂਬੇ ਵਿਚ ਫ਼ਸਲੀ ਵਿਭਿੰਨਤਾ ਲਿਆਂਦੀ ਜਾ ਸਕੇ ਅਤੇ ਘੱਟੋ ਘੱਟ 10 ਲੱਖ ਹੈਕਟੇਅਰ ਰਕਬਾ ਝੋਨੇ ਤੋਂ ਬਾਹਰ ਕੱਢਿਆ ਜਾ ਸਕੇ।

ਇਸ ਵਿਚਾਰ ਚਰਚਾ ਵਿੱਚ ਡਾ. ਸੰਦੀਪਰਾਓ ਪਾਟਿਲ, ਉੱਤਰੀ ਭਾਰਤ ਜ਼ੋਨਲ ਮੈਨੇਜਰ, ਡਾ. ਮਾਲਵਿੰਦਰ ਸਿੰਘ ਮੱਲ੍ਹੀ, ਗਲੋਬਲ ਟਰੇਨਰ ਬਾਈਰ ਫਸਲ ਵਿਗਿਆਨ ਅਤੇ ਡਾ. ਆਰ.ਐਸ. ਬੈਂਸ, ਸ਼੍ਰੀ ਮਾਨਵਪ੍ਰੀਤ ਸਿੰਘ ਆਰ.ਓ., ਸ਼੍ਰੀ ਗਗਨਦੀਪ ਆਰ.ਏ. ਸ਼ਾਮਲ ਹੋਏ।

ਇਹ ਵਿਚਾਰ-ਵਟਾਂਦਰੇ ਰਣਨੀਤਕ ਦਖਲਅੰਦਾਜ਼ੀ ਤਿਆਰ ਕਰਨ ਅਤੇ ਰਾਜ ਤੋਂ ਯੂਰਪੀਅਨ ਯੂਨੀਅਨ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਬਾਸਮਤੀ ਦੇ ਨਿਰਯਾਤ ਵਿੱਚ ਸ਼ਾਮਲ ਰੁਕਾਵਟਾਂ ਦੀ ਪਛਾਣ ਕਰਨ ਲਈ ਕੀਤੀ ਗਈ। ਜਿਸ ਵਿੱਚ ਇਹ ਸਾਹਮਣੇ ਆਇਆ ਕਿ ਐਮ.ਆਰ.ਐਲ. ਤੋਂ ਵੱਧ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਇਨ੍ਹਾਂ ਦੇਸ਼ਾਂ ਨੂੰ ਨਿਰਯਾਤ ਵਿੱਚ ਰੁਕਾਵਟ ਪਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਡਾ. ਰਾਓ ਨੇ ਕਮਿਸ਼ਨ ਦੇ ਚੇਅਰਮੈਨ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ 11 ਕੀਟਨਾਸ਼ਕਾਂ 'ਤੇ ਪਾਬੰਦੀ ਲਗਾਈ ਹੈ ਜੋ 1 ਅਗਸਤ ਤੋਂ 30 ਸਤੰਬਰ ਤੱਕ ਲਾਗੂ ਕੀਤੀ ਜਾਵੇਗੀ, ਜੋ ਕਿ ਇੱਕ ਸਵਾਗਤਯੋਗ ਕਦਮ ਹੈ। ਹਾਲਾਂਕਿ, ਵਿਭਾਗ ਨੂੰ ਕੁਝ ਕੀਟਨਾਸ਼ਕਾਂ ਦੇ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਜੋ ਵਿਸ਼ਵ ਪੱਧਰ 'ਤੇ ਝੋਨੇ ਦੀ ਫਸਲ 'ਤੇ ਵਰਤੇ ਜਾ ਰਹੇ ਹਨ ਅਤੇ ਉਨ੍ਹਾਂ ਦੇਸ਼ਾਂ ਵਿੱਚ ਕੋਈ ਰਹਿੰਦ-ਖੂੰਹਦ ਦੀ ਸਮੱਸਿਆ ਨਹੀਂ ਹੈ। ਝੋਨੇ ਦੇ ਵਿਹਾਰਕ ਬਦਲ ਵਜੋਂ ਸਾਉਣੀ ਮੱਕੀ ਦੀ ਫਸਲ ਇੱਕ ਮਹੱਤਵਪੂਰਨ ਫਸਲ ਹੈ, ਜੋ ਪਾਣੀ ਦੀ ਖਪਤ ਝੋਨੇ ਦੀ ਫਸਲ ਤੋਂ ਬਹੁਤ ਘੱਟ ਕਰਦੀ ਹੈ। ਚੇਅਰਮੈਨ ਨੇ ਇੱਕ ਸਾਉਣੀ ਮੱਕੀ ਹਾਈਬ੍ਰਿਡ ਵਿਕਸਤ ਕਰਨ 'ਤੇ ਜ਼ੋਰ ਦਿੱਤਾ ਜਿਸ ਵਿੱਚ ਘੱਟੋ-ਘੱਟ 35 ਕੁਇੰਟਲ ਪ੍ਰਤੀ ਏਕੜ ਉਤਪਾਦਨ ਨਾਲ ਝੋਨੇ ਦੇ ਮੁਕਾਬਲਤਨ ਆਮਦਨ ਪ੍ਰਾਪਤ ਕੀਤੀ ਜਾ ਸਕੇ। ਡਾ. ਰਾਓ ਨੇ ਦੱਸਿਆ ਕਿ ਬਾਈਰ ਪੈਟਰੋਲ ਨਾਲ ਈਥਾਨੌਲ ਨੂੰ ਮਿਲਾਉਣ ਦੀਆਂ ਇਜਾਜ਼ਤਾਂ ਦੇ ਮੱਦੇਨਜ਼ਰ ਵਧਦੀ ਮੰਗ ਨੂੰ ਪੂਰਾ ਕਰਨ ਲਈ ਇਸ 'ਤੇ ਵਿਆਪਕ ਤੌਰ 'ਤੇ ਕੰਮ ਕਰ ਰਿਹਾ ਹੈ ਅਤੇ ਜਲਦੀ ਹੀ ਹਾਈਬ੍ਰਿਡ ਕਿਸਮਾਂ ਨੂੰ ਪੰਜਾਬ ਰਾਜ ਦੇ ਕਿਸਾਨਾਂ ਦੁਆਰਾ ਵੱਡੇ ਪੱਧਰ 'ਤੇ ਅਪਣਾਉਣ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਜੋ ਝੋਨੇ ਦੀ ਫਸਲ ਤੋਂ ਕਾਫ਼ੀ ਖੇਤਰ ਨੂੰ ਛੁਡਵਾ ਸਕਦੇ ਹਨ। ਡਾ. ਰਣਜੋਧ ਸਿੰਘ ਬੈਂਸ ਐਡਮਿਨ ਅਫਸਰ-ਕਮ-ਸਕੱਤਰ, ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਨੇ ਖੁਲਾਸਾ ਕੀਤਾ ਕਿ ਝੋਨੇ ਦੀ ਬਿਜਾਈ ਤੋਂ ਹੋਰ ਘੱਟ ਪਾਣੀ ਦੀ ਖਪਤ ਵਾਲੇ ਖੇਤਰਾਂ ਵਿੱਚ ਬਦਲਣਾ ਸਾਡੇ ਕੁਦਰਤੀ ਸਰੋਤਾਂ ਨੂੰ ਕਾਇਮ ਰੱਖਣ ਦੇ ਨਾਲ-ਨਾਲ ਕਿਸਾਨਾਂ ਦੇ ਮੁਨਾਫ਼ੇ ਨੂੰ ਘੱਟੋ-ਘੱਟ ਝੋਨੇ ਦੀ ਫਸਲ ਤੋਂ ਹੋਣ ਵਾਲੇ ਲਾਭ ਦੇ ਬਰਾਬਰ ਸੁਰੱਖਿਅਤ ਰੱਖਣ ਲਈ ਬਹੁਤ ਮਹੱਤਵਪੂਰਨ ਹੈ।

# ਬਾਬਾ ਬੁੱਢਾ ਸਾਹਿਬ ਦੇ ਵਾਰਿਸ ਹੈੱਡ ਗ੍ਰੰਥੀ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਨਾ ਅਤਿ ਮੰਦਭਾਗਾ : ਸ਼੍ਰੋਮਣੀ ਅਕਾਲੀ ਦਲ

ਚੰਡੀਗੜ੍ਹ, 5 ਜੁਲਾਈ, (ਅੰਮ੍ਰਿਤਪਾਲ ਸਿੰਘ) : ਸ਼੍ਰੋਮਣੀ ਅਕਾਲੀ ਦਲ ਦੀ ਹਿਤੈਸ਼ੀ ਲੀਡਰਸ਼ਿਪ ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਸਾਂਸਦ,ਗੋਬਿੰਦ ਸਿੰਘ ਲੌਂਗੋਵਾਲ,ਬਲਦੇਵ ਸਿੰਘ ਮਾਨ ਸਾਬਕਾ ਮੰਤਰੀ, ਜੱਥੇਦਾਰ ਸੁੱਚਾ ਸਿੰਘ ਛੋਟੇਪੁਰ,ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ,ਸਰਦਾਰ ਬਰਜਿੰਦਰ ਸਿੰਘ ਬਰਾੜ, ਚਰਨਜੀਤ ਸਿੰਘ ਬਰਾੜ ਅਤੇ ਤੇਜਿੰਦਰ ਸਿੰਘ ਪੰਨੂ ਨੇ ਬਾਬਾ ਬੁੱਢਾ ਸਾਹਿਬ ਜੀ ਦੇ ਵਾਰਿਸ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨੂੰ ਪਿਛਲੇ ਦਿਨਾਂ ਦੌਰਾਨ ਮਾਨਸਿਕ ਤੌਰ ਤੇ ਤੰਗ ਪ੍ਰੇਸ਼ਾਨ ਅਤੇ ਜਲੀਲ ਕਰਨ ਖ਼ਿਲਾਫ਼ ਸਖ਼ਤ ਸਟੈਂਡ ਅਖ਼ਤਿਆਰ ਕੀਤਾ ਹੈ। ਸਮੁੱਚੀ ਲੀਡਰਸ਼ਿਪ ਵਲੋਂ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ, ਇਹ ਬੇਹੱਦ ਮੰਦਭਾਗਾ ਹੈ ਕਿ ਉੱਚ ਸੰਸਥਾਵਾਂ ਲਈ ਸੇਵਾ ਨਿਭਾਅ ਰਹੇ ਸਨਮਾਨਜਨਕ, ਸਤਿਕਾਰਯੋਗ ਸੇਵਾਦਾਰਾਂ ਨੂੰ ਜਲੀਲ ਕੀਤਾ ਜਾਵੇ, ਇਸ ਨੂੰ ਪੰਥ ਅਤੇ ਕੌਮ ਕਥਾਚਿਤ ਬਰਦਾਸ਼ਤ ਨਹੀਂ ਕਰੇਗੀ।

ਗਿਆਨੀ ਰਘੁਬੀਰ ਸਿੰਘ ਜੀ ਦੇ ਮਾਮਲੇ ਤੇ ਡੂੰਘੀ ਚਿੰਤਾ ਜਾਹਿਰ ਕਰਦਿਆਂ ਲੀਡਰਸ਼ਿਪ ਨੇ ਕਿਹਾ ਕਿ,ਉੱਚ ਪਦਵੀ ਲਈ ਸੇਵਾ ਨਿਭਾਅ ਰਹੇ ਗਿਆਨੀ ਰਘੁਬੀਰ ਸਿੰਘ ਲਈ ਪਿਛਲੇ ਸਮਾਂ ਕਿੰਨਾ ਪੀੜਾ ਦਾਇਕ ਅਤੇ ਦੁਖਦ ਹੋਵੇਗਾ ਜਦੋਂ ਓਹਨਾ ਨੂੰ ਕਿਤੇ ਵੀ ਸੁਣਵਾਈ ਨਾ ਹੋਣ ਦੇ ਚਲਦੇ ਕੋਰਟ ਦਾ ਰੁਖ਼ ਕਰਨ ਲਈ ਮਜਬੂਰੀ ਵੱਸ ਫੈਸਲਾ ਕਰਨਾ ਪਿਆ, ਹਾਲਾਂਕਿ ਪੰਥ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਕੋਰਟ ਵੱਲ ਰੁਖ਼ ਕਰਨ ਦਾ ਫੈਸਲਾ ਵਾਪਿਸ ਵੀ ਹੋਇਆ ਪਰ ਇਹ ਮਜਬੂਰੀ ਅਤੇ ਪੀੜ ਦਾਇਕ ਸਮਾਂ ਇਸ ਗੱਲ ਤੇ ਮੋਹਰ ਲਗਾਉਂਦਾ ਹੈ ਕਿ ਪੰਥ ਦੀਆਂ ਉੱਚ ਸੰਸਥਾਵਾਂ ਲਈ ਸੇਵਾ ਨਿਭਾਅ ਰਹੇ ਲੋਕਾਂ ਨੂੰ ਜਾਣਬੁੱਝ ਕੇ, ਬਦਲਾ ਲਊ ਭਾਵਨਾ ਅਤੇ ਸਾਜਿਸ਼ੀ ਰੂਪ ਵਿੱਚ ਤੰਗ ਪ੍ਰੇਸ਼ਾਨ ਕਰਨਾ ਜਾਰੀ ਹੈ। ਇਸ ਤੋਂ ਇਲਾਵਾ ਗਿਆਨੀ ਰਘਬੀਰ ਸਿੰਘ ਜੀ ਦੇ ਸਟਾਫ ਵਿੱਚ ਕਟੌਤੀ ਕਰਨਾ, ਮਿਲਦੀਆਂ ਸੇਵਾਵਾਂ ਅਤੇ ਸਹੂਲਤਾਂ ਨੂੰ ਘੱਟ ਕਰਨਾ ਜਾਂ ਬੰਦ ਕਰਨਾ, ਛੁੱਟੀ ਲੈਣ ਦੀ ਮਨਜ਼ੂਰੀ ਲਈ ਜਲੀਲ ਕਰਨਾ ਇਹ ਸਭ ਕੁਝ ਏਸੇ ਲੜੀ ਵਿਚ ਸ਼ਾਮਿਲ ਹੈ।

ਸਮੁੱਚੀ ਲੀਡਰਸ਼ਿਪ ਨੇ ਜਾਰੀ ਆਪਣੇ ਬਿਆਨ ਵਿੱਚ ਪੰਥ ਦੀ ਮਹਾਨ ਸੰਪਰਦਾਵਾਂ ਟਕਸਾਲ ਅਤੇ ਬੁੱਢਾ ਦਲ ਸਮੇਤ ਸਭ ਨੂੰ ਇਸ ਮੰਦਭਾਗੇ ਵਰਤਾਰੇ ਖਿਲਾਫ ਅਵਾਜ ਬੁਲੰਦ ਕਰਨ ਦੀ ਅਪੀਲ ਕੀਤੀ।

ਸਮੁੱਚੀ ਲੀਡਰਸ਼ਿਪ ਨੇ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਵੀ ਅਪੀਲ ਕੀਤੀ ਕਿ ਓਹ ਆਪਣੀ ਬਣਦੀ ਜ਼ਿੰਮੇਵਾਰੀ ਜ਼ਰੂਰ ਨਿਭਾਉਣ। ਸਮੁੱਚੀ ਲੀਡਰਸ਼ਿਪ ਨੇ ਕਿਹਾ ਕਿ ਸਰਦਾਰ ਧਾਮੀ ਨੂੰ ਅਜਿਹਾ ਵਰਤਾਓ ਕਰਨ ਵਾਲੇ ਅਤੇ ਓਹਨਾ ਪਿੱਛੇ ਦੀ ਜਿਹੜੀ ਵੀ ਵਿਅਕਤੀ ਰੂਪੀ ਸ਼ਕਤੀ ਹੈ, ਉਸ ਖ਼ਿਲਾਫ਼ ਸਖ਼ਤ ਕਰਵਾਈ ਕਰਨ ਤੋਂ ਇਲਾਵਾ ਅਜਿਹੇ ਮੰਦਭਾਗੇ ਵਰਤਾਰੇ ਖਿਲਾਫ ਆਵਾਜ ਬੁਲੰਦ ਕਰਨੀ ਚਾਹੀਦੀ ਹੈ।

# ਯੁੱਧ ਨਸ਼ਿਆਂ ਵਿਰੁੱਧ ਦਾ 126ਵਾਂ ਦਿਨ : 6.9 ਕਿਲੋਗ੍ਰਾਮ ਹੈਰੋਇਨ, 6.1 ਕਿਲੋਗ੍ਰਾਮ ਅਫ਼ੀਮ ਸਮੇਤ 139 ਨਸ਼ਾ ਤਸਕਰ ਕਾਬੂ

## ਛੇ ਜ਼ਿਲ੍ਹਿਆਂ ਵਿੱਚ 195 ਡਾਕਟਰੀ ਦੀਆਂ ਦੁਕਾਨਾਂ ਦੀ ਕੀਤੀ ਜਾਂਚ

ਚੰਡੀਗੜ੍ਹ, 5 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ ਯੁੱਧ ਨਸ਼ਿਆਂ ਵਿਰੁੱਧ ਨੂੰ 126ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ 139 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 6.9 ਕਿਲੋ ਹੈਰੋਇਨ, 6.1 ਕਿਲੋ ਅਫੀਮ ਅਤੇ 1.19 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 126 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 20,594 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 92 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 451 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚੱਲਦਿਆਂ ਸੂਬੇ ਭਰ ਵਿੱਚ 91 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 460 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 53 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

ਇਸ ਦੌਰਾਨ, ਪੁਲਿਸ ਟੀਮਾਂ ਨੇ ਕਮਿਸ਼ਨਰੇਟ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਦਿਹਾਤੀ ਅਤੇ ਤਰਨ ਤਾਰਨ ਸਮੇਤ ਛੇ ਜ਼ਿਲ੍ਹਿਆਂ ਵਿੱਚ 195 ਮੈਡੀਕਲ ਦੀਆਂ ਦੁਕਾਨਾਂ ਦੀ ਜਾਂਚ ਕੀਤੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਨਸ਼ੀਲੀਆਂ ਗੋਲੀਆਂ ਜਾਂ ਕਿਸੇ ਵੀ ਹੋਰ ਨਸ਼ੀਲੇ ਪਦਾਰਥ ਦੀ ਵਿਕਰੀ ਨਾ ਕਰਦੇ ਹੋਣ ਅਤੇ ਦਵਾਈਆਂ ਦੀ ਵਿਕਰੀ ਸੰਬੰਧੀ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਦੇ ਹੋਣ।

# ਸੰਤ ਤੇਜਾ ਸਿੰਘ ਦੀ 60ਵੀਂ ਸਾਲਾਨਾ ਬਰਸੀ ਮਨਾਈ



ਨਵੀਂ ਦਿੱਲੀ, 5 ਜੁਲਾਈ, (ਅੰਮ੍ਰਿਤਪਾਲ ਸਿੰਘ) : ਆਧੁਨਿਕ ਵਿੱਦਿਆ, ਰੁਜ਼ਗਾਰ, ਸਮਾਜ-ਸੇਵੀ ਤੇ ਧਾਰਮਿਕ ਕਾਰਜਾਂ 'ਚ ਅਹਿਮ ਭੂਮਿਕਾ ਨਿਭਾਅ ਰਹੀ ਸੰਸਥਾ ਕਲਗ਼ੀਧਰ ਟਰੱਸਟ, ਬੜੂ ਸਾਹਿਬ ਵੱਲੋਂ ਵੀਹਵੀਂ ਸਦੀ ਦੇ ਮਹਾਨ ਤਪੱਸਵੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੇ ਅਨਿਨ ਸੇਵਕ ਅਤੇ ਤਪ-ਸਥਾਨ ਗੁਰਦੁਆਰਾ ਬੜੂ ਸਹਿਬ ਦੇ ਸੰਸਥਾਪਕ ਸੰਤ ਬਾਬਾ ਤੇਜਾ ਸਿੰਘ ਜੀ (ਐੱਮ.ਏ., ਐੱਲ.ਐੱਲ.ਬੀ. (ਪੰਜਾਬ), ਏ.ਐੱਮ. ਹਾਰਵਰਡ) ਦੀ 60ਵੀਂ ਸਲਾਨਾ ਬਰਸੀ ਦੇ ਸੰਬੰਧ ਵਿੱਚ ਸੰਤ ਸਮਾਗਮ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ 5 ਜੁਲਾਈ 2025 ਨੂੰ ਬੜੇ ਪ੍ਰੇਮ-ਉਤਸ਼ਾਹ ਅਤੇ ਸ਼ਰਧਾ-ਪੂਰਵਕ ਮਨਾਇਆ ਗਿਆ। ਇਸ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਅਤੇ ਕਥਾ-ਵਾਚਕਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ। 5 ਜੁਲਾਈ ਨੂੰ ਅੰਮ੍ਰਿਤ ਵੇਲੇ 2:25 ਤੋਂ 3:45 ਤੱਕ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਉਸ ਤੋਂ ਉਪਰੰਤ ਨਿਤਨੇਮ ਦੀਆਂ ਪੰਜ ਬਾਣੀਆਂ ਅਰਦਾਸ ਅਤੇ ਹੁਕਮਨਾਮਾ ਸਾਹਿਬ ਲਿਆ ਗਿਆ। ਅਨਾਹਦ ਬਾਣੀ ਜਥਾ ਗੁਰਦੁਆਰਾ ਬੜੂ ਸਾਹਿਬ ਵੱਲੋਂ ਤੰਤੀ ਸਾਜਾਂ ਨਾਲ ਆਸਾ ਦੀ ਵਾਰ ਕੀਤੀ ਗਈ। ਇਸ ਦੇ ਬਾਅਦ ਆਨੰਦ ਸਾਹਿਬ ਦਾ ਪਾਠ ਉਪਰੰਤ ਹੁਕਮਨਾਮਾ ਲਿਆ ਗਿਆ। ਇਸ ਉਪਰੰਤ ਪੰਥ ਦੇ ਪ੍ਰਸਿੱਧ ਕੀਰਤਨੀ ਜਥਿਆਂ ਅਤੇ ਕਥਾ-ਵਾਚਕਾਂ ਵੱਲੋਂ ਸ਼ਬਦ ਕੀਰਤਨ ਅਤੇ ਵਿਚਾਰਾਂ ਦੀ ਸਾਂਝ ਸੰਗਤ ਨਾਲ ਪਾਈ ਗਈ। ਭਾਈ ਸ਼ੁੱਭਦੀਪ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ) ਵੱਲੋਂ ਕੀਰਤਨ, ਭਾਈ ਅਮਨਦੀਪ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ ਸਾਹਿਬ), ਅਕਾਲ ਸੰਗੀਤ ਵਿਦਿਆਲਾ, ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਵੱਲੋਂ ਤੰਤੀ ਸਾਜਾਂ ਨਾਲ ਕੀਰਤਨ, ਅਖੰਡ ਕੀਰਤਨੀ ਜਥਾ ਦਿੱਲੀ, ਅਨਾਹਦ ਬਾਣੀ ਜਥਾ ਗੁਰਦੁਆਰਾ ਬੜੂ ਸਾਹਿਬ ਵੱਲੋਂ ਢਾਡੀ ਵਾਰਾਂ, ਭਾਈ ਬਲਬੀਰ ਸਿੰਘ ਜੀ 'ਗਾਫ਼ਲ' (ਹਜ਼ੂਰੀ ਰਾਗੀ, ਗੁਰਦੁਆਰਾ ਸੰਤ ਸ਼ਾਹਬੇਗ ਸਿੰਘ ਜੀ, ਰਾਜੌਰੀ ਗਾਰਡਨ) ਵੱਲੋਂ ਕੀਰਤਨ, ਅਕਾਲ ਅਕੈਡਮੀ ਬੜੂ ਸਾਹਿਬ ਦੇ ਵਿਦਿਆਰਥੀਆਂ ਵੱਲੋਂ ਵੀ ਸ਼ਬਦ ਕੀਰਤਨ ਕੀਤਾ ਗਿਆ, ਭਾਈ ਹਰਦੀਪ ਸਿੰਘ ਜੀ (ਭਾਈ ਜੈਤਾ ਜੀ ਨਿਸ਼ਕਾਮ ਜਥਾ, ਦਿੱਲੀ) ਅਤੇ ਭਾਈ ਅਮਨਦੀਪ ਸਿੰਘ ਜੀ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ ਸਾਹਿਬ) ਸ਼ਬਦ ਕੀਰਤਨ ਕੀਤਾ ਗਿਆ। ਸ਼ਾਮ 7 ਵਜੇ ਸੋ ਦਰ ਰਹਰਾਸਿ ਸਾਹਿਬ ਪਾਠ ਉਪਰੰਤ ਅਰਦਾਸ ਬਾਅਦ ਹੁਕਮਨਾਮਾ ਲਿਆ ਗਿਆ। ਆਰਤੀ ਅਤੇ ਸ਼ਬਦ ਕੀਰਤਨ - ਅਨਾਹਦ ਬਾਣੀ ਦਾ ਪਾਠ ਤੰਤੀ ਸਾਜ ਜਥਾ ਗੁਰਦੁਆਰਾ ਬੜੂ ਸਾਹਿਬ ਵੱਲੋਂ ਕੀਤਾ ਗਿਆ। ਭਾਈ ਸ਼ੁਭਦੀਪ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) ਵੱਲੋਂ ਸ਼ਬਦ ਕੀਰਤਨ, ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਵੱਲੋਂ ਕਥਾ ਵਿਚਾਰ ਕੀਤੀ ਗਈ।

# ਡੀ.ਐਸ.ਜੀ.ਐੱਮ.ਸੀ. ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸਾਬਕਾ ਪ੍ਰਧਾਨ ਵੱਲੋਂ ਗ਼ੈਰਕਾਨੂੰਨੀ ਘੁਸਪੈਠ ਦੀ ਨਿਖੇਧੀ




ਨਵੀਂ ਦਿੱਲੀ, 5 ਜੁਲਾਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ ਦੇ ਬੀਘੜ ਵਿਖੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਰੀਖਣ ਹੇਠ ਚੱਲ ਰਹੇ ਸਕੂਲ ਅਤੇ ਬਣ ਰਹੇ ਕਾਲਜ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਹੇਠ ਲਿਆਉਣ ਦੇ ਐਲਾਨ ਕਰਨ 'ਤੇ ਭਰਪੂਰ ਨਿਖੇਧੀ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਿੱਚ ਜ਼ਿਆਦਾਤਰ ਮੈਂਬਰ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਤ ਹਨ, ਜਿਸ ਨਾਲ ਸਰਨਾ ਵੀ ਸਬੰਧਤ ਹਨ।

ਸ. ਕਾਲਕਾ ਨੇ ਆਪਣੇ ਦਫ਼ਤਰ ਵਿੱਚ ਆਯੋਜਿਤ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, ਜਿਵੇਂ ਸਰਨਾ ਨੇ ਵਿਹਾਰ ਕੀਤਾ, ਉਹ ਇੱਕ ਬੇਤੁਕਾ ਵਿਵਹਾਰ ਸੀ, ਜੋ ਉਨ੍ਹਾਂ ਵਰਗੇ ਵਿਅਕਤੀ ਨੂੰ ਸ਼ੋਭਾ ਨਹੀਂ ਦਿੰਦਾ। ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਅਤੇ ਹੋਰ ਅਹੁਦੇਦਾਰ ਵੀ ਮੌਜੂਦ ਸਨ।

ਸ. ਕਾਲਕਾ ਨੇ ਸਵਾਲ ਉਠਾਇਆ ਕਿ ਸਰਨਾ ਕਿਸ ਅਧਿਕਾਰ ਨਾਲ ਇਹ ਐਲਾਨ ਕਰ ਸਕਦੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅਮ੍ਰਿਤਸਰ ਇਨ੍ਹਾਂ ਸੰਸਥਾਵਾਂ ਦਾ ਕੰਟਰੋਲ ਸੰਭਾਲ ਲਵੇਗੀ ? ਇਹ ਬਿਲਕੁਲ ਹੀ ਨਿਰਾਧਾਰ, ਹੈ।

ਵੀਰਵਾਰ ਨੂੰ ਸਰਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅਮ੍ਰਿਤਸਰ ਦੇ ਟਾਸਕ ਫੋਰਸ ਦੇ ਕਰਮਚਾਰੀਆਂ ਅਤੇ ਆਪਣੇ ਹਮਾਇਤੀਆਂ ਸਮੇਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਟਰੋਲ ਹੇਠ ਆਉਣ ਵਾਲੀ ਇਮਾਰਤ ਵਿੱਚ ਜਬਰਦਸਤੀ ਦਾਖ਼ਲ ਹੋਏ, ਜਿਸ ਵਿੱਚ ਇੱਕ ਸਕੂਲ ਅਤੇ ਬਣ ਰਹੀ ਕਾਲਜ ਦੀ ਇਮਾਰਤ ਸ਼ਾਮਲ ਹੈ। ਉਨ੍ਹਾਂ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ'ਤੇ ਝੂਠੇ ਦੋਸ਼ ਲਾਏ ਕਿ ਸਕੂਲ ਬੰਦ ਕਰ ਦਿੱਤੇ ਗਏ ਹਨ, ਜੋ ਕਿ ਸਚਾਈ ਤੋਂ ਕੋਹਾਂ ਦੂਰ ਤੋਂ ਹਨ।

ਸ. ਕਾਲਕਾ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਇਨ੍ਹਾਂ ਲੋਕਾਂ ਵਿਰੁੱਧ ਕਾਨੂੰਨੀ ਕਾਰਵਾਈ ਕਰੇਗੀ ਅਤੇ ਪੁਲਿਸ ਨੂੰ ਰਿਪੋਰਟ ਕਰੇਗੀ। ਉਨ੍ਹਾਂ ਨੇ ਕਿਹਾ, ਮੈਨੂੰ ਸੰਦੇਹ ਹੈ ਕਿ ਜਿਨ੍ਹਾਂ ਲੋਕਾਂ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਾਇਦਾਦ 'ਤੇ ਕਬਜ਼ਾ ਕਰਨ ਦੀ ਗੱਲ ਕੀਤੀ ਹੈ, ਉਨ੍ਹਾਂ ਦੀ ਮੈਂਬਰਸ਼ਿਪ ਵੀ ਰੱਦ ਹੋ ਸਕਦੀ ਹੈ। ਉਨ੍ਹਾਂ ਨੂੰ ਭਵਿੱਖ ਵਿੱਚ ਇੰਝ ਦੀਆਂ ਗਤੀਵਿਧੀਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ 1996 ਵਿੱਚ ਇੱਥੇ ਸਕੂਲ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਅਤੇ 2000 ਵਿੱਚ ਨਰਸਰੀ ਬਲਾਕ ਦੀ ਇਮਾਰਤ ਬਣਨੀ ਸ਼ੁਰੂ ਹੋਈ, ਪਰ ਵਿਦਿਆਰਥੀ ਨਾ ਆਉਣ ਕਾਰਨ ਬਾਅਦ ਵਿੱਚ ਇਹ ਇੱਕ ਪ੍ਰਾਇਮਰੀ ਸਕੂਲ ਬਣਾਇਆ ਗਿਆ। ਜਿੱਥੇ ਲੱਗਭੱਗ 250 ਬੱਚੇ ਪੜ੍ਹਦੇ ਸਨ। ਕੋਵਿਡ-19 ਮਹਾਮਾਰੀ ਦੌਰਾਨ ਸਕੂਲ ਬੰਦ ਹੋ ਗਿਆ ਅਤੇ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਨਕ ਲੋਕਾਂ ਨੂੰ ਆਪਣੇ ਬੱਚੇ ਮੁੜ ਸਕੂਲ ਭੇਜਣ ਲਈ ਉਤਸ਼ਾਹਿਤ ਕਰ ਰਹੀ ਹੈ।

ਸ. ਕਾਲਕਾ ਨੇ ਇਹ ਵੀ ਦੱਸਿਆ ਕਿ 2009 ਵਿੱਚ ਇੱਥੇ ਕਾਲਜ ਦੀ ਇਮਾਰਤ ਦਾ ਕੰਮ ਸ਼ੁਰੂ ਹੋਇਆ ਸੀ, ਪਰ ਸਾਬਕਾ ਪ੍ਰਧਾਨ ਦੀ ਨੀਅਤ ਕਰਕੇ ਇਹ ਕੰਮ ਪੂਰਾ ਨਾ ਹੋ ਸਕਿਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ, 1996 ਤੋਂ 2018 ਤੱਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪਰਮਜੀਤ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ.ਕੇ. ਪ੍ਰਧਾਨ ਰਹੇ।

ਗੁਰਦੁਆਰਿਆਂ ਦੇ ਚੜ੍ਹਾਵੇ ਦੀ ਗ਼ਲਤ ਵਰਤੋਂ ਤੇ ਗੱਲ ਕਰਦਿਆਂ, ਸ. ਕਾਲਕਾ ਨੇ ਦੱਸਿਆ ਕਿ ਸ. ਸਰਨਾ ਨੇ ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਆਪਣੇ ਨੇੜਲੇ ਲੋਕਾਂ ਨੂੰ ਫਾਇਦਾ ਪਹੁੰਚਾਇਆ ਅਤੇ ਅੰਮ੍ਰਿਤਸਰ ਦੇ ਲਾਰੈਂਸ ਰੋਡ 'ਤੇ ਇੱਕ ਸਰਾਂ ਬਣਾਈ, ਜੋ ਕਿ ਸ੍ਰੀ ਦਰਬਾਰ ਸਾਹਿਬ ਤੋਂ 10 ਕਿਲੋਮੀਟਰ ਦੂਰ ਹੈ। ਆਮ ਤੌਰ 'ਤੇ ਸਰਾਂ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਬਣਾਈਆਂ ਜਾਂਦੀਆਂ ਹਨ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!

# ਸਰਕਾਰੀ ਸਕੂਲਾਂ ਦੇ 11ਵੀਂ-12ਵੀਂ ਦੇ ਵਿਦਿਆਰਥੀਆਂ ਨੂੰ ਕਾਰੋਬਾਰ ਅਤੇ ਮਾਰਕੀਟਿੰਗ ਵਿੱਚ ਮਾਹਿਰ ਬਣਾਏਗੀ ਪੰਜਾਬ ਸਰਕਾਰ : ਬੈਂਸ



ਚੰਡੀਗੜ੍ਹ/ ਰੂਪਨਗਰ, 5 ਜੁਲਾਈ, (ਚ.ਨ.ਸ.) : ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਐਲਾਨ ਕੀਤਾ ਕਿ ਵਿਦਿਆਰਥੀਆਂ ਨੂੰ ਸਕੂਲੀ ਸਿੱਖਿਆ ਦੌਰਾਨ ਆਪਣੇ ਸਟਾਰਟ-ਅੱਪ ਸਥਾਪਤ ਕਰਨ ਵੱਲ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਅਗਲੇ ਸੈਸ਼ਨ 2026-27 ਤੋਂ ਸਰਕਾਰੀ ਸਕੂਲਾਂ ਵਿੱਚ 11ਵੀਂ ਅਤੇ 12ਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਪੰਜਾਬ ਯੰਗ ਇੰਟਰਪ੍ਰੀਨਿਓਰਜ਼ ਸਕੀਮ ਤਹਿਤ ਕਾਰੋਬਾਰ ਅਤੇ ਮਾਰਕੀਟਿੰਗ ਵਿੱਚ ਹੁਨਰ ਸਿੱਖਿਆ ਪ੍ਰਦਾਨ ਕਰੇਗੀ।

ਬਿਜ਼ਨਸ ਬਲਾਸਟਰਸ ਐਕਸਪੋ 2025 ਨੂੰ ਸੰਬੋਧਨ ਕਰਦੇ ਹੋਏ, ਸ. ਬੈਂਸ ਨੇ ਕਿਹਾ ਕਿ ਅਜਿਹੀ ਸਥਿਤੀ ਵਿੱਚ ਜਿੱਥੇ ਹਜ਼ਾਰਾਂ ਬਿਨੈਕਾਰ ਇੱਕ ਨੌਕਰੀ ਲੈਣ ਦੀ ਹੋੜ ਵਿੱਚ ਹਨ, ਪੰਜਾਬ ਸਰਕਾਰ ਨੇ ਨਵੀਂ ਪਿਰਤ ਪਾਉਂਦਿਆਂ ਨਵੇਂ ਰੁਜ਼ਗਾਰ ਮੌਕਿਆਂ ਦਾ ਮਾਹੌਲ ਸਿਰਜ ਦਿੱਤਾ ਹੈ । ਬਿਜ਼ਨਸ ਬਲਾਸਟਰਸ ਐਕਸਪੋ 2025 ਤਹਿਤ ਵਿਦਿਆਰਥੀਆਂ ਨੂੰ ਨੌਕਰੀ ਲੱਭਣ ਵਾਲਿਆਂ ਦੀ ਬਜਾਏ ਨੌਕਰੀ ਪੈਦਾ ਕਰਨ ਵਾਲੇ ਬਣਨ ਵੱਲ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਕਿਉਂਕਿ ਪੰਜਾਬ ਸਰਕਾਰ ਸਾਰੇ ਰੌਸ਼ਨਦਿਮਾਗ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਨਾਲ—ਨਾਲ ਵਿੱਤੀ ਅਤੇ ਤਕਨੀਕੀ ਸਹਾਇਤਾ ਵੀ ਪ੍ਰਦਾਨ ਕਰੇਗੀ।

ਬਿਜ਼ਨਸ ਬਲਾਸਟਰਸ ਐਕਸਪੋ 2025 ਦਾ ਜ਼ਿਕਰ ਕਰਦੇ ਹੋਏ, ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿੱਚੋਂ ਚੁਣੇ ਗਏ 10 ਵਿਦਿਆਰਥੀਆਂ ਦੀ ਅਗਵਾਈ ਵਾਲੇ ਉੱਦਮਾਂ ਨੇ ਸਰਕਾਰੀ ਨੇਤਾਵਾਂ, ਉਦਯੋਗਪਤੀਆਂ, ਸਟਾਰਟਅੱਪ ਸੰਸਥਾਪਕਾਂ ਅਤੇ ਸਿੱਖਿਆ ਸ਼ਾਸਤਰੀਆਂ ਦੇ ਸਾਹਮਣੇ ਸ਼ਾਰਕ ਟੈਂਕ—ਸ਼ੈਲੀ ਪ੍ਰਦਰਸ਼ਨ ਵਿੱਚ ਆਪਣੇ ਵਪਾਰਕ ਵਿਚਾਰਾਂ ਦਾ ਪ੍ਰਦਰਸ਼ਨ ਕੀਤਾ। ਇਸ ਦੌਰਾਨ ਸਾਰੀਆਂ ਟੀਮਾਂ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਿੱਚ ਸਫ਼ਲ ਰਹੀਆਂ। ਬਾਕੀ ਦੀਆਂ 30 ਟੀਮਾਂ ਨੇ ਵੀ ਐਕਸਪੋ ਸਟਾਲਾਂ 'ਤੇ ਆਪਣੇ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ ਅਤੇ ਵਿਕਰੀ ਵੀ ਕੀਤੀ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਨਵੀਨਤਾਕਾਰੀ ਲੈਬਜ਼ ਸਥਾਪਤ ਕਰਨ ਲਈ 17 ਲੱਖ ਦਾ ਨਿਵੇਸ਼ ਕੀਤਾ ਗਿਆ ਹੈ, ਜਿੱਥੇ ਵਿਦਿਆਰਥੀ ਹੁਣ ਆਈਆਈਟੀ ਦੇ ਸਹਿਯੋਗ ਨਾਲ ਵੀ ਆਪਣੇ ਉਤਪਾਦ ਵਿਕਸਤ ਕਰ ਸਕਣਗੇ।

ਪੰਜਾਬ ਯੰਗ ਇੰਟਰਪ੍ਰੀਨਿਓਰਜ਼ ਸਕੀਮ ਬਾਰੇ ਚਾਨਣਾ ਪਾਉਂਦੇ ਹੋਏ, ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਵਿਦਿਆਰਥੀ ਉੱਦਮਤਾ ਦਾ ਇੱਕ ਨਵਾਂ ਯੁੱਗ ਸ਼ੁਰੂ ਕੀਤਾ ਹੈ ਅਤੇ ਇਹ ਰਾਜ ਦੇ 30 ਸਕੂਲਾਂ ਵਿੱਚ ਇੱਕ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂ ਕੀਤਾ ਗਿਆ ਹੈ, ਜਿੱਥੇ ਵਿਦਿਆਰਥੀਆਂ ਨੂੰ ਆਪਣੇ ਵਪਾਰਕ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ । ਇਸ ਵਿੱਚ ਇੱਕ ਨਵੇਕਲੀ ਉਦਾਹਰਣ ਸਰਕਾਰੀ ਮੁੱਲਾਂਪੁਰ ਦਾਖਾ ਸਕੂਲ ਦੇ ਬੀ.ਪੀ.ਐਲ. ਪਰਿਵਾਰ ਨਾਲ ਸਬੰਧਤ ਇੱਕ ਕੁੜੀ ਦੀ ਹੈ, ਜਿਸਨੇ ਸਜਾਵਟੀ ਫੁੱਲਾਂ ਦੇ ਗਮਲੇ ਬਣਾਏ ਅਤੇ ਲੁਧਿਆਣਾ ਵਿੱਚ ਉਨ੍ਹਾਂ ਦੀ ਕੀਮਤ ਤੋਂ 20 ਗੁਣਾ ਵੱਧ ਕੀਮਤ 'ਤੇ ਉਨ੍ਹਾਂ ਨੂੰ ਵੇਚਿਆ। ਇਸੇ ਤਰ੍ਹਾਂ ਮੇਰੇ ਆਪਣੇ ਹਲਕੇ ਦਾ ਇੱਕ ਨੌਜਵਾਨ ਹੁਣ ਗੁਰੂਗ੍ਰਾਮ ਤੋਂ ਟੀ—ਸ਼ਰਟਾਂ ਖ਼ਰੀਦਦਾ ਹੈ ਅਤੇ ਉਨ੍ਹਾਂ ਨੂੰ ਇੰਸਟਾਗ੍ਰਾਮ ਰਾਹੀਂ ਵੇਚਦਾ ਹੈ, ਇਸ ਤਰ੍ਹਾ ਆਸਾਨੀ ਨਾਲ ਪ੍ਰਤੀ ਮਹੀਨਾ 50,000 ਕਮਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀਆਂ ਮੋਹਰੀ 10 ਟੀਮਾਂ ਨੇ ਕਈ ਖੇਤਰਾਂ ਵਿੱਚ ਪ੍ਰਦਰਸ਼ਨ ਕੀਤਾ ਜਿਨ੍ਹਾਂ ਵਿੱਚ ਇਲੈਕਟਰੀਕਲ ਸਾਈਕਲ, ਕੁਦਰਤੀ ਸੁੰਦਰਤਾ ਉਤਪਾਦ, ਹੱਥ ਨਾਲ ਬਣੇ ਦੁਪੱਟੇ, ਡਰਾਈਵਿੰਗ ਸਿਮੂਲੇਟਰ, ਆਰਟ ਵਰਕ ਫਰੇਮਿੰਗ, ਕੁਦਰਤੀ ਸਮੱਗਰੀ ਮਸਾਲੇ, ਸੁਰੱਖਿਆ ਸਟਿਕਸ, ਚਾਕਲੇਟ, ਹਰਬਲ ਸਾਬਣ, ਸਮੇਤ ਕਈ ਹੋਰ ਨਵੀਨਤਾਕਾਰੀ ਉਤਪਾਦਾਂ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ, ਹਰ ਸਾਲ, ਭਾਰਤ ਵਿੱਚ 1 ਕਰੋੜ ਗ੍ਰੈਜੂਏਟ ਪਾਸ ਹੁੰਦੇ ਹਨ, ਪਰ ਸਿਰਫ਼ 10 ਲੱਖ ਨੂੰ ਹੀ ਨੌਕਰੀਆਂ ਮਿਲਦੀਆਂ ਹਨ ਅਤੇ ਬਾਕੀ ਪ੍ਰਾਈਵੇਟ ਖੇਤਰ ਵਿੱਚ ਨੌਕਰੀਆਂ ਦੀ ਭਾਲ ਕਰਦੇ ਰਹਿੰਦੇ ਹਨ। ਸੰਸਦ ਦੀ ਇੱਕ ਰਿਪੋਰਟ ਦੇ ਅਨੁਸਾਰ, 2014-15 ਅਤੇ 2021-22 ਦੇ ਵਿਚਕਾਰ, 22.05 ਕਰੋੜ ਨੌਜਵਾਨਾਂ ਨੇ ਨੌਕਰੀਆਂ ਲਈ ਅਰਜ਼ੀ ਦਿੱਤੀ, ਪਰ ਸਿਰਫ਼ 7 ਲੱਖ ਨੂੰ ਹੀ ਨੌਕਰੀਆਂ ਮਿਲੀਆਂ। ਇਹ ਵੱਡਾ ਪਾੜਾ ਬਿਜ਼ਨਸ ਬਲਾਸਟਰ ਵਰਗੇ ਪ੍ਰੋਗਰਾਮਾਂ ਸ਼ੁਰੂ ਕਰਨ ਦੀ ਲੋੜ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਬਿਜ਼ਨਸ ਬਲਾਸਟਰਸ ਐਕਸਪੋ 2025 ਦੇ ਤਹਿਤ, ਹੁਣ ਵਿਦਿਆਰਥੀਆਂ ਲਈ ਵਿਸ਼ਾ-ਅਧਾਰਤ ਪ੍ਰੋਜੈਕਟ ਦੇ ਰੂਪ ਵਿੱਚ ਘੱਟੋ-ਘੱਟ ਇੱਕ ਕਾਰੋਬਾਰੀ ਵਿਚਾਰ ਪੇਸ਼ ਕਰਨਾ ਲਾਜ਼ਮੀ ਹੈ। ਇਹ ਪ੍ਰੋਗਰਾਮ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਵਿਦਿਆਰਥੀ ਨਾ ਸਿਰਫ਼ ਵਿੱਤੀ ਸੂਝ ਅਤੇ ਸੁਤੰਤਰਤਾ ਪ੍ਰਾਪਤ ਕਰੇ, ਸਗੋਂ ਮਾਰਕੀਟਿੰਗ ਅਤੇ ਉੱਦਮਤਾ ਦੀਆਂ ਜ਼ਰੂਰੀ ਗੱਲਾਂ ਵੀ ਸਿੱਖੇ। ਉਨ੍ਹਾਂ ਕਿਹਾ ਕਿ ਇਹ ਇੱਕ ਇਤਿਹਾਸਕ ਅਤੇ ਦੂਰਅੰਦੇਸ਼ੀ ਕਦਮ ਹੈ ਜੋ ਹਰ ਵਿਦਿਆਰਥੀ ਨੂੰ ਸਮਰੱਥਾ ਅਤੇ ਵਿਸ਼ਵਾਸ ਨਾਲ ਮੱਲ੍ਹਾਂ ਮਾਰਨ ਲਈ ਸਸ਼ਕਤ ਅਤੇ ਯੋਗ ਬਣਾਏਗਾ।

ਸੰਸਦ ਮੈਂਬਰ ਸ੍ਰੀ ਵਿਕਰਮਜੀਤ ਸਾਹਨੀ ਨੇ ਪਹਿਲੀਆਂ 10 ਟੀਮਾਂ ਨੂੰ ਆਪਣੇ ਉੱਦਮ ਸਥਾਪਤ ਕਰਨ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਸੂਬਾ ਸਰਕਾਰ ਦੇ ਹੋਰ ਕਾਰੋਬਾਰੀਆਂ, ਉਦਯੋਗਪਤੀ ਅਤੇ ਸੀਨੀਅਰ ਅਧਿਕਾਰੀਆਂ ਨੇ ਵੀ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਸਮੇਤ ਤਕਨੀਕੀ ਅਤੇ ਮੁਹਾਰਤ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਜਰਪੈਕਟ ਦੇ ਸੰਸਥਾਪਕ ਸ੍ਰੀ ਪ੍ਰਮੋਦ ਬੇਸਿਨ, ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਸ੍ਰੀ ਅਨੁਜ ਕੁੰਦਰਾ, ਸਕੂਲ ਸਿੱਖਿਆ ਪੰਜਾਬ ਬੋਰਡ ਦੇ ਸਕੱਤਰ ਸ੍ਰੀਮਤੀ ਆਨੰਦਿਤਾ ਮਿੱਤਰਾ, ਆਈ.ਏ.ਐਸ., ਪਹਿਲੀ ਜਿਊਰੀ ਟੀਮ ਦੇ ਮੈਂਬਰ ਟੋਰੈਂਟ ਨੈੱਟਵਰਕਿੰਗ ਟੈਕਨਾਲੋਜੀਜ਼ ਦੇ ਸੰਸਥਾਪਕ ਅਤੇ ਸਾਬਕਾ ਸੀ.ਈ.ਓ. ਡਾ. ਹੇਮੰਤ ਕਨਕੀਆ, ਸ਼ੇਰੋਸ ਦੇ ਸੰਸਥਾਪਕ ਅਤੇ ਸੀ.ਈ.ਓ. ਮਿਸ ਸਾਇਰੀ ਚਾਹਲ, ਟੈਕਨਾਲੋਜੀ ਬਿਜ਼ਨਸ ਇਨਕਿਊਬੇਟਰ ਫਾਊਂਡੇਸ਼ਨ, ਆਈ.ਆਈ.ਟੀ. ਰੋਪੜ ਦੇ ਮੁਖੀ ਡਾ. ਸ਼੍ਰੇਅ ਪਾਠਕ, ਸੀ.ਈ.ਓ., ਪੰਜਾਬ ਇਨੋਵੇਸ਼ਨ ਮਿਸ਼ਨ ਸ੍ਰੀਮਤੀ ਸੋਮਵੀਰ ਆਨੰਦ ਅਤੇ ਦੂਜੀ ਜਿਊਰੀ ਟੀਮ ਦੇ ਮੈਂਬਰ ਸੀ.ਈ.ਓ., ਉਧਯਮ ਲਰਨਿੰਗ ਫਾਊਂਡੇਸ਼ਨ ਅਤੇ ਗਲੋਬਲ ਅਲਾਇੰਸ ਫਾਰ ਮਾਸ ਐਂਟਰਪ੍ਰਨਿਓਰਸ਼ਿਪ ਸ੍ਰੀ ਮੇਕਿਨ ਮਹੇਸ਼ਵਰੀ, ਡਾਇਰੈਕਟਰ, ਐਸ.ਆਈ.ਡੀ.ਬੀ.ਆਈ. (ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ) ਸ੍ਰੀ ਜਿਤੇਂਦਰ ਕਾਲੜਾ, ਸੰਸਥਾਪਕ ਗ੍ਰੀਨਅਫੇਅਰ ਸ੍ਰੀਮਤੀ ਕੋਮਲ ਜੈਸਵਾਲ ਅਤੇ ਡਾਇਰੈਕਟਰ ਐਜੂਕੇਸ਼ਨ, ਐਨ.ਸੀ.ਟੀ. ਦਿੱਲੀ ਸਰਕਾਰ ਦੇ ਸਾਬਕਾ ਪ੍ਰਮੁੱਖ ਸਲਾਹਕਾਰ ਸ੍ਰੀ ਸ਼ੈਲੇਂਦਰ ਸ਼ਰਮਾ ਸ਼ਾਮਲ ਹਨ। ਤੀਜੀ ਜਿਊਰੀ ਟੀਮ ਦੇ ਮੈਂਬਰ ਸੀ.ਈ.ਓ., ਟੈਕਨਾਲੋਜੀ ਬਿਜ਼ਨਸ ਇਨਕਿਊਬੇਟਰ ਫਾਊਂਡੇਸ਼ਨ, ਆਈਆਈਟੀ ਰੋਪੜ ਸ੍ਰੀ ਸਤਯਮ, ਸੰਸਥਾਪਕ ਅਤੇ ਸੀ.ਈ.ਓ., ਸਿਗਨੀਸੈਂਟ ਇਨਫਰਮੇਸ਼ਨ ਸਲਿਊਸ਼ਨਜ਼ ਲਿਮਟਿਡ ਸ੍ਰੀ ਹਰਿਤ ਮੋਹਨ ਅਤੇ ਸਾਬਕਾ ਪ੍ਰਧਾਨ, ਟੀ.ਆਈ.ਈ. ਚੰਡੀਗੜ੍ਹ ਮੌਜੂਦ ਸਨ।

**ਸੰਪਾਦਕੀ**

# ਚਿੰਤਾਜਨਕ ਬੇਰੁਜ਼ਗਾਰੀ

ਆਰਥਿਕਤਾ ਦੀ ਚਮਕਦਾਰ ਤਸਵੀਰ ਦੇ ਵਿਚਕਾਰ ਜੇਕਰ ਬੇਰੁਜ਼ਗਾਰੀ ਦੇ ਅੰਕੜਿਆਂ ਵਿੱਚ ਨੌਜਵਾਨਾਂ ਦੀ ਹਿੱਸੇਦਾਰੀ ਚਿੰਤਾਜਨਕ ਪੱਧਰ 'ਤੇ ਦਿਖਾਈ ਦੇਣ ਲੱਗਦੀ ਹੈ ਤਾਂ ਇਹ ਸੋਚਣ ਦੀ ਲੋੜ ਹੈ ਕਿ ਵਿਕਾਸ ਦੇ ਰਾਹ ਵਿੱਚ ਇਸ ਮੁੱਦੇ ਦਾ ਹੱਲ ਕੀ ਹੈ। ਭਾਵੇਂ ਹਾਲ ਹੀ ਦੇ ਸਾਲਾਂ ਵਿੱਚ ਨੌਜਵਾਨਾਂ ਦੀ ਗਿਣਤੀ ਅਤੇ ਊਰਜਾ ਨੂੰ ਦੇਸ਼ ਦੀ ਤਾਕਤ ਵਜੋਂ ਪੇਸ਼ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਵਿਕਾਸ ਦੇ ਸੰਚਾਲਕ ਦੱਸਿਆ ਗਿਆ ਹੈ, ਪਰ ਹੁਣ ਜੇਕਰ ਬਹੁ-ਗਿਣਤੀ ਨੌਜਵਾਨ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਜੂਝ ਰਹੇ ਹਨ ਤਾਂ ਇਹ ਕਿਵੇਂ ਹੋਵੇਗਾ? ਇਹ ਦੇਖਿਆ ਜਾ ਸਕਦਾ ਹੈ? ਧਿਆਨ ਯੋਗ ਹੈ ਕਿ ਅੰਤਰਰਾਸ਼ਟਰੀ ਲੇਬਰ ਆਰਗੇਨਾਈਜੇਸ਼ਨ ਨੇ ਮਨੁੱਖੀ ਵਿਕਾਸ ਸੰਸਥਾ (ਦੇ ਸਹਿਯੋਗ ਨਾਲ ਮੰਗਲਵਾਰ ਨੂੰ ਭਾਰਤ ਰੁਜ਼ਗਾਰ ਰਿਪੋਰਟ 2024 ਜਾਰੀ ਕੀਤੀ ਹੈ । ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦੇਸ਼ ਵਿੱਚ ਜੇਕਰ ਕੁੱਲ ਬੇਰੁਜ਼ਗਾਰਾਂ ਦੀ ਗਿਣਤੀ ਇੱਕ ਸੌ ਹੈ ਤਾਂ ਉਨ੍ਹਾਂ ਵਿੱਚੋਂ 83 ਨੌਜਵਾਨ ਹਨ। ਜੇਕਰ ਦੇਸ਼ ਵਿੱਚ ਬੇਰੁਜ਼ਗਾਰੀ ਦੀ ਤਸਵੀਰ ਵਿੱਚ 83 ਫੀਸਦੀ ਨੌਜਵਾਨ ਨਜ਼ਰ ਆ ਰਹੇ ਹਨ ਤਾਂ ਇਹ ਦੇਸ਼ ਦੀ ਤਾਕਤ ਨੂੰ ਕਿਵੇਂ ਵਧਾ ਰਿਹਾ ਹੈ? ਭਾਰਤ ਵਿੱਚ ਬੇਰੁਜ਼ਗਾਰੀ ਦੀ ਸਥਿਤੀ ਬਾਰੇ ਤਿਆਰ ਕੀਤੀ ਗਈ ਇਸ ਮਹੱਤਵਪੂਰਨ ਰਿਪੋਰਟ ਵਿੱਚ ਕੁਝ ਵਿਰੋਧਾਭਾਸ ਵੱਲ ਧਿਆਨ ਦੇਣਾ ਵੀ ਮਦਦਗਾਰ ਹੈ। ਇਹ ਮੰਨਿਆ ਜਾਂਦਾ ਹੈ ਕਿ ਬੇਰੁਜ਼ਗਾਰੀ ਦੀ ਸਮੱਸਿਆ ਜ਼ਿਆਦਾਤਰ ਸਿੱਖਿਆ ਅਤੇ ਹੁਨਰ ਵਿਕਾਸ ਦੀ ਘਾਟ ਦਾ ਨਤੀਜਾ ਹੈ। ਪਰ ਆਈਐਲਓ ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ ਬੇਰੁਜ਼ਗਾਰ ਨੌਜਵਾਨਾਂ ਦੀ ਕੁੱਲ ਗਿਣਤੀ ਦੋ ਦਹਾਕੇ ਪਹਿਲਾਂ ਦੇ ਮੁਕਾਬਲੇ ਹੁਣ ਲਗਭਗ ਦੁੱਗਣੀ ਹੋ ਗਈ ਹੈ। ਖਾਸ ਤੌਰ 'ਤੇ ਕੋਰੋਨਾ ਮਹਾਂਮਾਰੀ ਤੋਂ ਪ੍ਰਭਾਵਿਤ ਸਾਲਾਂ ਵਿੱਚ ਇੱਕ ਤਿੱਖੀ ਗਿਰਾਵਟ ਦਰਜ ਕੀਤੀ ਗਈ ਸੀ। ਸਾਲ 2000 ਵਿੱਚ ਪੜ੍ਹੇ-ਲਿਖੇ ਨੌਜਵਾਨਾਂ ਦੀ ਗਿਣਤੀ ਕੁੱਲ ਬੇਰੁਜ਼ਗਾਰ ਨੌਜਵਾਨਾਂ ਦਾ 35.2 ਫੀਸਦੀ ਸੀ, ਜਦੋਂ ਕਿ 2022 ਵਿੱਚ ਇਹ ਵੱਧ ਕੇ 65.7 ਫੀਸਦੀ ਹੋ ਜਾਵੇਗੀ। ਇਹ ਸਥਿਤੀ ਉਦੋਂ ਹੈ ਜਦੋਂ ਇਸ ਅਧਿਐਨ ਵਿਚ ਉਨ੍ਹਾਂ ਪੜ੍ਹੇ-ਲਿਖੇ ਨੌਜਵਾਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਨੇ ਘੱਟੋ-ਘੱਟ ਦਸਵੀਂ ਤੱਕ ਦੀ ਸਿੱਖਿਆ ਹਾਸਲ ਕੀਤੀ ਹੈ। ਇਸ ਸਥਿਤੀ ਵਿੱਚ ਇੱਕ ਗੁੰਝਲਦਾਰ ਸਥਿਤੀ ਪੈਦਾ ਹੋ ਜਾਂਦੀ ਹੈ ਕਿ ਜਿਨ੍ਹਾਂ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਸੀ, ਉਨ੍ਹਾਂ ਵਿੱਚੋਂ ਨੱਬੇ ਪ੍ਰਤੀਸ਼ਤ ਮਜ਼ਦੂਰ ਗੈਰ ਰਸਮੀ ਕੰਮ ਵਿੱਚ ਲੱਗੇ ਹੋਏ ਹਨ, ਜਦੋਂ ਕਿ ਪਿਛਲੇ ਪੰਜ ਸਾਲਾਂ ਵਿੱਚ ਨਿਯਮਤ ਕੰਮ ਦੀ ਹਿੱਸੇਦਾਰੀ ਬਹੁਤ ਘੱਟ ਗਈ ਹੈ। ਹਾਲਾਂਕਿ, 2000 ਤੋਂ ਬਾਅਦ ਇਸ ਵਿੱਚ ਵਾਧਾ ਹੋਇਆ ਹੈ। ਬੇਰੁਜ਼ਗਾਰੀ ਦੀ ਦੁਖਦਾਈ ਤਸਵੀਰ ਦੇ ਵਿਚਕਾਰ ਇੱਕ ਮਾੜੀ ਸਥਿਤੀ ਇਹ ਹੈ ਕਿ ਇਸ ਸਮੇਂ ਦੌਰਾਨ ਠੇਕੇਦਾਰੀ ਦਾ ਅਭਿਆਸ ਵਧਿਆ ਹੈ। ਰਿਪੋਰਟ ਮੁਤਾਬਕ ਸੰਗਠਤ ਖੇਤਰਾਂ 'ਚ ਵੀ ਕੁੱਲ ਕਰਮਚਾਰੀਆਂ 'ਚੋਂ ਕੁਝ ਫੀਸਦੀ ਹੀ ਰੈਗੂਲਰ ਹਨ ਅਤੇ ਉਹ ਲੰਬੇ ਸਮੇਂ ਦੇ ਕੰਟਰੈਕਟ 'ਚ ਆਉਂਦੇ ਹਨ। ਅਜਿਹੀ ਸਥਿਤੀ ਵਿੱਚ, ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਰੋਜ਼ੀ-ਰੋਟੀ ਨਾਲ ਜੁੜੀ ਵਿਆਪਕ ਅਸੁਰੱਖਿਆ ਦਾ ਲੋਕਾਂ ਦੇ ਜੀਵਨ 'ਤੇ ਕੀ ਪ੍ਰਭਾਵ ਪਵੇਗਾ। ਵਿਡੰਬਨਾ ਇਹ ਹੈ ਕਿ ਘਟਦੀ ਆਮਦਨ ਦੇ ਨਾਲ-ਨਾਲ ਵਧਦੀ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਦਾ ਬੱਚਿਆਂ, ਖਾਸ ਕਰਕੇ ਲੜਕੀਆਂ ਦੀ ਸਿੱਖਿਆ 'ਤੇ ਸਿੱਧਾ ਅਸਰ ਪੈਂਦਾ ਹੈ। ਆਖਿਰ ਕੀ ਕਾਰਨ ਹੈ ਕਿ ਦੇਸ਼ ਦੇ ਗਰੀਬ ਅਤੇ ਹਾਸ਼ੀਏ 'ਤੇ ਪਏ ਵਰਗਾਂ ਵਿੱਚ 10ਵੀਂ ਜਮਾਤ ਤੋਂ ਬਾਅਦ ਸਕੂਲ ਛੱਡਣ ਦੀ ਦਰ ਅਜੇ ਵੀ ਉੱਚੇ ਪੱਧਰ 'ਤੇ ਬਣੀ ਹੋਈ ਹੈ? ਅਧੂਰੀ ਸਿੱਖਿਆ ਅਤੇ ਆਰਥਿਕਤਾ ਵਿੱਚ ਹੁਨਰ ਦੀ ਘਾਟ ਦਾ ਸਾਹਮਣਾ ਕਰ ਰਹੇ ਨੌਜਵਾਨਾਂ ਦੀ ਸਥਿਤੀ ਕਿੱਥੇ ਅਤੇ ਕਿਸ ਰੂਪ ਵਿੱਚ ਹੈ? ਸਿਆਸੀ ਨਾਅਰੇਬਾਜ਼ੀ ਵਿੱਚ ਦੇਸ਼ ਵਿੱਚ ਨੌਜਵਾਨਾਂ ਦੀ ਵਧਦੀ ਗਿਣਤੀ ਅਤੇ ਤਾਕਤ ਨੂੰ ਇੱਕ ਉਮੀਦ ਵਜੋਂ ਪੇਸ਼ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ । ਪਰ ਨੀਤੀਗਤ ਪੱਧਰ 'ਤੇ ਲਾਗੂ ਕੀਤੇ ਜਾ ਰਹੇ ਵਾਅਦਿਆਂ ਜਾਂ ਐਲਾਨਾਂ ਦੀ ਹਕੀਕਤ ਅਕਸਰ ਇਸ ਦੇ ਉਲਟ ਹੁੰਦੀ ਹੈ । ਸਵਾਲ ਇਹ ਹੈ ਕਿ ਇਸ ਵਿਰੋਧੀ ਸਥਿਤੀ ਵਿੱਚ ਵਿਕਾਸ ਦਾ ਰਾਹ ਕਿੱਥੇ ਪਹੁੰਚੇਗਾ?

**-ਜਗਜੀਤ ਸਿੰਘ ਦਰਦੀ**

# ਟਰੰਪ ਦਾ ਵਨ ਬਿਗ ਬਿਊਟੀਫੁੱਲ ਬਿੱਲ 'ਤੇ ਭਾਰਤ-ਅਮਰੀਕਾ ਸਬੰਧਾਂ ਦੀ ਨਵੀਂ ਸ਼ੁਰੂਆਤ

ਪ੍ਰੋ . ਡਾ . ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਆਖ਼ਰਕਾਰ ਅਮਰੀਕੀ ਪ੍ਰੈਜ਼ੀਡੈਂਟ ਟਰੰਪ ਆਪਣਾ ਚਿਰ ਸੰਭਾਵੀ ਅਮਰੀਕਾ ਫ਼ਸਟ ਨੂੰ ਧਾਰ ਦੇਣ ਵਾਲਾ ਬਿਲ ਵਨ ਬਿਗ ਬਿਊਟੀਫੁਲ ਪਾਸ ਕਰਾਉਣ ਵਿੱਚ ਸਫਲ ਹੋਏ ਹਨ ਤੇ ਹੋਰ ਮਸਲਿਆਂ ਬਾਰੇ ਨਵੀਂ ਚਰਚਾ ਸ਼ੁਰੂ ਹੋਈ ਹੈ ।

ਭਾਰਤ ਵਿੱਚ ਵੀ ਜੋ ਵਪਾਰ ਸੰਧੀ ਟੈਰਿਫ ਦੁਬਾਰਾ ਸ਼ੁਰੂ ਹੋ ਸਕਦਾ ਹੈ ਕਿਉਂਕਿ ਇਸਦੇ ਮੂਲ ਵਿੱਚ ਅਮਰੀਕਾ ਫਸਟ ਨੀਤੀ ਹੈ ਜਿਹੜੀ ਟਰੰਪ ਸ਼ੁਰੂ ਤੋਂ ਹੀ ਕਹਿੰਦੇ ਆਏ ਹਨ ਅਤੇ ਹੁਣ ਇਸ ਬਿਲ ਦੇ ਪਾਸ ਹੋਣ ਨਾਲ ਇਸ 'ਤੇ ਟਰੰਪ ਆਪਣੀ ਗੱਲ ਪੂਰੀ ਦੁਨੀਆ ਤੋਂ ਮੰਨਵਾਉਣ ਵਾਸਤੇ ਹੋਰ ਸ਼ਕਤੀਸ਼ਾਲੀ ਹੋ ਗਏ ਹਨ।

ਭਾਰਤ ਵਿੱਚ ਇਸਦੀ ਕਿਹੋ ਜਿਹੀ ਸਥਿਤੀ ਹੈ, ਇਸ ਲੇਖ ਵਿੱਚ ਇਹਨਾਂ ਕੁਝ ਮੁੱਦਿਆਂ ਨੂੰ ਹੀ ਡਿਸਕਸ ਕੀਤਾ ਜਾ ਰਿਹਾ ਹੈ । ਅੱਜ ਭਾਰਤ ਅਮਰੀਕੀ ਸਬੰਧਾਂ ਬਾਰੇ ਇੱਕ ਨਵੀਂ ਤਾਜ਼ਾ ਸਥਿਤੀ ਤੋਂ ਪਾਠਕਾਂ ਨੂੰ ਜਾਣੂੰ ਕਰਵਾਇਆ ਜਾਵੇ।

ਇਹ ਬਿਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਪੇਸ਼ ਕੀਤਾ ਗਿਆ ਵਨ ਬਿਗ ਬਿਊਟੀਫੁੱਲ ਬਿੱਲ ( One Big Beautiful Bill) ਹੈ, ਜਿਸ ਨੇ ਵਿਸ਼ਵ ਭਰ ਵਿੱਚ ਆਰਥਿਕ ਅਤੇ ਰਾਜਨੀਤਕ ਚਰਚਾਵਾਂ ਨੂੰ ਜਨਮ ਦਿੱਤਾ ਹੈ । ਇਹ ਕਾਨੂੰਨ, ਜਿਸ ਨੂੰ 4 ਜੁਲਾਈ, 2025 ਨੂੰ ਅਮਰੀਕੀ ਸੰਸਦ ਦੇ ਦੋਹਾਂ ਸਦਨਾਂ ਵੱਲੋਂ ਪਾਸ ਕਰਕੇ ਟਰੰਪ ਦੇ ਹਸਤਾਖਰਾਂ ਨਾਲ ਕਾਨੂੰਨੀ ਜਾਮਾ ਪਹਿਨਾਇਆ ਗਿਆ ਹੈ ।

ਇਹ ਅਮਰੀਕਾ ਦੀ ਅਮਰੀਕਾ ਫਸਟ ਨੀਤੀ ਦਾ ਹਿੱਸਾ ਹੈ । ਇਸ ਦਾ ਮੁੱਖ ਉਦੇਸ਼ ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕਰਨਾ, ਵਿਦੇਸ਼ੀ ਵਪਾਰ ਨੂੰ ਨਿਯੰਤਰਿਤ ਕਰਨਾ ਅਤੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣਾ ਹੈ । ਪਰ ਇਸ ਦੇ ਦੂਰਗਾਮੀ ਪ੍ਰਭਾਵ, ਖਾਸ ਕਰਕੇ ਭਾਰਤ-ਅਮਰੀਕਾ ਸਬੰਧਾਂ ਅਤੇ ਵਿਸ਼ਵ ਅਰਥਵਿਵਸਥਾ 'ਤੇ, ਨੂੰ ਸਮਝਣ ਲਈ ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਰਾਜਨੀਤਕ ਪ੍ਰਭਾਵਾਂ ਦਾ ਵਿਸਤਾਰ ਨਾਲ ਵਿਸ਼ਲੇਸ਼ਣ ਇਸ ਤਰ੍ਹਾਂ ਹੈ ।

**ਵਨ ਬਿਗ ਬਿਊਟੀਫੁੱਲ ਬਿੱਲ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ**

ਇਹ ਕਾਨੂੰਨ ਮੁੱਖ ਤੌਰ 'ਤੇ ਤਿੰਨ ਖੇਤਰਾਂ 'ਤੇ ਕੇਂਦਰਿਤ ਹੈ।

ਵਪਾਰ ਅਤੇ ਟੈਰਿਫ ਲਈ ਇਹ ਬਿੱਲ ਵਿਦੇਸ਼ੀ ਮੁਦਰਾ ਟ੍ਰਾਂਸਫਰ 'ਤੇ ਨਵੇਂ ਟੈਕਸ ਲਗਾਉਂਦਾ ਹੈ, ਜਿਸ ਵਿੱਚ ਅਮਰੀਕਾ ਤੋਂ ਭਾਰਤ ਵਰਗੇ ਦੇਸ਼ਾਂ ਨੂੰ ਭੇਜੀ ਜਾਣ ਵਾਲੀ ਵਿੱਤੀ ਰਕਮ (ਰੈਮਿਟੈਂਸ) 'ਤੇ 5% ਟੈਕਸ ਸ਼ਾਮਲ ਹੈ । ਇਸ ਦੇ ਨਾਲ ਹੀ ਅਮਰੀਕਾ ਨੇ ਵਿਦੇਸ਼ੀ ਉਤਪਾਦਾਂ 'ਤੇ ਉੱਚੇ ਟੈਰਿਫ ਲਗਾਉਣ ਦੀ ਨੀਤੀ ਨੂੰ ਜਾਰੀ ਰੱਖਿਆ ਹੈ, ਜਿਸ ਵਿੱਚ ਚੀਨ 'ਤੇ 145% ਤੱਕ ਅਤੇ ਭਾਰਤ 'ਤੇ 26% ਵਾਧੂ ਸ਼ੁਲਕ ਸ਼ਾਮਲ ਹੈ, ਹਾਲਾਂਕਿ ਭਾਰਤ ਨੂੰ 90 ਦਿਨਾਂ ਦੀ ਰਾਹਤ ਦਿੱਤੀ ਗਈ ਹੈ। ਇਹ ਬਿਲ ਪਰਵਾਸ ਨੀਤੀਆਂ ਕਾਰਨ ਇਹ ਬਿੱਲ ਗੈਰ-ਕਾਨੂੰਨੀ ਪਰਵਾਸੀਆਂ 'ਤੇ ਸਖਤੀ ਨੂੰ ਵਧਾਉਂਦਾ ਹੈ ਅਤੇ ਵੀਜ਼ਾ ਨੀਤੀਆਂ ਨੂੰ ਸਖਤ ਕਰਦਾ ਹੈ, ਜਿਸ ਵਿੱਚ 8-12 ਵੀਜ਼ਾ ਪ੍ਰੋਗਰਾਮ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ । ਨਵੀਂ ਨੀਤੀ ਅਨੁਸਾਰ, ਸਿਰਫ਼ ਬੁੱਧੀਜੀਵੀਆਂ ਨੂੰ ਵੀਜ਼ਾ ਦੇਣ ਦੀ ਗੱਲ ਕਹੀ ਗਈ ਹੈ, ਜਿਸ ਨਾਲ ਭਾਰਤੀ ਆਈ.ਟੀ. ਪੇਸ਼ੇਵਰਾਂ ਲਈ ਅਮਰੀਕਾ ਵਿੱਚ ਕੰਮ ਕਰਨਾ ਮੁਸ਼ਕਲ ਹੋ ਸਕਦਾ ਹੈ ।

ਇਹ ਘਰੇਲੂ ਅਰਥਵਿਵਸਥਾ ਨੂੰ ਉਤਸ਼ਾਹਿਤ ਕਰਦਾ ਹੈ ਤੇ ਇਸ ਬਿੱਲ ਦਾ ਉਦੇਸ਼ ਅਮਰੀਕੀ ਉਦਯੋਗਾਂ ਨੂੰ ਉਤਸ਼ਾਹਤ ਕਰਨਾ ਅਤੇ ਵਪਾਰਕ ਘਾਟੇ ਨੂੰ ਘਟਾਉਣਾ ਹੈ, ਜਿਸ ਲਈ ਅਮਰੀਕੀ ਬਾਜ਼ਾਰ ਵਿੱਚ ਅੱਜ ਵੀ ਪ੍ਰਸੰਗਿਕ ਹੈ।

**ਟਰੰਪ ਦਾ ਵਨ ਬਿਗ ਬਿਊਟੀਫੁੱਲ ਬਿੱਲ:** ਭਾਰਤ-ਅਮਰੀਕਾ ਸਬੰਧਾਂ ਅਤੇ ਗਲੋਬਲ ਪ੍ਰਭਾਵ 'ਤੇ ਵਿਸਤ੍ਰਿਤ ਵਿਸ਼ਲੇਸ਼ਣ ਵਿੱਚ ਅਸੀਂ ਭਾਰਤ-ਅਮਰੀਕਾ ਸਬੰਧਾਂ 'ਤੇ ਪ੍ਰਭਾਵ ਅਤੇ ਭਾਰਤ ਅਤੇ ਅਮਰੀਕਾ ਵਿਚਕਾਰ ਸਬੰਧ ਜੋ ਪਿਛਲੇ ਕੁਝ ਦਹਾਕਿਆਂ ਵਿੱਚ ਕਾਫੀ ਮਜ਼ਬੂਤ ਹੋਏ ਹਨ, ਖਾਸ ਕਰਕੇ ਵਪਾਰ, ਰੱਖਿਆ ਅਤੇ ਰਣਨੀਤਕ ਸਹਿਯੋਗ ਦੇ ਮਾਮਲੇ ਵਿੱਚ । ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੋਸਤ ਕਹਿ ਕੇ ਸੰਬੋਧਤ ਕੀਤਾ ਸੀ ਅਤੇ ਕਵਾਡ (ਅਮਰੀਕਾ, ਭਾਰਤ, ਜਪਾਨ ਅਤੇ ਆਸਟ੍ਰੇਲੀਆ ਦਾ ਗਠਜੋੜ) ਵਰਗੀਆਂ ਪਹਿਲਕਦਮੀਆਂ ਨੂੰ ਮਜ਼ਬੂਤ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ ਪਰ ਹੁਣ ਵਨ ਬਿਗ ਬਿਊਟੀਫੁੱਲ ਬਿੱਲ ਦੇ ਕੁਝ ਪਹਿਲੂ ਭਾਰਤ-ਅਮਰੀਕਾ ਸਬੰਧਾਂ 'ਤੇ ਸੰਭਾਵੀ ਤੌਰ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੇ ਹਨ ।

ਇਹ ਆਰਥਿਕ ਪ੍ਰਭਾਵ ਹੇਠ ਟੈਰਿਫ ਅਤੇ ਵਪਾਰ ਲਈ ਟਰੰਪ ਦੀ ਟੈਰਿਫ ਨੀਤੀ, ਜਿਸ ਵਿੱਚ ਭਾਰਤ ਤੋਂ ਆਯਾਤ 'ਤੇ 26% ਵਾਧੂ ਟੈਕਸ ਸ਼ਾਮਲ ਹੈ, ਭਾਰਤੀ ਨਿਰਯਾਤਕਾਂ, ਖਾਸ ਕਰਕੇ ਫਾਰਮਾਸਿਊਟੀਕਲ ਅਤੇ ਆਈ.ਟੀ. ਸੈਕਟਰ, ਲਈ ਚੁਣੌਤੀਆਂ ਪੈਦਾ ਕਰ ਸਕਦੀ ਹੈ ਹਾਲਾਂਕਿ 90 ਦਿਨਾਂ ਦੀ ਮੁਲਤਵੀ ਨੇ ਭਾਰਤ ਨੂੰ ਥੋੜ੍ਹੀ ਰਾਹਤ ਦਿੱਤੀ ਹੈ, ਜਿਸ



ਦੌਰਾਨ ਦੁਵੱਲੇ ਵਪਾਰ ਸਮਝੌਤੇ ਦੀ ਗੱਲਬਾਤ ਨੂੰ ਤੇਜ਼ ਕਰਨ ਦੀ ਲੋੜ ਹੈ। ਭਾਰਤ ਅਮਰੀਕਾ ਨੂੰ ਸਾਲਾਨਾ 30 ਬਿਲੀਅਨ ਡਾਲਰ ਦੀ ਜੈਨਰਿਕ ਦਵਾਈਆਂ ਨਿਰਯਾਤ ਕਰਦਾ ਹੈ, ਜਿਸ ਵਿੱਚੋਂ 10 ਬਿਲੀਅਨ ਡਾਲਰ ਅਮਰੀਕੀ ਬਜ਼ਾਰ ਵਿੱਚ ਜਾਂਦਾ ਹੈ । ਜੇਕਰ ਟੈਰਿਫ ਪੱਕੇ ਤੌਰ 'ਤੇ ਲਾਗੂ ਹੁੰਦੇ ਹਨ ਤਾਂ ਅਮਰੀਕੀ ਖਪਤਕਾਰਾਂ ਨੂੰ ਮਹਿੰਗੀਆਂ ਦਵਾਈਆਂ ਖਰੀਦਣੀਆਂ ਪੈ ਸਕਦੀਆਂ ਹਨ, ਜੋ ਅਮਰੀਕੀ ਅਰਥਵਿਵਸਥਾ 'ਤੇ ਵੀ ਪ੍ਰਭਾਵ ਪਾਵੇਗਾ।

ਇਹ ਰੈਮਿਟੈਂਸ ਟੈਕਸ ਅਧੀਨ ਅਮਰੀਕਾ ਵਿੱਚ ਵਸਦੇ ਭਾਰਤੀ ਪ੍ਰਵਾਸੀਆਂ (ਐਨ.ਆਰ.ਆਈ.) ਵੱਲੋਂ ਭਾਰਤ ਭੇਜੀ ਜਾਣ ਵਾਲੀ ਵਿੱਤੀ ਰਕਮ 'ਤੇ 5% ਟੈਕਸ ਦਾ ਪ੍ਰਭਾਵ ਸਿੱਧੇ ਤੌਰ 'ਤੇ ਭਾਰਤੀ ਪਰਵਾਸੀਆਂ 'ਤੇ ਪਵੇਗਾ । ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ, 2023-24 ਵਿੱਚ ਅਮਰੀਕਾ ਤੋਂ ਭਾਰਤ ਨੂੰ ਲਗਭਗ 30 ਬਿਲੀਅਨ ਡਾਲਰ ਦੀ ਰੈਮਿਟੈਂਸ ਆਈ ਸੀ, ਜੋ ਭਾਰਤੀ ਅਰਥਵਿਵਸਥਾ ਦਾ ਅਹਿਮ ਹਿੱਸਾ ਹੈ। ਇਸ ਟੈਕਸ ਨਾਲ ਐਨ.ਆਰ.ਆਈ. ਦੀ ਖਰਚਣ ਯੋਗ ਆਮਦਨ 'ਤੇ ਅਸਰ ਪਵੇਗਾ, ਜਿਸ ਨਾਲ ਭਾਰਤ ਵਿੱਚ ਨਿਵੇਸ਼ ਅਤੇ ਖਪਤ 'ਤੇ ਵੀ ਪ੍ਰਭਾਵ ਪੈ ਸਕਦਾ ਹੈ ।

ਇਸ ਦੇ ਰਾਜਨੀਤਕ ਅਤੇ ਰਣਨੀਤਕ ਪ੍ਰਭਾਵ ਵੀ ਸਪੱਸ਼ਟ ਹਨ।ਦੁਵੱਲੇ ਸਬੰਧਾਂ ਨੂੰ ਟਰੰਪ ਨੇ ਮੋਦੀ ਨਾਲ ਨਿੱਜੀ ਸਬੰਧਾਂ ਨੂੰ ਮਜ਼ਬੂਤੀ ਦਿੱਤੀ ਹੈ, ਪਰ ਉਹਨਾਂ ਦੀ ਅਮਰੀਕਾ ਫਸਟ ਨੀਤੀ ਨੇ ਵਪਾਰ ਅਤੇ ਪਰਵਾਸ ਨੀਤੀਆਂ 'ਤੇ ਸਖਤੀ ਦਿਖਾਈ ਹੈ। ਇਸ ਬਿੱਲ ਦੀ ਸਫਲਤਾ ਦਾ ਦਾਰੋਮਦਾਰ ਇਸ ਗੱਲ 'ਤੇ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤਾ ਕਿੰਨੀ ਤੇਜ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਦਾ ਹੈ ਹਾਲਾਂਕਿ ਮਾਹਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਇਸ 90 ਦਿਨਾਂ ਦੀ ਮੁਲਤਵੀ ਦਾ ਫਾਇਦਾ ਉਠਾਉਂਦੇ ਹੋਏ ਅਮਰੀਕਾ ਨਾਲ ਇੱਕ ਸੰਤੁਲਿਤ ਸਮਝੌਤੇ ਵੱਲ ਵਧਣਾ ਚਾਹੀਦਾ ਹੈ।

ਇਹ ਇੰਡੋ-ਪੈਸਿਫਿਕ ਰਣਨੀਤੀ ਬਦਲੇ ਟਰੰਪ ਦੀ ਨੀਤੀਆਂ ਨੇ ਚੀਨ ਦੇ ਵਿਰੁੱਧ ਇੰਡੋ-ਪੈਸਿਫਿਕ ਖੇਤਰ ਵਿੱਚ ਭਾਰਤ ਦੀ ਰਣਨੀਤਕ ਮਹੱਤਤਾ ਨੂੰ ਵਧਾਇਆ ਹੈ। ਕਵਾਡ ਅਤੇ ਹੋਰ ਸਹਿਯੋਗੀ ਪਹਿਲਕਦਮੀਆਂ ਵਿੱਚ ਭਾਰਤ ਦੀ ਭੂਮਿਕਾ ਨੂੰ ਮਜ਼ਬੂਤੀ ਮਿਲ ਸਕਦੀ ਹੈ, ਪਰ ਇਸ ਦੇ ਲਈ ਭਾਰਤ ਨੂੰ ਅਮਰੀਕਾ ਨਾਲ ਵਪਾਰਕ ਅਤੇ ਰੱਖਿਆ ਸਬੰਧਾਂ ਵਿੱਚ ਸੁਮੇਲ ਬਣਾਉਣਾ ਪਵੇਗਾ ।

ਗਲੋਬਲ ਪ੍ਰਭਾਵਾਂ ਬਾਰੇ ਵਨ ਬਿਗ ਬਿਊਟੀਫੁੱਲ ਬਿੱਲ ਦਾ ਅਸਰ ਸਿਰਫ਼ ਭਾਰਤ-ਅਮਰੀਕਾ ਸਬੰਧਾਂ ਤੱਕ ਸੀਮਤ ਨਹੀਂ ਹੈ, ਸਗੋਂ ਇਸ ਦੇ ਵਿਸ਼ਵਵਿਆਪੀ ਪ੍ਰਭਾਵ ਵੀ ਹਨ । ਇਹ ਚੀਨ-ਅਮਰੀਕਾ ਵਪਾਰਕ ਜੰਗ ਵਿੱਚ ਜੂਝਣ ਦੀ ਯੋਜਨਾ ਵੀ ਹੈ, ਜਿਸ ਵਿੱਚ ਟਰੰਪ ਨੇ ਚੀਨ 'ਤੇ 145% ਤੱਕ ਟੈਰਿਫ ਲਗਾਏ ਹਨ, ਜਿਸ ਨਾਲ ਵਿਸ਼ਵ ਬਜ਼ਾਰਾਂ ਵਿੱਚ ਅਸਥਿਰਤਾ ਵਧੀ ਹੈ। ਚੀਨ ਨੇ ਜਵਾਬੀ ਕਾਰਵਾਈ ਵਜੋਂ ਅਮਰੀਕੀ ਸਮਾਨ 'ਤੇ ਵੀ ਉੱਚੇ ਟੈਰਿਫ ਲਗਾਏ ਹਨ, ਜਿਸ ਨਾਲ ਵਿਸ਼ਵ ਅਰਥਵਿਵਸਥਾ 'ਤੇ ਮੰਦੀ ਦਾ ਖਤਰਾ ਵਧ ਗਿਆ ਹੈ ।

ਅੱਜ ਵਿਸ਼ਵ ਅਰਥਵਿਵਸਥਾ ਵਿੱਚ ਟੈਰਿਫ ਅਤੇ ਰੈਮਿਟੈਂਸ ਟੈਕਸ ਨਾਲ ਵਿਸ਼ਵਵਿਆਪੀ ਸਪਲਾਈ ਚੇਨਾਂ ਅਤੇ ਵਪਾਰਕ ਸਬੰਧ ਪ੍ਰਭਾਵਿਤ ਹੋ ਸਕਦੇ ਹਨ। ਮਸਕ ਅਤੇ ਬਿਲ ਐਕਮੈਨ ਵਰਗੇ ਅਮਰੀਕੀ ਉਦਯੋਗਪਤੀਆਂ ਨੇ ਵੀ ਟੈਰਿਫਾਂ ਦੀ ਮੁਲਤਵੀ ਦੀ ਮੰਗ ਕੀਤੀ ਹੈ, ਜੋ ਅਮਰੀਕੀ ਅਰਥਵਿਵਸਥਾ 'ਤੇ ਪੈਣ ਵਾਲੇ ਨਕਾਰਾਤਮਕ ਪ੍ਰਭਾਵ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ ।

ਇਹ ਪਰਵਾਸੀ ਭਾਈਚਾਰਿਆਂ 'ਤੇ ਅਸਰ ਵਿਸ਼ੇਸ਼ ਤੌਰ 'ਤੇ ਅਮਰੀਕਾ ਵਿੱਚ ਸਖਤ ਪਰਵਾਸ ਨੀਤੀਆਂ ਨੇ ਪਰਵਾਸੀ ਭਾਈਚਾਰਿਆਂ, ਖਾਸ ਕਰਕੇ ਭਾਰਤੀ ਅਤੇ ਹੋਰ ਏਸ਼ੀਆਈ ਪਰਵਾਸੀਆਂ ਵਿੱਚ ਡਰ ਦਾ ਮਾਹੌਲ ਪੈਦਾ ਕਰਨਾ ਹੈ ।

ਰਾਜਨੀਤਕ ਸੰਦਰਭ ਵਿਚ ਟਰੰਪ ਦੀ ਅਮਰੀਕਾ ਫਸਟ ਨੀਤੀ ਅਤੇ ਇਸ ਬਿੱਲ ਦਾ ਰਾਜਨੀਤਕ ਸੰਦਰਭ ਵੀ ਮਹੱਤਵਪੂਰਨ ਹੈ। ਟਰੰਪ ਦੀ ਸਫਲਤਾ ਦਾ ਅਸਰ ਅਮਰੀਕੀ ਅਤੇ ਵਿਸ਼ਵਵਿਆਪੀ ਰਾਜਨੀਤੀ 'ਤੇ ਸਪੱਸ਼ਟ ਹੈ । ਅਮਰੀਕੀ ਸੰਸਦ ਵਿੱਚ ਇਸ ਬਿੱਲ ਦੀ ਪ੍ਰਵਾਨਗੀ ਨੇ ਟਰੰਪ ਦੀ ਰਾਜਨੀਤਕ ਸ਼ਕਤੀ ਨੂੰ ਮਜ਼ਬੂਤ ਕੀਤਾ ਹੈ, ਪਰ ਇਸ ਨੇ ਅੰਤਰਰਾਸ਼ਟਰੀ ਸਬੰਧਾਂ ਵਿੱਚ ਵੀ ਤਣਾਅ ਪੈਦਾ ਕੀਤਾ ਹੈ । ਭਾਰਤ ਲਈ, ਇਹ ਇੱਕ ਚੁਣੌਤੀ ਦੇ ਨਾਲ-ਨਾਲ ਮੌਕਾ ਵੀ ਹੈ । ਜੇਕਰ ਭਾਰਤ ਅਮਰੀਕਾ ਨਾਲ ਵਪਾਰਕ ਸਮਝੌਤੇ ਵਿੱਚ ਸਫਲ ਹੁੰਦਾ ਹੈ, ਤਾਂ ਇਹ ਇਸ ਦੀ ਅਰਥਵਿਵਸਥਾ ਅਤੇ ਰਣਨੀਤਕ ਸਥਿਤੀ ਨੂੰ ਮਜ਼ਬੂਤ ਕਰ ਸਕਦਾ ਹੈ ।

ਇਸ ਵਨ ਬਿਗ ਬਿਊਟੀਫੁੱਲ ਬਿੱਲ ਨੇ ਭਾਰਤ-ਅਮਰੀਕਾ ਸਬੰਧਾਂ ਅਤੇ ਵਿਸ਼ਵ ਅਰਥਵਿਵਸਥਾ 'ਤੇ ਮਿਸ਼ਰਤ ਪ੍ਰਭਾਵ ਪਾਉਣ ਦੀ ਸੰਭਾਵਨਾ ਹੈ । ਭਾਰਤ ਨੂੰ ਇਸ ਦੀਆਂ ਚੁਣੌਤੀਆਂ, ਜਿਵੇਂ ਕਿ ਟੈਰਿਫ ਅਤੇ ਰੈਮਿਟੈਂਸ ਟੈਕਸ ਨੂੰ ਸਮਝਦਾਰੀ ਨਾਲ ਨਜਿੱਠਣ ਲਈ ਸਮਝੌਤੇ ਅਤੇ ਕੂਟਨੀਤਕ ਸਬੰਧਾਂ 'ਤੇ ਜ਼ੋਰ ਦੇਣਾ ਪਵੇਗਾ । ਇਸ ਦੇ ਨਾਲ ਹੀ, ਚੀਨ-ਅਮਰੀਕਾ ਵਪਾਰਕ ਜੰਗ ਅਤੇ ਸਖਤ ਪਰਵਾਸ ਨੀਤੀਆਂ ਵਿਸ਼ਵਵਿਆਪੀ ਅਰਥਵਿਵਸਥਾ ਅਤੇ ਸਥਿਰਤਾ 'ਤੇ ਡੂੰਘਾ ਅਸਰ ਪਾਉਣਗੀਆਂ । ਭਾਰਤ ਲਈ ਇਹ ਸਮਾਂ ਰਣਨੀਤਕ ਸੰਜਮ ਅਤੇ ਸਮਝਦਾਰੀ ਨਾਲ ਅੱਗੇ ਵਧਣ ਦਾ ਹੈ, ਤਾਂ ਜੋ ਇਸ ਦੀ ਅਰਥਵਿਵਸਥਾ ਅਤੇ ਅੰਤਰਰਾਸ਼ਟਰੀ ਸਥਿਤੀ ਮਜ਼ਬੂਤ ਰਹੇ ।

# ਤ਼ਖ਼ਤ ਸ੍ਰੀ ਪਟਨਾ ਸਾਹਿਬ ਤੋਂ ਹੋ ਰਹੀਆਂ ਗ਼ੈਰ-ਸਿਧਾਂਤਕ ਕਾਰਵਾਈਆਂ, ਸ੍ਰੀ ਅਕਾਲ ਤ਼ਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ

ਬਘੇਲ ਸਿੰਘ ਧਾਲੀਵਾਲ
99142-58142

**ਅੱਜ ਸਿੱਖਾਂ ਕੋਲ ਆਪਣਾ ਰਾਜ ਭਾਗ ਨਹੀਂ ਹੈ, ਪਰੰਤੂ ਰਾਜ ਭਾਗ ਦੀ ਤਾਂਘ ਹੋਣ ਦੇ ਬਾਵਜੂਦ ਚਲਾਕ ਦੁਸ਼ਮਣ ਤਾਕਤਾਂ ਨੇ ਸਿੱਖਾਂ ਦੀ ਆਪਸੀ ਧੜੇਬੰਦੀ ਐਨੀ ਕੁ ਗਹਿਰੀ ਕਰ ਦਿੱਤੀ ਹੈ ਕਿ ਉਹਨਾਂ ਦੀ ਤਾਂਘ ਅਤੇ ਉਹਨਾਂ ਦੇ ਮਨੋਰਥ, ਹੋਰ ਪਾਸੇ ਵੱਲ ਮੋੜਾ ਕੱਟ ਜਾਂਦੇ ਹਨ ।1849 ਵਿੱਚ ਅੰਗਰੇਜ ਹਕੂਮਤ ਨੇ ਸਿੱਖਾਂ ਤੋਂ ਰਾਜ ਭਾਗ ਖੋਹ ਲੈਣ ਤੋ ਬਾਅਦ ਸਭ ਤੋਂ ਪਹਿਲਾਂ ਗੁਰਦੁਆਰਾ ਪ੍ਰਬੰਧ 'ਤੇ ਕਬਜ਼ਾ ਕੀਤਾ ਸੀ।ਹੁਣ ਵੀ ਹਾਲਾਤ ਉਸ ਸਮੇਂ ਤੋਂ ਵੱਖ ਨਹੀਂ ਹਨ। ਹੁਣ ਵੀ ਲੱਗਭੱਗ ਸਮੁੱਚੇ ਗੁਰਦੁਆਰਾ ਪ੍ਰਬੰਧ ਤੇ ਕੇਂਦਰੀ ਤਾਕਤਾਂ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਕਬਜ਼ਾ ਕਰ ਚੁੱਕੀਆਂ ਹਨ ।ਖਾਲਸੇ ਦੇ ਮਹਾਨ ਪੰਜ ਤਖਤ ਸਾਹਿਬਾਨ ਵਿੱਚੋਂ ਦੋ ਦਾ ਪ੍ਰਬੰਧ ਮੁਕੰਮਲ ਰੂਪ ਵਿੱਚ ਸਿੱਖ ਵਿਰੋਧੀ ਤਾਕਤਾਂ ਦੇ ਹੱਥ ਵਿੱਚ ਹੈ ।ਤਖਤ ਸ੍ਰੀ ਪਟਨਾ ਸਾਹਿਬ ਦਾ ਘਟਨਾਕ੍ਰਮ ਉਸ ਸਾਜਿਸ਼ ਦਾ ਹਿੱਸਾ ਹੈ, ਜਿਸ ਦਾ ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ । ਇਹ ਸਿੱਖਾਂ ਦੀ ਆਪਸੀ ਫੁੱਟ ਦੀ ਸ਼ਿਖਰ ਦਾ ਦੌਰ ਹੈ, ਜਦੋਂ ਤਖਤ ਸਾਹਿਬ ਇੱਕ ਦੂਜੇ ਦੇ ਸਾਹਮਣੇ ਖੜ੍ਹੇ ਹੋ ਗਏ ਹਨ । ਤਖਤ ਸ੍ਰੀ ਪਟਨਾ ਸਾਹਿਬ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਇੱਕ ਅਜਿਹੀ ਸਾਜਿਸ਼ ਹੈ, ਜਿਸਨੂੰ ਸਿੱਖਾਂ ਨੇ ਗੰਭੀਰਤਾ ਨਾਲ ਲਿਆ ਹੀ ਨਹੀਂ ।**

ਇਹ ਸਚਾਈ ਹੈ ਕਿ ਮੌਜੂਦਾ ਸਮੇਂ ਵਿੱਚ ਸਿੱਖ ਦੁਨੀਆਂ ਪੱਧਰ 'ਤੇ ਸਭ ਤੋਂ ਵੱਧ ਸਤਿਕਾਰੀ ਜਾਣ ਵਾਲੀ ਕੌਮ ਹੈ। ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਮੰਨੇ ਜਾਂਦੇ ਅਮਰੀਕਾ ਵਰਗੇ ਦੇਸ਼ ਸਿੱਖਾਂ ਦੀ ਹੋਂਦ ਨੂੰ ਸਵੀਕਾਰਦੇ ਅਤੇ ਸਤਿਕਾਰਦੇ ਹਨ । ਹਰ ਵੱਡੇ ਛੋਟੇ ਮੁਲਕ ਸਿੱਖਾਂ ਨੂੰ ਸਾਸ਼ਨ ਅਤੇ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਦੇ ਕੇ ਇਹਨਾਂ ਦੀ ਕਾਬਲੀਅਤ ਨੂੰ ਸਿਜ਼ਦਾ ਕਰ ਰਹੇ ਹਨ। ਪਰ ਭਾਰਤ ਅੰਦਰ ਮੌਜੂਦਾ ਸਮੇਂ ਸਿੱਖਾਂ ਦੀ ਹਾਲਤ ਤਕੜੇ ਹੋਣ ਦੇ ਬਾਵਜੂਦ ਵੀ ਕੋਈ ਬਹੁਤ ਵਧੀਆ ਅਤੇ ਤਾਕਤਵਰ ਨਹੀਂ ਮੰਨੀ ਜਾ ਸਕਦੀ । ਸਿੱਖਾਂ ਦੀ ਧਾਰਮਿਕ ਰਾਜਨੀਤਕ ਅਤੇ ਰੂਹਾਨੀ ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਪੰਜ ਤਖਤਾਂ ਦੀ ਰੂਹਾਨੀ ਸਿਧਾਂਤਕ ਇੱਕਜੁੱਟਤਾ ਨੂੰ ਤੋੜਨ ਦੇ ਯਤਨ ਹੋ ਰਹੇ ਹਨ । ਤਖਤ ਸ੍ਰੀ ਪਟਨਾ ਸਾਹਿਬ ਤੋਂ ਜਾਰੀ ਹੋ ਰਹੇ ਹੁਕਮਨਾਮੇ ਸਿੱਖਾਂ ਦੇ ਆਪਸੀ ਟਕਰਾਅ ਅਤੇ ਸਿਧਾਂਤਕ ਨਿਘਾਰ ਦੀ ਉੱਘੜਵੀਂ ਤਸਵੀਰ ਪੇਸ਼ ਕਰਦੇ ਹਨ । ਹਰ ਮੋੜ 'ਤੇ ਖਤਰਨਾਕ ਅਤੇ ਗੁੰਝਲਦਾਰ ਚੁਣੌਤੀਆਂ ਸਿੱਖਾਂ ਦਾ ਰਾਹ ਰੋਕੀ ਖੜ੍ਹੀਆਂ ਪ੍ਰਤੀਤ ਹੁੰਦੀਆਂ ਹਨ । ਨਸਲੀ ਭੇਦ ਭਾਵ ਸਿੱਖਾਂ ਦੀ ਤਰੱਕੀ ਦੇ ਰਸਤੇ ਵਿੱਚ ਸਭ ਤੋਂ ਵੱਡੀ ਚੁਣੌਤੀ ਬਣ ਕੇ ਖੜ੍ਹਾ ਹੈ । ਸਿੱਖਾਂ ਦੀ ਵੱਖਰੀ ਪਛਾਣ ਆਪਣੇ ਮੁਲਕ ਵਿੱਚ ਹੀ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ।80 ਫੀਸਦੀ ਤੋਂ ਵੱਧ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੀ ਕੌਮ ਦੇ ਆਪਣੇ ਭਵਿੱਖ ਉੱਪਰ ਖਤਰੇ ਮੰਡਰਾਉਂਦੇ ਦਿਖਾਈ ਦੇ ਰਹੇ ਹਨ । ਪੰਜਾਬ ਦੀ ਧਰਤੀ,ਪਾਣੀ ਅਤੇ ਹਵਾ ਨੂੰ ਜਾਣਬੁੱਝ ਕੇ ਜ਼ਹਿਰੀਲਾ ਬਣਾ ਦਿੱਤਾ ਗਿਆ ਹੈ । ਉਪਜਾਊ ਜ਼ਮੀਨਾਂ 'ਤੇ ਕਬਜ਼ੇ ਕਰਨ ਲਈ ਚੱਲਦੇ ਸਰਕਾਰੀ ਸਰਪ੍ਰਸਤੀ ਵਾਲੇ ਬੁਲਡੋਜ਼ਰਾਂ ਨੂੰ ਦੇਖ ਕੇ ਪੰਜਾਬ ਦੀ ਸੋਨਾ ਉਗਲਦੀ ਜਰਖੇਜ਼ ਧਰਤੀ 'ਤੇ ਲਹਿਲਹਾਉਂਦੀਆਂ ਫਸਲਾਂ ਕਿਸਾਨੀ ਦੀ ਹੋਣੀ 'ਤੇ ਕੀਰਨੇ ਪਾਉਂਦੀਆਂ ਜਾਪਦੀਆਂ ਹਨ । ਜਦੋਂ ਪੰਜਾਬ ਵਿੱਚੋਂ ਖੇਤੀ ਖਤਮ ਤਾਂ ਸਮਝੋ ਪੰਜਾਬ ਖਤਮ, ਪੰਜਾਬ ਦੀ ਹੋਂਦ ਖਤਮ ।ਖੇਤੀ, ਸਿੱਖ ਗੁਰੂ ਸਾਹਿਬਾਨ ਵੱਲੋਂ ਵਰੋਸਾਈ ਹੋਈ ਪੰਜਾਬ ਦੀ ਵਿਰਾਸਤੀ ਕਿਰਤ ਹੈ, ਜਿਹੜੀ ਪੰਜਾਬ ਦੇ ਜਾਇਆਂ ਨੂੰ ਇੱਜ਼ਤ,ਗੈਰਤ ਨਾਲ ਰੋਜ਼ੀ ਰੋਟੀ ਕਮਾਉਣ ਦੇ ਮੌਕੇ ਪ੍ਰਦਾਨ ਕਰਦੀ ਹੈ। ਪੰਜਾਬ ਦੀ ਕਿਰਤ 'ਤੇ ਹਮਲੇ ਮਹਿਜ਼ ਜ਼ਮੀਨ ਹੜੱਪਣ ਤੱਕ ਦਾ ਵਰਤਾਰਾ ਨਹੀ ਹੈ, ਸਗੋਂ ਇਸ ਤੋਂ ਅਗਲੇ ਵਿਰਤਾਂਤ ਨੂੰ ਸਮਝਣ ਦੀ ਵੀ ਲੋੜ ਹੈ । ਖਤਰਾ ਪੰਜਾਬ ਦੀ ਦਸਤਾਰ ਤੋਂ ਹੈ, ਸਿੱਖ ਸਰੂਪ ਤੋਂ ਖਤਰਾ ਹੈ ਅਤੇ ਸਭ ਤੋਂ ਵੱਧ ਖਤਰਾ ਸਿੱਖ ਸਿਧਾਂਤਾਂ ਤੋਂ ਹੈ, ਜਿਸ ਨੂੰ ਢਾਹ ਲਾਉਣ ਲਈ ਪੰਜਾਬ ਅੰਦਰ ਨਸ਼ਿਆਂ ਦਾ ਪਸਾਰਾ ਅਤੇ ਲੱਚਰਤਾ ਦੇ ਅੱਡੇ ਖੋਲ੍ਹੇ ਜਾ ਰਹੇ ਹਨ । ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਅਤੇ ਸਿੱਖ ਗੁਰਦੁਆਰਾ ਪ੍ਰਬੰਧ ਵਿੱਚ ਦਖਲਅੰਦਾਜ਼ੀ, ਇਹ ਇੱਕੋ ਲੜੀ ਦੇ ਵੱਖੋ ਵੱਖਰੇ ਨਿਰਧਾਰਤ ਕਾਰਜ ਹਨ, ਜਿਨ੍ਹਾਂ ਨੂੰ ਪੂਰੀ ਜ਼ਿੰਮੇਵਾਰੀ, ਤਨਦੇਹੀ ਅਤੇ ਸਤੱਰਕਤਾ ਨਾਲ ਪੂਰਾ ਕੀਤਾ ਜਾ ਰਿਹਾ ਹੈ । ਸਿੱਖ ਇਹ ਸਾਰਾ ਕੁੱਝ ਵਾਪਰਦਾ ਦੇਖ ਰਹੇ ਹਨ । ਦੁਸ਼ਮਣ ਜਮਾਤ ਦੇ ਮਨਸੂਬਿਆਂ ਨੂੰ ਸਮਝਣ ਦੀ ਬਜਾਏ ਇੱਕ ਦੂਜੇ 'ਤੇ ਚਿੱਕੜ ਸੁੱਟਣ ਵਿੱਚ ਸਮਾਂ ਬਰਬਾਦ ਹੀ ਨਹੀਂ ਕਰ ਰਹੇ, ਬਲਕਿ ਅੰਦਰੂਨੀ ਖਾਨਾਜੰਗੀ ਵੱਲ ਵੀ ਵੱਧ ਰਹੇ ਹਨ।ਆਪਸੀ ਪਾਟੋਧਾੜ ਦੇ ਅਸਲ ਕਾਰਨਾਂ ਨੂੰ ਸਮਝਣ ਦੀ ਬਜਾਏ ਆਪਸੀ ਦੂਸ਼ਣਬਾਜ਼ੀ ਭਾਰੂ ਹੋ ਰਹੀ ਹੈ ।ਆਪਣਿਆਂ ਨਾਲ ਮਤਭੇਦ ਮਿਟਾਉਣ ਦੀ ਬਜਾਏ ਪੰਜਾਬ ਵਿਰੋਧੀ ਤਾਕਤਾਂ ਨਾਲ ਖੜ੍ਹਨ ਵਿੱਚ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ । ਇੰਜ ਜਾਪਦਾ ਹੈ ਜਿਵੇਂ ਇਤਿਹਾਸ ਨੂੰ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੋਵੇ । ਇਹ ਸਮਾਂ 1839 ਤੋਂ 1849 ਤੱਕ ਦੇ ਦਹਾਕੇ ਨੂੰ ਦੁਹਰਾਉਂਦਾ ਪਰਤੀਤ ਹੁੰਦਾ ਹੈ , ਜਦੋਂ ਸਿੱਖਾਂ ਨੇ ਦੁਸ਼ਮਣ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਹੋਕੇ ਆਪਣਾ ਰਾਜ ਭਾਗ ਗੁਆ ਲਿਆ ਸੀ।ਆਪਸੀ ਖਾਨਾਜੰਗੀ ਦੇ ਕਰਕੇ ਦੱਰਰਾ ਖੈਬਰ ਤੋਂ ਲੇਹ ਲਦਾਖ ਤੱਕ ਫੈਲਿਆ ਮਹਾਨ ਖਾਲਸਾ ਰਾਜ ਮਹਿਜ਼ 10 ਸਾਲਾਂ ਵਿੱਚ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੋ ਗਿਆ ਸੀ ।

ਅੱਜ ਸਿੱਖਾਂ ਕੋਲ ਆਪਣਾ ਰਾਜ ਭਾਗ ਨਹੀਂ ਹੈ, ਪਰੰਤੂ ਰਾਜ ਭਾਗ ਦੀ ਤਾਂਘ ਹੋਣ ਦੇ ਬਾਵਜੂਦ ਚਲਾਕ ਦੁਸ਼ਮਣ ਤਾਕਤਾਂ ਨੇ ਸਿੱਖਾਂ ਦੀ ਆਪਸੀ ਧੜੇਬੰਦੀ ਐਨੀ ਕੁ ਗਹਿਰੀ ਕਰ ਦਿੱਤੀ ਹੈ ਕਿ ਉਹਨਾਂ ਦੀ ਤਾਂਘ ਅਤੇ ਉਹਨਾਂ ਦੇ ਮਨੋਰਥ, ਹੋਰ ਪਾਸੇ ਵੱਲ ਮੋੜਾ ਕੱਟ ਜਾਂਦੇ ਹਨ ।1849 ਵਿੱਚ ਅੰਗਰੇਜ ਹਕੂਮਤ ਨੇ ਸਿੱਖਾਂ ਤੋਂ ਰਾਜ ਭਾਗ ਖੋਹ ਲੈਣ ਤੋ ਬਾਅਦ ਸਭ ਤੋਂ ਪਹਿਲਾਂ ਗੁਰਦੁਆਰਾ ਪ੍ਰਬੰਧ 'ਤੇ ਕਬਜ਼ਾ ਕੀਤਾ ਸੀ।ਹੁਣ ਵੀ ਹਾਲਾਤ ਉਸ ਸਮੇਂ ਤੋਂ ਵੱਖ ਨਹੀਂ ਹਨ। ਹੁਣ ਵੀ ਲੱਗਭੱਗ ਸਮੁੱਚੇ ਗੁਰਦੁਆਰਾ ਪ੍ਰਬੰਧ ਤੇ ਕੇਂਦਰੀ ਤਾਕਤਾਂ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਕਬਜ਼ਾ ਕਰ ਚੁੱਕੀਆਂ ਹਨ ।ਖਾਲਸੇ ਦੇ ਮਹਾਨ ਪੰਜ ਤਖਤ ਸਾਹਿਬਾਨ ਵਿੱਚੋਂ ਦੋ ਦਾ ਪ੍ਰਬੰਧ ਮੁਕੰਮਲ ਰੂਪ ਵਿੱਚ ਸਿੱਖ ਵਿਰੋਧੀ ਤਾਕਤਾਂ ਦੇ ਹੱਥ ਵਿੱਚ ਹੈ ।ਤਖਤ ਸ੍ਰੀ ਪਟਨਾ ਸਾਹਿਬ ਦਾ ਘਟਨਾਕ੍ਰਮ ਉਸ ਸਾਜਿਸ਼ ਦਾ ਹਿੱਸਾ ਹੈ, ਜਿਸ ਦਾ ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ । ਇਹ ਸਿੱਖਾਂ ਦੀ ਆਪਸੀ ਫੁੱਟ ਦੀ ਸ਼ਿਖਰ ਦਾ ਦੌਰ ਹੈ, ਜਦੋਂ ਤਖਤ ਸਾਹਿਬ ਇੱਕ ਦੂਜੇ ਦੇ ਸਾਹਮਣੇ ਖੜ੍ਹੇ ਹੋ ਗਏ ਹਨ । ਤਖਤ ਸ੍ਰੀ ਪਟਨਾ ਸਾਹਿਬ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਇੱਕ ਅਜਿਹੀ ਸਾਜਿਸ਼ ਹੈ, ਜਿਸਨੂੰ ਸਿੱਖਾਂ ਨੇ ਗੰਭੀਰਤਾ ਨਾਲ ਲਿਆ ਹੀ ਨਹੀਂ ।ਤਾਜੇ ਘਟਨਾਕਰਮ ਦੌਰਾਨ ਬਹੁਤ ਸਾਰੇ ਸਿੱਖ ਇਸ ਗੱਲ 'ਤੇ ਖੁਸ਼ ਹੋ ਰਹੇ ਹਨ ਕਿ ਤਖਤ ਸ੍ਰੀ ਪਟਨਾ ਸਾਹਿਬ ਦੇ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਹੈ ।ਉਹ ਇਹ ਸਮਝਣ ਦਾ ਯਤਨ ਹੀ ਨਹੀਂ ਕਰ ਰਹੇ ਕਿ ਇਹ ਸਿੱਖ ਸਿਧਾਂਤਾਂ 'ਤੇ ਹੁਣ ਤੱਕ ਦੇ ਹਮਲਿਆਂ ਵਿੱਚੋਂ ਸਭ ਤੋਂ ਤਕੜਾ ਹਮਲਾ ਹੈ, ਜਿਸ ਨੇ ਸਿੱਖਾਂ ਦੀ ਪਹਿਲਾਂ ਹੀ ਵੰਡੀ ਹੋਈ ਤਾਕਤ ਨੂੰ ਇੱਕਦਮ ਅੱਧਾ ਕਰ ਦਿੱਤਾ ਹੈ ਅਤੇ ਅੰਦਰੂਨੀ ਖਾਨਾਜੰਗੀ ਦਾ ਰਾਹ ਪੱਧਰਾ ਕਰ ਦਿੱਤਾ ਹੈ। ਜੇਕਰ ਸਿੱਖ ਅਜੇ ਵੀ ਆਪਸੀ ਈਰਖਾਬਾਜ਼ੀਆਂ, ਧੜੇਬੰਦੀਆਂ ਲੜਾਈਆਂ ਵਿੱਚ ਸਮਾਂ ਬਰਬਾਦ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਤਖਤ ਸ੍ਰੀ ਪਟਨਾ ਸਾਹਿਬ ਵਰਗੇ ਸਿੱਖਾਂ ਦੇ ਪਵਿੱਤਰ ਅਸਥਾਨ ਸਿੱਖ ਰਹਿਤ ਮਰਯਾਦਾ ਤੋਂ ਸੱਖਣੇ ਮੂਰਤੀ ਪੂਜਾ ਦੇ ਮੰਦਰ ਹੋਣਗੇ ਅਤੇ ਗੈਰ ਸਿੱਖ ਗਤੀਵਿਧੀਆਂ ਦੇ ਵੱਡੇ ਕੇਂਦਰ ਬਣ ਜਾਣਗੇ । ਇਸ ਨਾਜ਼ੁਕ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੱਡੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ । ਬਗੈਰ ਕਿਸੇ ਵੀ ਧੜੇ ਦੀ ਪ੍ਰਵਾਹ ਕੀਤਿਆਂ ਤਖਤ ਸਾਹਿਬਾਨ ਦੇ ਆਪਸੀ ਟਕਰਾਅ ਨੂੰ ਖਤਮ ਕਰਨ ਲਈ ਪਹਿਲ ਕਰਨੀ ਪਵੇਗੀ।ਸ੍ਰੀ ਅਕਾਲ ਤਖਤ ਸਾਹਿਬ ਦੇ ਸਿਧਾਂਤ ਨੂੰ ਮਜ਼ਬੂਤ ਕਰਨ ਲਈ ਸਖਤ ਕਦਮ ਚੁੱਕਣੇ ਪੈਣਗੇ। ਆਪੋ ਆਪਣੀਆਂ ਡਫਲੀਆਂ ਵਜਾ ਰਹੇ ਸਮੁੱਚੇ ਸਿੱਖ ਧੜਿਆਂ, ਅਕਾਲੀ ਦਲਾਂ ਨੂੰ ਬਗੈਰ ਕਿਸੇ ਤੋਹਮਤ ਤੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਰਬ ਉੱਚ ਮੰਨਣਾ ਹੋਵੇਗਾ । ਸ੍ਰੀ ਅਕਾਲ ਤਖਤ ਸਾਹਿਬ ਦੀ ਰੂਹਾਨੀ ਅਧਿਕਾਰਿਤ ਤਾਕਤ ਨੂੰ ਕਬੂਲ ਕਰਕੇ ਆਪਸੀ ਦੁਬਿਧਾ ਦੂਰ ਕਰਨ ਲਈ ਸਫਾਂ ਵਸਾ ਕੇ ਬੈਠਣਾ ਹੀ ਇੱਕ ਮਾਤਰ ਚਾਰਾ ਹੈ । ਸਿੱਖ ਵਿਰੋਧੀ ਵੱਡੀਆਂ ਤਾਕਤਾਂ ਦਾ ਮੁਕਾਬਲਾ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਤੋਂ ਬਿਨਾ ਸਿੱਖਾਂ ਕੋਲ ਨਾ ਪਹਿਲਾਂ ਕਦੇ ਕੋਈ ਅਜਿਹਾ ਕੇਂਦਰ ਰਿਹਾ ਹੈ, ਜਿਹੜਾ ਸਿੱਖਾਂ ਨੂੰ ਇੱਕ ਲੜੀ ਵਿੱਚ ਪਰੋਣ ਦੇ ਸਮਰੱਥ ਹੋਵੇ ਅਤੇ ਨਾ ਹੀ ਭਵਿੱਖ ਵਿੱਚ ਕੋਈ ਹੋਰ ਕੇਂਦਰ ਸਿੱਖਾਂ ਨੂੰ ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਬਲਵਾਨ ਅਤੇ ਸੂਝਵਾਨ ਬਣਾ ਸਕਦਾ ਹੈ। ਸੋ ਸਿੱਖ ਵਿਰੋਧੀ ਤਾਕਤਾਂ ਦੇ ਮਨਸੂਬਿਆਂ ਨੂੰ ਨਾ-ਕਾਮਯਾਬ ਕਰਨ ਲਈ ਆਪਸੀ ਮਤਭੇਦਾਂ ਨੂੰ ਪਿੱਛੇ ਛੱਡ ਕੇ ਅਜ਼ਾਦ ਸਿੱਖ ਪ੍ਰਭੁਤਾ ਦੇ ਪ੍ਰਤੀਕ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਇਕੱਠੇ ਹੋਣਾ ਹੀ ਇੱਕ ਮਾਤਰ ਰਸਤਾ ਹੈ । ਮੀਰੀ ਪੀਰੀ ਦੇ ਪਵਿੱਤਰ ਅਸਥਾਨ ਦੀ ਰੂਹਾਨੀ ਤਾਕਤ ਹੀ ਕੁਰਸੀ ਦੀ ਲੋਭ ਲਾਲਸਾ ਖਾਤਰ ਸਿੱਖ ਵਿਰੋਧੀ ਤਾਕਤਾਂ ਦੀ ਝੋਲ਼ੀ ਪੈਣ ਵਾਲੀ ਮਨੋ ਬਿਰਤੀ ਨੂੰ ਖਤਮ ਕਰ ਸਕਦੀ ਹੈ।

# ਕੀ ਨਸ਼ੇ ਦੇ ਸੌਦਾਗਰ ਸਰਕਾਰਾਂ ਪਾਲਦੀਆਂ ਹਨ ? ਇਹ ਪਤਾ ਲੱਗਣਾ ਚਾਹੀਦਾ ਹੈ

ਅਮੀਰ ਸਿੰਘ ਜੋਸਨ
9417915875

ਗੌਰਤਲਬ ਹੈ ਕਿ ਬੀਤੇ ਦਿਨੀਂ ਵਿਜੀਲੈਂਸ ਵਿਭਾਗ ਵੱਲੋਂ ਬਿਕਰਮ ਮਜੀਠੀਆ ਖਿਲਾਫ਼ ਐਕਸ਼ਨ ਲੈਂਦਿਆਂ ਗ੍ਰਿਫ਼ਤਾਰੀ ਪਾਈ ਗਈ ਹੈ । ਜਿਸ ਤੋਂ ਬਾਅਦ ਉਨ੍ਹਾਂ ਨੂੰ ਮੁਹਾਲੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਮਾਨਯੋਗ ਅਦਾਲਤ ਵੱਲੋਂ ਸੱਤ ਦਿਨ ਦਾ ਰਿਮਾਂਡ ਲਿਆ ਗਿਆ ਹੈ। ਦੱਸ ਦੇਈਏ ਕਿ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕੀਤਾ। ਵਿਜੀਲੈਂਸ ਦਾ ਕਹਿਣਾ ਹੈ ਕਿ ਬਿਕਰਮ ਮਜੀਠੀਆ ਨੇ ਇਹ ਜਾਇਦਾਦ ਕਿਵੇਂ ਖੜੀ ਕੀਤੀ, ਇਸ ਦੀ ਜਾਂਚ ਤੋਂ ਬਾਅਦ ਪਤਾ ਲੱਗੇਗਾ । ਭਾਵੇਂ ਸ਼੍ਰੋਮਣੀ ਅਕਾਲੀ ਦਲ ਸਣੇ ਕਾਂਗਰਸ ਤੇ ਭਾਜਪਾ ਦੇ ਲੀਡਰਾਂ ਵੱਲੋਂ ਵੀ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਲੈਕੇ ਸਰਕਾਰ 'ਤੇ ਧੱਕੇਸ਼ਾਹੀ ਕਰਨ ਦੇ ਇਲਜ਼ਾਮ ਲਗਾਏ ਗਏ ਹਨ । ਪਰ ਇਸ ਗ੍ਰਿਫ਼ਤਾਰੀ ਨੂੰ ਪਹਿਲਾਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਵਿਜੀਲੈਂਸ ਵਿਭਾਗ ਵਲੋਂ ਕੇਸ ਭਾਵੇਂ ਹੋਰ ਦਰਜ ਕੀਤਾ ਗਿਆ ਹੈ ਪਰ ਸਰਕਾਰ ਵੱਲੋਂ ਪ੍ਰਚਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਾਲ ਜੋੜ ਕੇ ਦਿਖਾ ਕੇ ਕੀਤਾ ਜਾ ਰਿਹਾ ਹੈ ਕਿਉਂਕਿ ਇਕ ਪੰਜਾਬ ਦਾ ਵੱਡਾ ਤਬਕਾ ਨਸ਼ਿਆਂ ਨੂੰ ਅਕਾਲੀ ਦਲ ਦੀ ਦੇਣ ਹੀ ਮੰਨਦਾ ਹੈ। ਜਿਸ ਵਿੱਚ ਪਹਿਲਾ ਨਾਮ ਬਿਕਰਮ ਮਜੀਠੀਆ ਦਾ ਹੀ ਆਉਂਦਾ ਹੈ । ਭਾਵੇਂ ਸੁਖਬੀਰ ਬਾਦਲ ਨੇ ਕਿਹਾ ਕਿ ਇਸ ਮਾਮਲੇ ਵਿੱਚ ਹਾਈਕੋਰਟ ਨੇ ਇਹ ਵੀ ਕਿਹਾ ਸੀ ਕਿ ਪੰਜਾਬ ਪੁਲਿਸ ਕੋਲ ਬਿਕਰਮ ਮਜੀਠੀਆ ਵਿਰੁੱਧ ਕੋਈ ਸਬੂਤ ਨਹੀਂ ਹੈ, ਇਸ ਕਰਕੇ ਹਾਈਕੋਰਟ ਨੇ ਮਜੀਠੀਆ ਨੂੰ ਜ਼ਮਾਨਤ ਦੇ ਦਿੱਤੀ । ਸੁਖਬੀਰ ਬਾਦਲ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਮਜੀਠੀਆ ਖਿਲਾਫ਼ ਕਾਰਵਾਈ ਕਰਨ ਲਈ 5 ਐਸਆਈਟੀ ਬਣਾਈਆਂ ਪਰ ਕਿਸੇ ਨੂੰ ਕੁਝ ਨਹੀਂ ਮਿਲਿਆ । ਈ ਡੀ ਜੋ ਕਿ ਸਭ ਤੋਂ ਵੱਡੀ ਜਾਂਚ ਏਜੰਸੀ ਹੈ, ਉਸ ਨੂੰ ਵੀ ਇਸ ਮਾਮਲੇ ਵਿੱਚ ਕੁਝ ਨਹੀਂ ਮਿਲਿਆ । ਉਨ੍ਹਾਂ ਕਿਹਾ ਕਿ ਮਜੀਠੀਆ ਦੀ ਜ਼ਮਾਨਤ ਰੱਦ ਕਰਵਾਉਣ ਲਈ ਮਾਨ ਸਰਕਾਰ ਸੁਪਰੀਮ ਕੋਰਟ ਗਈ ਪਰ ਸੁਪਰੀਮ ਕੋਰਟ ਨੇ ਵੀ ਇਹ ਸਵੀਕਾਰ ਕੀਤਾ ਕਿ ਹਾਈ ਕੋਰਟ ਨੇ ਇਸ ਮਾਮਲੇ ਵਿੱਚ ਸਹੀ ਗੱਲ ਕਹੀ ਹੈ ਤੇ ਬਿਕਰਮ ਮਜੀਠੀਆ ਦੀ ਜ਼ਮਾਨਤ ਬਰਕਰਾਰ ਰੱਖੀ। ਪਰ ਐਸ ਆਈ ਟੀ ਦੇ ਹੈੱਡ ਨਿਰੰਜਨ ਸਿੰਘ ਨੇ ਹੋਰ ਹੀ ਗੱਲ ਕਹਿ ਦਿੱਤੀ ਕਿ ਜਦੋਂ ਰਿਪੋਰਟ ਪੇਸ਼ ਕਰਨੀ ਸੀ । ਉਸ ਵਕਤ ਮੇਰੀ ਬਦਲੀ ਕਰ ਦਿੱਤੀ ਜੋ ਰਿਪੋਰਟ ਮੈਂ ਦਿੱਤੀ ਸੀ ।ਉਸ ਨੂੰ ਦਬਾਅ ਦਿੱਤਾ ਗਿਆ ਨਿਰੰਜਨ ਸਿੰਘ ਦਾ ਹੋਰ ਕਹਿਣਾ ਹੈ ਕਿ ਮੈਨੂੰ ਕੰਮ ਕਰਨ ਤੋਂ ਹਰ ਵਾਰ ਰੋਕਿਆ ਗਿਆ ਕਈ ਤਰ੍ਹਾਂ ਦਾ ਦਬਾਅ ਪਾਇਆ ਗਿਆ, ਮੇਰੇ ਨਾਲ ਜੋ ਸਾਥੀ ਕੰਮ ਕਰਦੇ ਸੀ, ਉਹ ਵੀ ਮੈਨੂੰ ਰਿਪੋਰਟਾਂ ਦੇਣ ਦੇ ਬਜਾਏ ਹੋਰਾਂ ਨਾਲ ਸਾਂਝੀਆਂ ਕਰਨ ਲੱਗ ਪਏ ਉਹ ਇੰਨ੍ਹੇ ਦਬਾਅ ਹੇਠ ਆ ਗਏ ਕੰਮ ਵਿੱਚ ਕੁਤਾਹੀ ਕਰਨ ਲੱਗੇ, ਜਿਸ ਤਰ੍ਹਾਂ ਮੈਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ, ਲੱਗਦਾ ਸੀ ਮੇਰੇ ਨਾਲ ਦੇ ਸਾਥੀਆਂ ਦੇ ਨਾਲ ਵੀ ਇਸ ਤਰ੍ਹਾਂ ਕੀਤਾ ਗਿਆ। ਵਿਜੀਲੈਂਸ ਨੇ ਮਜੀਠੀਆ ਨੂੰ ਗ੍ਰਿਫ਼ਤਾਰ ਕੀਤਾ, ਤਾਂ ਮਜੀਠੀਆ ਨਾਲ ਸਬੰਧਤ 26 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ । ਇਸ ਦੌਰਾਨ, ਮਜੀਠੀਆ ਦੇ ਘਰ ਤੋਂ 29 ਮੋਬਾਇਲ ਫੋਨ, 5 ਲੈਪਟਾਪ, 3 ਆਈਪੈਡ, 2 ਡੈਸਕਟਾਪ, 8 ਡਾਇਰੀਆਂ ਅਤੇ ਹੋਰ ਦਸਤਾਵੇਜ਼ ਜ਼ਬਤ ਕੀਤੇ ਗਏ । ਇਸ ਦੇ ਨਾਲ ਹੀ, ਵਿਜੀਲੈਂਸ ਨੇ ਕਿਹਾ ਕਿ ਮਜੀਠੀਆ ਨੇ 540 ਕਰੋੜ ਰੁਪਏ ਦੀ ਗੈਰ-ਕਾਨੂੰਨੀ ਜਾਇਦਾਦ ਇਕੱਠੀ ਕੀਤੀ ਹੈ । ਮਜੀਠੀਆ ਦੁਆਰਾ ਨਿਯੰਤਰਿਤ ਕੰਪਨੀਆਂ ਦੇ ਬੈਂਕ ਖਾਤਿਆਂ ਵਿੱਚ 161 ਕਰੋੜ ਰੁਪਏ ਦੀ ਬੇਹਿਸਾਬੀ ਨਕਦੀ ਜਮ੍ਹਾ ਹੈ। 141 ਕਰੋੜ ਰੁਪਏ ਦੇ ਲੈਣ-ਦੇਣ ਸ਼ੱਕੀ ਵਿਦੇਸ਼ੀ ਸੰਸਥਾਵਾਂ ਰਾਹੀਂ ਕੀਤੇ ਗਏ ਸਨ। ਕੰਪਨੀ ਦੇ ਵਿੱਤੀ ਬਿਆਨਾਂ ਵਿੱਚ ਬਿਨਾਂ ਕਿਸੇ ਜਾਣਕਾਰੀ ਅਤੇ ਸਪੱਸ਼ਟੀਕਰਨ ਦੇ 236 ਕਰੋੜ ਰੁਪਏ ਦੀ ਰਕਮ ਦਾ ਖੁਲਾਸਾ ਕੀਤਾ ਗਿਆ ਸੀ ।

ਮਜੀਠੀਆ ਖਿਲਾਫ ਖੜ੍ਹੇ ਹੋਏ ਕਈ ਗਵਾਹ ਹੋਰ ਵੀ ਨੇ ਜਾਣਕਾਰੀ ਮੁਤਾਬਕ ਸਾਬਕਾ ਵਿਧਾਇਕ ਬੋਨੀ ਅਜਨਾਲਾ ਨੇ ਵੀ ਵਿਜੀਲੈਂਸ ਟੀਮ ਅੱਗੇ ਆਪਣੇ ਬਿਆਨ ਦਰਜ ਕਰਵਾਏ ਹਨ । ਬੋਨੀ ਅਜਨਾਲਾ ਵੀ ਅਕਾਲੀ ਦਲ ਛੱਡ ਭਾਜਪਾ ਵਿੱਚ ਸ਼ਾਮਿਲ ਹੋ ਗਏ ਸਨ । ਇਸ ਤੋਂ ਇਲਾਵਾ ਸਾਬਕਾ ਡੀਜੀਪੀ ਸਿਧਾਰਥ ਚਟੋਪਾਧਿਆਏ ਨੇ ਵੀ ਮਜੀਠੀਆ ਖਿਲਾਫ ਕਾਰਵਾਈ ਕੀਤੀ ਸੀ। ਕਈ ਘੰਟਿਆਂ ਦੀ ਪੁੱਛਗਿੱਛ ਤੋਂ ਬਾਅਦ ਜਗਜੀਤ ਸਿੰਘ ਚਾਹਲ ਅਤੇ ਬਿੱਟੂ ਔਲਖ ਵਿਜੀਲੈਂਸ ਦਫਤਰ ਤੋਂ ਬਾਹਰ ਨਿਕਲੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿੱਟੂ ਔਲਖ ਨੇ ਕਿਹਾ, ਕਿ ਜੇਕਰ ਬਿਕਰਮ ਸਿੰਘ ਮਜੀਠੀਆ ਦੇ ਮਾਮਲੇ ਦੀ ਜਾਂਚ ਅਧਿਕਾਰੀ ਤਹਿ ਤੱਕ ਕਰਨਾ ਚਾਹੁੰਦੇ ਹਨ ਤਾਂ ਉਹ ਉਸ ਸਮੇਂ ਦੇ ਐੱਸ. ਐੱਸ. ਪੀ. ਹਰਦਿਆਲ ਸਿੰਘ ਮਾਨ ਨੂੰ ਪੁੱਛਗਿੱਛ ਲਈ ਬੁਲਾਉਣ। ਜ਼ਿਕਰਯੋਗ ਹੈ ਕਿ ਜਦੋਂ ਮਨੁੱਖੀ ਅਧਿਕਾਰ ਸਭਾ ਨਾਲ ਸਬੰਧਤ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਸਬੰਧਤ ਕੇਸ ਨਾਲ ਜ਼ਿਮਨੀ ਦੇ ਵਰਕੇ ਅਦਾਲਤੀ ਰਿਕਾਰਡ ਵਿੱਚੋਂ ਗਾਇਬ ਕੀਤੇ ਗਏ ਸਨ । ਮਜੀਠੀਆ ਦੀ ਪਤਨੀ ਦੇ ਨਾਮ ਕੀਤੀ ਰਜਿਸਟਰੀ ਦਾ ਰਿਕਾਰਡ ਮਾਲ ਵਿਭਾਗ ਵਿਚੋਂ ਗ਼ਾਇਬ ਕੀਤਾ ਗਿਆ ਸੀ। ਇਸ ਕੇਸ ਨਾਲ ਸਬੰਧਤ ਕਈ ਲੋਕ ਅੱਗੇ ਹੋ-ਹੋ ਕਿ ਸਰਕਾਰ ਦਾ ਸਾਥ ਦੇ ਰਹੇ ਨੇ ਅਕਾਲੀ ਸਰਕਾਰ ਵੇਲੇ ਜੋ ਲੋਕ ਬਿਕਰਮ ਸਿੰਘ ਮਜੀਠੀਆ ਦੇ ਨਜ਼ਦੀਕੀ ਰਹੇ ਉਹ ਹੀ ਅੱਗੇ ਆ ਕੇ ਹਰ ਮਹੱਤਵਪੂਰਨ ਜਾਣਕਾਰੀ ਦੇ ਰਹੇ ਹਨ। ਇਨ੍ਹਾਂ ਲੋਕਾਂ ਕੋਲੋਂ ਮਿਲੀ ਨਵੀਂ ਤੋਂ ਨਵੀਂ ਜਾਣਕਾਰੀ ਦੇ ਆਧਾਰ 'ਤੇ ਬਿਕਰਮ ਸਿੰਘ ਮਜੀਠੀਆ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਸਰਕਾਰ ਲੋਕਾਂ ਦਾ ਭਰੋਸਾ ਜਿੱਤਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ, ਲੋਕ ਵੀ ਚਾਹੁੰਦੇ ਨੇ ਕਿ ਪੰਜਾਬ ਨਸ਼ਾ ਮੁਕਤ ਹੋਵੇ, ਇਸ ਲਈ ਮਾਨ ਸਰਕਾਰ ਪੂਰੇ ਉਤਸ਼ਾਹ ਵਿੱਚ ਦਿਖਾਈ ਦੇ ਰਹੀ ਹੈ, ਉਹ ਨਸ਼ੇ ਦੇ ਵੱਡੇ ਗਠਜੋੜ ਨੂੰ ਤੋੜਨ ਲਈ ਕੋਈ ਕਸਰ ਨਹੀਂ ਛੱਡਣੀ ਚਾਹੁੰਦੀ, ਉਹ ਪੂਰੇ ਜ਼ੋਰ ਨਾਲ ਇਨ੍ਹਾਂ ਨੂੰ ਸਲਾਖਾਂ ਪਿੱਛੇ ਭੇਜਣ ਦਾ ਜ਼ੋਰ ਲਾਵੇਗੀ, ਸਾਰੇ ਪੰਜਾਬੀ ਪੰਜਾਬ ਨੂੰ ਨਸ਼ਾ ਮੁਕਤ ਦੇਖਣਾ ਚਾਹੁੰਦੇ ਨੇ ਕਿਉਂਕਿ ਪੰਜਾਬ ਵਿੱਚ ਕਿਹਾ ਜਾਂਦਾ ਹੈ ਕਿ ਲੱਖਾਂ ਲੋਕ ਨਸ਼ੇ ਨਾਲ ਮਰ ਚੁੱਕੇ ਹਨ, ਕੋਈ ਤਾਂ ਰਿਪੋਰਟ ਲਿਖਵਾਉਂਦਾ ਹੈ । ਪਰ ਜ਼ਿਆਦਾਤਰ ਇਸ ਨੂੰ ਝੰਜਟ ਸਮਝਦੇ ਹੋਏ ਚੁੱਪ ਰਹਿ ਕੇ ਹੀ ਅੰਤਿਮ ਅਰਦਾਸ ਕਰ ਦਿੰਦੇ ਹਨ, ਵਿਜੀਲੈਂਸ ਨੇ ਕੇਸ ਭਾਵੇਂ ਤਾਂ ਅਸਾਸਿਆਂ ਤੋਂ ਵੱਧ ਖਰਚ ਕਰਨ ਦਾ ਦਰਜ ਕੀਤਾ ਹੈ ਪਰ ਗੱਲ ਨਸ਼ੇ ਦੀ ਹੋ ਰਹੀ ਹੈ ।ਇਸ ਲਈ ਹੁਣ ਅਕਾਲੀ ਆਗੂ ਬਿਕਰਮ ਮਜੀਠੀਆ ਤੋਂ ਬਾਅਦ ਹੁਣ ਉਨ੍ਹਾਂ ਦੇ ਕਰੀਬੀਆਂ ਅਤੇ ਉਨ੍ਹਾਂ ਦੇ ਵਰਕਰਾਂ ਉੱਤੇ ਪੁਲਿਸ ਸ਼ਿਕੰਜਾ ਕਸਦੀ ਹੋਈ ਨਜ਼ਰ ਆ ਰਹੀ ਹੈ। ਜਿਸ ਤਹਿਤ ਅੰਮ੍ਰਿਤਸਰ ਪੁਲਿਸ ਵੱਲੋਂ ਬਿਕਰਮ ਮਜੀਠੀਆ ਦੇ ਘਰ ਹੋਈ ਰੇਡ ਤੋਂ ਬਾਅਦ ਇੱਕ-ਇੱਕ ਵਰਕਰ ਅਤੇ ਸਮਰਥਕ ਤੋਂ ਪੁੱਛਗਿੱਛ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ । ਕਈ ਮਹਿਕਮਿਆਂ ਤੋਂ ਰਿਪੋਰਟਾਂ ਲਈਆਂ ਜਾ ਰਹੀਆਂ ਹਨ, ਜਿਸ ਦਾ ਅਕਾਲੀ ਦਲ ਦੇ ਵਰਕਰਾਂ ਨੂੰ ਵੀ ਪਤਾ ਲੱਗ ਚੁੱਕਾ ਹੈ। ਇਸ ਲਈ ਕਈ ਅਕਾਲੀਆਂ ਵੱਲੋਂ ਕਾਨੂੰਨੀ ਰਾਏ ਲਈ ਜਾ ਰਹੀ ਹੈ । ਪੰਜਾਬ ਵਿੱਚ ਕਈ ਸਰਕਾਰਾਂ ਨਸ਼ੇ ਨੂੰ ਖਤਮ ਕਰਨ ਦਾ ਨਾਅਰਾ ਦੇ ਕੇ ਬਣੀਆਂ ਨੇ, ਇਸ ਲਈ ਭਗਵੰਤ ਮਾਨ ਸਰਕਾਰ ਆਪਣੀ ਹੋਂਦ ਨੂੰ ਬਚਾਉਣ ਲਈ ਬਿਕਰਮ ਸਿੰਘ ਮਜੀਠੀਆ ਬਹਾਨੇ ਕਈ ਲੋਕ ਜੋ ਨਸ਼ੇ ਦੇ ਵੱਡੇ ਕਾਰੋਬਾਰੀ ਨੇ ਉਨ੍ਹਾਂ ਨੂੰ ਹੱਥ ਪਾਵੇਗੀ ।ਇਹ ਇਨ੍ਹਾਂ ਸੌਖਾ ਤਾਂ ਨਹੀਂ ਪਰ ਲੋਕਾਂ ਲਈ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ ਹੋਵੇਗਾ ਰੱਬ ਕਰੇ ਇਹ ਨਸ਼ਾ ਖਤਮ ਹੋਵੇ।

ਰੋਜ਼ਾਨਾ
ਚੜ੍ਹਦੀਕਲਾ
ਸਪਤਾਹਿਕ ਮੈਗਜ਼ੀਨ
Punjabi Daily Newspaper Charhdikala
ਐਤਵਾਰ, 6 ਜੁਲਾਈ, 2025
Sunday, 6 July, 2025



# ਤਕਨਾਲੋਜੀ, ਚੇਤਨਤਾ ਅਤੇ ਜਮਾਤੀ ਸੰਘਰਸ਼

ਸੁੱਚਾ ਸਿੰਘ ਗਿੱਲ

**ਤਕਨਾਲੋਜੀ ਦੇ ਖੇਤਰ ਵਿੱਚ ਤੇਜ਼ ਰਫ਼ਤਾਰ ਤਬਦੀਲੀਆਂ ਨਾਲ ਅਨਿਸ਼ਚਿਤਤਾ ਵਧਦੀ ਹੈ ਅਤੇ ਆਰਥਿਕ ਤੇ ਸਮਾਜਿਕ ਸਮਤੋਲ ਵਿਗੜਦੇ ਹਨ। ਇਤਿਹਾਸ ਦੇ ਵੱਖ-ਵੱਖ ਪੜਾਵਾਂ 'ਤੇ ਤਕਨਾਲੋਜੀ ਦੇ ਵਿਕਾਸ ਤੇ ਸਮਾਜਿਕ ਚੇਤਨਾ ਵਿਚਕਾਰ ਰਿਸ਼ਤੇ ਵੱਖ-ਵੱਖ ਤਰ੍ਹਾਂ ਦੇ ਰਹੇ ਹਨ। ਇਹ ਲੇਖ ਪਿਛਲੀਆਂ ਕੁਝ ਸਦੀਆਂ ਦੇ ਵਿਕਾਸ ਨੂੰ ਚਾਰ ਪੜਾਵਾਂ ਵਿੱਚ ਵੰਡ ਕੇ ਦੇਖਣ ਦੇ ਨਾਲ-ਨਾਲ ਸਮਾਜਿਕ ਚੇਤਨਾ ਉੱਤੇ ਇਸ ਪ੍ਰਭਾਵਾਂ 'ਤੇ ਰੌਸ਼ਨੀ ਪਾਉਂਦਾ ਹੈ।**

ਸਰਮਾਏਦਾਰੀ ਦੇ ਦੌਰ ਵਿੱਚ ਤਕਨਾਲੋਜੀ ਦੇ ਵਿਕਾਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਵਾਧੇ ਨਾਲ ਉਤਪਾਦਨ ਦੇ ਸਾਧਨਾਂ ਖ਼ਾਸਕਰ ਪੂੰਜੀ ਦੀ ਮਿਕਦਾਰ ਅਤੇ ਗੁਣਵੱਤਾ ਵਿੱਚ ਗਿਣਨਯੋਗ ਇਜ਼ਾਫਾ ਹੋਇਆ ਹੈ। ਇਸ ਨਾਲ ਉਤਪਾਦਨ ਦਾ ਪੈਮਾਨਾ ਕਾਫ਼ੀ ਵਧ ਗਿਆ ਹੈ। ਪ੍ਰਤੀ ਕਿਰਤੀ ਉਤਪਾਦਕਤਾ ਕਈ ਗੁਣਾ ਵਧ ਗਈ ਅਤੇ ਉਤਪਾਦਕ ਇਕਾਈਆਂ ਵਿੱਚ ਕੰਮ ਕਰਨ ਵਾਲਿਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਨੋਟ ਕੀਤਾ ਗਿਆ ਹੈ। ਮੁੱਢਲੇ ਸਮੇਂ ਵਿੱਚ ਜਦੋਂ ਵੱਡੀ ਗਿਣਤੀ ਵਿੱਚ ਇੱਕ ਜਗ੍ਹਾ 'ਤੇ ਕਿਰਤੀ ਕੰਮ ਕਰਨ ਲੱਗ ਪਏ ਤਾਂ ਇੱਕ ਦੂਜੇ ਨਾਲ ਆਪਣੀਆਂ ਸਮੱਸਿਆਵਾਂ ਵੀ ਸਾਂਝੀਆਂ ਕਰਨ ਲੱਗੇ। ਇਸ ਵਿੱਚੋਂ ਟਰੇਡ ਯੂਨੀਅਨਾਂ ਪੈਦਾ ਹੋਈਆਂ ਅਤੇ ਮਜ਼ਦੂਰਾਂ ਦੇ ਸੰਘਰਸ਼ਾਂ ਦਾ ਦੌਰ ਸ਼ੁਰੂ ਹੋਇਆ। ਤਕਨਾਲੋਜੀ ਦੇ ਵਿਕਾਸ ਨਾਲ ਉਤਪਾਦਨ ਦਾ ਪੱਧਰ, ਗੁਣਵੱਤਾ ਅਤੇ ਮਿਕਦਾਰ ਬਦਲਦੇ ਗਏ, ਪਰ ਕਿਰਤੀਆਂ ਦੀ ਚੇਤਨਤਾ ਦਾ ਪੱਧਰ ਲੋੜੀਂਦੀ ਰਫ਼ਤਾਰ ਨਹੀਂ ਫੜ ਸਕਿਆ। ਇਸ ਦੇ ਉਲਟ ਸਰਮਾਏ ਦੇ ਮਾਲਕਾਂ ਵਿੱਚ ਵੱਧ ਚੇਤਨਤਾ ਪੈਦਾ ਹੋਈ ਹੈ ਅਤੇ ਉਨ੍ਹਾਂ ਦੇ ਹੱਥ ਵਿੱਚ ਨਵੀਂ ਤਕਨਾਲੋਜੀ ਕਿਰਤੀਆਂ ਨੂੰ ਕੰਟਰੋਲ ਵਾਸਤੇ ਇੱਕ ਹਥਿਆਰ ਬਣ ਕੇ ਉੱਭਰੀ ਹੈ। ਇਸ ਹਥਿਆਰ ਨੂੰ ਮਿਹਨਤਕਸ਼ ਲੋਕ ਵੀ ਆਪਣੇ ਸੰਘਰਸ਼ਾਂ ਵਿੱਚ ਵਰਤ ਕੇ ਇੱਕ ਨਵੇਂ ਸਮਾਜ ਦੀ ਉਸਾਰੀ ਵੱਲ ਵਧ ਸਕਦੇ ਹਨ ਬਸ਼ਰਤੇ ਉਹ ਚੇਤੰਨ ਹੋਣ। ਇਸ ਕਰਕੇ ਤਕਨਾਲੋਜੀ ਦੇ ਵਿਕਾਸ ਦੇ ਵੱਖ ਵੱਖ ਦੌਰਾਂ ਵਿੱਚ ਕਿਰਤੀਆਂ ਤੇ ਮਾਲਕਾਂ ਦੀ ਚੇਤਨਤਾ ਦੇ ਪੱਧਰ ਅਤੇ ਫ਼ਰਕ ਨੂੰ ਸਮਝਣ ਦੀ ਜ਼ਰੂਰਤ ਹੈ।

## ਤਕਨਾਲੋਜੀ ਦੇ ਦੌਰ ਅਤੇ ਚੇਤਨਤਾ

ਤਕਨਾਲੋਜੀ ਦੇ ਵਿਕਾਸ ਨੂੰ ਸਰਮਾਏਦਾਰੀ ਸਿਸਟਮ ਵਿੱਚ ਚਾਰ ਪੜਾਵਾਂ ਵਿੱਚ ਵੰਡਿਆ ਜਾਂਦਾ ਹੈ। ਇਨ੍ਹਾਂ ਨੂੰ ਅਰਥ ਸ਼ਾਸਤਰੀ ਚਾਰ ਸਨਅਤੀ ਇਨਕਲਾਬ ਵੀ ਆਖਦੇ ਹਨ। ਪਹਿਲਾ ਦੌਰ ਕੱਪੜਾ ਉਦਯੋਗ ਵਿੱਚ ਅਠਾਰਵੀਂ ਸਦੀ ਦੇ ਅਖੀਰ ਵਿੱਚ ਆਟੋਮੇਸ਼ਨ ਨਾਲ ਬਰਤਾਨੀਆ ਵਿੱਚ ਸ਼ੁਰੂ ਹੋਇਆ ਸੀ। ਇਸ ਨਾਲ ਵੱਡੀਆਂ ਵੱਡੀਆਂ ਉਦਯੋਗਿਕ ਇਕਾਈਆਂ ਹੋਂਦ ਵਿੱਚ ਆਈਆਂ। ਹਰੇਕ ਵੱਡੀ ਇਕਾਈ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ ਕੰਮ ਕਰਨ ਲੱਗੇ ਸਨ। ਕੰਮ ਦੇ ਕਠੋਰ ਹਾਲਾਤ, ਕੰਮ ਦੇ ਵੱਧ ਘੰਟੇ ਅਤੇ ਘੱਟ ਉਜ਼ਰਤਾਂ ਦੇ ਸਵਾਲਾਂ ਨੇ ਮਜ਼ਦੂਰਾਂ ਨੂੰ ਸੰਗਠਿਤ ਹੋਣ ਦੇ ਰਸਤੇ ਪਾਇਆ। ਇਸ ਨਾਲ ਕਿਰਤੀਆਂ ਵਿੱਚ ਟਰੇਡ ਯੂਨੀਅਨਾਂ ਬਾਰੇ ਚੇਤਨਤਾ ਅਤੇ ਲਹਿਰ ਤੇਜ਼ੀ ਨਾਲ ਫੈਲ ਗਈ। ਇਸ ਦੌਰ ਦਾ ਵਿਆਪਕ ਅਧਿਐਨ ਕਾਰਲ ਮਾਰਕਸ ਅਤੇ ਉਸ ਦੇ ਸਹਿਯੋਗੀ ਫਰੈਡਰਿਕ ਏਂਗਲਜ਼ ਨੇ ਕੀਤਾ ਸੀ। ਦੂਜਾ ਦੌਰ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਅਮਰੀਕਾ ਵਿੱਚ ਸ਼ੁਰੂ ਹੋਇਆ। ਇਸ ਸਮੇਂ ਦੌਰਾਨ ਉਦਯੋਗਿਕ ਉਤਪਾਦਨ ਵਿੱਚ ਲੇਟਵੇਂ ਅਤੇ ਖੜ੍ਹਵੇਂ ਅਸੈਂਬਲੀ ਲਾਇਨ ਦੇ ਜੋੜ ਵਿੱਚ ਖੋਜਾਂ ਹੋਈਆਂ ਜਿਸ ਨਾਲ ਇੱਕ ਵੱਡੀ ਕੰਪਨੀ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਕਾਰੋਬਾਰ ਕਰਨ ਵਿੱਚ ਕਾਮਯਾਬ ਹੋਣ ਦੇ ਸਮਰੱਥ ਹੋ ਸਕਦੀ ਸੀ। ਇਸ ਨਾਲ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਦਿਓ ਕੱਦ ਕੰਪਨੀਆਂ ਹੋਂਦ ਵਿੱਚ ਆਈਆਂ। ਇਨ੍ਹਾਂ ਕੰਪਨੀਆਂ ਨੇ ਕਈ ਵਸਤਾਂ ਦੇ ਉਤਪਾਦਨ ਵਿੱਚ ਏਕਾਧਿਕਾਰ ਕਰ ਲਿਆ। ਇਹ ਸਮਾਂ ਅਜ਼ਾਰੇਦਾਰੀ ਸਰਮਾਏਦਾਰੀ ਦਾ ਸੀ ਜਿਸ ਦਾ ਅਧਿਐਨ ਲੈਨਿਨ ਨੇ ਕੀਤਾ ਸੀ। ਇਸ ਨੂੰ ਸਾਮਰਾਜਵਾਦ ਦਾ ਦੌਰ ਵੀ ਕਿਹਾ ਜਾਂਦਾ ਹੈ। ਇਸ ਸਮੇਂ ਵਿੱਚ ਰੂਸ ਦਾ ਇਨਕਲਾਬ 1917 ਵਿੱਚ ਆਇਆ ਅਤੇ ਸੋਵੀਅਤ ਯੂਨੀਅਨ ਦੇ ਹੋਂਦ ਵਿੱਚ ਆਉਣ ਨਾਲ ਦੁਨੀਆਂ ਦੋ ਧੜਿਆਂ ਵਿੱਚ ਵੰਡੀ ਗਈ ਸੀ। ਇਸ ਦੌਰ ਵਿੱਚ ਬਸਤੀਵਾਦ ਖਿਲਾਫ਼ ਲਹਿਰਾਂ ਉੱਠੀਆਂ ਅਤੇ ਬਸਤੀਵਾਦ ਦਾ ਖ਼ਾਤਮਾ ਹੋ ਗਿਆ। ਤੀਜਾ ਦੌਰ ਵੀਹਵੀਂ ਸਦੀ ਦੇ ਅਖੀਰ ਵਿੱਚ ਦੂਰਸੰਚਾਰ ਤਕਨਾਲੋਜੀ ਦੇ ਵਿਕਾਸ ਨਾਲ ਜੁੜਿਆ ਹੈ। ਇਸ ਨਾਲ ਇੰਟਰਨੈੱਟ ਅਤੇ ਡਿਜੀਟਲ ਤਕਨਾਲੋਜੀ ਵਰਤ ਕੇ ਉਤਪਾਦਨ ਵਿੱਚ ਰੋਬੋਟ ਅਤੇ ਮਸਨੂਈ ਬੁੱਧੀ ਰਾਹੀਂ ਉਤਪਾਦਨ ਅਤੇ ਪ੍ਰਬੰਧ ਕਰਨਾ ਸੰਭਵ ਹੋ ਗਿਆ। ਇਸ ਸਮੇਂ ਦੌਰਾਨ ਸਰਮਾਏ ਦੇ ਵਿਸ਼ਵੀਕਰਨ ਵਿੱਚ ਚੋਖਾ ਇਜ਼ਾਫਾ ਹੋਇਆ ਹੈ। ਸੋਵੀਅਤ ਯੂਨੀਅਨ ਦੇ ਖ਼ਾਤਮੇ ਨਾਲ ਅਮਰੀਕਾ ਦੀ ਬੇਰੋਕ ਸਰਦਾਰੀ ਕਾਇਮ ਹੋਈ ਅਤੇ ਸਰਮਾਏਦਾਰੀ ਖਿਲਾਫ਼ ਲਹਿਰਾਂ ਦੀ ਚੇਤਨਤਾ ਵਿੱਚ ਖੜੋਤ ਤੇ ਥਿੜਕਣ ਪੈਦਾ ਹੋਣ ਲੱਗੀ ਸੀ।

ਚੌਥੇ ਦੌਰ ਦੀ ਸ਼ੁਰੂਆਤ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸ਼ੁਰੂ ਹੋ ਕੇ ਤੇਜ਼ੀ ਨਾਲ ਫੈਲ ਗਈ ਹੈ। ਇਸ ਸਮੇਂ ਵਿੱਚ ਡਿਜੀਟਲ ਤਕਨਾਲੋਜੀ ਨਾਲ ਆਮ ਲੋਕਾਂ ਦੇ ਰਹਿਣ-ਸਹਿਣ ਅਤੇ ਕੰਮ-ਕਾਰ ਨੂੰ ਬਦਲਿਆ ਜਾ ਰਿਹਾ ਹੈ। ਦੂਰ-ਦੁਰਾਡੇ ਬੈਠ ਕੇ ਕੰਮ ਕੀਤਾ ਜਾ ਸਕਦਾ ਹੈ ਅਤੇ ਉਸ ਦਾ ਪ੍ਰਬੰਧ ਵੀ ਦੂਰੋਂ ਹੀ ਵੇਖਿਆ ਜਾ ਸਕਦਾ ਹੈ। ਨਵੀਂ ਤਕਨਾਲੋਜੀ ਸਦਕਾ ਉਤਪਾਦਨ ਅਤੇ ਪ੍ਰਬੰਧ ਵਾਸਤੇ ਕਾਫ਼ੀ ਨਵੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਤਕਨਾਲੋਜੀ ਨੇ ਕਾਰੋਬਾਰ ਨੂੰ ਵਿਸ਼ਵ ਪੱਧਰ 'ਤੇ ਬਹੁਤ ਤਾਕਤਵਰ ਬਣਾ ਦਿੱਤਾ ਹੈ। ਇਸ ਕਾਰਨ ਬਹੁਤ ਸਾਰੀਆਂ ਨੌਕਰੀਆਂ ਅਤੇ ਕੰਮਕਾਜ ਖ਼ਤਮ ਹੋਣ ਦਾ ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਇਸ ਵਰਤਾਰੇ ਨੇ ਆਮ ਲੋਕਾਂ ਦੇ ਮਨਾਂ ਵਿੱਚ ਕਾਫ਼ੀ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ। ਇਹ ਤਕਨਾਲੋਜੀ ਲੋਕਾਂ ਦੇ ਰਹਿਣ-ਸਹਿਣ ਤੇ ਕੰਮਕਾਜ ਦੇ ਤਰੀਕੇ ਨੂੰ ਬਦਲ ਰਹੀ ਹੈ। ਉਹ ਆਪਣੇ ਭਵਿੱਖ ਬਾਰੇ ਕਾਫ਼ੀ ਚਿੰਤਤ ਹਨ। ਇਸ ਤੋਂ ਵੀ ਜ਼ਿਆਦਾ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਜ਼ਿਆਦਾ ਫ਼ਿਕਰਮੰਦ ਹਨ। ਵਿਕਸਿਤ ਦੇਸ਼ਾਂ ਵਿੱਚ ਇਸ ਤਕਨਾਲੋਜੀ ਦੀ ਵੱਧ ਵਰਤੋਂ ਕਾਰਨ ਕਾਫ਼ੀ ਕੰਮ ਮਨੁੱਖ ਰਹਿਤ ਮਸ਼ੀਨਾਂ ਕਰਨ ਲੱਗੀਆਂ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਇਸ ਦਾ ਅਸਰ ਬੈਂਕਾਂ ਅਤੇ ਵਿੱਤੀ ਸੇਵਾਵਾਂ 'ਤੇ ਪਿਆ ਹੈ, ਪਰ ਖੇਤੀ ਅਤੇ ਹੋਰ ਖੇਤਰਾਂ ਵਿੱਚ ਮਸ਼ੀਨੀਕਰਨ ਨਾਲ ਰੁਜ਼ਗਾਰ ਦੇ ਮੌਕੇ ਬਹੁਤ ਘਟ ਗਏ ਹਨ। ਜ਼ਿਆਦਾ ਗੰਭੀਰ ਸਥਿਤੀ ਆਰਥਿਕ ਵਰਤਾਰੇ ਨੇ ਕਰ ਦਿੱਤੀ ਹੈ। ਵਿਸ਼ਵ ਦੇ ਲਗਭਗ ਸਾਰੇ ਦੇਸ਼ਾਂ ਵਿੱਚ ਆਮਦਨ ਅਤੇ ਆਰਥਿਕ ਸਾਧਨਾਂ ਦੀ ਵੰਡ ਵਿੱਚ ਗ਼ੈਰ-ਬਰਾਬਰੀ ਅੰਬਰੀਂ ਚੜ੍ਹ ਗਈ ਹੈ। ਦੇਸ਼ਾਂ ਵਿੱਚ ਕਾਰਪੋਰੇਟ ਘਰਾਣਿਆਂ ਕੋਲ ਆਮਦਨ ਅਤੇ ਦੌਲਤ ਦੇ ਅਥਾਹ ਭੰਡਾਰ ਇਕੱਠੇ ਹੋ ਗਏ ਹਨ। ਸਰਮਾਏ ਦੇ ਮਾਲਕ ਵਿਸ਼ਵ ਦੀ ਆਬਾਦੀ ਦੇ ਇੱਕ ਫ਼ੀਸਦੀ ਤੋਂ ਵੀ ਘੱਟ ਹਨ, ਪਰ ਧਨ ਦੌਲਤ ਦਾ ਵੱਡਾ ਹਿੱਸਾ ਇਨ੍ਹਾਂ ਕੋਲ ਇਕੱਠਾ ਹੋ ਗਿਆ ਹੈ। ਇਸ ਦਾ ਖੁਲਾਸਾ ਥਾਮਸ ਪਿਕਟੀ ਦੀ ਕਿਤਾਬ (Capital in Twenty First Century, 2017) ਵਿੱਚ ਵਿਸਥਾਰ ਨਾਲ ਕੀਤਾ ਗਿਆ ਹੈ। ਪਿਕਟੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵਰਲਡ ਇਨਇਕੁਐਲਿਟੀ ਰਿਪੋਰਟ 2022 ਵਿੱਚ ਇਹ ਖੁਲਾਸਾ ਕੀਤਾ ਕਿ ਵਿਸ਼ਵ ਦੀ ਸਮੂਹ ਆਰਥਿਕਤਾ ਵਿੱਚ ਉਪਰਲੇ 10 ਫ਼ੀਸਦੀ ਅਮੀਰ ਲੋਕਾਂ ਕੋਲ ਆਮਦਨ ਦਾ 52 ਫ਼ੀਸਦੀ ਅਤੇ ਧਨ ਦੌਲਤ ਦਾ 76 ਫ਼ੀਸਦੀ ਹਿੱਸਾ ਇਕੱਠਾ ਹੋ ਗਿਆ ਹੈ। ਦੂਜੇ ਪਾਸੇ ਹੇਠਲੇ 50 ਫ਼ੀਸਦੀ ਗ਼ਰੀਬ ਲੋਕਾਂ ਕੋਲ ਆਮਦਨ ਦਾ ਸਿਰਫ਼ 8.5 ਫ਼ੀਸਦੀ ਅਤੇ ਧਨ ਦੌਲਤ ਦਾ 2 ਫ਼ੀਸਦੀ ਹਿੱਸਾ ਹੀ ਰਹਿ ਗਿਆ ਹੈ। ਭਾਰਤ ਵਿੱਚ ਉਪਰਲੇ 10 ਫ਼ੀਸਦੀ ਅਮੀਰਾਂ ਕੋਲ ਕੁੱਲ ਆਮਦਨ ਦਾ 57.1 ਫ਼ੀਸਦੀ ਅਤੇ ਧਨ ਦੌਲਤ ਦਾ 64.1 ਫ਼ੀਸਦੀ ਇਕੱਠਾ ਹੋ ਗਿਆ ਹੈ। ਦੂਜੇ ਪਾਸੇ ਹੇਠਲੇ 50 ਫ਼ੀਸਦੀ ਗ਼ਰੀਬ ਲੋਕਾਂ ਕੋਲ ਆਮਦਨ ਦਾ 13.1 ਫ਼ੀਸਦੀ ਅਤੇ ਧਨ ਦੌਲਤ ਦਾ 5.9 ਫ਼ੀਸਦੀ ਹਿੱਸਾ ਰਹਿ ਗਿਆ ਹੈ। ਅਜਿਹੀ ਸਥਿਤੀ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਵੀ ਪੈਦਾ ਹੋ ਗਈ ਹੈ। ਇਸ ਗ਼ੈਰ-ਬਰਾਬਰੀ ਨੂੰ 1980ਵਿਆਂ ਤੋਂ ਬਾਅਦ ਨੀਤੀਘਾੜਿਆਂ ਨੇ ਕਾਰਪੋਰੇਟ ਪੱਖੀ ਟੈਕਸ ਵਿੱਚ ਕਟੌਤੀਆਂ ਕਾਰਨ ਜਾਣਬੁੱਝ ਕੇ ਵਧਾਇਆ ਹੈ। ਇਨ੍ਹਾਂ ਕੰਪਨੀਆਂ ਨੂੰ ਲਗਾਤਾਰ ਦਿੱਤੀਆਂ ਸਬਸਿਡੀਆਂ ਨੇ ਇਸ ਅਸਮਾਨਤਾ ਨੂੰ

> ਸਰਮਾਏਦਾਰੀ ਦੇ ਦੌਰ ਵਿੱਚ ਤਕਨਾਲੋਜੀ ਦੇ ਵਿਕਾਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਵਾਧੇ ਨਾਲ ਉਤਪਾਦਨ ਦੇ ਸਾਧਨਾਂ ਖ਼ਾਸਕਰ ਪੂੰਜੀ ਦੀ ਮਿਕਦਾਰ ਅਤੇ ਗੁਣਵੱਤਾ ਵਿੱਚ ਗਿਣਨਯੋਗ ਇਜ਼ਾਫਾ ਹੋਇਆ ਹੈ। ਇਸ ਨਾਲ ਉਤਪਾਦਨ ਦਾ ਪੈਮਾਨਾ ਕਾਫ਼ੀ ਵਧ ਗਿਆ ਹੈ। ਪ੍ਰਤੀ ਕਿਰਤੀ ਉਤਪਾਦਕਤਾ ਕਈ ਗੁਣਾ ਵਧ ਗਈ ਅਤੇ ਉਤਪਾਦਕ ਇਕਾਈਆਂ ਵਿੱਚ ਕੰਮ ਕਰਨ ਵਾਲਿਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਨੋਟ ਕੀਤਾ ਗਿਆ ਹੈ। ਮੁੱਢਲੇ ਸਮੇਂ ਵਿੱਚ ਜਦੋਂ ਵੱਡੀ ਗਿਣਤੀ ਵਿੱਚ ਇੱਕ ਜਗ੍ਹਾ 'ਤੇ ਕਿਰਤੀ ਕੰਮ ਕਰਨ ਲੱਗ ਪਏ ਤਾਂ ਇੱਕ ਦੂਜੇ ਨਾਲ ਆਪਣੀਆਂ ਸਮੱਸਿਆਵਾਂ ਵੀ ਸਾਂਝੀਆਂ ਕਰਨ ਲੱਗੇ।

ਬਾਕੀ ਸਫ਼ਾ 7 'ਤੇ




# ਭਾਰਤ ਵਿਚ ਡਿਜੀਟਲ ਲੈਣ-ਦੇਣ ਸਹੂਲਤਾਂ ਤੇ ਸਮੱਸਿਆਵਾਂ

-ਡਾ. ਅਮਨਪ੍ਰੀਤ ਸਿੰਘ ਬਰਾੜ

ਭਾਰਤ ਨੂੰ ਤਰੱਕੀ ਦੇ ਰਸਤੇ 'ਤੇ ਲਿਜਾਣ ਲਈ 1 ਜੁਲਾਈ 2015 ਨੂੰ ਕੇਂਦਰ ਸਰਕਾਰ ਨੇ ਇਕ ਨਵਾਂ ਉਪਰਾਲਾ ਕੀਤਾ ਸੀ। ਇਸ ਵਿਚ ਸਰਕਾਰਾਂ ਨੇ 2018 ਤੱਕ 80 ਫ਼ੀਸਦੀ ਲੋਕਾਂ ਨੂੰ ਇੰਟਰਨੈੱਟ ਧਾਰਕ ਬਣਾ ਦਿੱਤਾ ਸੀ। ਇਸ 'ਚ ਕਈ ਤਰ੍ਹਾਂ ਦੇ ਉਦੇਸ਼ ਰੱਖੇ ਗਏ ਸਨ ਮਸਲਨ ਡਿਜੀਟਲ ਇਨਫਰਾਸਟਰਕਚਰ ਦੇਸ਼ ਦੇ ਹਰ ਵਾਸੀ ਤੇ ਸਰਕਾਰ ਨੂੰ ਸਹੂਲਤ ਦੇਵੇ ਅਤੇ ਲੋਕਾਂ ਦੇ ਸਰਕਾਰੀ ਕੰਮ ਘਰ ਬੈਠੇ ਹੀ ਹੋ ਜਾਣ। ਇਸ ਨਾਲ ਕਈ ਤਰ੍ਹਾਂ ਦੇ ਸਰਕਾਰੀ ਕੰਮ ਜਿਵੇਂ ਡਰਾਈਵਿੰਗ ਲਾਇਸੈਂਸ ਲਈ ਅਰਜ਼ੀ ਦੇਣੀ, ਬਿਜਲੀ-ਪਾਣੀ ਦੇ ਬਿੱਲ ਜਮ੍ਹਾ ਕਰਾਉਣੇ ਸਭ ਆਨਲਾਈਨ ਹੋਣ ਲੱਗ ਪਏ ਹਨ। ਇਸ ਵਿਚ ਹੋਰ ਵੀ ਕਈ ਤਰ੍ਹਾਂ ਦੇ ਪ੍ਰੋਗਰਾਮ ਚਲਾਏ ਗਏ ਜਿਨ੍ਹਾਂ ਵਿਚ ਡਿਜੀ ਲਾਕਰ ਯਾਨੀ ਜੋ ਵੀ ਸਾਡੇ ਸਰਕਾਰੀ ਦਸਤਾਵੇਜ਼ ਹਨ ਜਿਵੇਂ ਆਧਾਰ ਕਾਰਡ, ਡਿਗਰੀਆਂ ਆਦਿ ਰੱਖ ਦਿਉ ਤਾਂ ਕਿ ਜਿੱਥੇ ਲੋੜ ਪਵੇ ਉੱਥੇ ਦਿਖਾ ਦਿਉ।

ਸਾਰਾ ਲੈਂਡ ਰਿਕਾਰਡ ਵੀ ਆਨਲਾਈਨ ਕਰ ਦਿੱਤਾ ਗਿਆ ਅਤੇ ਕਿਸਾਨਾਂ ਨੂੰ ਫ਼ਸਲਾਂ ਦੀ ਸਿੱਧੀ ਅਦਾਇਗੀ ਉਨ੍ਹਾਂ ਦੇ ਖਾਤਿਆਂ ਵਿਚ ਆਉਣੀ ਸ਼ੁਰੂ ਹੋ ਗਈ। ਈ-ਕਾਮਰਸ ਨੂੰ ਵੀ ਹੋਰ ਹੁਲਾਰਾ ਮਿਲਿਆ ਯਾਨੀ ਚੀਜ਼ ਖ਼ਰੀਦਣ ਲਈ ਮੋਬਾਈਲ ਜਾਂ ਕੰਪਿਊਟਰ 'ਤੇ ਹੀ ਦੁਕਾਨਾਂ ਖੁੱਲ੍ਹ ਗਈਆਂ। ਇਨਸਾਨ ਦੁਨੀਆ ਦੇ ਕਿਸੇ ਵੀ ਕੋਨੇ ਤੋਂ ਚੀਜ਼ ਮੰਗਵਾ ਸਕਦਾ ਹੈ ਅਤੇ ਉਸ ਦਾ ਭੁਗਤਾਨ ਵੀ ਬਟਨ ਦੱਬਦਿਆਂ ਹੋ ਜਾਂਦਾ ਹੈ। ਇੱਥੋਂ ਤੱਕ ਕਿ ਹੁਣ ਰੇਹੜੀ ਅਤੇ ਛੋਟੀ ਦੁਕਾਨ 'ਤੇ ਵੀ ਮੋਬਾਈਲ ਰਾਹੀਂ ਭੁਗਤਾਨ ਕੀਤਾ ਜਾ ਸਕਦਾ ਹੈ। ਇਸ ਨੇ ਬੈਂਕਾਂ ਦੇ ਕੰਮ ਕਰਨ ਦੇ ਤਰੀਕੇ ਹੀ ਬਦਲ ਦਿੱਤੇ ਹਨ। ਇਸ ਦੀ ਖਾਤਾ ਧਾਰਕ ਨੂੰ ਵੀ ਸੁਵਿਧਾ ਹੈ ਕਿ ਬਿਨਾਂ ਬੈਂਕ ਗਿਆਂ ਲੈਣ-ਦੇਣ ਹੋ ਜਾਂਦਾ ਹੈ। ਸਰਕਾਰ ਨੇ 2014 ਵਿਚ ਐਲਾਨ ਕੀਤਾ ਸੀ ਕਿ ਕਾਲੇ ਧਨ 'ਤੇ ਰੋਕ ਲਗਾਈ ਜਾਵੇਗੀ। ਉਸ ਉੱਪਰ ਸ਼ਿਕੰਜਾ ਕੱਸਣ ਲਈ ਡਿਜੀਟਲ ਲੈਣ-ਦੇਣ ਨੂੰ ਵਧਾਇਆ ਗਿਆ। ਜਦੋਂ ਪੈਸੇ ਖਾਤੇ ਵਿਚ ਆਉਣਗੇ ਅਤੇ ਉਸ ਵਿੱਚੋਂ ਹੀ ਖ਼ਰਚੇ ਜਾਣਗੇ ਤਾਂ ਟੈਕਸ ਦੀ ਚੋਰੀ ਘਟੇਗੀ। ਇਸੇ ਵਾਸਤੇ ਸਰਕਾਰ ਨੇ 8 ਨਵੰਬਰ 2016 ਨੂੰ ਨੋਟਬੰਦੀ ਵੀ ਕੀਤੀ ਸੀ। ਇਸ ਨੂੰ ਅਸਲ ਹੁਲਾਰਾ ਮਿਲਿਆ ਕੋਰੋਨਾ ਦੀ ਮਹਾਮਾਰੀ ਦੌਰਾਨ। 2000 ਰੁਪਏ ਦੇ ਨੋਟ ਬੰਦ ਕਰਨ ਪਿੱਛੇ ਵੀ ਡਿਜੀਟਲ ਲੈਣ-ਦੇਣ ਨੂੰ ਹੁਲਾਰਾ ਦੇਣਾ ਇਕ ਉਦੇਸ਼ ਸੀ।

ਜਦੋਂ ਕੋਈ ਵੱਡਾ ਤਕਨੀਕੀ ਬਦਲਾਅ ਆਉਂਦਾ ਹੈ ਤਾਂ ਉਸ ਨਾਲ ਕਈ ਮੁਸ਼ਕਲਾਂ ਵੀ ਸਾਹਮਣੇ ਆਉਂਦੀਆਂ ਹਨ। ਡਿਜੀਟਲ ਲੈਣ-ਦੇਣ ਨੇ ਬਜ਼ੁਰਗਾਂ, ਅਨਪੜ੍ਹ ਜਾਂ ਘੱਟ-ਪੜ੍ਹੇ ਲਿਖੇ ਲੋਕਾਂ ਇੱਥੋਂ ਤੱਕ ਕਿ ਚੰਗੇ ਵਿਦਵਾਨਾਂ ਨੂੰ ਵੀ ਠੱਗੀ ਦਾ ਸ਼ਿਕਾਰ ਬਣਾਇਆ ਹੈ। ਅੱਜ ਵੀ 42 ਫ਼ੀਸਦੀ ਭਾਰਤੀ ਮੰਨਦੇ ਹਨ ਕਿ ਉਨ੍ਹਾਂ ਨਾਲ ਠੱਗੀ ਵੱਜੀ ਹੈ ਅਤੇ ਉਸ ਵਿੱਚੋਂ 74 ਫ਼ੀਸਦੀ ਨੂੰ ਪੈਸੇ ਵਾਪਸ ਨਹੀਂ ਮਿਲੇ। ਡਿਜੀਟਲ ਪੇਮੈਂਟਸ ਦੀ ਗੱਲ ਕਰਦੇ ਹਾਂ ਜਿਸ ਵਿਚ ਕ੍ਰੈਡਿਟ, ਡੈਬਿਟ ਕਾਰਡ, ਯੂਪੀਆਈ, ਆਨਲਾਈਨ ਬੈਂਕਿੰਗ ਆਉਂਦੇ ਹਨ। ਉਨ੍ਹਾਂ 'ਚ ਧੋਖਾਧੜੀ ਦੇ ਅੰਕੜੇ ਇਸ ਤਰ੍ਹਾਂ ਹਨ। ਸਾਲ 2020-2021 ਯਾਨੀ ਕੋਰੋਨਾ ਦੇ ਚੋਟੀ ਵਾਲੇ ਸਾਲ ਵੇਲੇ 4,49,684 ਮਾਮਲੇ ਸਾਹਮਣੇ ਆਏ ਜਿਸ ਨਾਲ 636.12 ਕਰੋੜ ਦਾ ਨੁਕਸਾਨ ਹੋਇਆ। ਸਾਲ 2021-22 ਵਿਚ ਮਾਮਲੇ ਤਾਂ ਹੇਠਾਂ ਆਏ ਯਾਨੀ 3,59,791 ਮਾਮਲੇ ਦਰਜ ਹੋਏ ਪਰ ਨੁਕਸਾਨ ਵਧ ਕੇ 816.40 ਕਰੋੜ 'ਤੇ ਪਹੁੰਚ ਗਿਆ। ਉੱਧਰ ਅਪ੍ਰੈਲ 2022 ਤੋਂ ਸਤੰਬਰ 2022 ਤੱਕ 1,48,887 ਮਾਮਲਿਆਂ ਵਿਚ 418.31 ਕਰੋੜ ਦਾ ਨੁਕਸਾਨ ਲੋਕਾਂ ਨੂੰ ਝੱਲਣਾ ਪਿਆ। ਇਹ ਅੰਕੜੇ ਆਰਬੀਆਈ ਦੁਆਰਾ ਦਿੱਤੇ ਗਏ ਹਨ। ਕਈ ਬੁਜ਼ੁਰਗ ਜਾਂ ਫਿਰ ਹੋਰ ਅਨਪੜ੍ਹ ਜਾਂ ਘੱਟ-ਪੜ੍ਹੇ ਲਿਖੇ ਲੋਕ ਏਟੀਐੱਮ ਵਿੱਚੋਂ ਜਦੋਂ ਪੈਸੇ ਕਢਵਾਉਂਦੇ ਹਨ, ਉਸ ਸਮੇਂ ਜੇ ਉਨ੍ਹਾਂ ਤੋਂ ਪੈਸੇ ਨਹੀਂ ਨਿਕਲਦੇ ਤਾਂ ਉਹ ਕਿਸੇ ਨਾ ਕਿਸੇ ਤੋਂ ਸਹਾਇਤਾ ਲੈਂਦੇ ਹਨ ਜੋ ਉਸ ਦਾ ਪਾਸਵਰਡ ਅਤੇ ਕਾਰਡ ਨੰਬਰ ਕਲੋਨ ਕਰ ਲੈਂਦੇ ਹਨ। ਇਸ ਤਰ੍ਹਾਂ ਕੋਰੋਨਾ ਕਾਲ ਵਿਚ ਤੇਲ ਪਵਾਉਣ ਵਾਲਿਆਂ ਨਾਲ ਠੱਗੀਆਂ ਵੱਜੀਆਂ ਸਨ। ਇਸ ਵੇਲੇ ਕਈ ਸੰਦੇਸ਼ ਆਉਂਦੇ ਹਨ ਜੋ ਲੱਗਦੇ ਹਨ ਕਿ ਬੈਂਕ ਵੱਲੋਂ ਆਏ ਹਨ। ਉਸ ਵਿਚ ਲਿੰਕ ਦਿੱਤਾ ਹੁੰਦਾ ਹੈ। ਜਦੋਂ ਵਿਅਕਤੀ ਉਸ ਲਿੰਕ 'ਤੇ ਕਲਿੱਕ ਕਰਦਾ ਹੈ ਉਸ ਦਾ ਸਾਰਾ ਫੋਨ ਕਲੋਨ ਹੋ ਜਾਂਦਾ ਹੈ ਯਾਨੀ ਸਾਰੇ ਮੈਸੇਜ ਜੋ ਕੋਈ ਫੋਨ 'ਤੇ ਚੁੱਕਦਾ ਹੈ, ਉਹ ਦੂਜੇ ਫੋਨ 'ਤੇ ਵੀ ਆਉਂਦਾ ਹੈ ਯਾਨੀ ਓਟੀਪੀ ਨੰਬਰ ਆਦਿ। ਇਸ ਨਾਲ ਉਸ ਦਾ ਸਾਰਾ ਖਾਤਾ ਖ਼ਾਲੀ ਕਰ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਕਦੇ ਕਾਲ ਆਉਂਦੀ ਕਿ ਤੁਹਾਡਾ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ ਜਾਂ ਫਿਰ ਬੈਂਕ ਖਾਤਾ ਫਰੀਜ਼ ਕਰ ਦਿੱਤਾ ਜਾਵੇਗਾ, ਆਪਣਾ ਕੇਵਾਈਸੀ ਕਰਵਾਓ। ਜਦੋਂ ਇਨਸਾਨ ਕਿਤੇ ਡਰ ਕੇ ਕੇਵਾਈਸੀ ਕਰਵਾਉਂਦਾ ਹੈ ਤਾਂ ਉਸ ਦੀ ਡਿਟੇਲ ਸਾਰੀ ਅਗਲੇ ਕੋਲ ਚਲੀ ਜਾਂਦੀ ਹੈ। ਫਿਰ ਉਸ ਨੂੰ ਓਟੀਪੀ ਭੇਜਿਆ ਜਾਂਦਾ ਹੈ। ਉਸ ਤੋਂ ਉਹ ਓਟੀਪੀ ਮੰਗਿਆ ਜਾਂਦਾ ਹੈ। ਜਦੋਂ ਉਹ ਓਟੀਪੀ ਦਿੰਦਾ ਹੈ ਤਾਂ ਬੈਂਕ ਖਾਤੇ ਖ਼ਾਲੀ ਹੋਣ ਲੱਗਦੇ ਹਨ। ਕੋਰੋਨਾ ਕਾਲ ਵਿਚ ਮਜਬੂਰਨ ਲੋਕਾਂ ਨੂੰ ਈ-ਕਾਮਰਸ ਸਾਈਟਾਂ ਜਿਵੇਂ ਐਮਾਜ਼ੋਨ, ਫਲਿਪਕਾਰਟ, ਬਿਗ ਬਾਸਕਟ ਆਦਿ ਤੋਂ ਸਾਮਾਨ ਖ਼ਰੀਦਣਾ ਪਿਆ। ਉਸ ਵੇਲੇ ਇਨ੍ਹਾਂ ਵੈੱਬ ਸਾਈਟਾਂ ਵਾਲਿਆਂ ਨੇ ਕੈਸ਼ ਆਨ ਡਲਿਵਰੀ ਬੰਦ ਕਰ ਦਿੱਤੀ ਸੀ, ਯਾਨੀ ਸਾਮਾਨ ਦੀ ਪੇਮੈਂਟ ਪਹਿਲਾਂ ਕਰੋ। ਉਸ ਵੇਲੇ ਨਵਾਂ ਢੰਗ ਚੱਲਿਆ ਸੀ ਕਿ ਸਾਮਾਨ ਪਹੁੰਚਾਏ ਬਿਨਾਂ ਹੀ ਸਾਮਾਨ ਦੀ ਡਲਿਵਰੀ ਪਾ ਦਿੱਤੀ ਜਾਂਦੀ ਸੀ। ਵੈੱਬਸਾਈਟ ਨੂੰ ਈ-ਮੇਲ ਭੇਜੋ ਤਾਂ ਉਸ 'ਤੇ ਕੋਈ ਸੁਣਵਾਈ ਨਹੀਂ ਸੀ ਹੁੰਦੀ। ਪੁਲਿਸ ਨਾਲ ਗੱਲ ਕਰੋ ਤਾਂ ਉਹ ਕਹਿੰਦੇ ਕਿ ਤੁਸੀਂ ਸਬੂਤ ਦਿਉ ਕਿ ਸਾਮਾਨ ਨਹੀਂ ਮਿਲਿਆ। ਅੱਜ-ਕੱਲ੍ਹ ਇਸ ਵਿਚ ਨਵਾਂ ਮੋੜ ਆਇਆ ਹੈ। ਜਿਸ ਵਿਚ ਵਿਅਕਤੀ ਨੂੰ ਮੈਸੇਜ ਆਉਂਦਾ ਹੈ ਕਿ ਤੁਹਾਡਾ ਆਹ ਸਾਮਾਨ ਐਨੇ ਰੁਪਏ ਦਾ ਅੱਜ ਡਲਿਵਰ ਕਰ ਦਿੱਤਾ ਜਾਵੇਗਾ, ਨਕਦੀ ਤਿਆਰ ਰੱਖਣਾ।

ਪਹਿਲਾਂ ਵਿਅਕਤੀ ਸੋਚਦਾ ਹੈ ਕਿ ਮੈਂ ਕੋਈ ਆਰਡਰ ਹੀ ਨਹੀਂ ਕੀਤਾ ਤਾਂ ਇਹ ਕੀ ਹੈ। ਜਦੋਂ ਡਲਿਵਰੀ ਵਾਲਾ ਘਰ ਪਹੁੰਚਦਾ ਹੈ ਡੱਬਾ ਲੈ ਕੇ ਤਾਂ ਉਸ ਨੂੰ ਕਹਿ ਦਿਉ ਕਿ ਮੈਂ ਤਾਂ ਆਰਡਰ ਕੀਤਾ ਹੀ ਨਹੀਂ ਤਾਂ ਅੱਗੋਂ ਜਵਾਬ ਦਿੰਦਾ ਹੈ ਕਿ ਇਹ ਕਿੱਥੋਂ ਆ ਗਿਆ। ਬਹਿਸ ਕਰਦੇ ਹੋਏ ਡਲਿਵਰੀ ਵਾਲਾ ਕਹਿੰਦਾ ਹੈ ਕਿ ਤੁਸੀਂ ਆਰਡਰ ਕੈਂਸਲ ਕਰ ਦਿਉ। ਗੱਲ ਆਉਂਦੀ ਹੈ ਕਿ ਜੇ ਆਰਡਰ ਕੀਤਾ ਹੀ ਨਹੀਂ ਤਾਂ ਕੈਂਸਲ ਕਿਵੇਂ ਕਰੇ। ਅੱਕ ਕੇ ਜਦੋਂ ਇਨਸਾਨ ਡਲਿਵਰੀ ਵਾਲੇ ਨੂੰ ਕਹਿੰਦਾ ਕਿ ਤੂੰ ਆਪੇ ਵਾਪਸ ਭੇਜ ਤਾਂ ਉਹ ਕਹਿੰਦਾ ਹੈ ਕਿ ਮੈਂ ਕੈਂਸਲ ਕਰ ਦਿੰਦਾ ਹਾਂ, ਤੁਹਾਡੇ ਕੋਲ ਓਟੀਪੀ ਆਵੇਗਾ, ਉਹ ਮੈਨੂੰ ਦੇ ਦਿਉ। ਜਿਸ ਤਰ੍ਹਾਂ ਓਟੀਪੀ ਗਿਆ, ਤੁਹਾਡੇ ਨਾਲ ਠੱਗੀ ਵੱਜ ਗਈ। ਅੱਜ-ਕੱਲ੍ਹ ਘਰ ਬੈਠੇ ਆਨਲਾਈਨ ਕੰਮ ਦੇਣ ਦੇ ਨਾਮ 'ਤੇ ਠੱਗੀ ਵੱਜ ਰਹੀ ਹੈ। ਇਸ ਵਿਚ ਪੰਜ ਲੈਵਲ ਤੱਕ ਵਿਸ਼ਵਾਸ ਬਣਾਇਆ ਜਾਂਦਾ ਹੈ। ਇਸ ਵਿਚ ਪਹਿਲਾਂ ਥੋੜ੍ਹੇ ਪੈਸੇ ਲਏ ਜਾਂਦੇ ਹਨ ਜੋ ਵਧਾ ਕੇ ਵਾਪਸ ਕੀਤੇ ਜਾਂਦੇ ਹਨ। ਇਸ ਤਰ੍ਹਾਂ ਵਿਸ਼ਵਾਸ ਬਣਾ ਕੇ ਤੁਹਾਨੂੰ ਇਕ ਪ੍ਰਾਈਵੇਟ ਗਰੁੱਪ ਵਿਚ ਪਾਉਣ 'ਤੇ 1 ਲੱਖ ਰੁਪਏ ਮੰਗੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਤੁਹਾਨੂੰ ਕੰਮ ਦਿੱਤਾ ਜਾਵੇਗਾ ਤੇ ਕੰਮ ਪੂਰਾ ਹੋਣ 'ਤੇ ਡੇਢ

> ਜਦੋਂ ਕੋਈ ਵੱਡਾ ਤਕਨੀਕੀ ਬਦਲਾਅ ਆਉਂਦਾ ਹੈ ਤਾਂ ਉਸ ਨਾਲ ਕਈ ਮੁਸ਼ਕਲਾਂ ਵੀ ਸਾਹਮਣੇ ਆਉਂਦੀਆਂ ਹਨ। ਡਿਜੀਟਲ ਲੈਣ-ਦੇਣ ਨੇ ਬਜ਼ੁਰਗਾਂ, ਅਨਪੜ੍ਹ ਜਾਂ ਘੱਟ-ਪੜ੍ਹੇ ਲਿਖੇ ਲੋਕਾਂ ਇੱਥੋਂ ਤੱਕ ਕਿ ਚੰਗੇ ਵਿਦਵਾਨਾਂ ਨੂੰ ਵੀ ਠੱਗੀ ਦਾ ਸ਼ਿਕਾਰ ਬਣਾਇਆ ਹੈ।

ਬਾਕੀ ਸਫ਼ਾ 7 'ਤੇ



# ਲੋਕ ਮਾਨਤਾ ਤੇ ਮਿੱਥ ਦੀ ਰੌਚਕ ਕਹਾਣੀ



# ਵੀਅਤਨਾਮ ਕੁਦਰਤੀ ਖ਼ੂਬਸੂਰਤੀ ਨਾਲ ਭਰਪੂਰ ਦੇਸ਼

ਬਲਵਿੰਦਰ ਚਹਿਲ ਮੈਲਬੌਰਨ

ਕਾਲਜ ਪੜ੍ਹਦਿਆਂ ਤਿੰਨ ਘੋਲ ਚਰਚਾ ਵਿੱਚ ਰਹਿੰਦੇ: ਮੋਗਾ ਗੋਲੀ ਕਾਂਡ, ਬੱਸ ਕਿਰਾਇਆ ਘੋਲ ਤੇ ਵੀਅਤਨਾਮ ਵਿੱਚ ਚੱਲ ਰਹੀ ਅਸਾਵੀਂ ਜੰਗ। ਸੋਵੀਅਤ ਸੰਘ ਨੂੰ ਸੁਪਨਿਆਂ ਦੇ ਦੇਸ਼ ਵਜੋਂ ਉਭਾਰਿਆ ਜਾਂਦਾ ਤੇ ਵੀਅਤਨਾਮ ਨਾਲ ਹਮਦਰਦੀ ਵਜੋਂ "ਤੇਰਾ ਨਾਮ ਮੇਰਾ ਨਾਮ ਵੀਅਤਨਾਮ" ਕਿਹਾ ਜਾਂਦਾ ਸੀ। ਸਮੇਂ ਦੇ ਚੱਲਦਿਆਂ ਸੋਵੀਅਤ ਸੰਘ ਜਾਣ ਦਾ ਸੁਪਨਾ ਕਦੀ ਵੀ ਪੂਰਾ ਨਾ ਹੋਇਆ ਤੇ ਫੇਰ ਸੋਵੀਅਤ ਸੰਘ ਹੀ ਟੁੱਟ ਕੇ ਰੂਸ ਹੋ ਗਿਆ, ਪਰ ਕੋਈ ਪੰਜਾਹ ਸਾਲਾਂ ਬਾਅਦ ਵੀਅਤਨਾਮ ਜਾਣ ਦਾ ਸਬੱਬ ਬਣ ਗਿਆ।

ਵੀਅਤਨਾਮ 1883 ਤੋਂ ਫਰਾਂਸ ਦੀ ਕਾਲੋਨੀ ਸੀ, ਪਰ 1890 ਵਿੱਚ ਜਨਮੇ ਹੋ ਚੀ ਮਿਨ ਨੇ ਜ਼ਿੰਦਗੀ ਦੇ ਪੰਜਾਹ ਸਾਲ ਲਾ ਕੇ ਕਮਿਊਨਿਸਟ ਪਾਰਟੀ ਖੜ੍ਹੀ ਕਰਕੇ 1945 ਵਿੱਚ ਆਜ਼ਾਦ ਵੀਅਤਨਾਮ ਦਾ ਐਲਾਨ ਕਰ ਦਿੱਤਾ ਸੀ। ਦਹਾਕੇ ਦੇ ਘਰੇਲੂ ਯੁੱਧ ਪਿੱਛੋਂ ਫਰਾਂਸ ਵੀਅਤਨਾਮ ਵਿੱਚੋਂ ਨਿਕਲ ਤਾਂ ਗਿਆ, ਪਰ ਜਾਂਦੇ ਜਾਂਦੇ ਦੇਸ਼ ਦੇ ਦੋ ਟੋਟੇ ਕਰ ਗਿਆ। ਉੱਤਰੀ ਤੇ ਦੱਖਣੀ ਵੀਅਤਨਾਮ। ਦੱਖਣੀ ਵੀਅਤਨਾਮ ਵਿੱਚ ਉਹ ਆਪਣੀ ਝੋਲੀ ਚੁੱਕ ਸਰਕਾਰ ਬਣਾ ਗਏ। ਹੋ ਚੀ ਜਿਹੜਾ ਚਾਚਾ ਹੋ ਕਰਕੇ ਜਾਣਿਆ ਜਾਂਦਾ ਸੀ, 1955 ਵਿੱਚ ਆਜ਼ਾਦ ਉੱਤਰੀ ਵੀਅਤਨਾਮ ਦਾ ਪਹਿਲਾ ਪ੍ਰਧਾਨ ਬਣਿਆ। ਉਸ ਨੇ ਦੱਖਣ ਵਾਲਿਆਂ ਨੂੰ ਦੋਵੇਂ ਦੇਸ਼ ਫੇਰ ਤੋਂ ਇਕੱਠੇ ਹੋਣ ਦਾ ਪ੍ਰਸਤਾਵ ਭੇਜਿਆ, ਪਰ ਅਗਲਿਆਂ ਇਕੱਠੇ ਤਾਂ ਹੋਣਾ ਦੂਰ ਦੀ ਗੱਲ ਅਮਰੀਕਾ ਤੋਂ ਸਹਾਇਤਾ ਮੰਗ ਲਈ। ਦੱਖਣੀ ਵੀਅਤਨਾਮ ਦੀ ਸਰਕਾਰ ਤੇ ਅਮਰੀਕਾ ਫੇਰ 1973 ਤੱਕ ਲੜਦੇ ਰਹੇ। ਕਹਿਣ ਨੂੰ ਇਹ ਦੋ ਦਹਾਕਿਆਂ ਤੱਕ ਲੜਿਆ ਯੁੱਧ ਹੀ ਲੱਗਦਾ ਹੈ, ਪਰ ਇਸ ਬਾਰੇ ਜਾਣ ਕੇ ਅੱਖਾਂ 'ਚ ਲਹੂ ਆ ਜਾਂਦੈ। ਉਹ ਅਣਮਨੁੱਖੀ ਕਹਿਰ ਹੋਇਆ ਜਿਹੜਾ ਵਰਣਨ ਤੋਂ ਬਾਹਰ ਹੈ। ਇਸ ਦੌਰਾਨ ਚਾਚਾ ਹੋ 1969 ਵਿੱਚ ਸਰੀਰਕ ਤੌਰ 'ਤੇ ਭਾਵੇਂ ਸੰਸਾਰ ਵਿੱਚ ਨਹੀਂ ਸੀ, ਪਰ ਉਹ ਅਖੀਰ ਤੱਕ ਮੋਢੀ ਬਣਿਆ ਰਿਹਾ। ਲੜਾਈ ਜਿੱਤਣ ਦੇ ਦਿਨ ਵੀ ਲੋਕ ਚਾਚਾ ਹੋ ਦੇ ਨਾਅਰੇ ਮਾਰ ਰਹੇ ਸਨ। ਇਸ ਯੁੱਧ 'ਚੋਂ ਅਮਰੀਕਾ ਬੇਸ਼ਰਮ ਹੋ ਕੇ ਭੱਜਿਆ ਤੇ ਅਖੀਰ 1976 ਵਿੱਚ ਫੇਰ ਦੋਵੇਂ ਦੇਸ਼ ਇੱਕ ਸੋਸ਼ਲਿਸਟ ਰਿਪਬਲਿਕਨ ਆਫ ਵੀਅਤਨਾਮ ਬਣ ਗਏ।

ਹੋ ਚੀ ਮਿਨ ਸ਼ਹਿਰ ਵਿੱਚ ਮੁੜ ਮਿਲਾਪ ਇਮਾਰਤ (Reunion Palace) ਸਥਿਤ ਹੈ। ਇਹ ਉਹ ਥਾਂ ਸੀ ਜਿੱਥੇ ਦੋਵੇਂ ਦੇਸ਼ ਇੱਕ ਹੋਏ ਸਨ। ਬਾਹਰ ਉਹ ਟੈਂਕ ਖੜ੍ਹੇ ਸਨ ਜਿਹੜੇ ਸਿੱਧੇ ਕੰਧ ਜੰਗਲਾ ਤੋੜ ਕੇ ਅੰਦਰ ਆਏ ਸੀ ਤੇ ਦੱਖਣੀ ਵੀਅਤਨਾਮ ਦੀ ਸਰਕਾਰ ਨੇ ਬਿਨਾਂ ਸ਼ਰਤ ਹੱਥ ਖੜ੍ਹੇ ਕਰ ਦਿੱਤੇ ਸਨ। ਇਹਦੇ ਨਾਲ ਹੀ 'ਜੰਗ ਦੇ ਨਿਸ਼ਾਨ – ਮਿਊਜ਼ੀਅਮ' (war Re-uminent miusium) ਸਥਿਤ ਹੈ। ਇੱਥੇ ਜ਼ੁਲਮਾਂ ਦੀ ਕਹਾਣੀ ਪਾਉਂਦੀਆਂ ਅਥਾਹ ਤਸਵੀਰਾਂ ਨੇ, ਜੰਗ ਦੇ ਨਿਸ਼ਾਨ ਨੇ ਤੇ ਜ਼ੁਲਮ ਸਹਿਣ ਕਰਦੇ ਲੋਕਾਂ ਦੀ ਇਬਾਦਤ ਹੈ। ਸਾਰੀ ਦੁਨੀਆ ਵੱਲੋਂ ਭੇਜੇ ਹਮਦਰਦੀ ਵਾਲੇ ਸੰਦੇਸ਼ ਨੇ। ਲੜਾਈ ਰੋਕਣ ਦੇ ਸੁਨੇਹੇ ਨੇ। ਇਸ ਵਿੱਚ ਸੀਪੀਆਈ ਬੰਗਾਲ ਇਕਾਈ ਵੱਲੋਂ ਹੋ ਚੀ ਲਈ ਭੇਟ ਕੀਤਾ ਲਾਲ ਸਲਾਮ ਵਾਲਾ ਪੋਸਟਰ ਵੀ ਹੈ।

ਯੁੱਧ ਦਾ ਮੈਦਾਨ ਵੀ ਦੇਖਣਯੋਗ ਹੈ। ਜਿੱਥੋਂ ਦੱਖਣੀ ਵੀਅਤਨਾਮ ਦੇ ਵੀਤਕਾਂਗ ਯੋਧੇ ਚਾਚਾ ਹੋ ਨਾਲ ਰਲ ਕੇ ਲੜੇ। ਗਿਣਤੀ ਦੇ ਮੰਗਵੇ ਹਥਿਆਰ, ਗੁਜ਼ਾਰੇ ਜੋਗਾ ਰਾਸ਼ਨ ਤੇ ਸਾਹਮਣੇ ਅਮਰੀਕਾ। ਧਰਤੀ ਹੇਠ ਸੁਰੰਗਾਂ ਦਾ ਅਜਿਹਾ ਜਾਲ ਵਿਛਾ ਕੇ ਰਾਤ ਨੂੰ ਹਮਲਾ ਕਰਦੇ ਤੇ ਅਮਰੀਕਾ ਦੇ ਫੌਜੀ ਉਧਰ ਜਾਂਦੇ ਤਾਂ ਟੋਏ ਪੁੱਟ ਕੇ ਬਾਂਸ ਦੇ ਤਿੱਖੇ ਤੀਰ ਲਾ ਕੇ ਉੱਪਰੋਂ ਸੀਲ ਲਾ ਦਿੰਦੇ। ਅਮਰੀਕਾ ਨੇ ਹਰ ਯਤਨ ਕਰ ਲਿਆ, ਪਰ ਇਹ ਮੋਰਚਾ ਤੋੜ ਨਹੀਂ ਸਕਿਆ। ਜੰਗਲ ਫੂਕ ਦਿੱਤੇ, ਰਸਾਇਣ ਸੁੱਟੇ ਗਏ, ਬੀ -52 ਵਰਗੇ ਜਹਾਜ਼ ਬੰਬ ਸੁੱਟ ਕੇ ਥੱਕ ਗਏ, ਪਰ ਵੀਅਤਨਾਮ ਦੇ ਲੋਕਾਂ ਦਾ ਹੌਸਲਾ ਨਹੀਂ ਤੋੜ ਸਕੇ।

ਇਸ ਦਾ ਅਗਲਾ ਦੇਖਣਯੋਗ ਸ਼ਹਿਰ ਹੈ ਦਾ ਨਾਗ। ਇਹ ਇੱਕ ਅੱਡ ਹੀ ਅਨੁਭਵ ਸੀ, ਇਹ ਸ਼ਹਿਰ ਮਾਰਬਲ ਦੀਆਂ ਮੂਰਤੀਆਂ ਕਰਕੇ ਵੀ ਮਸ਼ਹੂਰ ਹੈ। ਪਹਿਲਾਂ 75 ਫੁੱਟ ਉੱਚੀ ਬੁੱਧ ਦੀ ਮੂਰਤੀ ਦੇ ਦੀਦਾਰ ਕੀਤੇ। ਇੱਥੇ ਮਾਰਬਲ ਦੀਆਂ ਬਹੁਤ ਦੁਕਾਨਾਂ ਤੇ ਫੈਕਟਰੀਆਂ ਵੀ ਹਨ। ਇੱਥੇ ਹੀ 167 ਪੌੜੀਆਂ ਚੜ੍ਹ ਕੇ ਸਾਰਾ ਸ਼ਹਿਰ ਦਿਸਦਾ ਹੈ। ਅੱਗੇ ਹੈ ਦੁਨੀਆ ਦਾ ਮਸ਼ਹੂਰ ਸ਼ਹਿਰ ਹੋਇ ਆਨ ਜਿਸ ਨੂੰ ਲੋਕ ਰਾਤ ਵੇਲੇ ਹੀ ਵੇਖਦੇ ਹਨ। ਇਸ ਦਾ ਬਾਜ਼ਾਰ ਤੇ ਖਾਣ ਪੀਣ ਆਲ੍ਹਾ ਦਰਜੇ ਦਾ ਹੈ। ਸ਼ਹਿਰ ਦੇ ਵਿਚਕਾਰੋਂ ਲੰਘਦੇ ਦਰਿਆ ਵਿੱਚ ਲੋਕਾਂ ਨੇ ਕਾਗਜ਼ ਦੇ ਦੀਵੇ ਜਗਾ ਕੇ ਛੱਡੇ ਨੇ। ਉਨ੍ਹਾਂ ਦੀ ਮਾਨਤਾ ਹੈ ਕਿ ਇਸ ਨਾਲ ਇੱਛਾ ਪੂਰੀ ਹੋ ਜਾਂਦੀ ਹੈ। ਇੱਥੇ ਸ਼ਹਿਰ ਲਾਗੇ ਮਾਈ ਸਨ (My son) ਮੰਦਿਰ ਹੈ। ਮਾਈ ਸਨ ਦੇ ਮੰਦਿਰ ਨੂੰ ਭਾਰਤ ਸਰਕਾਰ ਨੇ ਠੀਕ ਹਾਲਤ ਵਿੱਚ ਰੱਖਿਆ ਹੋਇਆ ਹੈ। ਵੀਅਤਨਾਮ ਦੀ ਰਾਜਧਾਨੀ ਹੈ ਹੋਨੋਈ। ਇੱਥੇ ਸਥਿਤ ਹੈ ਹੋ ਚੀ ਮਿਊਜ਼ੀਅਮ ਜਿਸ ਵਿੱਚ ਦੁਨੀਆ ਭਰ ਦੇ ਉਨ੍ਹਾਂ ਸਿਆਸਤਦਾਨਾਂ ਦੀਆਂ ਤਸਵੀਰਾਂ ਹਨ ਜੋ ਵੀਅਤਨਾਮ ਪ੍ਰਤੀ ਲਗਾਓ ਰੱਖਦੇ ਸਨ ਤੇ ਅਮਰੀਕਾ ਵਿਰੁੱਧ ਨਾਰਾਜ਼ਗੀ ਜ਼ਾਹਰ ਕੀਤੀ ਸੀ। ਪੰਡਤ ਜਵਾਹਰ ਲਾਲ ਨਹਿਰੂ ਦੀ ਫੋਟੋ ਵੀ ਇਨ੍ਹਾਂ ਵਿੱਚ ਸ਼ੁਮਾਰ ਹੈ। ਨਾਲ ਦੀ ਇਮਾਰਤ ਵਿੱਚ ਚਾਚਾ ਹੋ ਦੀ ਸਮਾਧ ਹੈ ਜਿੱਥੋਂ ਉਹ ਅਜੇ ਵੀ ਅਗਵਾਈ ਕਰ

ਬਾਕੀ ਸਫ਼ਾ 7 'ਤੇ



# ਸਹਿਜ ਮਤੇ ਦੀ ਸ਼ਾਇਰ ਹੈ ਗਗਨ ਮੀਤ



ਗਗਨ ਮੀਤ ਸਹਿਜ ਮਤੇ ਦੀ ਸ਼ਾਇਰ ਹੈ। ਏਦਾਂ ਲੱਗਦੈ ਜਿਵੇਂ ਕਵਿਤਾ ਉਸ ਕੋਲ ਪੋਲੇ ਪੈਰੀਂ ਆਪ ਤੁਰ ਕੇ ਆਉਂਦੀ ਹੈ। ਕਵਿਤਾ ਲਈ ਉਸ ਨੂੰ ਜ਼ਿਆਦਾ ਸ਼ਿਲਪ ਦਾ ਸਹਾਰਾ ਲੈਣ ਦੀ ਜ਼ਰੂਰਤ ਨਹੀਂ ਪੈਂਦੀ। ਉਸ ਦੀ ਕਵਿਤਾ ਵਿਚ ਕੋਈ ਵਾਧੂ ਸ਼ਬਦ ਨਹੀਂ ਹੈ। ਉਸ ਦੀ ਕਵਿਤਾ ਦੇ ਅਹਿਸਾਸ ਬਹੁਤ ਕੋਮਲ ਹਨ। ਉਹ ਕਵਿਤਾ ਰਾਹੀਂ ਸਮਾਜ ਵਿਚ ਫੈਲੀਆਂ ਅਲਾਮਤਾਂ ਵੱਲ ਵੀ ਇਸ਼ਾਰਾ ਕਰਦੀ ਹੈ। ਉਸ ਦੀ ਸਾਰੀ ਸ਼ਾਇਰੀ ਸੰਵੇਦਨਸ਼ੀਲ ਮਨੁੱਖ ਦੀ ਸ਼ਾਇਰੀ ਹੈ। ਉਹ ਫੁੱਲ, ਪੱਤਿਆਂ, ਸੂਰਜ, ਬੱਦਲ, ਚਿੜੀਆਂ, ਪਾਣੀ ਦਾ ਜ਼ਿਕਰ ਬਾਰ-ਬਾਰ ਕਰਦੀ ਹੈ। ਉਹ ਕੁਦਰਤ ਨੂੰ ਪਿਆਰ ਕਰਨ ਵਾਲੀ ਤੇ ਕੁਦਰਤ ਨੂੰ ਵਿਗਾੜਨ ਵਾਲੇ ਮਨੁੱਖ ਪ੍ਰਤੀ ਚਿੰਤਤ ਹੈ। ਗਗਨ ਮੀਤ ਔਰਤ ਦੇ ਸਮਰਪਣ ਨੂੰ ਜਾਣਦੀ ਹੈ ਤੇ ਉਸ ਦੀ ਸਮਰਪਣ ਦੀ ਭਾਵਨਾ ਨੂੰ ਮਹਿਸੂਸ ਕਰਨ ਲਈ ਕਹਿੰਦੀ ਹੈ। ਉਹ ਕਵਿਤਾ ਰਾਹੀਂ ਦਲਿਤ ਦੀ ਧਿਰ ਬਣਦੀ ਹੈ ਤੇ ਅਸਮਾਜਿਕ ਤੱਤਾਂ ਨੂੰ ਵੰਗਾਰਦੀ ਹੈ। ਉਹ ਆਪਣੀ ਕਵਿਤਾ ਰਾਹੀਂ ਧੀ ਨੂੰ ਅਸੀਸ ਦਿੰਦੀ ਸਭ ਧੀਆਂ ਨੂੰ ਉੱਡਣ ਨੂੰ ਪਰ ਦਿੰਦੀ ਹੈ। ਗਗਨ ਮੀਤ ਦੀ ਕਵਿਤਾ ਮਨੁੱਖ ਹੋਣਾ ਸਿਖਾਉਂਦੀ ਹੈ।

ਨਵਦੀਪ ਸਿੰਘ ਮੁੰਡੀ
98880-90038

## "ਨੱਟਣੀ"

ਹੌਲੀ-ਹੌਲੀ
ਪੈਰ ਟਿਕਾ
ਤੁਰੀ ਜਾ ਰਹੀ
ਨੱਟਣੀ

ਰੋਜ਼
ਸਿਰ ਬੁਹਾਰਦੀ
ਲਿਸ਼ਕਾਉਂਦੀ ਆਲ੍ਹਣਾ
ਆਲ੍ਹਣੇ 'ਚ ਬੋਟ

ਅੱਧ-ਖੁੱਲੀਆਂ
ਅੱਖਾਂ ਸੰਗ
ਚਾਨਣ ਤਕ
ਖੁੱਡ 'ਚ
ਜਾ ਲੁਕਦਾ
ਭੂਰਾ ਉੱਲੂ

ਢੋਲ ਵਜਾਉਂਦੀਆਂ
ਭੇਡਾਂ
ਉਸਦੇ ਦੁਆਲੇ
ਗਿੱਧਾ ਪਾਉਂਦੀਆਂ

ਝੀਤਾਂ 'ਚੋਂ
ਅਸਮਾਨ ਨਿਹਾਰਦੀ

ਹੌਲੀ-ਹੌਲੀ
ਪੈਰ ਟਿਕਾ
ਤੁਰੀ ਜਾ ਰਹੀ
ਨੱਟਣੀ!

## "ਅਸੀਸ"

ਮੈਂ ਧੀ ਨੂੰ
ਉਨ੍ਹਾਂ ਚਿੜੀਆਂ ਦੀ ਜੂਨ
ਨਹੀਂ ਪੈਣ ਦਿਆਂਗੀ
ਜੋ ਸ਼ਬਦਾਂ ਦੀ
ਜੁਗਾਲੀ ਕਰਦੀਆਂ
ਗੀਤ ਗਾਉਂਦੀਆਂ

"ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ… "

ਤੇ ਨਾ ਹੀ
ਕੱਚੀ ਮਿੱਟੀ ਦੀ ਆਖ
ਭੁਰਨ ਦਿਆਂਗੀ
ਭੋਰਾ-ਭੋਰਾ

ਮੈਂ ਤਾਂ
ਸੂਝ ਨਾਲ
ਉਸਦੇ ਪਰ ਪਲੋਸ
ਉੱਡਣ ਦਿਆਂਗੀ
ਉੱਚੇ ਅਸਮਾਨੀ

ਉਸਦੀ ਸੋਨ-ਵੰਨੀ
ਜਿੰਦ ਨੂੰ
ਸ੍ਵੈ-ਭਰੋਸੇ ਤੇ ਸ੍ਵੈ-ਮਾਣ ਦੀ
ਕੁਠਾਲੀ ਵਿੱਚ
ਤਪਣ ਦਿਆਂਗੀ

ਜਲੌਅ ਨੂੰ
ਅਸੀਸਾਂਗੀ।

## "ਨਾਨਕ"

ਉਹ
ਕੋਈ ਮਨੁੱਖ ਨਹੀਂ
ਬਲਕਿ
ਇੱਕ ਮਾਹੌਲ ਹੈ
ਸਹਿਜ ਜਿਊਣ ਲਈ

ਜਿਸ ਵਿੱਚ

ਚਿੜੀਆਂ
ਨਿਤਨੇਮ ਕਰਦੀਆਂ

ਮਧੂਮੱਖੀਆਂ
ਕੰਮ 'ਚ ਰੁੱਝੀਆਂ

ਮਨ 'ਚ ਪੁੰਗਰਦੇ
ਇਨਸਾਨੀਅਤ ਦੇ ਬੂਟੇ

ਕਣ-ਕਣ ਵਿੱਚ
ਪ੍ਰੇਮ ਉਗਮਦਾ

ਤੇਰਾ-ਤੇਰਾ ਦੀ
ਰਮਜ਼ ਸਮਝਾਉਂਦੀ
ਸਹਿਜੇ-ਸਹਿਜੇ ਤੁਰਦੀ
ਵਿਸਮਾਦਿਤ ਹੁੰਦੀ ਪ੍ਰਕਿਰਤੀ

ਵਰਣਾਂ, ਜਾਤਾਂ,
ਤੇਰ-ਮੇਰ ਦੇ ਰਾਗ
'ਤੂੰ ਤੋਂ ਮੈਂ'
ਤੇ
'ਮੈਂ ਤੋਂ ਤੂੰ' ਦੇ
ਨਾਦ ਵਿੱਚ
ਜਾ ਰਲਦੇ!

## "ਲੀਕ"

ਕਰ ਹੌਂਸਲਾ
ਉਲੰਘ ਆ
ਸਦੀਆਂ ਤੋਂ ਵਾਹੀ ਲੀਕ

ਭੰਨ ਸੁੱਟ ਚੇਤਿਆਂ 'ਚ ਟਿਕੀ
ਸੁਪਨਮਈ ਮੂਰਤ
ਹੋਣ ਦੇ ਭਸਮ
ਜੰਗਾਲੇ ਵਿਚਾਰ

ਹਿੱਕ 'ਚੋਂ ਸੁਣੀਂਦੀ
ਧੱਕ-ਧੱਕ ਸੁਣ
ਜੀਵਨ ਦੀ
ਰਮਜ਼ ਪਛਾਣ

ਹੱਥਾਂ 'ਚ ਹੱਥ ਫੜਾ
ਕਦਮਾਂ ਨਾਲ ਕਦਮ ਮਿਲਾ

ਪੰਛੀਆਂ ਨੂੰ ਉੱਡਦੇ ਤੱਕ
ਫੁੱਲਾਂ ਨੂੰ ਕੋਸਾ ਝਾਕ

ਨਜ਼ਰਾਂ ਨਾਲ ਨਜ਼ਰ ਮਿਲਾ
ਰੌਸ਼ਨੀ ਨੂੰ ਦੇ ਦੁਆ ……!



# ਅਜੋਕਾ ਮੋਬਾਇਲ ਯੁੱਗ ਅਤੇ ਬੱਚੇ

ਜਪਨਜੋਤ ਸਿੰਘ
ਜਮਾਤ : 9ਵੀਂ
ਗੁਰੂ ਤੇਗ ਬਹਾਦਰ ਸਕੂਲ ਪਟਿਆਲਾ



ਅੱਜ ਦਾ ਸਮਾਂ ਮੋਬਾਇਲ ਅਤੇ ਇੰਟਰਨੈੱਟ ਦਾ ਯੁੱਗ ਹੈ। ਟੈਕਨੋਲੋਜੀ ਨੇ ਜਿੱਥੇ ਜੀਵਨ ਨੂੰ ਆਸਾਨ ਅਤੇ ਤੇਜ਼ ਬਣਾਇਆ ਹੈ, ਉੱਥੇ ਇਸਦਾ ਗਹਿਰਾ ਪ੍ਰਭਾਵ ਬੱਚਿਆਂ ਦੀ ਜ਼ਿੰਦਗੀ 'ਤੇ ਵੀ ਪੈ ਰਿਹਾ ਹੈ। ਮੋਬਾਇਲ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ। ਮੋਬਾਇਲ ਹੁਣ ਸਿਰਫ਼ ਗੱਲ ਕਰਨ ਦਾ ਜ਼ਰੀਆ ਨਹੀਂ ਰਹਿ ਗਿਆ, ਇਹ ਸਾਡੀ ਦਿਨਚਰਿਆ ਦਾ ਅਹਿਮ ਹਿੱਸਾ ਬਣ ਗਿਆ ਹੈ।

**ਮੋਬਾਇਲ ਯੁੱਗ ਵਿੱਚ ਬੱਚਿਆਂ ਦੀ ਜ਼ਿੰਦਗੀ:**
ਅੱਜ ਦੇ ਬੱਚੇ ਜਨਮ ਤੋਂ ਹੀ ਮੋਬਾਇਲ, ਟੈਬਲੇਟ ਅਤੇ ਲੈਪਟਾਪ ਦੇ ਨਜ਼ਦੀਕ ਹੋ ਗਏ ਹਨ। ਉਹ ਖੇਡਣ ਦੀ ਥਾਂ ਮੋਬਾਇਲ 'ਤੇ ਗੇਮ ਖੇਡਣ ਨੂੰ ਤਰਜੀਹ ਦਿੰਦੇ ਹਨ। ਬੱਚਿਆਂ ਦੀ ਰੁਚੀ ਕਿਤਾਬਾਂ, ਮੈਦਾਨੀ ਖੇਡਾਂ ਅਤੇ ਸਮਾਜਕ ਗਤੀਵਿਧੀਆਂ ਤੋਂ ਹਟ ਕੇ ਮੋਬਾਇਲ ਤੱਕ ਸੀਮਤ ਹੋ ਗਈ ਹੈ।

**ਮੋਬਾਇਲ ਦੇ ਲਾਭ (ਫਾਇਦੇ)**
**ਸੰਪਰਕ ਦਾ ਤੇਜ਼ ਸਾਧਨ:**
ਮੋਬਾਇਲ ਰਾਹੀਂ ਅਸੀਂ ਕਿਸੇ ਨਾਲ ਵੀ ਕਿਤੇ ਵੀ ਤੇਜ਼ੀ ਨਾਲ ਗੱਲ ਕਰ ਸਕਦੇ ਹਾਂ।

**ਆਨਲਾਈਨ ਸਿੱਖਿਆ:**
ਬੱਚੇ ਤੇ ਵਿਦਿਆਰਥੀ ਮੋਬਾਇਲ ਰਾਹੀਂ ਆਨਲਾਈਨ ਪਾਠ ਲੈ ਸਕਦੇ ਹਨ ਅਤੇ ਨਵੀਆਂ ਚੀਜ਼ਾਂ ਸਿੱਖ ਸਕਦੇ ਹਨ।

**ਮਨੋਰੰਜਨ ਦਾ ਸਰੋਤ:**
ਮੋਬਾਇਲ ਰਾਹੀਂ ਗਾਣੇ ਸੁਣੇ ਜਾਂਦੇ ਹਨ, ਵੀਡੀਓਜ਼ ਦੇਖੇ ਜਾਂਦੇ ਹਨ, ਅਤੇ ਖੇਡਾਂ ਖੇਡੀਆਂ ਜਾਂਦੀਆਂ ਹਨ।

**ਜਾਣਕਾਰੀ ਦੀ ਪ੍ਰਾਪਤੀ:**
ਮੋਬਾਇਲ ਰਾਹੀਂ ਅਸੀਂ ਦੁਨੀਆ ਭਰ ਦੀਆਂ ਖ਼ਬਰਾਂ, ਮੌਸਮ ਦੀ ਜਾਣਕਾਰੀ ਅਤੇ ਹੋਰ ਜਾਣਕਾਰੀ ਤੁਰੰਤ ਪ੍ਰਾਪਤ ਕਰ ਸਕਦੇ ਹਾਂ।

**ਐਮਰਜੈਂਸੀ ਵਿੱਚ ਮਦਦ:**
ਮੋਬਾਇਲ ਦੁਆਰਾ ਅਸੀਂ ਕਿਸੇ ਵੀ ਐਮਰਜੈਂਸੀ ਵਿੱਚ ਆਪਣਾ ਸੰਪਰਕ ਜਲਦੀ ਕਰ ਸਕਦੇ ਹਾਂ।

**ਮੋਬਾਇਲ ਦੀਆਂ ਹਾਨੀਆਂ (ਨੁਕਸਾਨ)**
**ਸਿਹਤ ਉੱਤੇ ਪ੍ਰਭਾਵ:**
ਲੰਬੇ ਸਮੇਂ ਤੱਕ ਮੋਬਾਇਲ ਵਰਤਣ ਨਾਲ ਅੱਖਾਂ ਦੀ ਰੌਸ਼ਨੀ ਘਟ ਸਕਦੀ ਹੈ ਅਤੇ ਸਰੀਰਕ ਦਰਦ ਹੋ ਸਕਦੇ ਹਨ।

**ਮੋਬਾਇਲ addiction:**
ਬਹੁਤ ਜ਼ਿਆਦਾ ਮੋਬਾਇਲ ਵਰਤਣ ਨਾਲ ਬੱਚੇ ਅਤੇ ਵੱਡੇ ਦੋਹਾਂ 'ਚ addiction ਪੈਦਾ ਹੋ ਜਾਂਦੀ ਹੈ।

**ਸਮਾਜਿਕਤਾ ਦੀ ਘਾਟ:**
ਲੋਕ ਆਪਣੇ ਮੋਬਾਇਲ ਵਿੱਚ ਹੀ ਖੋ ਜਾਂਦੇ ਹਨ ਅਤੇ ਆਪਣੇ ਪਰਿਵਾਰ, ਦੋਸਤਾਂ ਤੋਂ ਦੂਰ ਹੋ ਜਾਂਦੇ ਹਨ।

**ਮਨੋਰੰਜਨ ਦੀ ਖੁਸ਼ ਹੋਣ ਦੀ ਭਾਵਨਾ ਘਟਦੀ ਹੈ:**
ਅਸਲੀ ਖੇਡਾਂ ਦੀ ਥਾਂ ਵੀਰਚੁਅਲ ਖੇਡਾਂ ਆ ਗਈਆਂ ਹਨ, ਜਿਸ ਨਾਲ ਬੱਚਿਆਂ ਦੀ ਸਰੀਰਕ ਗਤੀਵਿਧੀ ਘਟਦੀ ਹੈ।

**ਅਣਚਾਹੀ ਜਾਣਕਾਰੀ ਦੀ ਪਹੁੰਚ:**
ਬੱਚੇ ਕਈ ਵਾਰ ਅਣਚਾਹੀ ਜਾਂ ਗਲਤ ਸਮੱਗਰੀ ਵੀ ਮੋਬਾਇਲ ਰਾਹੀਂ ਵੇਖ ਸਕਦੇ ਹਨ।

**ਅਚੁੱਕ ਲਾਭ:**
ਮੋਬਾਇਲ ਰਾਹੀਂ ਬੱਚਿਆਂ ਨੂੰ ਨਵੇਂ ਗਿਆਨ ਦੀ ਪ੍ਰਾਪਤੀ ਹੋ ਰਹੀ ਹੈ। ਆਨਲਾਈਨ ਸਿੱਖਿਆ ਬੱਚਿਆਂ ਲਈ ਉਪਲਬਧ ਹੋ ਗਈ ਹੈ। ਵਿਦੇਸ਼ੀ ਭਾਸ਼ਾਵਾਂ ਅਤੇ ਨਵੀਆਂ ਟੈਕਨੋਲੋਜੀ ਬਾਰੇ ਸਿੱਖਣ ਦਾ ਮੌਕਾ ਮਿਲ ਰਿਹਾ ਹੈ।

**ਨੁਕਸਾਨ:**
ਅਧਿਕ ਸਮਾਂ ਮੋਬਾਇਲ 'ਤੇ ਬਿਤਾਉਣ ਕਾਰਨ ਅੱਖਾਂ, ਦਿਮਾਗ ਅਤੇ ਸਰੀਰਕ ਤੰਦਰੁਸਤੀ ਉੱਤੇ ਨੁਕਸਾਨ ਹੋ ਸਕਦਾ ਹੈ। ਸਮਾਜਕਤਾ ਘਟ ਰਹੀ ਹੈ, ਬੱਚੇ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਨ। ਮੋਬਾਇਲ ਉੱਤੇ ਆਨਲਾਈਨ ਆਸਕਤੀ ਵਿਕਸਤ ਹੋ ਰਹੀ ਹੈ, ਜਿਸ ਨਾਲ ਬੱਚਿਆਂ ਦੀ ਮਨੋਦਸ਼ਾ ਤੇ ਵੀ ਅਸਰ ਪੈਂਦਾ ਹੈ।

**ਕੀ ਕਰੀਏ?**
ਮੋਬਾਇਲ ਦੀ ਵਰਤੋਂ ਲਈ ਸਮਾਂ ਨਿਰਧਾਰਤ ਕਰਨਾ ਚਾਹੀਦਾ ਹੈ। ਮਾਪੇ ਅਤੇ ਅਧਿਆਪਕਾਂ ਨੂੰ ਬੱਚਿਆਂ ਨੂੰ ਮੈਦਾਨੀ ਖੇਡਾਂ, ਪਾਠਕ੍ਰਮਿਕ ਗਤੀਵਿਧੀਆਂ ਅਤੇ ਸਮਾਜਕ ਸਹਿਭਾਗਤਾ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਬੱਚਿਆਂ ਲਈ ਸੁਰੱਖਿਅਤ ਅਤੇ ਸ਼ਿਖਿਆਤਮਕ ਸਮੱਗਰੀ ਦੀ ਚੋਣ ਕਰਨੀ ਚਾਹੀਦੀ ਹੈ।

**ਨਤੀਜਾ:**
ਮੋਬਾਇਲ ਯੁੱਗ ਅਸਲ ਵਿੱਚ ਇੱਕ ਆਧੁਨਿਕ ਵਰਦਾਨ ਹੈ, ਪਰ ਇਸਦਾ ਸੰਤੁਲਿਤ ਅਤੇ ਸਹੀ ਉਪਯੋਗ ਹੀ ਬੱਚਿਆਂ ਲਈ ਲਾਭਕਾਰੀ ਹੋ ਸਕਦਾ ਹੈ। ਮਾਪਿਆਂ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਨੂੰ ਸਹੀ ਦਿਸ਼ਾ ਦਿਖਾਉਣ।

# ਚੱਕੀ ਦੇ ਦੋ ਪੁੜਾਂ 'ਚ ਪਿਸਦੇ ਬੱਚੇ



ਗੁੱਸਾ ਇਨਸਾਨ ਨੂੰ ਜਾਨਵਰ ਬਣਾ ਦਿੰਦਾ ਹੈ। ਘਰਾਂ ਵਿਚ ਹੋਣ ਵਾਲੇ ਕਲੇਸ਼ਾਂ, ਝਗੜਿਆਂ ਦਾ ਸਭ ਤੋਂ ਜ਼ਿਆਦਾ ਅਸਰ ਬੱਚਿਆਂ ਉੱਤੇ ਹੁੰਦਾ ਹੈ। ਕਈ ਵਾਰ ਇਹ ਝਗੜਾ ਜਾਨਲੇਵਾ ਵੀ ਹੁੰਦਾ ਹੈ ਜਿਸ ਦੀ ਭੇਟ ਬੱਚੇ ਵੀ ਚੜ੍ਹ ਜਾਂਦੇ ਹਨ। ਅਕਸਰ ਸੁਣਨ ਵਿਚ ਆਉਂਦਾ ਹੈ ਕਿ ਘਰ ਦੇ ਆਦਮੀ ਨੇ ਬੱਚਿਆਂ ਨੂੰ ਗੋਲੀ ਮਾਰ ਦਿੱਤੀ ਜਾਂ ਜ਼ਹਿਰ ਦੇ ਕੇ ਮਾਰ ਦਿੱਤਾ ਅਤੇ ਬਾਅਦ ਵਿਚ ਖ਼ੁਦਕੁਸ਼ੀ ਕਰ ਲਈ। ਪਤੀ-ਪਤਨੀ ਦੇ ਝਗੜੇ ਵਿਚ ਪਤਨੀ ਨੇ ਬੱਚਿਆਂ ਸਮੇਤ ਨਹਿਰ ਵਿਚ ਛਾਲ ਮਾਰ ਦਿੱਤੀ। ਇਹ ਸਭ ਗੱਲਾਂ ਕਿੰਨੀਆਂ ਖ਼ੌਫ਼ਨਾਕ ਅਤੇ ਦਰਦਨਾਕ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਇਕ ਸਵਾਲ ਜ਼ਰੂਰ ਉਠਾਉਂਦੀਆਂ ਹਨ ਕਿ ਵੱਡਿਆਂ ਦੀ ਲੜਾਈ ਵਿਚ ਬੱਚਿਆਂ ਦਾ ਕੀ ਕਸੂਰ ਹੁੰਦਾ ਹੈ? ਉਨ੍ਹਾਂ ਨੂੰ ਨਿਸ਼ਾਨਾ ਕਿਉਂ ਬਣਾਇਆ ਜਾਂਦਾ ਹੈ। ਬੱਚੇ ਮਨ ਦੇ ਸਾਫ਼ ਅਤੇ ਅਣਭੋਲ ਗੱਲਾਂ ਕਰਨ ਵਾਲੇ ਹੁੰਦੇ ਹਨ। ਇਹ ਰੱਬ ਦਾ ਰੂਪ ਹੁੰਦੇ ਹਨ। ਇਹ ਵੀ ਘਰੇਲੂ ਕਲੇਸ਼ ਦੀ ਭੇਂਟ ਚੜ੍ਹ ਜਾਂਦੇ ਹਨ। ਬੱਚਿਆਂ ਨੂੰ ਨਾ ਤਾਂ ਕੋਈ ਵੈਰ ਹੁੰਦਾ ਹੈ ਨਾ ਹੀ ਕਿਸੇ ਨਾਲ ਕੋਈ ਈਰਖਾ। ਪਤੀ-ਪਤਨੀ ਦੀ ਲੜਾਈ ਵਿਚ ਸਭ ਤੋਂ ਜ਼ਿਆਦਾ ਗੁੱਸਾ ਬੱਚਿਆਂ 'ਤੇ ਕੱਢਿਆ ਜਾਂਦਾ ਹੈ। ਉਨ੍ਹਾਂ ਨੂੰ ਮਾਰਿਆ-ਕੁੱਟਿਆ ਜਾਂਦਾ ਹੈ।

ਕਈ ਵਾਰ ਬੱਚਿਆਂ ਦੁਆਰਾ ਕੀਤੀ ਗ਼ਲਤੀ ਦੀ ਅਜਿਹੀ ਸਜ਼ਾ ਉਨ੍ਹਾਂ ਨੂੰ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪੈਂਦੇ ਹਨ। ਇਸ ਦਾ ਕਾਰਨ ਵੀ ਮਾਨਸਿਕ ਪ੍ਰੇਸ਼ਾਨੀ ਹੀ ਹੈ। ਪਤੀ-ਪਤਨੀ ਵਿਚ ਝਗੜਿਆਂ ਦਾ ਕਾਰਨ ਛੋਟੀਆਂ-ਛੋਟੀਆਂ ਗੱਲਾਂ ਹੀ ਹੁੰਦੀਆਂ ਹਨ, ਪਰ ਆਪਣੀ ਹਉਮੈ ਨੂੰ ਦੋਵਾਂ ਵਿੱਚੋਂ ਕੋਈ ਵੀ ਛੱਡਣ ਨੂੰ ਤਿਆਰ ਨਹੀਂ ਹੁੰਦਾ। ਇਸ ਲਈ ਇਹ ਝਗੜੇ ਭਿਆਨਕ ਰੂਪ ਅਖ਼ਤਿਆਰ ਕਰ ਲੈਂਦੇ ਹਨ। ਜੇਕਰ ਅਸੀਂ ਆਪਣੇ ਦਾਦਾ-ਦਾਦੀ, ਨਾਨਾ-ਨਾਨੀ ਦੇ ਜੀਵਨ ਵੱਲ ਝਾਤ ਮਾਰ ਕੇ ਦੇਖੀਏ ਤਾਂ ਪੁਰਾਣੇ ਜ਼ਮਾਨੇ 'ਚ ਛੇ-ਸੱਤ ਬੱਚਿਆਂ ਦਾ ਪਾਲਣ ਪੋਸ਼ਣ ਬਿਨਾਂ ਕਿਸੇ ਮਾਨਸਿਕ ਪ੍ਰੇਸ਼ਾਨੀ ਤੋਂ ਹੋ ਜਾਂਦਾ ਸੀ। ਪਤੀ-ਪਤਨੀ ਦੀ ਆਪਸੀ ਸਮਝ ਅਤੇ ਸਹਿਣਸ਼ੀਲਤਾ ਕਾਰਨ ਕੋਈ ਵੱਡੀ ਲੜਾਈ ਜਾਂ ਤਲਾਕ ਦੀ ਨੌਬਤ ਨਹੀਂ ਸੀ ਆਉਂਦੀ। ਘਰ ਦੀ ਇੱਜ਼ਤ ਅਤੇ ਸਮਾਜਿਕ ਮਰਿਆਦਾ ਨੂੰ ਪਹਿਲ ਦਿੱਤੀ ਜਾਂਦੀ ਸੀ। ਅਜੋਕੇ ਸਮੇਂ ਵਿਚ ਇਹ ਗੱਲ ਲਗਭਗ ਖ਼ਤਮ ਹੋ ਚੁੱਕੀ ਹੈ।ਅੱਜਕੱਲ੍ਹ ਪਤੀ-ਪਤਨੀ ਵਿਚ ਸਹਿਣਸ਼ੀਲਤਾ ਲਗਪਗ ਖ਼ਤਮ ਹੋ ਚੁੱਕੀ ਹੈ। ਉਹ ਆਪਣੀ ਗੱਲ ਨੂੰ ਮਨਾਉਣ ਲਈ ਕਿਸੇ ਵੀ ਹੱਦ ਤੱਕ ਜਾਂਦੇ ਹਨ ਜਿਸ ਕਾਰਨ ਇਹ ਝਗੜੇ ਖ਼ੁਦਕੁਸ਼ੀ ਤੱਕ ਵੀ ਪਹੁੰਚ ਜਾਂਦੇ ਹਨ ਅਤੇ ਬੱਚੇ ਲਾਵਾਰਸਾਂ ਵਾਂਗ ਹੋ ਜਾਂਦੇ ਹਨ। ਕਈ ਵਾਰ ਪਤੀ ਦੁਆਰਾ ਪਤਨੀ ਨੂੰ ਘਰੋਂ ਕੁੱਟ ਕੇ ਕੱਢਿਆ ਜਾਂਦਾ ਹੈ ਜਾਂ ਤਲਾਕ ਦੇ ਦਿੱਤਾ ਜਾਂਦਾ ਹੈ, ਉਸ ਹਾਲਤ ਵਿਚ ਵੀ ਬੱਚਿਆਂ 'ਤੇ ਮਾਨਸਿਕ ਬੋਝ ਪੈਂਦਾ ਹੈ ਜਿਸ ਨੂੰ ਉਹ ਢੁੱਕਵੇਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੇ। ਪਤੀ-ਪਤਨੀ ਦੇ ਅਲੱਗ ਹੋ ਜਾਣ 'ਤੇ ਬੱਚਿਆਂ ਨੂੰ ਵੀ ਆਪਣੇ ਮਾਤਾ ਜਾਂ ਪਿਤਾ ਵਿਚੋਂ ਕਿਸੇ ਇਕ ਕੋਲ ਰਹਿਣਾ ਪੈਂਦਾ ਹੈ। ਉਹ ਇਸ ਗੱਲ ਨਾਲ ਮਨ ਹੀ ਮਨ ਬਹੁਤ ਦੁਖੀ ਹੁੰਦੇ ਹਨ, ਪਰ ਕਰ ਕੁਝ ਨਹੀਂ ਸਕਦੇ। ਬੱਚਿਆਂ ਨੂੰ ਤਾਂ ਮਾਂ-ਬਾਪ ਦੋਵਾਂ ਦੇ ਪਿਆਰ ਦੀ ਲੋੜ ਹੁੰਦੀ ਹੈ। ਇਉਂ ਘਰ ਟੁੱਟਣ ਨਾਲ ਬੱਚੇ ਮਾਂ-ਬਾਪ ਦੇ ਪਿਆਰ ਤੋਂ ਵਾਂਝੇ ਹੋ ਜਾਂਦੇ ਹਨ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਘਰਾਂ ਵਿਚ ਸੁਖਾਵਾਂ ਮਾਹੌਲ ਬਣਾ ਕੇ ਰੱਖੀਏ ਤਾਂ ਜੋ ਲੜਾਈ-ਝਗੜੇ ਦੀ ਨੌਬਤ ਨਾ ਆਵੇ। ਬੱਚਿਆਂ ਦਾ ਬਚਪਨ ਖ਼ਰਾਬ ਨਾ ਹੋਵੇ ਅਤੇ ਬੱਚਿਆਂ ਨੂੰ ਮਾਂ-ਬਾਪ ਦੋਵਾਂ ਦਾ ਪਿਆਰ ਮਿਲ ਸਕੇ।

ਰਾਕੇਸ਼ ਕੁਮਾਰ
ਸੰਪਰਕ: 94630-24455

ਕਹਾਣੀ

# ਕਿਰਨਾਂ ਵਾਲਾ ਸੂਰਜ



ਜਸਬੀਰ ਸਿੰਘ ਆਹਲੂਵਾਲੀਆ

ਰਮਨ ਦੇ ਘਰ ਚਾਰ ਦੋਸਤਾਂ ਦੀ ਪਾਰਟੀ ਚੱਲ ਰਹੀ ਸੀ। ਕਰੋਨਾ ਮਹਾਂਮਾਰੀ ਦੇ ਕਹਿਰ ਤੋਂ ਬਾਅਦ ਮਸਾਂ ਮਸਾਂ ਇਹ ਚਾਰ ਦੋਸਤ ਇਕੱਠੇ ਹੋਏ ਸਨ। ਸਿਰਫ਼ ਦੋਸਤ, ਇਨ੍ਹਾਂ ਦੀਆਂ ਪਤਨੀਆਂ ਨਹੀਂ। ਰਮਨ ਦੀ ਪਤਨੀ ਇੱਕ ਹਸਪਤਾਲ ਵਿੱਚ ਨਰਸ ਦੀ ਨੌਕਰੀ ਕਰਦੀ ਸੀ ਜਿੱਥੇ ਅੱਜ ਉਸ ਦੀ ਰਾਤ ਦੀ ਡਿਊਟੀ ਸੀ। ਇਸ ਲਈ ਰਮਨ ਦਾ ਘਰ ਹੀ ਚਾਰੇ ਦੋਸਤਾਂ ਨੂੰ ਪਾਰਟੀ ਲਈ ਠੀਕ ਲੱਗਿਆ।

ਗੱਲਾਂ ਬਾਤਾਂ ਹੋ ਰਹੀਆਂ ਸਨ। ਖਾਣ-ਪੀਣ ਦਾ ਦੌਰ ਚੱਲ ਰਿਹਾ ਸੀ। ਘਰ ਦੀ ਬਾਲਕੋਨੀ ਵਿੱਚ ਬੈਠੇ ਇਹ ਚਾਰੇ ਦੋਸਤ ਅਤੇ ਬਾਹਰ ਦਿਸਦੀ ਖ਼ੂਬਸੂਰਤ ਪਹਾੜੀ ਦੇ ਨਜ਼ਾਰੇ ਦਾ ਆਨੰਦ ਮਾਣ ਰਹੇ ਸਨ। ਫਿਰ ਮੀਂਹ ਵੀ ਤਾਂ ਪੈ ਰਿਹਾ ਸੀ ਜੋ ਪਹਾੜੀ ਦੀ ਖ਼ੂਬਸੂਰਤੀ ਵਿੱਚ ਵਾਧਾ ਤਾਂ ਕਰ ਰਿਹਾ ਸੀ, ਪਰ ਨਾਲ ਦੀ ਨਾਲ ਇੱਕ ਮਿੱਠੀ ਮਿੱਠੀ ਸੰਗੀਤਕ ਧੁੰਨ ਵੀ ਪੈਦਾ ਕਰ ਰਿਹਾ ਸੀ। ਵਿੱਚ ਵਿੱਚ ਬੱਦਲਾਂ ਦੇ ਗਰਜਣ ਦੀ ਆਵਾਜ਼ ਆ ਰਹੀ ਸੀ ਜਿਵੇਂ ਕੋਈ ਢੋਲ ਵਜਾ ਰਿਹਾ ਹੋਵੇ। ਫਿਰ ਬਿਜਲੀ ਦੀ ਕੜ ਕੜ ਤੇ ਫਿਰ ਵਿੱਚ ਵਿੱਚ ਤੇਜ਼ ਹਵਾ ਦੀ ਸ਼ਾਂ ਸ਼ਾਂ। ਸਭ ਕੁਝ ਮਿਲਾ ਕੇ ਇੱਕ ਮਿੱਠਾ ਜਿਹਾ ਸੰਗੀਤ ਪੈਦਾ ਹੋ ਰਿਹਾ ਸੀ ਜਿਸ ਦਾ ਚਾਰੇ ਦੋਸਤ ਭਰਪੂਰ ਆਨੰਦ ਲੈ ਰਹੇ ਸਨ।

ਕੁਦਰਤ ਦੇ ਸੰਗੀਤ ਦਾ ਆਨੰਦ ਮਾਣਦੇ ਮਾਣਦੇ ਰਮਨ ਨੇ ਬੌਲੀਵੁੱਡ ਦੀਆਂ ਹਿੰਦੀ ਫਿਲਮਾਂ ਦੇ ਗੀਤ ਲਾ ਦਿੱਤੇ। ਗੀਤ ਚੱਲਣ ਲੱਗੇ। ਮੁਹੰਮਦ ਰਫ਼ੀ ਤੇ ਕਿਸ਼ੋਰ ਕੁਮਾਰ ਦੇ ਗੀਤ, ਲਤਾ ਮੰਗੇਸ਼ਕਰ ਤੇ ਆਸ਼ਾ ਭੌਂਸਲੇ ਦੇ ਗੀਤ, ਮੁਕੇਸ਼ ਤੇ ਮੰਨਾ ਡੇ ਦੇ ਗੀਤ। ਬਸ ਗੀਤ ਚੱਲੀ ਜਾ ਰਹੇ ਸਨ। ਪਾਰਟੀ ਵੀ ਚੱਲੀ ਜਾ ਰਹੀ ਸੀ। ਦੋਸਤ ਪਾਰਟੀ ਦਾ ਪੂਰਾ ਆਨੰਦ ਲੈ ਰਹੇ ਸਨ। ਮੁਹੰਮਦ ਰਫ਼ੀ ਦਾ ਇੱਕ ਗੀਤ ਸ਼ੁਰੂ ਹੋਇਆ;

ਆਜ ਮੌਸਮ ਬੜਾ ਬੇਈਮਾਨ ਹੈ, ਬੜਾ ਬੇਈਮਾਨ ਹੈ।

ਆਨੇ ਵਾਲਾ ਕੋਈ ਤੂਫ਼ਾਨ ਹੈ, ਕੋਈ ਤੂਫ਼ਾਨ ਹੈ।

ਗੀਤ ਕੰਨਾਂ ਵਿੱਚ ਪੈਂਦਿਆਂ ਹੀ ਦੋਸਤਾਂ ਦੀਆਂ ਗੱਲਾਂ ਦਾ ਵਿਸ਼ਾ ਹੀ ਬਦਲ ਗਿਆ। ਚਾਰੇ ਦੋਸਤ ਥੋੜ੍ਹਾ ਜਿਹਾ ਗੰਭੀਰ ਵੀ ਹੋ ਗਏ। ਇੱਕ ਕਹਿਣ ਲੱਗਾ, "ਯਾਰੋ! ਵਾਕਿਆ ਹੀ ਅੱਜ ਦਾ ਮੌਸਮ ਬੜਾ ਬੇਈਮਾਨ ਹੈ।"

ਦੂਜੇ ਨੇ ਕਿਹਾ, "ਤੁਹਾਨੂੰ ਪਤਾ ਹੈ ਕਿ ਲਿਯਮੋਰ ਸ਼ਹਿਰ ਵਿੱਚ ਹੜ੍ਹ ਆ ਗਿਆ ਹੈ। ਬਹੁਤ ਤਬਾਹੀ ਹੋਈ ਹੈ ਉੱਥੇ।"

ਤੀਜੇ ਨੇ ਕਿਹਾ, "ਪਿਛਲੇ ਦਸਾਂ ਕੁ ਦਿਨਾਂ ਤੋਂ ਲਗਾਤਾਰ ਏਨੀ ਤੇਜ਼ ਮੀਂਹ ਪੈ ਰਿਹਾ ਹੈ, ਤੂਫ਼ਾਨ ਵੀ ਆ ਰਿਹਾ ਹੈ। ਇਸ ਨਾਲ ਹੜ੍ਹ ਨਹੀਂ ਆਵੇਗਾ ਤੇ ਹੋਰ ਕੀ ਆਵੇਗਾ?"

ਹਰਜੋਤ ਸਮੋਸਿਆਂ ਵਾਲੀ ਪਲੇਟ ਫੜਦਿਆਂ ਕਹਿਣ ਲੱਗਾ, "ਮੇਰੀ ਤਾਂ ਸਮਝ ਵਿੱਚ ਕੁਝ ਨਹੀਂ ਆ ਰਿਹਾ ਕਿ ਇਸ ਮੌਸਮ ਦੀ ਮਰਜ਼ੀ ਕੀ ਹੈ? ਜਾਪਦੈ ਬਹੁਤ ਤਬਾਹੀ ਕਰੇਗਾ, ਪਤਾ ਨਹੀਂ ਰੱਬ ਨੂੰ ਕੀ ਮਨਜ਼ੂਰ ਹੈ? ਰੱਬ ਹੈ ਵੀ ਕਿ ਨਹੀਂ?"

ਪਹਿਲੇ ਦੋਸਤ ਨੇ ਵਿਸਕੀ ਦੀ ਚੁਸਕੀ ਲੈਂਦਿਆਂ ਫਿਰ ਕਿਹਾ, "ਤੁਹਾਨੂੰ ਪਤਾ ਹੈ ਕਿ ਵੈਂਟੀ ਵਿੱਚ ਇੱਕ ਮਾਂ ਤੇ ਪੁੱਤ ਹੜ੍ਹ ਦੀ ਲਪੇਟ ਵਿੱਚ ਆ ਕੇ ਇਹ ਦੁਨੀਆ ਹੀ ਛੱਡ ਗਏ ਨੇ।"

ਮਾਂ ਤੇ ਪੁੱਤ ਦੀ ਬੁਰੀ ਖ਼ਬਰ ਸੁਣ ਕੇ ਹਰਜੋਤ ਨੂੰ ਆਪਣੀ ਪਤਨੀ ਚੇਤਨ ਤੇ ਚਾਰ ਕੁ ਸਾਲਾਂ ਦੀ ਧੀ ਰੋਜ਼ੀ ਦਾ ਖ਼ਿਆਲ ਆ ਗਿਆ, ਜਿਸ ਨੂੰ ਉਹ ਪਿਆਰ ਨਾਲ 'ਗੁੱਡੋ ਰਾਣੀ' ਕਹਿ ਕੇ ਬੁਲਾਉਂਦਾ ਸੀ।

"ਮੇਰੀ ਗੁੱਡੋ ਰਾਣੀ ਦਾ ਤਾਂ ਇਹੋ ਜਿਹੇ ਮੌਸਮ ਤੋਂ ਡਰ ਕੇ ਬੁਰਾ ਹਾਲ ਹੋ ਗਿਆ ਹੋਵੇਗਾ। ਪਤਾ ਨਹੀਂ ਚੇਤਨ ਉਸ ਨੂੰ ਕਿਵੇਂ ਸੰਭਾਲਦੀ ਹੋਵੇਗੀ ਤੇ ਪਤਾ ਨਹੀਂ ਉਸ ਨੇ ਕੁਝ ਖਾਧਾ ਪੀਤਾ ਵੀ ਹੋਵੇਗਾ ਕਿ ਨਹੀਂ?"

ਰੋਜ਼ੀ ਦੇ ਖਾਣ-ਪੀਣ ਦਾ ਖ਼ਿਆਲ ਆਉਂਦਿਆਂ ਹੀ ਹਰਜੋਤ ਨੇ ਆਪਣੇ ਹੱਥ ਵਿੱਚ ਫੜੀ ਸਮੋਸਿਆਂ ਦੀ ਪਲੇਟ ਨੂੰ ਵਾਪਸ ਮੇਜ਼ 'ਤੇ ਰੱਖ ਦਿੱਤਾ। ਉਸ ਨੇ ਆਪਣੇ ਆਪ ਨੂੰ ਝਿੜਕਿਆ, "ਹਰਜੋਤ ! ਤੈਨੂੰ ਇਹੋ ਜਿਹੇ ਮੌਸਮ ਵਿੱਚ ਚੇਤਨ ਤੇ ਰੋਜ਼ੀ ਨੂੰ ਘਰ ਛੱਡ ਕੇ ਨਹੀਂ ਸੀ ਆਉਣਾ ਚਾਹੀਦਾ।" ਉਸ ਨੇ ਆਪਣੀ ਘੜੀ 'ਤੇ ਵਕਤ ਵੇਖਿਆ। ਰਾਤ ਦੇ ਸਵਾ ਸੱਤ ਵੱਜੇ ਸਨ। ਉਸ ਨੂੰ ਰਮਨ ਦੇ ਘਰ ਤੋਂ ਆਪਣੇ ਘਰ ਪਹੁੰਚਦਿਆਂ ਤਕਰੀਬਨ ਇੱਕ ਘੰਟਾ ਲੱਗਦਾ ਸੀ, ਪਰ ਅੱਜ ਦੇ ਖ਼ਰਾਬ ਮੌਸਮ ਵਿੱਚ ਪਤਾ ਨਹੀਂ ਕਿੰਨਾ ਵਕਤ ਲੱਗ ਜਾਏ। ਕਾਰ ਵੀ ਤਾਂ ਸੰਭਲ ਸੰਭਲ ਕੇ ਚਲਾਉਣੀ ਪਏਗੀ।

ਹਰਜੋਤ ਆਪਣੀ ਕੁਰਸੀ ਤੋਂ ਉੱਠਿਆ। ਦੋਸਤਾਂ ਨੂੰ ਅਲਵਿਦਾ ਕਿਹਾ ਤੇ ਪਾਰਟੀ ਵਿੱਚ ਹੀ ਛੱਡ ਕੇ ਆਪਣੇ ਘਰ ਨੂੰ ਤੁਰ ਪਿਆ। ਦੋਸਤ ਉਸ ਨੂੰ ਰੋਕਦੇ ਰਹੇ, ਪਰ ਉਹ ਨਾ ਰੁਕਿਆ। ਉਹ ਆਪਣੀ ਚੇਤਨ ਅਤੇ ਆਪਣੀ ਲਾਡਲੀ ਧੀ ਗੁੱਡੋ ਰਾਣੀ ਕੋਲ ਜਲਦੀ ਤੋਂ ਜਲਦੀ ਤੇ ਠੀਕ ਠਾਕ ਪਹੁੰਚ ਜਾਣਾ ਚਾਹੁੰਦਾ ਸੀ ਤੇ ਕੋਈ ਡੇਢ ਕੁ ਘੰਟੇ ਬਾਅਦ ਉਹ ਠੀਕ ਠਾਕ ਪਹੁੰਚ ਵੀ ਗਿਆ।

ਹਰਜੋਤ ਜਿਉਂ ਹੀ ਘਰ ਦੇ ਅੰਦਰ ਦਾਖ਼ਲ ਹੋਇਆ, ਉਸ ਦੀ ਗੁੱਡੋ ਰਾਣੀ ਦੌੜ ਕੇ ਪਾਪਾ ਪਾਪਾ ਕਰਦੀ ਉਸ ਦੀਆਂ ਲੱਤਾਂ ਨੂੰ ਚਿੰਬੜ ਗਈ। ਹਰਜੋਤ ਨੇ ਚੁੱਕ ਕੇ ਉਸ ਨੂੰ ਆਪਣੇ ਗਲ ਨਾਲ ਲਾ ਲਿਆ। ਰੋਜ਼ੀ ਨੇ ਘੁੱਟ ਕੇ ਪਾਪਾ ਨੂੰ ਜੱਫੀ ਪਾ ਲਈ। ਹਰਜੋਤ ਨੇ ਉਸ ਨੂੰ ਆਪਣੇ ਕੁੱਛੜੋਂ ਉਤਾਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਕੰਮ ਵਿੱਚ ਉਸ ਨੂੰ ਤੇ ਚੇਤਨ ਨੂੰ ਥੋੜ੍ਹੀ ਮਿਹਨਤ ਕਰਨੀ ਪਈ। ਚੇਤਨ ਨੇ ਦੱਸਿਆ ਕਿ ਰੋਜ਼ੀ ਮੀਂਹ ਹਨੇਰੀ, ਬਿਜਲੀ ਤੇ ਬੱਦਲਾਂ ਦੀ ਆਵਾਜ਼ ਤੋਂ ਬਹੁਤ ਡਰ ਰਹੀ ਹੈ। ਹਰਜੋਤ ਨੇ ਪੁੱਛਿਆ ਕਿ ਉਸ ਨੇ ਕੁਝ ਖਾ ਪੀ ਲਿਆ ਹੈ ਕਿ ਨਹੀਂ?

ਚੇਤਨ ਨੇ ਦੱਸਿਆ ਕਿ ਉਸ ਨੇ ਗੁੱਡੋ ਰਾਣੀ ਦੇ ਤਰਲੇ ਮਿੰਨਤਾਂ ਕਰ ਕੇ ਖਾਣਾ ਖਵਾ ਦਿੱਤਾ ਹੈ। ਦੋਵੇਂ ਮੰਮੀ-ਪਾਪਾ ਰੋਜ਼ੀ ਨੂੰ ਲੈ ਕੇ ਲਾਊਂਜ ਰੂਮ ਦੇ ਸੋਫ਼ੇ 'ਤੇ ਬੈਠ ਗਏ। ਰੋਜ਼ੀ ਆਪਣੀ ਮੰਮੀ ਦੀ ਗੋਦੀ ਵਿੱਚ ਬੈਠ ਗਈ ਤੇ ਹਰਜੋਤ ਨੇ ਉਸ ਨੂੰ ਦਿਲਾਸਾ ਦਿੰਦਿਆਂ ਸਮਝਾਇਆ ਕਿ ਉਸ ਨੂੰ ਇਹੋ ਜਿਹੇ ਖ਼ਰਾਬ ਮੌਸਮ ਤੋਂ ਬਿਲਕੁਲ ਨਹੀਂ ਡਰਨਾ ਚਾਹੀਦਾ। ਹਰਜੋਤ ਨੇ ਰੋਜ਼ੀ ਨੂੰ ਛੋਟੀਆਂ ਛੋਟੀਆਂ ਬਾਲ ਕਹਾਣੀਆਂ ਸੁਣਾਉਣੀਆਂ ਸ਼ੁਰੂ ਕੀਤੀਆਂ। ਆਖ਼ਰ ਕਹਾਣੀਆਂ ਸੁਣਦਿਆਂ ਸੁਣਦਿਆਂ ਰੋਜ਼ੀ ਨੂੰ ਨੀਂਦ ਆ ਹੀ ਗਈ ਤੇ ਉਹ ਆਪਣੀ ਮੰਮੀ ਦੀ ਗੋਦ ਵਿੱਚ ਹੀ ਸੌਂ ਗਈ।

ਰਾਤ ਕਾਫ਼ੀ ਹੋ ਗਈ ਸੀ। ਪਿਛਲੇ ਘੰਟੇ ਕੁ ਤੋਂ ਮੀਂਹ ਬੰਦ ਹੋਇਆ ਪਿਆ ਸੀ। ਨਾ ਬਿਜਲੀ ਦੀ ਕੜ ਕੜ, ਨਾ ਬੱਦਲਾਂ ਦੀ ਗੜ ਗੜ ਅਤੇ ਨਾ ਹੀ ਹਨੇਰੀ ਦੀ ਸ਼ਾਂ ਸ਼ਾਂ। ਬਹੁਤ ਹੀ ਸ਼ਾਂਤੀ ਮਹਿਸੂਸ ਹੋ ਰਹੀ ਸੀ। ਜਿਉਂ ਹੀ ਹਰਜੋਤ ਤੇ ਚੇਤਨ ਰੋਜ਼ੀ ਨੂੰ ਲੈ ਕੇ ਸੌਣ ਵਾਲੇ ਕਮਰੇ ਵਿੱਚ ਗਏ, ਇਕਦਮ ਬਹੁਤ ਹੀ ਜ਼ੋਰ ਨਾਲ ਬਿਜਲੀ ਦੇ ਕੜਕਣ ਦੀ ਆਵਾਜ਼ ਆਈ ਅਤੇ ਨਾਲ ਬਹੁਤ ਜ਼ੋਰ ਨਾਲ ਬੱਦਲ ਗਰਜ ਪਏ। ਮੀਂਹ ਵੀ ਜ਼ੋਰ ਨਾਲ ਸ਼ੁਰੂ ਹੋ ਗਿਆ। ਰੋਜ਼ੀ ਇਕਦਮ ਚੀਕ ਮਾਰ ਕੇ ਜਾਗ ਪਈ। ਪਾਪਾ ਪਾਪਾ ਕਹਿੰਦੀ ਹੋਈ ਨੇ ਆਪਣੀਆਂ ਬਾਹਵਾਂ ਪਾਪਾ ਵੱਲ ਕਰ ਦਿੱਤੀਆਂ। ਉਸ ਨੂੰ ਆਪਣੀ ਮੰਮੀ ਨਾਲੋਂ ਆਪਣੇ ਪਾਪਾ ਦੀ ਗੋਦੀ ਵਿੱਚ ਜ਼ਿਆਦਾ ਸੁਰੱਖਿਆ ਮਹਿਸੂਸ ਹੁੰਦੀ ਸੀ। ਹਰਜੋਤ ਨੇ ਵੀ ਰੋਜ਼ੀ ਨੂੰ "ਆ ਮੇਰੀ ਗੁੱਡੋ ਰਾਣੀ" ਕਹਿੰਦਿਆਂ ਹੋਇਆਂ ਘੁੱਟ ਕੇ ਆਪਣੇ ਗਲ ਨਾਲ ਲਾ ਲਿਆ।

ਬਾਹਰ ਮੀਂਹ ਵਰ੍ਹਦਾ ਰਿਹਾ। ਬਿਜਲੀ ਦੀ ਕੜ ਕੜ ਹੁੰਦੀ ਰਹੀ, ਪਰ ਰੋਜ਼ੀ ਆਪਣੇ ਪਾਪਾ ਦੀ ਗੋਦੀ ਵਿੱਚ ਸੁਰੱਖਿਅਤ ਮਹਿਸੂਸ ਕਰਦੀ ਹੋਈ ਸੌਂ ਰਹੀ ਸੀ। ਸਾਰੇ ਦਿਨ ਦੀ ਥੱਕੀ ਹਾਰੀ ਚੇਤਨ ਵੀ ਜਲਦੀ ਹੀ ਸੌਂ ਗਈ। ਹਰਜੋਤ ਨੇ ਰੋਜ਼ੀ ਨੂੰ ਆਪਣੀ ਬੁੱਕਲ ਵਿੱਚੋਂ ਕੱਢ ਕੇ ਹੌਲੀ ਜਿਹੀ ਚੇਤਨ ਨਾਲ ਲੰਮਿਆਂ ਪਾ ਦਿੱਤਾ। ਦੋਵੇਂ ਮਾਵਾਂ ਧੀਆਂ ਸੌਂ ਰਹੀਆਂ ਸਨ, ਪਰ ਹਰਜੋਤ ਦੀਆਂ ਅੱਖਾਂ ਵਿੱਚ ਨੀਂਦ ਬਿਲਕੁਲ ਨਹੀਂ ਸੀ। ਉਹ ਕੁਝ ਦੇਰ ਤਾਂ ਚੇਤਨ ਤੇ ਰੋਜ਼ੀ ਨੂੰ ਸੁੱਤਿਆਂ ਪਿਆਂ ਵੇਖਦਾ ਰਿਹਾ, ਫਿਰ ਉਸ ਨੇ ਸਾਰੇ ਕਮਰੇ ਵਿੱਚ ਨਜ਼ਰ ਘੁਮਾਈ। ਬਾਹਰ ਮੀਂਹ ਜ਼ੋਰ ਸ਼ੋਰ ਨਾਲ ਵਰ੍ਹ ਰਿਹਾ ਸੀ, ਬਿਜਲੀ ਵੀ ਜਦੋਂ ਕੜਕਦੀ ਤਾਂ ਜ਼ੋਰਾਂ ਨਾਲ ਕੜਕਦੀ, ਬੱਦਲ ਵੀ ਜ਼ੋਰਾਂ ਨਾਲ ਗਰਜਦੇ ਅਤੇ ਤੇਜ਼ ਹਵਾ ਵੀ ਇਸ ਡਰਾਉਣੇ ਮਾਹੌਲ ਵਿੱਚ ਆਪਣਾ ਹਿੱਸਾ ਪਾ ਰਹੀ ਸੀ।

ਹਰਜੋਤ ਨੂੰ ਡਰ ਜਿਹਾ ਲੱਗਣ ਲੱਗ ਪਿਆ। ਉਹ ਸੱਚੀਂ ਮੁੱਚੀਂ ਹੀ ਡਰਨ ਲੱਗ ਪਿਆ। ਉਸ ਨੂੰ ਲਿਯਮੋਰ ਸ਼ਹਿਰ ਦੀ ਹੜ੍ਹ ਤੇ ਵੈਂਟੀ ਵਿੱਚ ਮਾਂ-ਪੁੱਤ ਦਾ ਹੜ੍ਹ ਦੀ ਲਪੇਟ ਵਿੱਚ ਆ ਕੇ ਇਸ ਦੁਨੀਆ ਨੂੰ ਛੱਡ ਜਾਣਾ…ਸਭ ਯਾਦ ਆਉਣ ਲੱਗਾ। ਉਹ ਫਿਰ ਸੋਚਣ ਲੱਗਾ, ਪਿਛਲੇ ਦਸ ਕੁ ਦਿਨਾਂ ਤੋਂ ਇਹ ਮੌਸਮ ਤਬਾਹੀ ਮਚਾ ਰਿਹਾ ਹੈ। ਸੂਰਜ ਦੇਵਤਾ ਦੇ ਦਰਸ਼ਨ ਕੀਤਿਆਂ ਵੀ ਏਨੇ ਕੁ ਦਿਨ ਤਾਂ ਹੋ ਹੀ ਗਏ ਹਨ। ਰੋਜ਼ੀ ਨੇ ਵੀ ਇੱਕ ਦਿਨ ਉਸ ਨੂੰ ਪੁੱਛਿਆ ਸੀ ਕਿ ਪਾਪਾ! ਸੂਰਜ ਕਦੋਂ ਸਾਡੇ ਘਰ ਆਏਗਾ? ਹਰਜੋਤ ਨੇ ਅੱਗੋਂ ਹੱਸ ਕੇ ਟਾਲ ਦਿੱਤਾ ਸੀ। ਉਸ ਨੇ ਫਿਰ ਮਾਵਾਂ ਧੀਆਂ ਨੂੰ ਸੁੱਤਿਆਂ ਪਿਆਂ ਵੇਖਿਆ। ਉਸ ਦੇ ਬੁੱਲ੍ਹਾਂ 'ਤੇ ਇੱਕ ਮੁਸਕਰਾਹਟ ਆਈ। ਉਸ ਨੇ ਇੱਕ ਵਾਰੀ ਫਿਰ ਸਾਰੇ ਕਮਰੇ ਵਿੱਚ ਨਜ਼ਰ ਘੁਮਾਈ। ਉਸ ਨੂੰ ਆਪਣੇ ਬਚਪਨ ਵਾਲਾ ਘਰ ਯਾਦ ਆਉਣ ਲੱਗਾ।

ਵਿਚਾਰਾਂ ਦੇ ਹੜ੍ਹ ਵਿੱਚ ਡੁੱਬਦਾ ਡੁੱਬਦਾ ਹਰਜੋਤ ਉਨ੍ਹਾਂ ਹੜ੍ਹ ਦੇ ਦਿਨਾਂ ਵਿੱਚ ਪਹੁੰਚ ਗਿਆ ਜਦੋਂ ਉਹ ਪੰਜ ਕੁ ਸਾਲ ਦਾ ਹੁੰਦਾ ਸੀ। ਉਹ ਆਪਣੇ ਮਾਂ-ਬਾਪ ਨਾਲ ਅੰਮ੍ਰਿਤਸਰ ਦੀ ਇੱਕ ਨੀਵੀਂ ਗਲੀ ਵਿੱਚ ਇੱਕ ਤਿੰਨ ਮੰਜ਼ਿਲਾ ਮਕਾਨ ਦੀ ਤੀਜੀ ਮੰਜ਼ਿਲ ਵਿੱਚ ਕਿਰਾਏ 'ਤੇ ਰਹਿੰਦਾ ਸੀ। ਬੜਾ ਜ਼ੋਰਦਾਰ ਹੜ੍ਹ ਆਇਆ ਸੀ। ਉਨ੍ਹਾਂ ਦੀ ਇਸ ਨੀਵੀਂ ਗਲੀ ਵਿੱਚ ਏਨਾ ਜ਼ਿਆਦਾ ਪਾਣੀ ਆ ਗਿਆ ਸੀ ਕਿ ਮਕਾਨ ਦੀ ਪਹਿਲੀ ਮੰਜ਼ਿਲ ਪਾਣੀ ਵਿੱਚ ਡੁੱਬੀ ਨਹੀਂ ਸੀ, ਪਰ ਡੁੱਬਣ ਵਾਲੀ ਜ਼ਰੂਰ ਹੋ ਗਈ ਸੀ। ਬਸ ਪਤਾ ਨਹੀਂ ਕਿਉਂ ਇਹ ਛੋਟਾ ਜਿਹਾ ਪਰਿਵਾਰ ਤੀਜੀ ਮੰਜ਼ਿਲ 'ਤੇ ਫਸ ਗਿਆ ਸੀ।

ਰਾਤ ਦਾ ਵਕਤ ਸੀ। ਮੀਂਹ ਬਹੁਤ ਜ਼ੋਰ ਨਾਲ ਵਰ੍ਹ ਰਿਹਾ ਸੀ। ਬਿਜਲੀ ਬਹੁਤ ਜ਼ੋਰ ਨਾਲ ਕੜਕ ਰਹੀ ਸੀ। ਬੱਦਲ ਬਹੁਤ ਜ਼ੋਰ ਨਾਲ ਗਰਜ ਰਹੇ ਸਨ। ਹਵਾ ਦੀ ਸ਼ਾਂ ਸ਼ਾਂ ਵੀ ਡਰਾ ਰਹੀ ਸੀ। ਨੀਵੀਂ ਗਲੀ ਵਿੱਚ ਦੋ ਕੱਚੇ ਮਕਾਨ ਤਾਂ ਢਹਿ ਵੀ ਚੁੱਕੇ ਸਨ। ਹਰਜੋਤ ਦੇ ਮਾਂ-ਬਾਪ ਜਿਨ੍ਹਾਂ ਨੂੰ ਉਹ ਬੀਜੀ ਤੇ ਭਾਪਾ ਜੀ ਕਹਿ ਕੇ ਬੁਲਾਉਂਦਾ ਸੀ, ਬਹੁਤ ਡਰੇ ਹੋਏ ਤੇ ਘਬਰਾਏ ਹੋਏ ਸਨ ਅਤੇ ਉਨ੍ਹਾਂ ਤੋਂ ਜ਼ਿਆਦਾ ਡਰਿਆ ਹੋਇਆ ਤੇ ਸਹਿਮਿਆ ਹੋਇਆ ਸੀ ਇਹ ਛੋਟਾ ਜਿਹਾ ਬਾਲ ਹਰਜੋਤ ਆਪ।

ਘਰ ਦੇ ਅਗਲੇ ਪਾਸੇ ਇੱਕ ਬੈਠਕ ਸੀ ਜਿਸ ਦੀਆਂ ਬਾਰੀਆਂ ਵਿੱਚੋਂ ਬਾਹਰ ਗਲੀ ਵਿੱਚ ਵੇਖਿਆ ਜਾ ਸਕਦਾ ਸੀ। ਗਲੀ ਤਾਂ ਇੱਕ ਨਹਿਰ ਬਣੀ ਹੋਈ ਸੀ। ਬੈਠਕ ਵਿੱਚੋਂ ਹੀ ਇੱਕ ਦਰਵਾਜ਼ਾ ਰਸੋਈ ਵਿੱਚ ਖੁੱਲ੍ਹਦਾ ਸੀ। ਸਾਰੇ ਘਰ ਵਿੱਚ ਇੱਕ ਰਸੋਈ ਹੀ ਸੀ ਜਿਸ ਨੂੰ ਸੁਰੱਖਿਅਤ ਸਮਝਿਆ ਜਾ ਸਕਦਾ ਸੀ। ਭਾਪਾ ਜੀ ਤੇ ਬੀਜੀ ਨੇ ਆਪਣੇ ਇਕਲੌਤੇ ਬੱਚੇ ਨੂੰ ਨਾਲ ਲਿਆ ਤੇ ਰਸੋਈ ਵਿੱਚ ਦਰੀਆਂ ਵਿਛਾ ਕੇ ਬੈਠ ਗਏ। ਹਰਜੋਤ ਨੂੰ ਚੰਗੀ ਤਰ੍ਹਾਂ ਯਾਦ ਆਇਆ ਕਿ ਉਹ ਇਕਦਮ ਡਰਿਆ ਤੇ ਸਹਿਮਿਆ ਹੋਇਆ ਆਪਣੇ ਬੀਜੀ ਦੀ ਗੋਦ ਵਿੱਚ ਬੈਠਾ ਸੀ। ਭਾਪਾ ਜੀ ਦੇ ਮੂੰਹੋਂ ਨਿਕਲਿਆ ਸੀ, "ਇਹ ਮੌਸਮ ਤਾਂ ਤਬਾਹੀ ਕਰ ਕੇ ਛੱਡੇਗਾ। ਪਤਾ

ਨਹੀਂ ਵਾਹਿਗੁਰੂ ਨੂੰ ਕੀ ਮਨਜ਼ੂਰ ਹੈ? ਪਤਾ ਨਹੀਂ ਵਾਹਿਗੁਰੂ ਹੈ ਵੀ ਕਿ ਨਹੀਂ?"

ਬੀਜੀ ਵਾਹਿਗੁਰੂ ਵਾਹਿਗੁਰੂ ਕਰਦੇ ਰਹੇ। ਹਰਜੋਤ ਵਾਹਿਗੁਰੂ ਵਾਹਿਗੁਰੂ ਸੁਣਦਾ ਸੁਣਦਾ ਪਤਾ ਨਹੀਂ ਕਿਹੜੇ ਵੇਲੇ ਬੀਜੀ ਦੀ ਗੋਦ ਵਿੱਚ ਸੌਂ ਗਿਆ। ਪਤਾ ਨਹੀਂ ਕਿਹੜੇ ਵੇਲੇ ਹਰਜੋਤ ਆਪਣੇ ਬਚਪਨ ਦੀਆਂ ਹੜ੍ਹ ਮਾਰੀਆਂ ਯਾਦਾਂ ਵਿੱਚੋਂ ਵਾਪਸ ਆ ਗਿਆ। ਚੇਤਨ ਤੇ ਰੋਜ਼ੀ ਨੂੰ ਸੁੱਤਿਆਂ ਵੇਖ ਕੇ ਉਸ ਨੂੰ ਇੱਕ ਤਸੱਲੀ ਜਿਹੀ ਹੋਈ। ਉਸ ਨੂੰ ਖ਼ੁਦ ਵੀ ਪਤਾ ਨਾ ਲੱਗਿਆ ਕਿ ਉਹ ਕਿਹੜੇ ਵੇਲੇ ਸੌਂ ਗਿਆ।

ਸਵੇਰ ਹੋ ਗਈ। ਚੇਤਨ ਜਾਗ ਤਾਂ ਪਈ ਸੀ, ਪਰ ਅਜੇ ਬਿਸਤਰੇ ਵਿੱਚ ਹੀ ਪਲਸੇਟੇ ਮਾਰ ਰਹੀ ਸੀ। ਕਦੇ ਰੋਜ਼ੀ ਨੂੰ ਸੁੱਤਿਆਂ ਵੇਖਦੀ ਤੇ ਕਦੇ ਹਰਜੋਤ ਨੂੰ। ਦੋਵਾਂ ਨੂੰ ਸੁੱਤਿਆਂ ਵੇਖ ਕੇ ਉਸ ਦੇ ਮਨ ਨੂੰ ਇੱਕ ਖ਼ੁਸ਼ੀ ਜਿਹੀ ਮਹਿਸੂਸ ਹੋਈ। ਉਹ 'ਵਾਹਿਗੁਰੂ ਤੇਰਾ ਸ਼ੁਕਰ ਹੈ' ਕਹਿੰਦੀ ਹੋਈ ਬਿਸਤਰੇ ਵਿੱਚੋਂ ਉੱਠੀ ਤੇ ਕਮਰੇ ਦੇ ਪਰਦੇ ਖੋਲ੍ਹ ਦਿੱਤੇ। ਬਾਹਰ ਸੂਰਜ ਚੜ੍ਹ ਰਿਹਾ ਸੀ। ਉਸ ਦੀਆਂ ਕਿਰਨਾਂ ਥੋੜ੍ਹਾ ਥੋੜ੍ਹਾ ਚਾਨਣ ਕਰ ਰਹੀਆਂ ਸਨ। ਚੇਤਨ ਗੁਸਲਖ਼ਾਨੇ ਵਿੱਚ ਗਈ ਅਤੇ ਬਾਹਰ ਆ ਕੇ ਫਿਰ ਰਸੋਈ ਵਿੱਚ ਚਲੀ ਗਈ। ਸ਼ਾਇਦ ਹਰ ਰੋਜ਼ ਵਾਂਗ ਚਾਹ ਬਣਾ ਕੇ ਲਿਆਏਗੀ ਤੇ ਬੜੇ ਪਿਆਰ ਨਾਲ ਹਰਜੋਤ ਨੂੰ ਜਗਾਏਗੀ। ਹਰਜੋਤ ਸ਼ਾਇਦ ਥੋੜ੍ਹਾ ਹੋਰ ਸੌਂ ਲੈਂਦਾ ਜੇ ਰੋਜ਼ੀ ਦੀ ਚੀਕ ਉਸ ਨੂੰ ਜਗਾ ਨਾ ਦਿੰਦੀ।

"ਪਾਪਾ…ਪਾਪਾ…" ਰੋਜ਼ੀ ਦੀ ਇਕਦਮ ਚੀਕ ਨਿਕਲੀ। ਸ਼ਾਇਦ ਕੋਈ ਡਰਾਉਣਾ ਸੁਪਨਾ ਵੇਖ ਲਿਆ ਹੋਵੇਗਾ। ਚੀਕ ਦੀ ਆਵਾਜ਼ ਤੋਂ ਹਰਜੋਤ ਤ੍ਰਭਕ ਕੇ ਜਾਗਿਆ ਤੇ "ਆ ਮੇਰੀ ਗੁੱਡੋ ਰਾਣੀ" ਕਹਿੰਦਿਆਂ ਹੋਇਆਂ ਰੋਜ਼ੀ ਨੂੰ ਆਪਣੇ ਗਲ ਨਾਲ ਲਾ ਲਿਆ। ਰੋਜ਼ੀ ਨੇ ਵੀ ਘੁੱਟ ਕੇ ਪਾਪਾ ਨੂੰ ਜੱਫੀ ਪਾ ਲਈ। ਰੋਜ਼ੀ ਦੀ ਚੀਕ ਸੁਣ ਕੇ ਚੇਤਨ ਵੀ ਰਸੋਈ ਵਿੱਚੋਂ ਦੌੜੀ ਹੋਈ ਆਈ। ਰੋਜ਼ੀ ਨੇ ਪਾਪਾ ਨਾਲ ਜੱਫੀ ਨੂੰ ਹੋਰ ਵੀ ਘੁੱਟ ਲਿਆ ਤੇ ਹੌਲੀ ਜਿਹੀ ਆਵਾਜ਼ ਵਿੱਚ ਪੁੱਛਿਆ, "ਪਾਪਾ! ਮੌਸਮ ਠੀਕ ਹੋ ਗਿਐ?"

"ਹਾਂ ਮੇਰੇ ਬੱਚੇ! ਮੇਰੀ ਗੁੱਡੋ ਰਾਣੀ! ਬਾਹਰ ਤਾਂ ਸੂਰਜ ਵੀ ਨਿਕਲ ਆਇਆ। ਆਹ ਦੇਖ! ਢੇਰ ਸਾਰੀਆਂ ਕਿਰਨਾਂ ਸਾਡੇ ਘਰ ਆ ਗਈਆਂ ਨੇ।"

ਪਾਪਾ ਨੇ ਰੋਜ਼ੀ ਨੂੰ ਤਸੱਲੀ ਦਿਵਾਈ। ਕਮਰੇ ਵਿੱਚ ਕਿਰਨਾਂ ਦੇ ਚਾਨਣ ਨੂੰ ਵੇਖ ਕੇ ਪਹਿਲਾਂ ਤਾਂ ਰੋਜ਼ੀ ਥੋੜ੍ਹਾ ਜਿਹਾ ਮੁਸਕਰਾਈ ਤੇ ਫਿਰ ਜ਼ੋਰ ਨਾਲ ਹੱਸਦੀ ਹੋਈ ਨੇ ਪਾਪਾ ਨੂੰ ਹੋਰ ਵੀ ਘੁੱਟ ਕੇ ਜੱਫੀ ਵਿੱਚ ਲੈ ਲਿਆ। ਫਿਰ ਉਸ ਨੇ ਆਪਣੀ ਮੰਮੀ ਵੱਲ ਵੇਖਿਆ ਤੇ ਕਹਿਣ ਲੱਗੀ;

"ਮੰਮੀ! ਮੇਰਾ ਹੱਥ ਘੁੱਟ ਕੇ ਫੜ ਲਓ।" ਰੋਜ਼ੀ ਨੇ ਆਪਣਾ ਹੱਥ ਮੰਮੀ ਵੱਲ ਵਧਾ ਦਿੱਤਾ ਤੇ ਮੰਮੀ ਨੇ ਰੋਜ਼ੀ ਦਾ ਹੱਥ ਘੁੱਟ ਕੇ ਫੜ ਲਿਆ। ਰੋਜ਼ੀ ਫਿਰ ਕਹਿਣ ਲੱਗੀ,

"ਮੰਮੀ! ਹੁਣ ਤੁਸੀਂ ਇਸ ਮੌਸਮ ਤੋਂ ਬਿਲਕੁਲ ਨਾ ਡਰਨਾ। ਵੇਖੋ ਮੰਮੀ! ਕਿਰਨਾਂ ਵਾਲਾ ਸੂਰਜ ਸਾਡੇ ਘਰ ਆ ਗਿਆ ਏ।"

ਸੰਪਰਕ: 61403125209

# ਜੋੜੀਆਂ ਜੱਗ ਥੋੜ੍ਹੀਆਂ ਨਰੜ ਬਥੇਰੇ ਕਿਉਂ ?

ਯਾਦ ਨਹੀਂ ਮੈਨੂੰ ਕਿ ਇਹ ਗੱਲ ਮੈਂ ਕਿਤਿਉਂ ਪੜ੍ਹੀ ਸੀ ਜਾਂ ਕਿਸੇ ਦੇ ਮੂੰਹੋਂ ਸੁਣੀ ਹੋਈ ਐ ਪਰ ਜਾਪਦੀ ਇਹ ਪੂਰੀ ਸੱਚ ਹੈ। ਨਰੜ ਤਾਂ ਘਰ ਘਰ ਦੇਖੇ ਜਾ ਸਕਦੇ ਹਨ ਪਰ 'ਜੋੜੀਆਂ' ਟਾਂਵੀਆਂ ਟਾਂਵੀਆਂ ਹੀ ਕਿਉਂ ਹੁੰਦੀਆਂ ਨੇ ?

ਕਹਿੰਦੇ ਦਰਗਾਹ ਵਿੱਚ ਵਿਆਹ ਦੇ ਸੰਜੋਗ ਜੋੜਨ ਵਾਲ਼ਾ 'ਇੰਚਾਰਜ' ਹਰ ਰੋਜ ਸੁਵਖਤੇ ਹੀ ਕੁੜੀਆਂ ਅਤੇ ਮੁੰਡਿਆਂ ਦੇ ਨਾਵਾਂ ਵਾਲ਼ੀਆਂ ਪਰਚੀਆਂ ਦੇ ਦੋ ਵੱਖ ਵੱਖ ਢੇਰ ਲਾ ਕੇ ਬਹਿ ਜਾਂਦਾ ਐ।ਬੜੀ ਫੁਰਤੀ ਨਾਲ਼ ਉਹ ਮੁੰਡਿਆਂ ਦੇ ਢੇਰ 'ਚੋਂ ਇੱਕ ਪਰਚੀ ਚੁੱਕਦਾ ਹੈ ਤੇ ਇੱਕ ਕੁੜੀਆਂ ਦੇ ਨਾਵਾਂ ਵਾਲ਼ੇ ਢੇਰ ਵਿੱਚੋਂ।ਦੋਹਾਂ ਨੂੰ ਮਰੋੜੀ ਦੇ ਕੇ ਇੱਕ ਹੋਰ ਤੀਸਰਾ ਢੇਰ ਲਾ ਦਿੰਦਾ ਹੈ ਜੋ 'ਅਗਲੇਰੇ ਪ੍ਰੋਸੀਜ਼ਰ' ਲਈ ਸਬੰਧਿਤ ਮਹਿਕਮੇਂ ਵਾਲ਼ੇ ਚੁੱਕ ਕੇ ਲੈ ਜਾਂਦੇ ਹਨ!



ਕਹਿੰਦੇ ਕੁੜੀਆਂ ਦੇ ਨਾਂ ਵਾਲ਼ੇ ਢੇਰ ਵਿੱਚੋਂ ਪਰਚੀ ਚੁੱਕਦਿਆਂ ਉਹ ਕਦੇ 'ਚੰਗੀ' ਜਾਂ ਕਦੇ 'ਮੰਦੀ' ਅਤੇ ਇਸੇ ਤਰਾਂ ਮੁੰਡਿਆਂ ਵਾਲ਼ੇ ਢੇਰ 'ਚੋਂ ਪਰਚੀ ਚੁੱਕਣ ਲੱਗਿਆਂ 'ਚੰਗਾ' ਜਾਂ ਕਦੇ 'ਮੰਦਾ' ਬੋਲਦਾ ਹੈ!

ਸਵੇਰੇ ਸਵੇਰੇ ਕੁੱਝ ਚਿਰ ਤਾਂ ਉਹ 'ਚੰਗੀ-ਚੰਗਾ' ਅਤੇ 'ਮੰਦੀ-ਮੰਦਾ' ਕਹਿ ਕੇ ਪਰਚੀਆਂ ਜੋੜੀ ਜਾਂਦਾ ਹੈ ਪਰ ਫਿਰ
ਦੋਏ ਢੇਰ ਛੇਤੀ ਛੇਤੀ ਨਿਬੇੜਨ ਕਾਰਨ ਉਹ ਅੱਕ ਥੱਕ ਕੇ ਪਰਚੀਆਂ ਚੁੱਕਣ ਵੇਲ਼ੇ ਇੰਨਾਂ ਕਾਹਲ਼ੀ ਬੋਲਦਾ ਹੈ ਕਿ ਕਿਤੇ ਇੱਕ-ਅੱਧ ਵਾਰ ਹੀ ਉਹਦੇ ਮੂੰਹੋਂ 'ਚੰਗੀ-ਚੰਗਾ' ਨਿਕਲ਼ ਜਾਂਦਾ ਹੈ, ਨਹੀਂ ਤਾਂ ਉਹ 'ਚੰਗੀ-ਮੰਦਾ' ਤੇ 'ਮੰਦਾ-ਚੰਗੀ' ਵਾਲ਼ੀਆਂ ਪੁੜੀਆਂ ਹੀ ਬਣਾ ਬਣਾ ਸੁੱਟੀ ਜਾਂਦਾ !!

ਇਉਂ ਉਹਦੇ ਕੋਲ਼ 'ਨਰੜਾਂ ਦੇ ਤਾਂ ਢੇਰ' ਲੱਗ ਜਾਂਦੇ ਹਨ ਤੇ 'ਜੋੜੀਆਂ ਜੱਗ ਥੋੜ੍ਹੀਆਂ' ਵਾਲ਼ਾ ਢੇਰ ਛੋਟਾ ਜਿਹਾ ਹੀ !!

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

# ਭਾਰਤ ਵਿਚ ਡਿਜੀਟਲ ਲੈਣ-ਦੇਣ ਸਹੂਲਤਾਂ ਤੇ ਸਮੱਸਿਆਵਾਂ

ਸਫ਼ਾ 5 ਦੀ ਬਾਕੀ

ਲੱਖ ਮਿਲੇਗਾ। ਇਸ ਵਿਚ ਇਕ ਲੱਖ ਦਾ ਚੂਨਾ ਲੱਗਦਾ ਹੈ ਤੇ ਉਸ ਤੋਂ ਬਾਅਦ ਜੇ ਕੋਈ ਚਾਲ ਨਹੀਂ ਸਮਝਦਾ ਤਾਂ ਉਸ ਨੂੰ ਪੰਜ ਲੱਖ ਦਾ ਚੂਨਾ ਤੈਅ ਹੈ। ਹਾਲ ਹੀ 'ਚ ਕੇਰਲ 'ਚ ਦੁਕਾਨਦਾਰਾਂ ਨੂੰ ਨਵੀਂ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਗਾਹਕ ਦੁਕਾਨ 'ਤੇ ਆਇਆ, ਸਾਮਾਨ ਖ਼ਰੀਦਿਆ ਅਤੇ ਯੂਪੀਆਈ ਯਾਨੀ ਪੇਟੀਐੱਮ ਜਾਂ ਗੂਗਲ ਪੇਅ ਜਾਂ ਕੋਈ ਹੋਰ ਇਸ ਤਰ੍ਹਾਂ ਦੇ ਮਾਧਿਅਮ ਤੋਂ ਪੇਮੈਂਟ ਕਰ ਦਿੱਤੀ। ਉਸ ਵਿਚ ਦੁਕਾਨਦਾਰ ਦਾ ਬੈਂਕ ਖਾਤਾ ਫਰੀਜ਼ ਕਰ ਦਿੱਤਾ ਜਾਂਦਾ ਹੈ। ਜਦੋਂ ਦੁਕਾਨਦਾਰ ਬੈਂਕ ਜਾ ਕੇ ਪਤਾ ਕਰਦਾ ਹੈ ਤਾਂ ਜਵਾਬ ਮਿਲਦਾ ਹੈ, ਸਾਈਬਰ ਸੈੱਲ ਵੱਲੋਂ ਆਦੇਸ਼ ਆਏ ਸਨ।

ਦੁਕਾਨਦਾਰ ਕੇਰਲ ਸਾਈਬਰ ਸੈੱਲ ਵਿਚ ਪਹੁੰਚਦਾ ਹੈ ਤਾਂ ਪਤਾ ਲੱਗਦਾ ਹੈ ਕਿ ਇਹ ਖਾਤਾ ਗੁਜਰਾਤ ਸਾਈਬਰ ਸੈੱਲ ਨੇ ਬੰਦ ਕਰਵਾਇਆ ਹੈ। ਗੁਜਰਾਤ ਸੈੱਲ ਤੋਂ ਪਤਾ ਲੱਗਦਾ ਹੈ ਜਿਸ ਖਾਤੇ ਵਿੱਚੋਂ ਦੁਕਾਨਦਾਰ ਨੂੰ ਪੇਮੈਂਟ ਆਈ ਹੈ, ਉਸ ਦੀਆਂ ਗਤੀਵਿਧੀਆਂ ਠੀਕ ਨਹੀਂ ਹਨ। ਇਸ ਤਰ੍ਹਾਂ ਦੇ ਇੱਕਾ-ਦੁੱਕਾ ਕੇਸ ਨਹੀਂ ਬਲਕਿ 300 ਤੋਂ ਵੱਧ ਕੇਸ ਚਰਚਾ ਵਿਚ ਹਨ। ਅਸੀਂ ਡਿਜੀਟਲ ਇੰਡੀਆ ਦਾ ਕੰਮ 8 ਸਾਲ ਪਹਿਲਾਂ ਸ਼ੁਰੂ ਕੀਤਾ ਸੀ ਪਰ ਕਾਨੂੰਨ 2000 ਵਾਲਾ ਆਈਟੀ ਐਕਟ ਹੀ ਹੈ ਜਿਸ ਵਿਚ ਵੱਡੇ ਪੱਧਰ 'ਤੇ ਬਦਲਾਅ ਦੀ ਜ਼ਰੂਰਤ ਸੀ। ਇਸ ਵਾਰ ਮੌਨਸੂਨ ਇਜਲਾਸ ਵਿਚ ਡਿਜੀਟਲ ਪਰਸਨਲ ਡਾਟਾ ਬਿੱਲ 2023 ਪਾਸ ਕੀਤਾ ਗਿਆ ਹੈ। ਹਾਲਾਂਕਿ ਛੋਟੇ-ਮੋਟੇ ਸੁਧਾਰ ਆਰਬੀਆਈ ਕਰਦੀ ਹੈ ਜਿਵੇਂ ਕਿ ਓਟੀਪੀ ਲਾਉਣੇ, ਦੋ ਫੈਕਟਰ ਪ੍ਰਮਾਣਿਕਤਾ ਲਗਾਉਣੀ ਆਦਿ ਹਨ ਖ਼ਾਸ ਕਰਕੇ ਈ-ਕਾਮਰਸ ਲਈ। ਇਸ ਵੇਲੇ ਬਹੁਤੇ ਸਾਈਬਰ ਕ੍ਰਾਈਮ ਸੈੱਲ ਵਾਲਿਆਂ ਨੂੰ ਵੀ ਸਿਖਲਾਈ ਦੀ ਵੱਡੇ ਪੱਧਰ 'ਤੇ ਲੋੜ ਹੈ ਕਿਉਂਕਿ ਇਸ ਵੇਲੇ ਉਹ ਪ੍ਰਾਈਵੇਟ ਏਜੰਸੀਆਂ ਦੀ ਮਦਦ ਨਾਲ ਚੱਲਦੇ ਹਨ। ਇਕ ਖੋਜ ਸੈੱਲ ਹੋਵੇ ਜੋ ਇਨ੍ਹਾਂ ਨਵੀਆਂ ਠੱਗੀਆਂ ਦੇ ਤਰੀਕੇ ਨੂੰ ਸਟੱਡੀ ਕਰ ਕੇ ਬੰਦ ਕਰੇ ਤਾਂ ਜੋ ਲੋਕਾਂ ਨਾਲ ਠੱਗੀ ਨਾ ਹੋਵੇ। ਇਹ ਸੈੱਲ ਡਿਜੀਟਲ ਲਿਟਰੇਸੀ ਦੇ ਪ੍ਰੋਗਰਾਮ ਤਹਿਤ ਲੋਕਾਂ ਨੂੰ ਵਰਤੋਂ ਸਿਖਾਉਣ ਦੇ ਨਾਲ-ਨਾਲ ਜੋ ਨਵੇਂ ਢੰਗ-ਤਰੀਕੇ ਠੱਗੀ ਦੇ ਆਉਂਦੇ ਹਨ, ਉਨ੍ਹਾਂ ਤੋਂ ਵੀ ਜਾਣੂ ਕਰਵਾਇਆ ਜਾਵੇ। ਕਾਨੂੰਨ ਬਣਾ ਕੇ ਸਖ਼ਤ ਸਜ਼ਾ ਹੋਵੇ ਅਤੇ ਜੋ ਲੋਕਾਂ ਨਾਲ ਠੱਗੀ ਵੱਜਦੀ ਹੈ, ਉਹ ਤੁਰੰਤ ਪਤਾ ਲਗਾਵੇ ਅਤੇ ਪੈਸੇ ਮੁੜਨ।

-ਮੋਬਾਈਲ : 96537-90000

# ਵੀਅਤਨਾਮ ਕੁਦਰਤੀ ਖ਼ੂਬਸੂਰਤੀ ਨਾਲ ਭਰਪੂਰ ਦੇਸ਼

ਸਫ਼ਾ 5 ਦੀ ਬਾਕੀ

ਰਿਹਾ ਹੈ। ਇੱਥੇ ਇੱਕ ਰੇਲਵੇ ਲਾਈਨ ਹੈ ਜਿਸ ਦੇ ਕਿਨਾਰੇ 'ਤੇ ਦੁਕਾਨਾਂ ਹਨ। ਇੱਥੇ ਲੋਕ ਆ ਕੇ ਬੀਅਰ ਆਦਿ ਪੀਂਦੇ ਹਨ ਤੇ ਜਦੋਂ ਗੱਡੀ ਲੰਘੇ ਤਾਂ ਟਰੈਕ ਤੋਂ ਪਰੇ ਹੋ ਜਾਂਦੇ ਹਨ। ਗੱਲ ਤਾਂ ਬਸ ਆਨੰਦ ਦੀ ਹੈ।



ਵੀਅਤਨਾਮ ਦੀ ਪੁਰਾਣੀ ਰਾਜਧਾਨੀ ਹੈ ਹੈਲੋਈ। ਹੈਲੋਈ ਦੇ ਪਿਛਲੇ ਪਾਸੇ ਪਹਾੜਾਂ ਵਿੱਚ ਘਿਰੀ ਝੀਲ ਹੈ। ਝੀਲ ਵਿੱਚ ਛੋਟੀਆਂ ਚੱਪੂ ਕਿਸ਼ਤੀਆਂ ਚੱਲ ਰਹੀਆਂ ਸਨ ਤੇ ਪਾਸੇ 'ਤੇ ਝੰਡਾ ਲਾਇਆ ਹੋਇਆ ਸੀ। ਕਿਸ਼ਤੀ 'ਤੇ ਝੰਡਾ ਵੱਢ ਕੇ ਸਾਡੇ ਹਰੰਬੇ ਵਾਂਗ ਝਾੜ ਰਹੇ ਸਨ। ਦੋ ਹਜ਼ਾਰ ਦੇ ਕਰੀਬ ਨਿੱਕੇ ਵੱਡੇ ਟਾਪੂਆਂ ਵਿੱਚ ਘੁੰਮਣ ਦਾ ਆਨੰਦ ਹੀ ਵੱਖਰਾ ਹੈ। ਇੱਕ ਟਾਪੂ ਚਾਚਾ ਹੋ ਨੇ ਮਾਰਸ਼ਲ ਟੀਟੋ ਦੇ ਨਾਂ ਕੀਤਾ ਸੀ, ਜਦੋਂ ਉਹ ਇੱਥੇ ਆਇਆ ਸੀ।

ਅਜੇ ਤਾਂ ਦੇਸ਼ ਨੂੰ ਆਜ਼ਾਦ ਹੋਏ ਪੰਜਾਹ ਸਾਲ ਵੀ ਨਹੀਂ ਹੋਏ, ਪਰ ਇੱਥੇ ਸਾਫ਼ ਸਫ਼ਾਈ ਚੰਗੀ ਹੈ। ਕਿੱਧਰੇ ਕੋਈ ਕਿਸੇ ਤੋਂ ਪੈਸੇ ਮੰਗਦਾ ਨਹੀਂ ਵੇਖਿਆ, ਸਾਰੇ ਕੰਮ ਕਰਕੇ ਕਮਾਉਂਦੇ ਹਨ। ਇੱਥੇ ਆਵਾਜਾਈ ਦਾ ਵੱਡਾ ਸਾਧਨ ਮੋਟਰਸਾਈਕਲ ਜਾਂ ਸਕੂਟਰੀ ਹੈ। ਦੂਜੇ ਪਾਸੇ ਅਮੀਰਾਂ ਨੇ ਮਹਿੰਗੀਆਂ ਗੱਡੀਆਂ ਵੀ ਰੱਖੀਆਂ ਨੇ। ਪੁਲੀਸ ਕਿਧਰੇ ਨਜ਼ਰ ਨਹੀਂ ਆਉਂਦੀ, ਪਰ ਕਿਧਰੇ ਕਿਧਰੇ ਫੌਜੀ ਜ਼ਰੂਰ ਫਿਰਦੇ ਹਨ। ਲੋਕਾਂ ਵਿੱਚ ਸਾਦਗੀ ਤੇ ਨਿਮਰਤਾ ਹੈ। ਕੋਈ ਵੀ ਹੌਰਨ ਨਹੀਂ ਮਾਰਦਾ।

# ਵਿਸ਼ਵਾਸ ਨਾਲ ਹੀ ਤੁਸੀਂ ਸਫਲ ਜਾਂ ਅਸਫਲ ਹੋ ਸਕਦੇ ਹੋ

## ਜੇ ਤੁਸੀਂ ਆਪਣੇ ਉਤੇ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੱਖਰੇ ਢੰਗ ਨਾਲ ਸੋਚਣ ਦੇ ਯੋਗ ਹੋਵੋਗੇ




ਇਹ ਵਿਸ਼ਵਾਸ ਹੀ ਜਿਸ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ। ਇਹ ਰਚਨਾਤਮਕ ਸਾਧਨਾਂ ਦਾ ਦਰਵਾਜ਼ਾ ਖੋਲ੍ਹਦਾ ਹੈ। ਜੇਕਰ ਤੁਸੀਂ ਸੋਚਦੇ ਹੋ ਕਿ ਇਹ ਕੰਮ ਨਹੀਂ ਹੋ ਸਕਦਾ ਤਾਂ ਤੁਹਾਡਾ ਅਵਚੇਤਨ ਮਨ ਉਸ ਪਾਸੇ ਵੱਲ ਚਲਾ ਜਾਂਦਾ , ਜੋ ਅਸਫਲਤਾ ਵੱਲ ਲੈ ਜਾਂਦਾ ਹੈ। ਜੇਕਰ ਤੁਹਾਨੂੰ ਵਿਸ਼ਵਾਸ ਹੈ ਤਾਂ ਤੁਸੀਂ ਆਪਣੀਆਂ ਨਿੱਜੀ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹੋ ਤਾਂ ਹੱਲ ਲਈ ਸਾਧਨ ਵੀ ਆਪਣੇ ਆਪ ਅੱਗੇ ਆ ਜਾਂਦੇ ਹਨ। ਜਦੋਂ ਤੁਸੀਂ ਆਪਣੇ ਉਤੇ ਵਿਸ਼ਵਾਸ ਕਰੋਗੇ ਤੇ ਉਸਾਰੂ ਸੋਚਣਾ ਸ਼ੁਰੂ ਕਰੋਗੇ ਤਾਂ ਟੀਚੇ ਤੱਕ ਪਹੁੰਚਣਾ ਆਸਾਨ ਹੋ ਜਾਵੇਗਾ।

(ਪਾਵਰ ਆਫ਼ ਪਾਜ਼ਟਿਵ ਥਿੰਕਿੰਗ)

## ਕੇਵਲ ਕਰਮ ਦੁਆਰਾ ਤੁਸੀਂ ਆਪਣੇ ਡਰ ਨੂੰ ਦੂਰ ਕਰ ਸਕਦੇ ਹੋ




ਡਰ ਲੋਕਾਂ ਨੂੰ ਸਰੀਰਕ ਤੌਰ 'ਤੇ ਬਹੁਤ ਕਮਜ਼ੋਰ ਬਣਾ ਦਿੰਦਾ ਹੈ। ਜਦੋਂ ਤੁਸੀਂ ਬੋਲਣਾ ਚਾਹੁੰਦੇ ਹੋ ਤਾਂ ਡਰ ਤੁਹਾਨੂੰ ਬੋਲਣ ਨਹੀਂ ਦਿੰਦਾ। ਜੇ ਅਸੀਂ ਇਸ ਨੂੰ ਵੇਖੀਏ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਡਰ ਲੋਕਾਂ ਨੂੰ ਉਹ ਕੁਝ ਪ੍ਰਾਪਤ ਕਰਨ ਤੋਂ ਰੋਕਦਾ ਹੈ ਜੋ ਉਹ ਅਸਲ ਵਿੱਚ ਜੀਵਨ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹਨ। ਜਾਣੋ ਡਰ ਦਾ ਅਸਲ ਕਾਰਨ ਕੀ ਹੈ। ਦੇਖੋ ਕਿ ਤੁਸੀਂ ਕਿਸ ਤੋਂ ਡਰਦੇ ਹੋ. ਫਿਰ ਇਸ ਡਰ ਨੂੰ ਕਰਮ ਨਾਲ ਦੂਰ ਕਰੋ।

(ਕਰੇਜ ਐਂਡ ਕਾਨਫੀਡੈਂਟ )

## ਅਸੀਂ ਉਦੋਂ ਹੀ ਅੱਗੇ ਵਧਾਂਗੇ ਜਦੋਂ ਤਬਦੀਲੀ ਨੂੰ ਸਵੀਕਾਰ ਕਰਾਂਗੇ




ਜ਼ਿਆਦਾਤਰ ਲੋਕ ਚਾਹੁੰਦੇ ਹਨ ਕਿ ਜੀਵਨ ਸਥਿਰ ਅਤੇ ਆਰਾਮਦਾਇਕ ਹੋਵੇ। ਪਰ ਜ਼ਿੰਦਗੀ ਇਸ ਤਰ੍ਹਾਂ ਕੰਮ ਨਹੀਂ ਕਰਦੀ। ਹਾਲਾਤ ਉਤੇ ਵਾਰ-ਵਾਰ ਤਬਦੀਲੀਆਂ ਦਾ ਅਸਰ ਪੈਂਦਾ ਹੈ। ਸੂਝਵਾਨ ਲੋਕ ਤਬਦੀਲੀ ਨੂੰ ਮੌਕੇ ਵਜੋਂ ਦੇਖਦੇ ਹਨ। ਤਬਦੀਲੀਆਂ ਤੋਂ ਲਾਭ ਉਠਾਓ। ਇੱਕ ਨਵੇਂ ਮੌਕੇ ਵਜੋਂ ਤਬਦੀਲੀ ਦਾ ਸੁਆਗਤ ਕਰੋ। ਜੇਕਰ ਤੁਸੀਂ ਤਬਦੀਲੀ ਨੂੰ ਸਵੀਕਾਰ ਨਹੀਂ ਕਰਦੇ , ਤਾਂ ਤੁਸੀਂ ਉੱਥੇ ਹੀ ਰਹੋਗੇ ਜਿੱਥੇ ਤੁਸੀਂ ਹੋ।

(ਡਾਂਟ ਬਿਲੀਵ ਇਨ ਐਵਰੀਥਿੰਕਿੰਗ ਯੂ ਥਿੰਕ)

# ਮਨੁੱਖ 'ਚ ਨਜ਼ਰੀਏ ਦੀ ਵਿਸ਼ਾਲਤਾ ਹੋਣੀ ਚਾਹੀਦੀ ਹੈ

ਅਸੀਂ ਨੌਜਵਾਨ ਮੁੰਡੇ-ਕੁੜੀਆਂ ਨੂੰ ਜੀਵਨ ਵਚ ਕਾਮਯਾਬ ਹੋਣ ਜਾਂ ਜਿੱਤਣ ਲਈ ਅਕਸਰ ਪ੍ਰੇਰਿਤ ਤਾਂ ਕਰਦੇ ਰਹਿੰਦੇ ਹਾਂ ਪਰ ਅਸੀਂ ਉਨ੍ਹਾਂ ਨੂੰ ਵਿਸ਼ਾਲ ਦ੍ਰਿਸ਼ਟੀਕੋਣ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ। ਇਸ ਨਾਲ ਜੀਵਨ ਵਿਚ ਕੀ ਸਭ ਤੋਂ ਮਹੱਤਵਪੂਰਨ ਹੈ, ਇਸ ਦੇ ਵਿਸ਼ੇ ਵਿਚ ਉਨ੍ਹਾਂ ਦੀ ਸਮਝ ਅਸੰਤੁਲਿਤ ਜਿਹੀ ਹੋ ਜਾਂਦੀ ਹੈ। ਵਿਸ਼ਾਲ ਦ੍ਰਿਸ਼ਟੀਕੋਣ ਇਹ ਹੈ ਕਿ ਜੀਵਨ ਖ਼ੁਦ ਵਿਚ ਇਕ ਵੱਡੀ ਪ੍ਰੀਖਿਆ ਹੈ। ਇਕ ਵਿਸ਼ਾਲ ਅਧਿਆਤਮਕ ਦ੍ਰਿਸ਼ਟੀਕੋਣ ਨਾਲ ਨੌਜਵਾਨ ਵਰਗ ਬਿਨਾਂ ਆਪਣੀ ਮੁਸਕਾਨ ਤੇ ਉਤਸ਼ਾਹ ਨੂੰ ਗੁਆਏ ਜੀਵਨ ਦੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇ ਸਕਦਾ ਹੈ। ਨੌਜਵਾਨਾਂ ਨੂੰ ਖ਼ੁਦ ਤੇ ਸਮਾਜ ਲਈ ਵੱਡੇ ਟੀਚੇ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਪ੍ਰਤੀ ਵਚਨਬੱਧ ਹੋਣਾ ਚਾਹੀਦਾ ਹੈ ਅਤੇ ਸੇਵਾ ਨੂੰ ਜੀਵਨ ਦਾ ਇਕ ਹਿੱਸਾ ਬਣਾਉਣਾ ਚਾਹੀਦਾ ਹੈ। ਅਜਿਹੀ ਵਚਨਬੱਧਤਾ ਤੁਹਾਨੂੰ ਅੜਿੱਕਿਆਂ ਤੋਂ ਪਾਰ ਲੈ ਕੇ ਜਾ ਸਕਦੀ ਹੈ। ਜਦ ਤੁਹਾਡੇ ਕੋਲ ਵੱਡਾ ਟੀਚਾ ਹੁੰਦਾ ਹੈ ਜਿਸ 'ਤੇ ਤੁਸੀਂ ਕੰਮ ਕਰ ਰਹੇ ਹੁੰਦੇ ਹੋ, ਤਦ ਮਨ ਘਟਨਾਵਾਂ ਵਿਚ ਨਹੀਂ ਫਸਦਾ ਅਤੇ ਤੁਸੀਂ ਪ੍ਰਸੰਨ ਰਹਿੰਦੇ ਹੋ। ਤੁਸੀਂ ਜਿੰਨਾ ਜ਼ਿਆਦਾ ਵਚਨਬੱਧ ਹੁੰਦੇ ਹੋ, ਤੁਹਾਨੂੰ ਕੋਈ ਕੰਮ ਕਰਨ ਲਈ ਜ਼ਿਆਦਾ ਸਮਰੱਥਾ ਪ੍ਰਾਪਤ ਹੁੰਦੀ ਹੈ। ਜਿੰਨਾ ਤੁਸੀਂ ਕਰ ਸਕਦੇ ਹੋ, ਉਸ ਤੋਂ ਥੋੜ੍ਹਾ ਜ਼ਿਆਦਾ ਕਰਨਾ ਹੀ ਵਚਨਬੱਧਤਾ ਹੈ। ਇਹ ਆਪਣੀ ਸਮਰੱਥਾ ਨੂੰ ਵਧਾਉਣਾ ਹੈ। ਤੁਸੀਂ ਇਹ ਨਹੀਂ ਕਹਿੰਦੇ ਹੋ ਕਿ ਮੈਂ ਇਕ ਗਲਾਸ ਪਾਣੀ ਪੀਣ ਲਈ ਵਚਨਬੱਧ ਹਾਂ ਜੋ ਤੁਸੀਂ ਉਂਜ ਵੀ ਕਰ ਸਕਦੇ ਹੋ। ਆਪਣੀ ਸਮਰੱਥਾ ਨਾਲੋਂ ਜ਼ਿਆਦਾ ਕੰਮ ਕਰਨ ਦੀ ਸੋਚ ਰੱਖਣਾ ਹੀ ਵਚਨਬੱਧਤਾ ਹੈ। ਆਪਣੇ ਕਠਿਨ ਟੀਚੇ ਨੂੰ ਸਰਲਤਾ ਨਾਲ ਹਾਸਲ ਕਰਨ ਲਈ ਨਿਰੰਤਰ ਤੌਰ 'ਤੇ ਪ੍ਰਭਾਵਸ਼ਾਲੀ ਰੂਹਾਨੀ ਅਭਿਆਸ ਜਿਵੇਂ ਕਿ ਯੋਗ, ਸ਼ਵ ਆਸਨ ਅਭਿਆਸ ਅਤੇ ਧਿਆਨ ਸਹਾਇਤਾ ਕਰਦਾ ਹੈ। ਇਸ ਨਾਲ ਤੁਹਾਨੂੰ ਜ਼ਿਆਦਾ ਊਰਜਾ ਤੇ ਮਨ ਦੀ ਚੰਗੇਰੀ ਅਵਸਥਾ ਹਾਸਲ ਹੁੰਦੀ ਹੈ ਜਿਸ ਨਾਲ ਤੁਸੀਂ ਜੀਵਨ ਦੇ ਮਾਫ਼ਕ ਤੇ ਉਲਟ ਹਾਲਾਤ ਦਾ ਸਾਹਮਣਾ ਕਰ ਸਕਦੇ ਹੋ। ਅੰਤ ਵਿਚ ਸਮਝ ਲਓ ਕਿ ਚਿੰਤਾ ਕਰਨਾ ਵਿਅਰਥ ਹੈ। ਚਿੰਤਾ ਦਾ ਅਰਥ ਹੈ ਕਿ ਤੁਸੀਂ ਆਪਣੀ ਸਮਰੱਥਾ ਬਾਰੇ ਚੰਗੀ ਤਰ੍ਹਾਂ ਨਹੀਂ ਜਾਣਦੇ ਹੋ। ਇਸੇ ਕਾਰਨ ਤੁਹਾਡੇ ਆਤਮ-ਵਿਸ਼ਵਾਸ ਵਿਚ ਕਮੀ ਆਉਂਦੀ ਹੈ ਜੋ ਕਾਫ਼ੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਤੁਹਾਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਮੈਂ ਜਿਸ ਚੁਣੌਤੀ ਦਾ ਸਾਹਮਣਾ ਕਰ ਰਿਹਾ ਹਾਂ, ਮੈਂ ਉਸ ਤੋਂ ਕਿਤੇ ਜ਼ਿਆਦਾ ਸਮਰੱਥ ਹਾਂ।

-ਸ੍ਰੀਸ੍ਰੀ ਰਵੀਸ਼ੰਕਰ।

# ਡੇਂਗੂ ਬੁਖਾਰ ਦੇ ਲੱਛਣ ਕੀ ਹਨ?

## ਇਸਨੂੰ ਆਮ ਬੁਖਾਰ ਸਮਝ ਕੇ ਨਜ਼ਰਅੰਦਾਜ਼ ਨਾ ਕਰੋ; ਪਲੇਟਲੈਟਸ ਘਟਣ ਕਾਰਨ ਮੌਤ ਦਾ ਖਤਰਾ

ਵਿਦੁਸ਼ੀ ਮਿਸ਼ਰਾ

ਦੇਸ਼ ਦੇ ਕਈ ਹਿੱਸਿਆਂ ਤੋਂ ਡੇਂਗੂ ਦੀਆਂ ਖ਼ਬਰਾਂ ਆ ਰਹੀਆਂ ਹਨ। ਬਿਹਾਰ, ਹਰਿਆਣਾ, ਪੰਜਾਬ, ਉੱਤਰਾਖੰਡ, ਉੱਤਰ ਪ੍ਰਦੇਸ਼, ਦਿੱਲੀ ਵਿੱਚ ਵੀ ਡੇਂਗੂ ਕਾਰਨ ਮੌਤਾਂ ਦੇ ਕੁਝ ਮਾਮਲੇ ਸਾਹਮਣੇ ਆਏ ਹਨ। ਡੇਂਗੂ ਜੁਲਾਈ ਤੋਂ ਅਕਤੂਬਰ ਦਰਮਿਆਨ ਤੇਜ਼ੀ ਨਾਲ ਫੈਲਦਾ ਹੈ। ਇਸ ਦਾ ਕਾਰਨ ਮੀਂਹ ਹੈ। ਅੱਜ ਅਸੀਂ ਡੇਂਗੂ ਦੇ ਲੱਛਣਾਂ (Dengue Symptoms) ਬਾਰੇ ਜਾਣਾਂਗੇ, ਡੇਂਗੂ ਫੈਲਾਉਣ ਵਾਲੇ ਮੱਛਰ ਬਾਰੇ ਜਾਣਾਂਗੇ, ਨਾਲ ਹੀ ਇਸ ਤੋਂ ਬਚਣ ਲਈ ਕਿਹੜੀਆਂ ਸਾਵਧਾਨੀਆਂ ਵਰਤੀਆਂ ਜਾ ਸਕਦੀਆਂ ਹਨ ਅਤੇ ਡੇਂਗੂ ਕਦੋਂ ਜਾਨਲੇਵਾ ਬਣ ਜਾਂਦਾ ਹੈ।

ਸਵਾਲ: ਡੇਂਗੂ ਕਿਵੇਂ ਹੁੰਦਾ ਹੈ?

ਉੱਤਰ: ਡੇਂਗੂ ਮਾਦਾ ਏਡੀਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਗੰਦਗੀ ਵਿਚ ਨਹੀਂ ਸਗੋਂ ਸਾਫ਼ ਥਾਵਾਂ 'ਤੇ ਪੈਦਾ ਹੁੰਦੇ ਹਨ। ਜਿਹੜੇ ਲੋਕ ਸ਼ਹਿਰਾਂ ਵਿੱਚ ਸਾਫ਼-ਸੁਥਰੀਆਂ ਥਾਵਾਂ 'ਤੇ ਰਹਿੰਦੇ ਹਨ, ਉਨ੍ਹਾਂ ਨੂੰ ਡੇਂਗੂ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਇਹ ਤਿੰਨ ਤਰੀਕਿਆਂ ਨਾਲ ਹੁੰਦਾ ਹੈ -

1. ਆਮ ਡੇਂਗੂ ਬੁਖ਼ਾਰ (Common dengue fever)
2. ਡੇਂਗੂ ਹੈਮੋਰੇਜਿਕ ਬੁਖ਼ਾਰ (Dengue hemorrhagic fever)
3. ਡੇਂਗੂ ਸ਼ੌਕ ਸਿਲੰਡਰ (Dengue shock syndrome)

ਡੇਂਗੂ ਹੈਮੋਰੇਜਿਕ ਬੁਖ਼ਾਰ ਕਾਰਨ ਨੱਕ, ਮਸੂੜਿਆਂ ਅਤੇ ਉਲਟੀਆਂ ਤੋਂ ਖ਼ੂਨ ਵਗਦਾ ਹੈ।

ਡੇਂਗੂ ਸ਼ੌਕ ਸਿੰਡਰੋਮ ਵਿੱਚ, ਮਰੀਜ਼ ਬੇਚੈਨ ਰਹਿੰਦਾ ਹੈ। ਕਈ ਵਾਰ ਹੋਸ਼ ਗੁਆ ਬੈਠਦਾ ਹੈ। ਇਸ ਨਾਲ ਬਲੱਡ ਪ੍ਰੈਸ਼ਰ ਵੀ ਘੱਟ ਹੋਣ ਲੱਗਦਾ ਹੈ।

ਇਨ੍ਹਾਂ ਤਿੰਨਾਂ ਦੇ 8 ਆਮ ਲੱਛਣ ਹੇਠਾਂ ਪੜ੍ਹੋ-

1. ਸਿਰ ਦਰਦ
2. ਮਾਸਪੇਸ਼ੀਆਂ ਅਤੇ ਹੱਡੀਆਂ ਵਿੱਚ ਦਰਦ
3. ਠੰਢ ਨਾਲ ਬੁਖਾਰ
4. ਦਿਲ ਕੱਚਾ ਕੱਚਾ ਹੋਣਾ
5. ਉਲਟੀਆਂ
6. ਅੱਖਾਂ ਦਾ ਦਰਦ
7. ਚਮੜੀ 'ਤੇ ਲਾਲ ਧੱਫੜ
8. ਮੂੰਹ ਵਿੱਚ ਖਰਾਬ ਸੁਆਦ

ਸਵਾਲ: ਜੇਕਰ ਇਹ ਲੱਛਣ ਦਿਖਾਈ ਦੇਣ ਤਾਂ ਕੀ ਕਰਨਾ ਚਾਹੀਦਾ ਹੈ?

ਜਵਾਬ: ਆਪਣੀ ਮਰਜ਼ੀ ਨਾਲ ਖੂਨ ਦਾ ਕੋਈ ਟੈਸਟ ਨਾ ਕਰਵਾਓ। ਤੁਰੰਤ ਡਾਕਟਰ ਕੋਲ ਜਾਓ, ਲੱਛਣ ਦੱਸੋ। ਉਹ ਖੁਦ ਤੁਹਾਡਾ ਟੈਸਟ ਕਰਵਾ ਕੇ ਤੁਹਾਨੂੰ ਇਲਾਜ ਦੱਸੇਗਾ।

ਸਵਾਲ: ਡੇਂਗੂ ਦਾ ਖ਼ਤਰਾ ਕਿਸ ਮੌਸਮ ਜਾਂ ਸਾਲ ਦੇ ਕਿਹੜੇ ਮਹੀਨੇ ਵਿੱਚ ਜ਼ਿਆਦਾ ਹੁੰਦਾ ਹੈ?

ਜਵਾਬ: ਜਦੋਂ ਬਰਸਾਤ ਦਾ ਮੌਸਮ ਖਤਮ ਹੁੰਦਾ ਹੈ ਅਤੇ ਸਰਦੀ ਸ਼ੁਰੂ ਹੋਣ ਵਾਲੀ ਹੁੰਦੀ ਹੈ, ਉਸ ਸਮੇਂ ਦੌਰਾਨ ਡੇਂਗੂ ਦੇ ਜ਼ਿਆਦਾ ਮਾਮਲੇ ਸਾਹਮਣੇ ਆਉਂਦੇ ਹਨ।

ਹੁਣ ਤੋਂ ਲੈ ਕੇ ਨਵੰਬਰ ਤੱਕ ਲੋਕਾਂ ਨੂੰ ਡੇਂਗੂ ਹੋਣ ਦੀ ਸੰਭਾਵਨਾ ਜ਼ਿਆਦਾ ਹੈ।

ਸਵਾਲ: ਇਸ ਮੌਸਮ ਵਿੱਚ ਡੇਂਗੂ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?

ਜਵਾਬ: ਡੇਂਗੂ ਤੋਂ ਬਚਣ ਦਾ ਸਭ ਤੋਂ ਆਸਾਨ ਤਰੀਕਾ ਹੈ ਇਮਿਊਨਿਟੀ (Immunity) ਵਧਾਉਣਾ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਕੋਈ ਡੇਂਗੂ ਤੋਂ ਬਚ ਸਕਦਾ ਹੈ।

ਸਵਾਲ: ਜੇਕਰ ਘਰ ਦੇ ਇੱਕ ਵਿਅਕਤੀ ਨੂੰ ਡੇਂਗੂ ਹੈ, ਤਾਂ ਕੀ ਇਹ ਦੂਜੇ ਮੈਂਬਰਾਂ ਵਿੱਚ ਵੀ ਫੈਲਦਾ ਹੈ?

ਜਵਾਬ: ਡੇਂਗੂ ਕੋਈ ਛੂਤ ਜਾਂ ਵਾਇਰਲ ਇਨਫੈਕਸ਼ਨ ਨਹੀਂ ਹੈ। ਸਗੋਂ ਇਹ ਘਰ ਦੇ ਮੈਂਬਰਾਂ ਨੂੰ ਕੱਟਣ ਵਾਲੇ ਮੱਛਰਾਂ ਨਾਲ ਫੈਲਦਾ ਹੈ।

ਜਿਸ ਵਿਅਕਤੀ ਦੇ ਖ਼ੂਨ ਵਿੱਚ ਡੇਂਗੂ ਦਾ ਵਾਇਰਸ ਹੁੰਦਾ ਹੈ, ਉਹ ਮੱਛਰ ਦੇ ਕੱਟਣ ਨਾਲ ਸੰਕਰਮਿਤ ਹੋ ਜਾਂਦਾ ਹੈ। ਫਿਰ ਜਿਨ੍ਹਾਂ ਲੋਕਾਂ ਨੂੰ ਇਸ ਸੰਕਰਮਿਤ ਮੱਛਰ ਦੇ ਕੱਟਣ ਨਾਲ ਡੇਂਗੂ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

ਸਵਾਲ: ਡੇਂਗੂ ਵਿੱਚ ਪਲੇਟਲੇਟ ਕਾਊਂਟ ਦੀ ਕੀ ਭੂਮਿਕਾ ਹੈ?

ਜਵਾਬ: ਅਸਲ ਵਿੱਚ, ਡੇਂਗੂ ਉਦੋਂ ਹੋਰ ਗੰਭੀਰ ਹੋ ਜਾਂਦਾ ਹੈ ਜਦੋਂ ਬਿਮਾਰ ਵਿਅਕਤੀ ਦੇ ਖ਼ੂਨ ਵਿੱਚ ਪਲੇਟਲੇਟਸ (Platelets) ਦੀ ਗਿਣਤੀ ਕਾਫ਼ੀ ਘੱਟ ਹੋਣ ਲੱਗਦੀ ਹੈ।



ਪਲੇਟਲੈਟਸ ਨੂੰ ਗਤਲਾ ਬਣਾਉਣ ਵਾਲੇ ਸੈੱਲ ਕਿਹਾ ਜਾਂਦਾ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਤੁਹਾਡੇ ਪਲੇਟਲੇਟ (Platelets) ਕਾਊਂਟ ਦਾ ਪੱਧਰ ਪਹਿਲਾਂ ਹੀ ਘੱਟ ਹੈ, ਤਾਂ ਤੁਸੀਂ ਦੂਜਿਆਂ ਨਾਲੋਂ ਜਲਦੀ ਡੇਂਗੂ ਨਾਲ ਸੰਕਰਮਿਤ ਹੋ ਸਕਦੇ ਹੋ।

ਸਵਾਲ: ਬਹੁਤ ਸਾਰੇ ਲੋਕ ਡੇਂਗੂ ਤੋਂ ਜਲਦੀ ਠੀਕ ਹੋ ਜਾਂਦੇ ਹਨ, ਜਦੋਂ ਕਿ ਕੁਝ ਮਰ ਜਾਂਦੇ ਹਨ, ਕੀ ਡੇਂਗੂ ਸੱਚਮੁੱਚ ਇੰਨਾ ਘਾਤਕ ਹੈ?

ਜਵਾਬ: ਡੇਂਗੂ ਦੇ ਕਾਰਨ ਪਲੇਟਲੈਟਸ ਘੱਟ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਸਥਿਤੀ ਨੂੰ "ਥਰੋਮਬੋਸਾਈਟੋਪੇਨੀਆ" ਕਿਹਾ ਜਾਂਦਾ ਹੈ। ਹਾਲਾਂਕਿ ਡੇਂਗੂ ਵਾਇਰਸ ਪਲੇਟਲੈਟਸ ਨੂੰ ਨਸ਼ਟ ਨਹੀਂ ਕਰਦਾ ਹੈ, ਪਰ ਇਹ ਪਲੇਟਲੈਟਸ ਦੀ ਗਿਣਤੀ ਅਤੇ ਕਾਰਜ ਨੂੰ ਵਿਗਾੜਨਾ ਸ਼ੁਰੂ ਕਰ ਦਿੰਦਾ ਹੈ।

ਇੱਕ ਸਿਹਤਮੰਦ ਵਿਅਕਤੀ ਕੋਲ 1,50,000 - 4,50,000 ਪਲੇਟਲੈਟਸ/ਯੁਐਲ ਹੋਣੇ ਚਾਹੀਦੇ ਹਨ। ਜੇਕਰ ਕਿਸੇ ਵਿਅਕਤੀ ਦੇ ਪਲੇਟਲੈਟਸ 20 ਹਜ਼ਾਰ ਤੋਂ ਹੇਠਾਂ ਚਲੇ ਜਾਂਦੇ ਹਨ ਤਾਂ ਹਾਲਤ ਗੰਭੀਰ ਹੋ ਜਾਂਦੀ ਹੈ ਅਤੇ ਮੌਤ ਦਾ ਖ਼ਤਰਾ ਰਹਿੰਦਾ ਹੈ।

ਇਸ ਦੇ ਲਈ ਕਈ ਕਾਰਕ ਜ਼ਿੰਮੇਵਾਰ ਹਨ-

- ਰੋਗੀ ਦੀ ਇਮਿਊਨਿਟੀ (Immunity) ਮਜ਼ਬੂਤ ਹੋਣੀ ਚਾਹੀਦੀ ਹੈ।
- ਸਮੇਂ ਸਿਰ ਜਾਂਚ ਅਤੇ ਸਹੀ ਇਲਾਜ ਨਾ ਹੋਣ 'ਤੇ ਮਰੀਜ਼ ਦੀ ਹਾਲਤ 3-4 ਦਿਨਾਂ ਵਿਚ ਗੰਭੀਰ ਹੋ ਸਕਦੀ ਹੈ।
- ਇਹ ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਲਈ ਖਤਰਨਾਕ ਸਿੱਧ ਹੋ ਸਕਦਾ ਹੈ।
- ਸ਼ੂਗਰ, ਕਿਡਨੀ, ਬੀ.ਪੀ. ਦੇ ਮਰੀਜ਼ਾਂ ਨੂੰ ਵਧੇਰੇ ਧਿਆਨ ਰੱਖਣ ਦੀ ਲੋੜ ਹੁੰਦੀ ਹੈ।

ਸਵਾਲ: ਡੇਂਗੂ ਵਿੱਚ ਪਲੇਟਲੈਟਸ ਤੋਂ ਇਲਾਵਾ ਕਿਸੇ ਹੋਰ ਚੀਜ਼ ਵੱਲ ਧਿਆਨ ਦੇਣਾ ਜ਼ਰੂਰੀ ਹੈ ਜਾਂ ਨਹੀਂ?

ਜਵਾਬ: ਪਲੇਟਲੈਟਸ ਦੀ ਗਿਣਤੀ ਕਰਨ ਨਾਲੋਂ ਹੇਮਾਟੋਕ੍ਰਿਟ ਅਤੇ ਬਲੱਡ ਪ੍ਰੈਸ਼ਰ 'ਤੇ ਜ਼ਿਆਦਾ ਧਿਆਨ ਦੇਣਾ ਜ਼ਰੂਰੀ ਹੈ। Hematocrit ਖੂਨ ਵਿੱਚ ਮੌਜੂਦ ਲਾਲ ਰਕਤਾਣੂਆਂ ਦੀ ਮਾਤਰਾ ਦਾ ਪ੍ਰਤੀਸ਼ਤ ਹੈ। ਇਹ ਪੁਰਸ਼ਾਂ ਲਈ 45 ਅਤੇ ਔਰਤਾਂ ਲਈ 40 ਹੈ।

ਸਵਾਲ: ਕਿਸੇ ਨੂੰ ਕਿਵੇਂ ਪਤਾ ਲੱਗੇਗਾ ਕਿ ਹੇਮਾਟੋਕ੍ਰਿਟ ਵਧਿਆ ਹੈ ਜਾਂ ਨਹੀਂ?

ਉੱਤਰ: ਇਸ ਦਾ ਪਤਾ ਸੰਪੂਰਨ ਖੂਨ ਦੀ ਗਿਣਤੀ ਟੈਸਟ ਯਾਨੀ ਸੀਬੀਸੀ ਰਾਹੀਂ ਕੀਤਾ ਜਾ ਸਕਦਾ ਹੈ। ਇਹ ਖੂਨ ਦੇ ਨਮੂਨੇ ਲੈ ਕੇ ਕੀਤਾ ਜਾਂਦਾ ਹੈ।

ਸਵਾਲ: ਡੇਂਗੂ ਦੇ ਮੱਛਰਾਂ ਤੋਂ ਆਪਣੀ ਅਤੇ ਆਪਣੇ ਪਰਿਵਾਰ ਦੀ ਰੱਖਿਆ ਕਿਵੇਂ ਕਰੀਏ?

ਜਵਾਬ: ਘਰੇਲੂ ਪੱਧਰ 'ਤੇ ਸਾਵਧਾਨੀਆਂ ਵਰਤ ਕੇ ਡੇਂਗੂ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਇਸ ਦੇ ਲਈ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਹੇਠਾਂ ਦਿੱਤੇ ਰਚਨਾਤਮਕ ਤੋਂ ਇਸ ਨੂੰ ਸਮਝੋ ਅਤੇ ਇਸਨੂੰ ਦੂਜਿਆਂ ਨਾਲ ਵੀ ਸਾਂਝਾ ਕਰੋ।

ਸਵਾਲ: ਅੱਜ ਕੱਲ੍ਹ ਜਦੋਂ ਲੋਕਾਂ ਨੂੰ ਬੁਖਾਰ ਹੁੰਦਾ ਹੈ ਤਾਂ ਉਹ ਮੈਡੀਕਲ ਸਟੋਰ ਤੋਂ ਪੁੱਛ ਕੇ ਦਵਾਈਆਂ ਲੈ ਲੈਂਦੇ ਹਨ, ਜਦੋਂ ਕਿ ਕੁਝ ਲੋਕ ਆਯੁਰਵੈਦਿਕ ਇਲਾਜ ਕਰਵਾਉਣ ਲੱਗ ਪੈਂਦੇ ਹਨ, ਕੀ ਅਜਿਹਾ ਕਰਨਾ ਠੀਕ ਹੈ?

ਜਵਾਬ: ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈ ਲੈਣਾ ਕੁਝ ਮਾਮਲਿਆਂ ਵਿੱਚ ਖਤਰਨਾਕ ਸਾਬਤ ਹੋ ਸਕਦਾ ਹੈ।

ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈ ਲੈਣ ਨਾਲ ਸਰੀਰ ਵਿੱਚ ਪਲੇਟਲੈਟਸ ਵਿੱਚ ਅਚਾਨਕ ਕਮੀ ਆ ਸਕਦੀ ਹੈ। ਅਜਿਹਾ ਬਿਲਕੁਲ ਨਾ ਕਰੋ।

ਸਵਾਲ: ਡੇਂਗੂ ਤੋਂ ਪੀੜਤ ਮਰੀਜ਼ ਦੀ ਦੇਖਭਾਲ ਕਰਦੇ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਉੱਤਰ: ਬਿੰਦੂਆਂ ਤੋਂ ਸਮਝੋ-

1. ਇਸ ਗੱਲ ਦਾ ਧਿਆਨ ਰੱਖੋ ਕਿ ਮਰੀਜ਼ ਦੇ ਸਰੀਰ 'ਚ ਪਾਣੀ ਦੀ ਕਮੀ ਨਾ ਹੋਵੇ। ਦਿਨ ਵਿਚ 3-4 ਲੀਟਰ ਪਾਣੀ ਪੀਓ। ਨਾਰੀਅਲ ਪਾਣੀ ਨਿਯਮਿਤ ਰੂਪ ਨਾਲ ਪੀਓ।
2. ਆਂਵਲਾ ਅਤੇ ਗਿਲੋਏ ਦਾ ਜੂਸ ਇਮਿਊਨਿਟੀ (Immunity) ਵਧਾਉਂਦਾ ਹੈ ਅਤੇ ਪਲੇਟਲੈਟਸ ਨੂੰ ਬਿਹਤਰ ਬਣਾਉਂਦਾ ਹੈ।
3. ਡੇਂਗੂ ਤੋਂ ਛੁਟਕਾਰਾ ਪਾਉਣ ਲਈ ਆਂਵਲਾ, ਕੀਵੀ, ਸੰਤਰਾ ਵਰਗੇ ਖੱਟੇ ਫਲ ਖਾਓ। ਅਨਾਰ ਅਤੇ ਪਪੀਤਾ ਨੂੰ ਵੀ ਆਪਣੀ ਡਾਈਟ 'ਚ ਸ਼ਾਮਲ ਕਰੋ।
4. ਦਿਨ 'ਚ ਘੱਟੋ-ਘੱਟ ਇਕ ਜਾਂ ਦੋ ਵਾਰ ਪਪੀਤੇ ਦੇ ਪੱਤਿਆਂ ਦਾ ਰਸ ਪੀਓ, ਇਹ ਪਲੇਟਲੈਟਸ ਨੂੰ ਵਧਾਉਣ ਲਈ ਸਭ ਤੋਂ ਵਧੀਆ ਹੈ।
5. ਘਰ ਦਾ ਹਲਕਾ ਜਿਹਾ ਭੋਜਨ ਜਿਵੇਂ ਖਿਚੜੀ ਅਤੇ ਮੂੰਗੀ ਦੀ ਦਾਲ ਖਾਓ।
6. ਐਲੋਪੈਥੀ ਇਲਾਜ ਤੋਂ ਠੀਕ ਹੋਣ ਤੋਂ ਬਾਅਦ, ਡੇਂਗੂ ਦੇ ਮਰੀਜ਼ ਆਯੁਰਵੈਦਿਕ ਇਲਾਜ ਜਾਂ ਘਰੇਲੂ ਉਪਚਾਰਾਂ ਨਾਲ ਵੀ ਜਲਦੀ ਠੀਕ ਹੋ ਸਕਦੇ ਹਨ।

# ਤਕਨਾਲੋਜੀ, ਚੇਤਨਤਾ ਅਤੇ ਜਮਾਤੀ ਸੰਘਰਸ਼

ਸਫ਼ਾ 5 ਦੀ ਬਾਕੀ

ਹੋਰ ਵਧਾ ਦਿੱਤਾ ਹੈ। ਸਰਕਾਰੀ ਖ਼ਰਚੇ ਪੂਰੇ ਕਰਨ ਵਾਸਤੇ ਆਮ ਲੋਕਾਂ 'ਤੇ ਟੈਕਸ ਦਾ ਭਾਰ ਵਧਾਇਆ ਗਿਆ ਹੈ। ਕਾਰਪੋਰੇਟ ਘਰਾਣਿਆਂ ਵੱਲੋਂ ਪੈਦਾ ਕੀਤੀਆਂ ਵਸਤਾਂ ਦੇ ਭਾਅ ਵੀ ਲਗਾਤਾਰ ਵਧਾਏ ਗਏ ਹਨ। ਕਿਸਾਨਾਂ ਦੀਆਂ ਜਿਣਸਾਂ ਦੇ ਵਾਜਬ ਭਾਅ ਨਹੀਂ ਦਿੱਤੇ ਗਏ ਅਤੇ ਕਿਰਤੀਆਂ ਦੀਆਂ ਉਜਰਤਾਂ ਵਿੱਚ ਵੀ ਲੋੜੀਂਦੇ ਵਾਧੇ ਨਹੀਂ ਕੀਤੇ ਗਏ। ਨੋਬੇਲ ਇਨਾਮ ਜੇਤੂ ਭਾਰਤੀ ਮੂਲ ਦੇ ਅਰਥ ਵਿਗਿਆਨੀ ਅਭਿਜੀਤ ਬੈਨਰਜੀ ਦਾ ਖ਼ਿਆਲ ਹੈ ਕਿ ਇਸ ਵਧ ਰਹੀ ਆਰਥਿਕ ਨਾਬਰਾਬਰੀ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਇਹ ਆਵਾਜ਼ ਚਿੰਤਾ ਤਾਂ ਜ਼ਾਹਰ ਕਰਦੀ ਹੈ, ਪਰ ਦੇਸ਼ਾਂ ਵਿੱਚ ਇੱਕ ਜ਼ੋਰਦਾਰ ਏਜੰਡਾ ਨਹੀਂ ਬਣ ਰਹੀ। ਕਾਰਪੋਰੇਟ ਵਿਕਾਸ ਮਾਡਲ ਨੇ ਵਾਤਾਵਰਣ ਨੂੰ ਖ਼ਤਰਨਾਕ ਹੱਦ ਤੱਕ ਖਰਾਬ ਕਰ ਦਿੱਤਾ ਹੈ। ਹਵਾ, ਪਾਣੀ ਅਤੇ ਧਰਤੀ ਨੂੰ ਜ਼ਹਿਰੀਲਾ ਕਰ ਦਿੱਤਾ ਹੈ। ਹਵਾ ਵਿੱਚ ਕਾਰਬਨ ਦੀ ਮਾਤਰਾ ਵਿੱਚ ਇਜ਼ਾਫਾ ਹੋਣ ਨਾਲ ਤਾਪਮਾਨ ਇੱਕ ਡਿਗਰੀ ਵਧ ਗਿਆ ਹੈ ਅਤੇ ਜਲਵਾਯੂ ਪਰਿਵਰਤਨ ਦੇਸ਼ਾਂ ਵਿੱਚ ਬੇਮੌਸਮੀਆਂ ਬਰਸਾਤਾਂ ਤੇ ਸੋਕੇ ਦਾ ਕਾਰਨ ਬਣ ਗਿਆ ਹੈ। ਇਸ ਨਾਲ ਲੋਕਾਂ ਅਤੇ ਕਿਸਾਨਾਂ ਦਾ ਸਾਹ ਸੁੱਕ ਰਿਹਾ ਹੈ। ਜਲਵਾਯੂ ਪਰਿਵਰਤਨ ਅਤੇ ਪਰਮਾਣੂ ਜੰਗ ਕਾਰਲ ਮਾਰਕਸ ਅਤੇ ਲੈਨਿਨ ਦੇ ਸਮਿਆਂ ਵਿੱਚ ਮੁੱਖ ਮੁੱਦੇ ਵਜੋਂ ਨਹੀਂ ਸਨ ਉੱਭਰੇ। ਆਮ ਲੋਕਾਂ ਵਿੱਚ ਚੇਤਨਾ ਦੀ ਘਾਟ ਹੈ ਅਤੇ ਉਹ ਜਥੇਬੰਦ ਵੀ ਨਹੀਂ ਹੋ ਸਕੇ। ਇਸ ਦੇ ਉਲਟ ਕਾਰਪੋਰੇਟ ਘਰਾਣੇ ਬਹੁਤ ਚੇਤੰਨ ਅਤੇ ਸੰਗਠਿਤ ਹਨ। ਉਨ੍ਹਾਂ ਨੇ ਆਪਣੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਆਰਥਿਕ ਨੀਤੀਆਂ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਨੂੰ ਮਿਹਨਤਕਸ਼ ਲੋਕਾਂ ਤੋਂ ਅਜੇ ਵੀ ਕੋਈ ਚੁਣੌਤੀ ਨਜ਼ਰ ਨਹੀਂ ਆਉਂਦੀ।

ਚੇਤਨਤਾ ਅਤੇ ਜਮਾਤੀ ਸੰਘਰਸ਼

ਦਰਪੇਸ਼ ਮਸਲਿਆਂ ਅਤੇ ਮਾਮਲਿਆਂ ਬਾਰੇ ਜਾਣਕਾਰੀ ਤੇ ਸਮਝ ਜਮਾਤਾਂ/ਵਰਗਾਂ ਨੂੰ ਆਪਣੇ ਮਸਲੇ ਸੁਲਝਾਉਣ ਵਾਸਤੇ ਜਥੇਬੰਦ ਹੋ ਕੇ ਸੰਘਰਸ਼ ਦੇ ਰਾਹ ਵੱਲ ਤੋਰਦੀ ਹੈ। ਚੇਤਨਤਾ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਇਕੱਤਰ ਕਰਨ, ਇਸ ਦਾ ਵਿਸ਼ਲੇਸ਼ਣ ਕਰਨ ਅਤੇ ਉਨ੍ਹਾਂ ਦੇ ਹੱਲ ਬਾਰੇ ਸਮਝ ਨਾਲ ਸਬੰਧ ਰੱਖਦੀ ਹੈ। ਇਸ ਸਮਝ ਨੂੰ ਪ੍ਰਪੱਕ ਕਰਨ ਵਾਸਤੇ ਹਾਲਤਾਂ ਦੇ ਅਧਿਐਨ ਨੂੰ ਆਮ ਸੂਝ ਦਾ ਹਿੱਸਾ ਬਣਾਇਆ ਜਾਂਦਾ ਹੈ। ਅਜੋਕੇ ਸਮੇਂ ਵਿੱਚ ਕਾਰਪੋਰੇਟ ਜਗਤ ਆਪਣੇ ਕਾਰੋਬਾਰ ਅਤੇ ਮੁਨਾਫ਼ੇ ਵਧਾਉਣ ਲਈ ਚੇਤੰਨ ਅਤੇ ਸਰਗਰਮ ਹੈ। ਉਹ ਆਪਣੀ ਸੂਝ ਨੂੰ ਵਰਤਦਿਆਂ ਦੇਸ਼ਾਂ ਵਿੱਚ ਆਮ ਪ੍ਰਵਾਨਗੀ ਅਤੇ ਸਹਿਮਤੀ ਬਣਾਈ ਰੱਖਣ ਵਿੱਚ ਸਫ਼ਲ ਨਜ਼ਰ ਆਉਂਦਾ ਹੈ, ਪਰ ਇਹ ਵਾਤਾਵਰਨ ਅਤੇ ਪਰਮਾਣੂ ਜੰਗ ਬਾਰੇ ਚੇਤੰਨ ਨਹੀਂ ਹੈ। ਇਸ ਦਾ ਸਰਕਾਰਾਂ ਉਪਰ ਰਾਜ ਕਰਨ ਵਾਲੀਆਂ ਪਾਰਟੀਆਂ ਰਾਹੀਂ ਕਬਜ਼ਾ ਵੀ ਹੋ ਗਿਆ ਹੈ। ਕਾਰਪੋਰੇਟ ਖੇਤਰ ਦੇਸ਼ਾਂ ਦੀਆਂ ਆਰਥਿਕ ਨੀਤੀਆਂ ਆਪਣੇ ਹਿੱਤ ਵਿੱਚ ਕਰਨ ਵਿੱਚ ਕਾਮਯਾਬ ਹੋ ਗਿਆ ਹੈ। ਇਸ ਨੇ ਦੂਰ ਸੰਚਾਰ ਦੇ ਸਾਧਨਾਂ ਜਿਵੇਂ ਅਖ਼ਬਾਰ, ਟੀਵੀ ਚੈਨਲ ਅਤੇ ਇੰਟਰਨੈੱਟ 'ਤੇ ਕਬਜ਼ਾ ਜਮਾ ਲਿਆ ਹੈ। ਇਸ ਤੋਂ ਇਲਾਵਾ ਹਾਕਮ ਪਾਰਟੀਆਂ ਵੱਲੋਂ ਆਈਟੀ ਸੈੱਲ ਬਣਾ ਕੇ ਕਾਰਪੋਰੇਟ ਜਗਤ ਅਤੇ ਕਾਰਪੋਰੇਟ ਹਿੱਤ ਵਾਲੀਆਂ ਨੀਤੀਆਂ ਬਾਰੇ ਲੋਕਾਂ ਵਿੱਚ ਪ੍ਰਚਾਰ ਲਗਾਤਾਰ ਕੀਤਾ ਜਾ ਰਿਹਾ ਹੈ। ਲੋਕਾਂ ਵਿੱਚ ਧਰਮ, ਜਾਤ, ਰੰਗ ਅਤੇ ਨਸਲ ਆਧਾਰਿਤ ਵੰਡੀਆਂ ਪਾਈਆਂ ਜਾ ਰਹੀਆਂ ਹਨ। ਇਸ ਕਾਰਜ ਵਿੱਚ ਕਾਰਪੋਰੇਟ ਖੇਤਰ ਲੋਕਾਂ ਦੇ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਨ ਵਿੱਚ ਕਾਮਯਾਬ ਵੀ ਜਾਪਦਾ ਹੈ। ਕਿਰਤੀਆਂ ਦੀਆਂ ਵੱਡੀਆਂ ਟਰੇਡ ਯੂਨੀਅਨਾਂ 'ਤੇ ਵੀ ਹਾਕਮ ਪਾਰਟੀਆਂ ਕਾਬਜ਼ ਹੋ ਗਈਆਂ ਹਨ। ਲੋਕਾਂ ਦਾ ਅਸਲ ਮਸਲਿਆਂ ਤੋਂ ਧਿਆਨ ਹਟਾਉਣ ਵਿੱਚ ਕਾਫ਼ੀ ਹੱਦ ਤੱਕ ਕਾਰਪੋਰੇਟ ਖੇਤਰ ਸਫ਼ਲ ਹੈ। ਕਾਰਪੋਰੇਟ ਮੀਡੀਆ ਲੋਕਪੱਖੀ ਸਮਾਜਵਾਦੀ ਮਾਡਲ ਨੂੰ ਕਾਫ਼ੀ ਹੱਦ ਤੱਕ ਨਕਾਰਨ ਵਿੱਚ ਕਾਮਯਾਬ ਵੀ ਹੋਇਆ ਹੈ। ਸੋਵੀਅਤ ਯੂਨੀਅਨ ਦੇ ਟੁੱਟਣ ਮਗਰੋਂ ਖੱਬੀਆਂ ਪਾਰਟੀਆਂ ਨੂੰ ਵੀ ਲੋਕਾਂ ਨੇ ਕਾਫ਼ੀ ਹੱਦ ਤੱਕ ਵਿਸਾਰ ਦਿੱਤਾ ਹੈ। ਇਸ ਹਾਲਤ ਵਿੱਚ ਲੋਕਾਂ ਦੇ ਮਸਲਿਆਂ ਅਤੇ ਮਾਮਲਿਆਂ ਬਾਰੇ ਜਾਣੂ ਕਰਾਉਣਾ ਅਤੇ ਲਾਮਬੰਦੀ ਕਰਨਾ ਔਖਾ ਕਾਰਜ ਹੈ। ਕਾਰਲ ਮਾਰਕਸ ਜਾਂ ਲੈਨਿਨ ਵਰਗੇ ਸਿਧਾਂਤਕਾਰਾਂ ਅਤੇ ਲੀਡਰਾਂ ਦੀ ਅਣਹੋਂਦ ਇਸ ਕਾਰਜ ਨੂੰ ਹੋਰ ਔਖਾ ਕਰ ਦਿੰਦੀ ਹੈ। ਵੱਡੀਆਂ ਉਤਪਾਦਨ ਇਕਾਈਆਂ ਨੂੰ ਤੋੜ ਕੇ ਸਬ ਕੰਟਰੈਕਟਿੰਗ/ਗਿੱਗ ਆਰਥਿਕਤਾ ਵੱਲ ਮੋੜਾ ਇਸ ਕਾਰਜ ਨੂੰ ਔਖਾ ਕਰਨ ਦਾ ਇੱਕ ਹੋਰ ਕਾਰਨ ਬਣ ਰਿਹਾ ਹੈ। ਇਸ ਕਰਕੇ ਲੋਕਪੱਖੀ ਸਰਗਰਮ ਆਗੂਆਂ ਨੂੰ ਇਹ ਕਾਰਜ ਅੱਗੇ ਤੋਰਨ ਲਈ ਕਾਫ਼ੀ ਸਮਝਦਾਰੀ ਅਤੇ ਧੀਰਜ ਦੀ ਵਰਤੋਂ ਕਰਨੀ ਪਵੇਗੀ। ਇਸ ਕੰਮ ਵਾਸਤੇ ਇੰਟਰਨੈੱਟ ਤਕਨਾਲੋਜੀ, ਸੋਸ਼ਲ ਮੀਡੀਆ ਅਤੇ ਯੂਟਿਊਬ ਚੈਨਲਾਂ ਦੀ ਵਰਤੋਂ ਕਾਫ਼ੀ ਮਦਦਗਾਰ ਹੋ ਸਕਦੀ ਹੈ। ਸਾਰੇ ਦੇਸ਼ਾਂ ਵਿੱਚ ਮੱਧਵਰਗ ਦੇ ਕੁਝ ਬੁੱਧੀਮਾਨ ਵਿਅਕਤੀ ਤੇ ਪੱਤਰਕਾਰ ਲੋਕਾਂ ਨਾਲ ਖੜ੍ਹਨ ਨੂੰ ਤਿਆਰ ਤੇ ਸਰਗਰਮ ਹਨ। ਭਾਰਤ ਵਿੱਚ ਇਸ ਸਮੇਂ 54 ਫ਼ੀਸਦੀ ਲੋਕਾਂ ਕੋਲ ਫੋਨ ਹਨ ਅਤੇ ਸਮਾਰਟ ਫੋਨ ਸਿਰਫ਼ 43.5 ਫ਼ੀਸਦੀ ਲੋਕਾਂ ਕੋਲ ਹੀ ਹਨ। ਇਸ ਕਰਕੇ ਬਹੁਗਿਣਤੀ ਲੋਕ ਸਿਆਸੀ ਪਾਰਟੀਆਂ ਦੇ ਧੂੰਆਂਧਾਰ ਪ੍ਰਚਾਰ ਅਤੇ ਨਫ਼ਰਤ ਤੋਂ ਬਚੇ ਹੋਏ ਹਨ। ਇਨ੍ਹਾਂ ਲੋਕਾਂ ਨੂੰ ਵਿਅਕਤੀਗਤ ਤੌਰ 'ਤੇ ਸੰਪਰਕ ਨਾਲ ਹੀ ਜਥੇਬੰਦ ਕੀਤਾ ਜਾ ਸਕਦਾ ਹੈ। ਇਹ ਕਾਰਜ ਆਮ ਲੋਕਾਂ ਵਿੱਚ ਸਰਗਰਮ ਲੋਕ ਲਹਿਰ ਦੇ ਆਗੂ ਹੀ ਕਰ ਸਕਦੇ ਹਨ। ਇਉਂ ਕਿਸਾਨਾਂ, ਕਿਰਤੀਆਂ ਅਤੇ ਮੱਧਵਰਗ ਦੇ ਸਰਗਰਮ ਵਰਕਰਾਂ ਨਾਲ ਸੰਪਰਕ ਕਰ ਕੇ ਨਵੇਂ ਪ੍ਰੋਗਰਾਮ, ਐਕਸ਼ਨ ਤੇ ਪ੍ਰਦਰਸ਼ਨ ਉਲੀਕੇ ਜਾ ਸਕਦੇ ਹਨ ਅਤੇ ਇਨ੍ਹਾਂ ਨੂੰ ਕਾਫ਼ੀ ਦੇਰ ਚਲਾਇਆ ਜਾ ਸਕਦਾ ਹੈ। ਪਿਛਲੇ ਦਿਨੀਂ ਦਿੱਲੀ ਦੀਆਂ ਬਰੂਹਾਂ 'ਤੇ ਹੋਏ ਸਫ਼ਲ ਕਿਸਾਨ ਅੰਦੋਲਨ (2021-22) ਨੇ ਅਗਲੇ ਅੰਦੋਲਨਾਂ ਵਾਸਤੇ ਰਸਤਾ ਨਿਰਧਾਰਿਤ ਕਰ ਦਿੱਤਾ ਹੈ। ਸ਼ਾਂਤਮਈ ਹੋਣਾ, ਜਥੇਬੰਦੀਆਂ ਦੀ ਸਾਂਝੀ ਸ਼ਕਤੀ ਤੇ ਅਗਵਾਈ, ਔਰਤਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ, ਹੋਰ ਵਰਗਾਂ ਦੀ ਹਮਾਇਤ/ਹਮਦਰਦੀ ਅਤੇ ਧਰਮ-ਨਿਰਪੱਖਤਾ ਇਸ ਅੰਦੋਲਨ ਦੀ ਸਫ਼ਲਤਾ ਦੇ ਮੁੱਖ ਕਾਰਨ ਹਨ। ਇਹ ਤਜਰਬਾ ਹੁਣ ਜੰਤਰ ਮੰਤਰ 'ਤੇ ਪਹਿਲਵਾਨ ਖਿਡਾਰੀਆਂ ਦੇ ਅੰਦੋਲਨ ਵਿੱਚ ਵੀ ਮਦਦਗਾਰ ਸਾਬਿਤ ਹੋ ਰਿਹਾ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਆਮ ਲੋਕਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਤਰਸਯੋਗ ਹੈ। ਤਕਨਾਲੋਜੀ ਨੇ ਆਟੋਮੇਸ਼ਨ ਨਾਲ ਖੇਤੀ ਵਿੱਚੋਂ ਰੁਜ਼ਗਾਰ ਘਟਾ ਦਿੱਤਾ ਹੈ ਅਤੇ ਉਦਯੋਗਿਕ ਖੇਤਰ ਵਿੱਚ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ। ਆਰਥਿਕ ਵਿਕਾਸ ਨਾਲ ਦੇਸ਼ ਵਿੱਚ ਰੁਜ਼ਗਾਰ ਘਟਣ ਲੱਗਿਆ ਹੈ। ਇਸ ਨੂੰ ਰੁਜ਼ਗਾਰ ਰਹਿਤ ਵਿਕਾਸ ਕਿਹਾ ਜਾ ਰਿਹਾ ਹੈ। ਹੁਣ ਇਹ ਰੁਜ਼ਗਾਰ ਰਹਿਤ ਤੋਂ ਰੁਜ਼ਗਾਰ ਮਾਰੂ ਵਿਕਾਸ ਵਿੱਚ ਬਦਲ ਗਿਆ ਹੈ। ਇਸ ਕਰਕੇ ਲੋਕਾਂ ਵਾਸਤੇ ਸੰਘਰਸ਼ ਤੋਂ ਇਲਾਵਾ ਹੋਰ ਕੋਈ ਵੀ ਰਸਤਾ ਨਹੀਂ ਹੈ। ਕਾਰਪੋਰੇਟ ਘਰਾਣੇ ਆਰਥਿਕ ਵਿਕਾਸ ਵਿੱਚ ਲੋਕਾਂ ਨੂੰ ਹਿੱਸੇਦਾਰ ਬਣਾਉਣ ਨੂੰ ਤਿਆਰ ਨਹੀਂ। ਦੂਜੇ ਪਾਸੇ ਸਮਾਜਿਕ ਸੁਰੱਖਿਆ ਦੀ ਅਣਹੋਂਦ ਹੈ। ਸੱਤਾ ਵਿੱਚ ਭਾਰੂ ਹਿੱਸੇ ਅਤੇ ਆਗੂਆਂ ਵੱਲੋਂ ਲੋਕਾਂ ਦਾ ਧਰਮ, ਜਾਤ, ਲਿੰਗ ਅਤੇ ਇਲਾਕੇ ਦੇ ਆਧਾਰ 'ਤੇ ਸ਼ੋਸ਼ਣ ਕੀਤਾ ਅਤੇ ਉਨ੍ਹਾਂ ਨੂੰ ਵੰਡਿਆ ਜਾ ਰਿਹਾ ਹੈ। ਇਹ ਹਾਲਾਤ ਜਮਾਤੀ ਸੰਘਰਸ਼ ਲਈ ਔਖੇ ਪਰ ਸਾਜ਼ਗਾਰ ਹਨ।

ਨਵੀਂ ਅਤੇ ਸੁਚਾਰੂ ਸੋਚ

ਇਨ੍ਹਾਂ ਬਦਲਦੇ ਹਾਲਾਤ ਵਿੱਚ ਸੰਘਰਸ਼ ਉਲੀਕਣ ਲਈ ਸਰਗਰਮ ਆਗੂਆਂ ਨੂੰ ਉਸਾਰੂ ਸੋਚ ਨਾਲ ਚੱਲਣਾ ਪਵੇਗਾ। ਸੰਘਰਸ਼ ਦੇ ਨਾਲ ਨਾਲ ਨਿਰਮਾਣ ਦੇ ਕਾਰਜ ਬਾਰੇ ਸੋਚ ਕੇ ਇਸ ਨੂੰ ਆਪਣੇ ਏਜੰਡੇ 'ਤੇ ਲਿਆਉਣਾ ਹੋਵੇਗਾ। ਇਸ ਨਿਰਮਾਣ ਦੇ ਕਾਰਜ ਤੋਂ ਕਾਰਪੋਰੇਟ ਵਿਕਾਸ ਮਾਡਲ ਦੇ ਬਦਲਵੇਂ ਮਾਡਲ ਦੇ ਝਲਕਾਰੇ ਮਿਲਣੇ ਚਾਹੀਦੇ ਹਨ। ਇਸ ਮੰਗ ਤੋਂ ਬਚਣਾ ਹੋਵੇਗਾ ਕਿ ਸਾਰਾ ਕੁਝ ਹੀ ਸਰਕਾਰ ਕਰੇ। ਸਮਾਜ ਨੂੰ ਨਵੇਂ ਤਰੀਕੇ ਨਾਲ ਨਿਰਮਾਣ ਦੇ ਰਸਤੇ ਤਲਾਸ਼ਣੇ ਪੈਣਗੇ। ਇਨ੍ਹਾਂ ਰਸਤਿਆਂ 'ਤੇ ਚਲਦਿਆਂ ਵਾਤਾਵਰਨ ਨੂੰ ਬਚਾਉਣ ਵੱਲ ਖ਼ਾਸ ਧਿਆਨ ਦੇਣਾ ਪਵੇਗਾ। ਇਹ ਮਨੁੱਖਤਾ ਨੂੰ ਬਚਾਉਣ ਦਾ ਮਾਮਲਾ ਹੈ ਜਿਸ ਨੂੰ ਕਾਰਪੋਰੇਟ ਕੰਪਨੀਆਂ ਨੇ ਬਿਲਕੁਲ ਵਿਸਾਰ ਰੱਖਿਆ ਹੈ। ਦੇਸ਼ ਵਿੱਚ ਭਾਸ਼ਾ, ਸਭਿਆਚਾਰ ਅਤੇ ਭੂਗੋਲਿਕ ਹਾਲਤਾਂ ਕਾਰਨ ਵੱਖ-ਵੱਖ ਇਲਾਕਿਆਂ ਵਿੱਚ ਵਖਰੇਵੇਂ ਹੋਂਦ ਵਿੱਚ ਆਏ ਹਨ। ਇਸ ਲਈ ਖੇਤਰੀ ਭਿੰਨਤਾਵਾਂ ਦੇ ਮੱਦੇਨਜ਼ਰ ਨਿਰਮਾਣ ਕਾਰਜ ਉਲੀਕੇ ਜਾਣ। ਇਸ ਕਾਰਜ ਵਾਸਤੇ ਸੰਕੀਰਨਤਾ ਵਾਲੀ ਸੋਚ ਨੂੰ ਛੱਡ ਕੇ ਸਾਂਝੇ ਮੁਹਾਜ਼ ਮਦਦਗਾਰ ਹੋ ਸਕਦੇ ਹਨ। ਇਸੇ ਨਾਲ ਸਮੂਹਿਕ ਲੀਡਰਸ਼ਿਪ ਦੇਸ਼ ਪੱਧਰ 'ਤੇ ਕਾਰਪੋਰੇਟ ਮਾਡਲ ਨੂੰ ਸਫ਼ਲ ਚੁਣੌਤੀ ਦੇ ਸਕਦੀ ਹੈ। ਇਸ ਪ੍ਰਕਿਰਿਆ ਨਾਲ ਲੀਡਰਸ਼ਿਪ ਦੀ ਸੋਚ ਦਾ ਵਿਕਾਸ ਅਤੇ ਸਹੀ ਸਮਝ ਵੀ ਬਰਕਰਾਰ ਰੱਖੇ ਜਾ ਸਕਦੇ ਹਨ। ਮੌਜੂਦਾ ਸਮਾਜਿਕ, ਆਰਥਿਕ ਅਤੇ ਸਿਆਸੀ ਲਹਿਰ ਦੇ ਸਨਮੁੱਖ ਨਵੀਆਂ ਚੁਣੌਤੀਆਂ ਅਤੇ ਸਮੱਸਿਆਵਾਂ ਹਨ। ਇਨ੍ਹਾਂ ਨੂੰ ਬੌਧਿਕ ਅਤੇ ਵਿਹਾਰਕ ਪੱਧਰ 'ਤੇ ਨਜਿੱਠਣ ਨਾਲ ਸਮਾਜਾਂ ਨੂੰ ਨਵੀਂ ਸਿਧਾਂਤਕ ਸੇਧ ਦਿੱਤੀ ਜਾ ਸਕਦੀ ਹੈ। ਵਿਚਾਰਧਾਰਕ ਜੱਦੋਜਹਿਦ ਨਾਲ ਨਵੇਂ ਲੋਕਪੱਖੀ ਸਿਧਾਂਤਕਾਰ ਪੈਦਾ ਹੁੰਦੇ ਹਨ। ਇਹ ਸਮੇਂ ਦੀ ਮੰਗ ਹੈ। ਕਾਰਪੋਰੇਟ ਮਾਡਲ ਖਿਲਾਫ਼ ਹਾਲੈਂਡ ਵਿੱਚ ਕਿਸਾਨਾਂ ਨੇ ਗਿਣਨਯੋਗ ਜਿੱਤ ਪ੍ਰਾਪਤ ਕੀਤੀ ਹੈ। ਫਰਾਂਸ ਅਤੇ ਬਰਤਾਨੀਆ ਦੇ ਡਾਕਟਰ, ਨਰਸਾਂ ਅਤੇ ਮਿਹਨਤਕਸ਼ ਲੋਕ ਮੁਜ਼ਾਹਰੇ ਕਰ ਰਹੇ ਹਨ। ਨਵੀਂ ਤਕਨਾਲੋਜੀ ਦੇ ਦੌਰ ਵਿੱਚ ਲੋਕ ਵਿਆਪਕ ਸਮਾਜਿਕ ਸੁਰੱਖਿਆ ਅਤੇ ਘੱਟੋ ਘੱਟ ਆਮਦਨ ਦੀ ਗਾਰੰਟੀ ਚਾਹੁੰਦੇ ਹਨ। ਭਾਰਤ ਵਿੱਚ ਇਹ ਮੁੱਦੇ ਸੰਘਰਸ਼ ਵਿੱਚ ਸ਼ਾਮਲ ਕਰਨਯੋਗ ਹਨ। ਸੰਘਰਸ਼ਾਂ ਨੂੰ ਆਰਥਿਕ ਮੁੱਦਿਆਂ ਦੇ ਨਾਲ ਨਾਲ ਸਿਆਸੀ ਵਿਚਾਰਧਾਰਾ ਨਾਲ ਜੋੜ ਕੇ ਲੋਕ-ਪੱਖੀ ਪਾਰਟੀਆਂ ਨੂੰ ਮਜ਼ਬੂਤ ਕਰਨਾ ਸਮਝ ਦਾ ਹਿੱਸਾ ਬਣਾਉਣਾ ਪਵੇਗਾ। ਜਮਹੂਰੀਅਤ ਨੂੰ ਡੂੰਘਾ ਅਤੇ ਵਿਸ਼ਾਲ ਕਰਨਾ, ਧਰਮ ਨਿਰਪੱਖਤਾ ਕਾਇਮ ਰੱਖਦਿਆਂ ਬੇਇਨਸਾਫ਼ੀ ਅਤੇ ਸ਼ੋਸ਼ਣ ਖਿਲਾਫ਼ ਸੰਘਰਸ਼ਾਂ ਨੂੰ ਸੇਧਣਾ ਲੋਕ ਲਹਿਰ ਨੂੰ ਮਜ਼ਬੂਤ ਕਰ ਸਕਦੇ ਹਨ। ਇਹ ਰਸਤਾ ਸਮਾਜਿਕ ਸੁਰੱਖਿਆ, ਨਿਆਂ, ਬਰਾਬਰੀ, ਸਾਂਝੀਵਾਲਤਾ ਅਤੇ ਵਾਤਾਵਰਣ ਦੀ ਸੰਭਾਲ ਵੱਲ ਜਾਂਦਾ ਹੈ। ਇਸ ਨੂੰ ਸਮਾਜਵਾਦ ਦੀ ਪ੍ਰਾਪਤੀ ਵਾਸਤੇ ਮੁੱਢਲਾ ਕਦਮ ਵੀ ਕਿਹਾ ਜਾ ਸਕਦਾ ਹੈ। ਇਸ ਕਰਕੇ ਸਮਾਜਿਕ ਲੋਕ ਲਹਿਰ ਨੂੰ ਵਿਹਾਰਕ ਮਸਲਿਆਂ ਨੂੰ ਨਜਿੱਠਦਿਆਂ ਵੱਡੀ ਵਿਚਾਰਧਾਰਕ ਲੜਾਈ ਕਾਰਪੋਰੇਟ ਸੋਚ ਨਾਲ ਵੀ ਲੜਨੀ ਪਵੇਗੀ। ਇਹ ਗੱਲ ਸਾਫ਼ ਹੈ ਕਿ ਆਮ ਲੋਕਾਂ ਨੂੰ ਕੰਟਰੋਲ ਕਰਨ ਵਾਸਤੇ ਕਾਰਪੋਰੇਟ ਜਗਤ ਵੱਲੋਂ ਵਰਤੀ ਜਾ ਰਹੀ ਤਕਨਾਲੋਜੀ ਸਮਾਜਿਕ ਲਹਿਰ ਲਈ ਵਰਤ ਕੇ ਸਮਾਜ ਦੇ ਵਿਕਾਸ ਦੀ ਦਿਸ਼ਾ ਲੋਕਾਂ ਦੇ ਹਿੱਤ ਵਿੱਚ ਮੋੜੀ ਜਾ ਸਕਦੀ ਹੈ।





# ਪੰਜਾਬੀ ਕਲਾਕਾਰਾਂ ਦੀ ਹੋਂਦ, ਭਾਸ਼ਾ, ਫਰਜ਼ ਅਤੇ ਚਿੰਤਨ

**ਦਲਵਿੰਦਰ ਸਿੰਘ ਘੁੰਮਣ**

ਦਲਜੀਤ ਦਾ ਜਨਮ 1984 ਦਾ ਹੋਣ ਕਰਕੇ ਆਪਣੇ ਵਿੱਚ ਪੰਜਾਬ ਨਾਲ ਹੋਈ ਬੇਇੰਨਸਾਫੀ ਦੀ ਚੀਸ ਲੈ ਕੇ ਕਿਤੇ ਨਾ ਕਿਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਿੱਚ ਡਰ, ਭਉ ਤੋਂ ਮੁਕਤ ਰਹਿ ਕੇ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ।

ਦਲਜੀਤ ਦੋਸਾਂਝ ਦੀ ਫਿਲਮ ਸਰਦਾਰ ਜੀ 3 ਦਾ ਭਾਰਤੀ ਮੀਡੀਏ ਸਮੇਤ ਭਾਰਤ ਵਿੱਚ 2014 ਦੇ ਬਾਆਦ ਵਾਲੇ ਰਾਸ਼ਟਰਵਾਦੀਆਂ ਵੱਲੋ ਵਾਦ-ਵਿਵਾਦ ਬਣਾਇਆ ਗਿਆ। ਵਿਰੋਧ ਕੇਵਲ ਪਾਕਿਸਤਾਨੀ ਐਕਟਰਸ ਨਾਲ ਫਿਲਮ ਕਰਨਾ ਕੇਂਦਰ ਬਿੰਦੂ ਲੱਗਦਾ ਹੈ। ਪਰ ਇਸ ਪਿਛੇ ਦਿੱਖ, ਅਦਿਖ ਨਫਰਤ ਹੈ ਜੋ ਪੱਗ ਦੇ ਵਿਰੋਧ ਵਿੱਚ ਖੜੀ ਦਿਸਦੀ ਹੈ। ਪੰਜ ਸਦੀਆ ਦੇ ਵੈਰ ਹੁਣ ਛੇਵੀ ਸਦੀ ਵਿੱਚ ਪਹੁੰਚਣ ਵਾਲਾ ਹੈ। ਦਲਜੀਤ ਭਾਵੇ ਕਿ ਇਕ ਗਾਇਕ ਦੇ ਤੌਰ ਤੇ ਉਭਰਿਆ ਹੈ ਪਰ ਕਲਾ ਰਾਹੀ ਇਕ ਬਹੁਤ ਵੱਡੀ ਮਿਸਾਲੀ ਉਦਾਹਰਣ ਪੇਸ਼ ਕਰਨ ਵਿੱਚ ਕਾਮਯਾਬ ਹੋਇਆ ਹੈ ਕਿਵੇ ਇਕ ਪੱਗ ਬੰਨ ਕੇ ਦੁਨਿਆਂ ਦੇ ਵੱਡੇ ਮੰਚਾਂ ਤੇ ਕਲਾ ਰਾਹੀ ਪੰਜਾਬੀ ਭਾਸ਼ਾ ਨੂੰ ਸਨਮਾਨ ਦੇਣ ਦੇ ਨੇਬਲੀ ਕੰਮ ਕੀਤੇ ਜਾ ਸਕਦੇ ਹਨ। ਕਈ ਅਣਕਿਆਸੇ, ਅਣਛੋਹੇ ਵਿਸ਼ਿਆਂ ਤੇ ਫਿਲਮਾਂ ਬਣਾ ਕੇ ਸਿੱਖਾਂ ਅਤੇ ਪੰਜਾਬ ਨਾਲ ਹੋਏ ਧੱਕੇ, ਅਨਿਆ, ਬੇਇੰਨਸਾਫੀਆਂ ਦਾ ਦੁਨਿਆਂ ਸਾਹਮਣੇ ਉਗੜਵਾਂ ਰੂਪ ਪੇਸ਼ ਕੀਤਾ ਹੈ।

" ਸਰਦਾਰ ਜੀ 3 " ਫਿਲਮ ਆਮ ਫਿਲਮਾਂ ਵਰਗੀ ਹੀ ਹੋਵੇਗੀ। ਜਿਸ ਦੇ ਹੱਕ ਜਾਂ ਵਿਰੋਧ ਦਾ ਕੋਈ ਕਾਰਨ ਬਣਦਾ ਹੋਵੇ। ਪਰ ਕਿਉ ਕਿ ਦਲਜੀਤ ਨੇ ਜੋ ਕੁਝ ਗਾਇਆ ਅਤੇ ਫਿਲਮਾਂ ਰਾਹੀ ਪੰਜਾਬ ਤੇ ਵਾਪਰੀਆਂ ਕਹਿਰ ਕਹਾਣੀਆਂ ਦੀ ਸਹੀ ਪੇਸ਼ਕਾਰੀ ਨੂੰ ਵੱਡਾ ਪਲੇਟਫਾਰਮ ਦਿੱਤਾ ਹੈ। ਦਲਜੀਤ ਨੇ ਆਪਣੇ ਕੰਮ ਕਰਨ ਅਤੇ ਆਪਣੀ ਪੱਗ ਵਾਲੀ ਦਿੱਖ ਨੂੰ ਵੱਖਰੀ ਪਹਿਚਾਣ ਦੇਣ ਵਿੱਚ ਦੁਨਿਆਂ ਨੂੰ ਸਤਿਕਾਰੀ ਜੁਬਾਨ ਦਿੱਤੀ ਹੈ। ਉਸ ਦਾ ਪੰਜਾਬੀ ਅਤੇ ਹਿੰਦੀ ਫਿਲਮਾਂ ਵਿੱਚ ਪੱਗਾਂ ਬੰਨ ਕੇ ਕਲਾਕਾਰੀ ਕਰਨ ਦੀ ਨਵੀ ਪਿਰਤ ਨੂੰ ਪੱਗ ਪ੍ਰਤੀ ਆਦਰ ਮਿਲਿਆ ਹੈ। ਅਭਿਨੇ ਕਰਨ ਵਿੱਚ ਆਪਣਾ ਲੋਹਾ ਮਨਵਾਇਆ ਹੈ। ਇਸ ਨਾਲ ਗਲਤ ਢੰਗ ਨਾਲ ਸਿੱਖ ਕਿਰਦਾਰਾਂ ਦੀ ਪੇਸ਼ਕਾਰੀ ਕਰਨ ਨੂੰ ਵੀ ਠੱਲ ਪਈ ਹੈ।

ਦਲਜੀਤ ਨੇ ਗਾਇਕੀ ਅਤੇ ਕਲਾ ਦੇ ਖੇਤਰ ਵਿੱਚ ਵੱਡੀ ਮੱਲ ਮਾਰੀ ਹੈ। ਇਸ ਦੇ Dil-Luminati Tour ਨੇ ਦੁਨਿਆਂ ਵਿੱਚ ਪੰਜਾਬੀ ਸੰਗੀਤ ਦੀ ਨਵੀ ਪਹਿਲ ਨੂੰ ਨਵੀ ਦਿਸ਼ਾ ਦਿੱਤੀ ਹੈ। ਅਤੇ ਅਸਲ ਹੋਂਦ ਨੂੰ ਵੀ ਪੈਰਾ ਸਿਰ ਕੀਤਾ ਹੈ। ਪਹਿਚਾਣ ਨੂੰ ਸਹੀ ਦਿਸ਼ਾ ਮਿਲੀ ਹੈ। ਪੰਜਾਬੀ ਦੀ ਪਹੁੰਚ ਨੂੰ ਪਿੰਡਾਂ ਦੀਆਂ ਪਗਡੰਡੀਆਂ ਤੋ ਦੁਨਿਆਂ ਦੇ ਵੱਡੇ ਮਾਰਗਾਂ ਤੇ ਲੈ ਆਂਦਾ ਹੈ। ਜਿਸ ਦੀ ਰਫਤਾਰ ਮਾਪਣ ਲਈ ਦੂਜੀਆਂ ਭਾਰਤੀ ਜੁਬਾਨਾਂ ਨੂੰ ਖਾਸ ਕਰਕੇ ਲੰਮੀ ਲਕੀਰ ਖਿਚਣੀ ਪਵੇਗੀ। ਕਿਸੇ ਭਾਸ਼ਾ ਦਾ ਘੇਰਾ ਉਸ ਦੀਆਂ ਅਸੀਮ ਜਿਉਣ ਸ਼ਕਤੀ ਨਾਲ ਵੱਡਾ ਪਿੜ ਮੱਲਣਾ ਹੈ। ਜੋ ਪੰਜਾਬੀ, ਗੁਰਮੁੱਖੀ ਵਿੱਚ ਪਿਆ ਹੈ। ਪੰਜਾਬੀ ਗੁਰੂ-ਵੱਡੀਆਈ ਦੀ ਛੋਹ ਵਿੱਚੋ ਆਈ ਹੋਈ ਹੈ। ਉਸ ਦੇ ਰੋਕੇ ਜਾਦੇ ਰਾਹਾਂ ਨੂੰ ਵਿਦਵਤਾ ਦੇ ਅੱਥਰੇ ਹੜਾਂ ਦੀਆਂ ਛੱਲਾਂ ਨੇ ਸਰਹੱਦਾਂ ਨੂੰ ਪਾਰ ਕਰਨਾਂ ਹੀ ਹੈ। ਜੇ ਸਿੱਖ ਧਰਮ ਸਰਬੱਤ ਦੀ ਖੈਰ ਮੰਗਦਾ ਹੈ ਤਾਂ ਪੰਜਾਬੀ ਜੁਬਾਨ ਅਤੇ ਭਾਸ਼ਾ ਦਾ ਪਸਾਰਾ ਵੀ ਬਿਨਾਂ ਸਰਹੱਦੀ ਹੈ।

ਦਲਜੀਤ ਵੱਲੋ ਐਪਰੇਲ ਮਹੀਨੇ ਅਮਰੀਕਾ ਦੇ ਲਾਸ ਏਂਜਲਸ ਵਿੱਚ ਲੱਗਦੇ ਸੰਸਾਰ ਪੱਧਰੀ ਸੰਗੀਤ ਮੇਲੇ " ਕੋਚੀਲਾ " ਵਿੱਚ ਸ਼ਮੂਲੀਆਤ ਕਰਕੇ ਵੱਡੀ ਪੁ ਲ ਾਂ ਘ ਪੁੱਟੀ ਸੀ। ਪ ਹਿ ਲੇ ਪੰਜਾਬ ਗਾਇਕ ਨੂੰ ਐਨੀ ਵੱਡੀ ਸਟੇਜ਼ ਮਿਲੀ ਸੀ। 2020 ਵਿੱਚ Bill-board ਮੈਗਜ਼ੀਨ ਵਿੱਚ ਆਪਣੀ ਥਾਂ ਬਣਾਉਣ ਵਿੱਚ ਕਾਮਯਾਬ ਹੋਇਆ ਸੀ।

> "ਸਰਦਾਰ ਜੀ 3" ਫਿਲਮ ਆਮ ਫਿਲਮਾਂ ਵਰਗੀ ਹੀ ਹੋਵੇਗੀ। ਜਿਸ ਦੇ ਹੱਕ ਜਾਂ ਵਿਰੋਧ ਦਾ ਕੋਈ ਕਾਰਨ ਬਣਦਾ ਹੋਵੇ। ਪਰ ਕਿਉ ਕਿ ਦਲਜੀਤ ਨੇ ਜੋ ਕੁਝ ਗਾਇਆ ਅਤੇ ਫਿਲਮਾਂ ਰਾਹੀ ਪੰਜਾਬ ਤੇ ਵਾਪਰੀਆਂ ਕਹਿਰ ਕਹਾਣੀਆਂ ਦੀ ਸਹੀ ਪੇਸ਼ਕਾਰੀ ਨੂੰ ਵੱਡਾ ਪਲੇਟਫਾਰਮ ਦਿੱਤਾ ਹੈ। ਦਲਜੀਤ ਨੇ ਆਪਣੇ ਕੰਮ ਕਰਨ ਅਤੇ ਆਪਣੀ ਪੱਗ ਵਾਲੀ ਦਿੱਖ ਨੂੰ ਵੱਖਰੀ ਪਹਿਚਾਣ ਦੇਣ ਵਿੱਚ ਦੁਨਿਆਂ ਨੂੰ ਸਤਿਕਾਰੀ ਜੁਬਾਨ ਦਿੱਤੀ ਹੈ। ਉਸ ਦਾ ਪੰਜਾਬੀ ਅਤੇ ਹਿੰਦੀ ਫਿਲਮਾਂ ਵਿੱਚ ਪੱਗਾਂ ਬੰਨ ਕੇ ਕਲਾਕਾਰੀ ਕਰਨ ਦੀ ਨਵੀ ਪਿਰਤ ਨੂੰ ਪੱਗ ਪ੍ਰਤੀ ਆਦਰ ਮਿਲਿਆ ਹੈ। ਅਭਿਨੇ ਕਰਨ ਵਿੱਚ ਆਪਣਾ ਲੋਹਾ ਮਨਵਾਇਆ ਹੈ। ਇਸ ਨਾਲ ਗਲਤ ਢੰਗ ਨਾਲ ਸਿੱਖ ਕਿਰਦਾਰਾਂ ਦੀ ਪੇਸ਼ਕਾਰੀ ਕਰਨ ਨੂੰ ਵੀ ਠੱਲ ਪਈ ਹੈ।

ਦਲਜੀਤ ਨੇ ਮੈਟ ਗੈਲਾ ਵਿੱਚ ਰੇਪ ਵਾਕ ਵੇਲੇ ਪੱਗ, ਸ਼੍ਰੀ ਸਾਹਿਬ, ਪੰਜਾਬ ਦਾ ਨਕਸ਼ਾ, ਪੈਂਤੀ ਅੱਖਰੀ ਪੰਜਾਬੀ ਅਤੇ ਸਿੱਖ ਸ਼ਾਹੀ ਪਹਿਰਾਵੇ ਨੂੰ ਦੁਨਿਆਂ ਵਿੱਚ ਵੱਡੀ ਪਹਿਚਾਣ ਦਿੱਤੀ ਹੈ। ਉਹ ਦੱਸਦਾ ਭਾਵਕ ਹੋ ਜਾਦਾ ਹੈ, ਕਿ " ਮੈਨੂੰ ਆਪਣੀ ਪਹਿਚਾਣ ਨਾਲੋ ਆਪਣੇ ਵਿਰਸੇ ਦੀ ਪਹਿਚਾਣ ਕਰਨ ਦਾ ਵਾਹਿਗੁਰੂ ਨੇ ਮੌਕਾ ਦਿੱਤਾ ਹੈ । .... ਉਥੇ ਮੈ ਨਹੀ ਜਾ ਰਿਹਾ ,....ਪੱਗ ਜਾ ਰਹੀ ਹੈ "।

ਸਿੱਧੂ ਮੂਸੇਵਾਲੇ ਦੀ ਦੁਨਿਆ ਵਿੱਚ ਰੈਪ ਸੰਗੀਤ ਵਿੱਚ ਪਾਈ ਲੀਹ ਨੂੰ ਦਲਜੀਤ ਦੋਸਾਂਝ ਨੱਪਣ ਵਿੱਚ ਕਾਮਯਾਬ ਹੋਇਆ ਹੈ। ਮੂਸੇਵਾਲੇ ਦੀ ਮੌਤ ਤੇ ਬਾਆਦ ਸੰਸਾਰ ਭਰ ਵਿੱਚ



ਪੰਜਾਬੀ ਦੀ ਅਸਲ ਪਹਿਚਾਣ ਮਿਲਣ ਦੀ ਪੈੜ ਬੱਝੀ ਸੀ। ਪੰਜਾਬ ਦੇ ਇਕ ਛੋਟੇ ਖਿੱਤੇ ਪੰਜਾਬ ਵਿੱਚੋ ਉਠ ਕੇ ਦੁਨਿਆਂ ਦੇ ਪਹਿਲੀ ਕਤਾਰ ਦੇ ਗਾਇਕਾ ਵਿੱਚ ਖੜੇ ਹੋਣਾ ਇਹਨਾਂ ਦੋਵਾਂ ਗਾਇਕਾ ਦੇ ਹਿਸੇ ਹੀ ਆਇਆ ਹੈ। ਇਸ ਤਰਜ਼ ਤੇ ਚਲਣ ਵਾਲੇ ਗਾਇਕਾ, ਕਲਾਕਾਰਾ ਲਈ ਵੀ ਭਵਿੱਖ ਸੁਨਿਹਰੀ ਹੋ ਸਕਦਾ ਹੈ।

ਦਲਜੀਤ ਦੇ ਹੌਸਲੇ ਅਤੇ ਦ੍ਰਿੜਤਾ ਨੂੰ ਸਲਾਮ ਹੋ ਰਹੀ ਹੈ। ਕਈ ਪੰਜਾਬੀ ਕਲਾਕਾਰਾਂ ਨੇ ਉਸ ਦਾ ਇਰਖਾ ਵੱਸ ਵਿਰੋਧ ਕੀਤਾ ਹੈ ਜੋ ਵਾਜ਼ਬ ਨਹੀ ਸੀ। ਅਜਿਹੇ ਲੋਕਾਂ ਦਾ ਰਾਸ਼ਟਰਵਾਦ ਵੀ ਇਕ ਡਰ ਭਉ ਵਿੱਚੋ ਨਿਕਲ ਰਿਹਾ ਸੀ। ਅਜਿਹਾਂ ਬੇਲੋੜਾ ਵਿਰੋਧ ਸ਼ਾਇਦ ਇਹਨਾਂ ਲਈ ਚੰਗੀ ਰਾਏ ਨਾ ਪੈਦਾ ਕਰ ਸਕੇ। .... ਜਿਵੇ ਪੰਜਾਬੀ ਪ੍ਰਤੀ ਦਿਤੇ ਪ੍ਰਤੀਕਰਮ ਦਾ ਗੁਰਦਾਸ ਮਾਨ ਨੂੰ ਮਾੜੇ ਸਮੇ ਵਿੱਚੋ ਨਿਕਲਣਾ ਪੈ ਰਿਹਾ ਹੈ। ਭਵਿੱਖ ਤਬਾਹ ਹੋ ਗਿਆ ਹੈ। ਉਸ ਦੁਆਰਾ ਗਾਏ ਗੀਤ... " ਲੱਖ ਪਰਦੇਸੀ ਹੋਏ ਆਪਣਾ ਦੇਸ਼ ਨਹੀਂ ਭੰਡੀ ਦਾ, ਜਿਹੜੇ ਮੁਲਕ ਦਾ ਖਾਈਏ ਉਹਦਾ ਬੁਰਾ ਨਹੀਂ ਮੰਗੀਦਾ " ....ਪਰ ਉਸ ਜੁਬਾਨ, ਭਾਸ਼ਾ ਬਾਰੇ ਵੀ ਮੰਦਾ ਨਹੀ ਬੋਲਣਾ ਚਾਹਿਦਾ, ਜੋ ਤੁਹਾਡੇ ਮਾਂ ਦੀ ਹੋਵੇ ਅਤੇ ਜਿਸ ਨੇ ਤੁਹਾਡੀ ਸ਼ਖਸੀਅਤ ਨੂੰ ਬਣਾਇਆ ਹੋਵੇ। ਸਾਨੂੰ ਸਰਹੱਦਾ ਰਹਿਤ ਜੁਬਾਨ ਨੂੰ ਸਾਂਝਾਂ ਵਧਾਉਣ ਲਈ ਯਤਨਸ਼ੀਲ ਰਹਿਣਾ ਚਾਹਿਦਾ ਹੈ। ਨਾ ਕਿ ਪੈਸੇ ਕਮਾਉਣ ਦਾ ਕੇਵਲ ਇਕ ਜਰੀਆ ਮੰਨਣਾ ਚਾਹਿਦਾ ਹੈ। ਲੋਕ ਕਲਾਕਾਰਾਂ ਨੂੰ ਵੀ ਲੋਕ ਹੱਕਾਂ ਲਈ ਖੜੇ ਹੋਣਾ, ਰਾਏ ਦੇਣਾ ਅਤੇ ਜਿੰਮੇਵਾਰ ਹੋਣ ਦੀ ਸ਼ਾਹਦੀ ਮੰਗਦੇ ਹਨ। ਜਿਵੇ ਦਿੱਲੀ ਕਿਸਾਨ ਮੋਰਚੇ ਵੇਲੇ ਗਾਇਕ ਕੰਵਰ ਗਰੇਵਾਲ, ਹਰਭਜਨ ਮਾਨ, ਹਰਫ ਚੀਮਾ, ਪੰਮੀ ਬਾਈ, ਅਦਾਕਾਰਾ ਨਿਰਮਲ ਰਿਸ਼ੀ, ਸੀਮਾ ਕੌਂਸਲ, ਸੁਨੀਤਾ ਧੀਰ, ਰੁਪਿੰਦਰ ਰੂਪੀ, ਗੁਰਪ੍ਰੀਤ ਕੌਰ ਭੰਗੂ, ਸਰਦਾਰ ਸੋਹੀ, ਬਿੰਨੂ ਢਿੱਲੋਂ , ਕਰਮਜੀਤ ਅਨਮੋਲ , ਗੁਰਪ੍ਰੀਤ ਘੁੱਗੀ ,ਮਲਕੀਤ ਰੌਣੀ , ਯੋਗਰਾਜ ਸਣੇ ਬਹੁਤ ਕਲਾਕਾਰਾਂ ਨੇ ਸ਼ਾਮਲ ਹੋ ਕੇ ਹੱਕੀ ਮੰਗਾਂ ਦੀ ਪ੍ਰੋੜਤਾ ਕੀਤੀ ਸੀ। ਗਾਇਕ ਦਲਜੀਤ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਲੰਮਾ ਕਰਦਿਆਂ ਹੋਰ ਲੰਮੀ ਉਮਰ ਦੇਣ ਵਿੱਚ ਕਾਮਯਾਬ ਹੋਇਆ ਹੈ। ਵੱਡੇ ਮੰਚਾਂ ਨੂੰ ਸੁਚੱਜਤਾ ਨਾਲ ਵਰਤਿਆ ਹੈ। ਭਾਰਤ ਵਿੱਚ ਫਿਲਮ ਦੇ ਬਾਈਕਾਟ ਦੇ ਪ੍ਰਪੋਗੰਡੇ ਦਾ ਜਿਸ ਦਲੇਰੀ ਨਾਲ ਦਲਜੀਤ ਨੇ ਜੁਆਬ ਦਿੱਤਾ ਹੈ ਉਹ ਕਿਸੇ ਪੰਜਾਬੀ ਦੀ ਆਪਣੇ ਗੁਰੂ ਸਿਧਾਤੀ ਫਲਸਫੇ ਨਿਆਈ ਹੈ।

" ਜੁਅਰਤ ਜਮਾਲ ਹੈ ਮਮ ਜੁਰਤ ਨਾਹਿਨ ਏਤਨੀ "

ਦਲਜੀਤ ਆਪਣੀ ਨਿਰਭਉ ਦੀ ਬਿਰਤੀ ਵਿੱਚੋ " ਪੰਜਾਬ 84 " ਅਤੇ ਜਸਵੰਤ ਸਿੰਘ ਖਾਲੜਾ ਤੇ " ਪੰਜਾਬ 95 " ਫਿਲਮਾਂ ਬਣਾਕੇ ਵੱਡੀ ਜੁਅਰਤੀ ਕੰਮ ਕੀਤੇ ਹਨ। " ਸੱਜਣ ਸਿੰਘ ਰੰਗਰੂਟ " ਪਹਿਲੀ ਸੰਸਾਰ ਜੰਗ ਤੇ ਇਤ੍ਹਾਸਕ ਫਿਲਮ ਵਿੱਚ ਸਿੱਖਾਂ ਦੇ ਯੋਗਦਾਨ ਦੀ ਆਉਣ ਵਾਲੇ ਸਮੇ ਵਿੱਚ ਇਕ ਮਿਆਰੀ ਫਿਲਮ ਹੈ। ਸਿੱਖਾਂ ਦੇ ਕਿਰਦਾਰ ਦੀ ਅਹਿਮੀਆਤ ਨੂੰ ਨਿਖਾਰਿਆ ਹੈ। ਸਿੱਖਾਂ ਉਪਰ ਮਜ਼ਾਕ, ਭੱਦੇ ਡਾਇਲਾਗ, ਟੋਪੀਨੁਮਾਂ ਪੱਗਾਂ ਵਾਲੇ ਕਿ੍ਦਾਰਾਂ ਨੂੰ ਪੇਸ਼ ਕਰਨ ਵਾਲਿਆਂ ਦੀ ਜੁਬਾਨ ਬੰਦ ਕੀਤੀ ਹੈ। ਉਸ ਨੇ ਪੇਸ਼ ਕੀਤਾ ਹੈ ਕਿ ਮਾਡਰਨ ਸਮਾਜ਼ ਵਿੱਚ ਪੱਗ ਨਾਲ ਵਿਚਰਨ ਲਈ ਲਿਬਾਸਾਂ ਦੀ ਚੋਣ ਕਿਵੇ ਕੀਤੀ ਜਾ ਸਕਦੀ ਹੈ ਜੋ ਸਹਿਜ਼ ਅਤੇ ਨਵਾਬੀ ਲੱਗੇ। ਜੋ ਸਮਾਂ ਅਤੇ ਸੰਗਤ ਅਨੁਕੂਲ ਲੋਕਾਂ ਵਿੱਚ ਬੈਠਣ ਵਿੱਚ ਸਭਿਆਕ ਲੱਗੇ ਅਤੇ ਸਮੇ ਨਾਲ ਅੱਗੇ ਵਧੇ।

ਦਿੱਲੀ ਕਿਸਾਨ ਮੋਰਚੇ ਵਿੱਚ ਇਕ ਕਰੋੜ ਦਾ ਦਾਨ ਦੇ ਕੇ ਮੋਰਚੇ ਨੂੰ ਕਾਮਯਾਬ ਕਰਨ ਵਿੱਚ ਹਿਸਾ ਪਾਇਆ। ਭਾਈ ਗੁਰਬਖਸ਼ ਸਿੰਘ ਵੱਲੋ ਬੰਦੀ ਸਿੱਖ ਕੈਦੀਆਂ ਦੀ ਰਿਹਾਈ ਲਈ ਲਾਏ ਧਰਨੇ ਵਿੱਚ ਵੀ ਪਹੁੰਚ ਕੇ ਆਪਣੀ ਇਮਦਾਦ ਅਤੇ ਸਪੋਰਟ ਦਿੱਤੀ ਸੀ। ਅੱਜ ਦਲਜੀਤ ਦੇ ਨਾਂ ਨੂੰ ਕਨੈਡਾ ਦੇ ਵਿੱਚ ਇਕ ਸਬਜੈਕਟ ਤੇ ਤੌਰ ਤੇ ਪੜਾਇਆ ਜਾਣਾ ਸੁਰੂ ਹੋਇਆ ਹੈ। ਪੰਜਾਬੀ ਭਾਸ਼ਾ, ਉਸ ਦੇ ਪਿਛੋਕੜ, ਕੰਮ ਕਰਨ ਦੀ ਵਿਦਦਤਾ, ਸਮਰਪਣ, ਵੱਡੀ ਕਾਮਯਾਬੀ ਦੀ ਪੁਲਾਘ ਆਦਿ ਉਸ ਦੇ ਜੀਵਨ ਤੇ ਕੇਂਦਰ ਵਿਸ਼ਾ ਹੋਵੇਗਾ। ਸੋ ਇਹ ਦਲਜੀਤ ਦਾ ਆਪਣੇ ਆਪ ਵਿੱਚ ਪੰਜਾਬ ਨਾਲ ਜੁੜੇ ਹੋਣ ਦੇ ਕਾਰਜ ਕਾਰਨ ਹੈ।

ਪੰਜਾਬੀ ਭਾਸ਼ਾ ਵੀ ਕਿਤੇ ਨਾ ਕਿਤੇ ਵਰਤਮਾਨ ਭਾਰਤੀ ਹਕੂਮਤੀ ਦੇ ਨਵੇ ਰਾਸ਼ਟਰਵਾਦ ਨੂੰ ਰਾਸ ਨਹੀ ਆ ਰਹੀ। ਗੈਰ ਹਿੰਦੂ ਧਰਮਾਂ ਦੇ ਲੋਕਾਂ ਦੀਆਂ ਫਿਲਮਾਂ, ਗਾਣੇਆਂ ਤੇ ਪਾਬੰਦੀਆਂ ਲਾਈਆ ਜਾ ਰਹੀਆਂ ਹਨ। ਇਥੋ ਤੱਕ ਕਿ ਕੰਮ ਧੰਦਿਆਂ ਤੇ ਵੀ ਜਾਤੀ ਨਾ ਲਿਖਣ ਦੇ ਫੁਰਮਾਨ ਜਾਰੀ ਕਰਨ ਵਰਗੀ ਨਫਰਤ ਪੈਦਾ ਕੀਤੀ ਜਾ ਰਹੀ ਹੈ।

ਅੱਜ ਦੇ ਪਾ੍ਪੋਗੰਡੇ ਦਾ ਦਲਜੀਤ ਦੀ ਕਲਾ ਅਤੇ ਸੰਗੀਤ ਵਿੱਚ ਪੰਜਾਬੀ ਦੇ ਉਭਾਰ ਅਤੇ ਸਿੱਖ ਕਿਰਦਾਰ ਦੀ ਦਿੱਖ ਨੂੰ ਹਿੰਦੂਤਵੀਆਂ ਵੱਲੋ ਬਰਦਾਸ਼ਤ ਕਰਨਾ ਔਖਾ ਹੋਇਆ ਪਿਆ ਹੈ। ਦਲਜੀਤ ਵਰਗਾ ਇਕ ਸਧਾਰਨ ਵਿਆਕਤੀ ਆਪਣੀ ਕਲਾ ਰਾਹੀ ਦੁਨਿਆਂ ਵਿੱਚ ਪੱਗ ਨਾਲ ਇਕ ਵੱਡੀ ਪਹਿਚਾਣ ਬਣਾ ਸਕਿਆ ਹੈ। ਆਪਣੇ ਪ੍ਰੋਗਰਾਮਾਂ ਵਿੱਚ " ਪੰਜਾਬੀ ਆ ਗਏ ਓਏ " ਦਾ ਨਾਹਰਾ ਪੰਜਾਬੀਆਂ ਨੇ ਤਾਂ ਭਾਵੇ ਇਸ ਨੂੰ ਹਲਕੇ ਵਿੱਚ ਲਿਆ ਹੋਵੇ ਪਰ ਵਿਰੋਧੀਆਂ ਲਈ ਇਹ ਸਿਧਾ ਚੈਲਿੰਜ਼ ਬਣ ਗਿਆ ਹੈ। ਜੋ ਪੰਜਾਬੀ ਜੁਬਾਂਨ ਨੂੰ ਫਨਾਂ ਕਰਨ ਦੇ ਮਨਸੂਬੇ ਅੰਜਾਮ ਤੱਕ ਲੈ ਕੇ ਜਾਣ ਲਈ ਪੱਬਾ ਭਾਰ ਹੋਣ, ਉਸ ਨੂੰ ਕਿਵੇ ਬਰਦਾਸ਼ਤ ਕੀਤਾ ਸਕਦਾ ਹੈ ਕਿ ਭਾਰਤ ਦੇ ਇਕ ਛੋਟੇ ਖਿੱਤੇ ਵਿੱਚੋ ਆਈ ਪੰਜਾਬੀ ਭਾਸ਼ਾ ਭਾਰਤ ਦੀਆਂ ਦੂਜ਼ੀਆਂ ਭਾਸ਼ਾਵਾਂ ਦੀ ਅਗਵਾਈ ਕਰਦੀ ਨਜ਼ਰ ਪਵੇ ਜਾਂ ਵੱਡੀ ਹੁੰਦੀ ਦਿਸੇ। ਇਹ ਵਿਰੋਧੀਆਂ ਦੀ ਪੱਗ ਪ੍ਰਤੀ ਨਫਰਤ ਹੈ। ਜੋ ਦੁਨਿਆਂ ਵਿੱਚ ਵੱਧਦੇ ਪ੍ਰਭਾਵ ਨੂੰ ਸਹਿਣ ਨਹੀ ਕਰ ਪਾ ਰਿਹਾ। ਪੱਗਾਂ ਵਾਲੇ ਸਰਦਾਰ ਦੁਨਿਆਂ ਦਾ ਮੂੰਹ ਮੁਹਾਂਦਰਾਂ ਬਣਦੇ ਜਾ ਰਹੇ ਹਨ। ਦੁਨਿਆਂ ਦੀਆਂ ਵੱਡੀਆ ਥਾਵਾਂ ਤੇ ਪੱਗ ਨਜ਼ਰ ਆਉਣੀ ਸ਼ੁਰੂ ਹੋਈ ਹੈ। ਅਮਰੀਕਾ ਜਿਹੇ ਮੁਲਕ ਨੇ ਸਰਕਾਰੀ ਤੌਰ ਤੇ 09/11 ਦੇ ਹਮਲਿਆਂ ਤੋ ਬਆਦ ਸਿੱਖਾਂ ਦੀ ਪਹਿਚਾਣ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਹੈ। ਅਤੇ ਕਨੇਡਾ ਵਰਗੇ ਦੇਸਾਂ ਨੇ ਸਿੱਖਾਂ ਨੂੰ ਰਾਜਨੀਤੀ ਵਿੱਚ ਵੱਡੇ ਪਲੇਟਫਾਰਮ ਦੇ ਕੇ ਦੇਸ਼ ਭਗਤੀ, ਇਮਾਨਦਾਰੀ, ਦਰਿੜਤਾ, ਸਮਰਪਿੱਤ ਭਾਵਨਾ ਦੀ ਕਦਰ ਕੀਤੀ ਹੈ। ਜਿਥੇ ਕਲਾ ਹੈ ਉਥੇ ਕਾਰੀਆਂ ਵੀ ਹਨ ਆਉਣ ਵਾਲੇ ਸਮੇ ਬਾਰੇ ਦਲਜੀਤ ਦੇ ਕੰਮਾਂ ਦੇ ਕੀ ਅਰਥ ਹੋਣਗੇ। ਸਮਾਂ ਦੱਸੇਗਾ ਪਰ ਵਕਤੀ ਤੌਰ ਹੁਣ ਤੱਕ ਦੇ ਸਫਰ ਵਿੱਚ ਆਪਣਾ ਅਤੇ ਪੰਜਾਬ ਦਾ ਨਾ ਰੋਸ਼ਨ ਕੀਤਾ ਹੈ। ਪੰਜਾਬ ਅਤੇ ਸਿੱਖਾਂ ਦੇ ਮਾਣ ਸਨਮਾਨ ਦੀ ਥਾਂ ਬਣਦਾ ਜਾ ਰਿਹਾ ਹੈ। ਉਸ ਕੋਲੋ ਹੋਰ ਚੰਗੇ ਦੀ ਆਸ ਰੱਖਦੇ ਹਾਂ। ਇਹ ਵੀ ਪੰਜਾਬੀਆਂ ਦਾ ਉਸ ਨੂੰ ਬਣਦਾ ਸਤਿਕਾਰ ਦੇਣਾ ਹੀ ਉਸ ਲਈ ਪ੍ਰੇਰਨਾ ਸਰੋਤ ਹੈ।

ਫਿਲਹਾਲ ਫਿਲਮ " ਸਰਦਾਰ ਜੀ 3 " ਨੂੰ ਭਾਰਤ ਵਿੱਚ ਰਲੀਜ਼ ਕਰਨ ਦਿੱਤਾ ਗਿਆ ਹੈ। ਪਰ ਇਸ ਸਾਰੇ ਘਟਨਾ ਕ੍ਰਮ ਨਾਲ ਭਾਰਤ ਦੇ ਲੋਕਤੰਤਰ ਦੀ ਘੱਟ ਗਿਣਤੀ ਲੋਕਾਂ ਅਤੇ ਭਾਸ਼ਾਵਾਂ ਪ੍ਰਤੀ ਮਾੜੇ ਨਜ਼ਰੀਏ ਨੂੰ ਉਜ਼ਾਗਰ ਕੀਤਾ ਹੈ।

ਸਮਾਂ ਚਿੰਤਨ ਕਰਨ ਦਾ ਹੈ ਉਹ ਸਰਬ ਪੱਖੀ ਹਾਲਾਤਾਂ ਤੇ ਵੱਡੀ ਜਿੰਮੇਵਾਰੀ ਮੰਗਦਾ ਹੈ। ਸੰਸਾਰ ਵਿੱਚ ਹਰ ਚੰਗੇ ਪੱਖਾਂ ਦੀ ਧਿਰ ਬਣਕੇ ਚੰਗੇ ਸਮਾਜ ਦੀ ਉਸਾਰੀ ਕਰੀਏ।







# ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Sh. Puneet Verma Civil Judge (Junior Division), Sunam**
CNR No.PBSGA0-001127-2024
Next Date:24.07.2025
State Bank of India
Versus
Gurmel Singh S/o Surjan Singh
Notice to: A. paramjit Singh S/o Gurmel Singh S/o Surjan Singh R/o Pindi Kehar Singh Wali, Longowal, Distt. Sangrur, B) Narinder Kaur D/o Gurmel Singh Now W/o Sukhwinder Singh R/o Jassu Patti Sheron, tehsil Sunam, Distt. Sangrur C) Jaspreet Kaur D/o Gurmel Singh Now W/o Harbans Singh R/o Kotra Amru, tehsil Sunam Distt. Sangrur and D) Bhupinder Kaur D/o Gurmel Singh Now W/o Gurtej Singh Resident of Village Chhahar, tehsil Sunam Distt. Sangrur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **24.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-07-2025
**Sd/- Civil Judge (Junior Division), Sunam**

(U/o 5 Rule 20 CPC)
**In the Court of Sh. Ajay Pal Singh Additional Civil Judge (Senior Division), Hoshiarpur**
CNR No.PBHO02-001660-2024
Next Date:21.07.2025
State Bank of India Having Branch at Bullowal, District Hoshiarpur Through its branch Manager Sh. Ashu Dogra.
Versus
Rahul Rai Son of Sh. Amarjit Singh R/o Village Allowal, PO Bullowal District Hoshiarpur.
Notice to: Rahul Rai Son:- Amarjit Singh Village Allowal, District Hoshiarpur. 146113
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.07.2025** at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 05-07-2025
**Sd/- Additional Civil Judge (Senior Division), Hoshiarpur**

(U/o 5 Rule 20 CPC)
**In the Court of Ms. Navreet Kaur Additional Civil Judge (Senior Division), Dera Bassi**
CNR No.PBSAB0-000102-2023
Peshi : 27.08.2025
CS/88/2023
Punjab National Bank
Versus
M/s Gagan Kitchen & Anr.
Suit for recovery
Notice to: 1. M/s Gagan Kitchen SCO No. 21, VIP Shopping Centre, VIP Road, Zirakpur, District Mohali Through its prop Gagan Bashamboo 2. Gagan Bashamboo, Prop. M/s Gagan Kitchen SCO No. 21, VIP Shopping Centre, VIP Road, Zirakpur, District Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 04-07-2025
**Sd/- Additional Civil Judge (Senior Division), Dera Bassi**

(U/o 5 Rule 20 CPC)
**In the Court of Ms. Navreet Kaur Additional Civil Judge (Senior Division), Dera Bassi**
CNR No.PBSAB0-000584-2023
Peshi : 27.08.2025
CS/479/2023
Punjab National Bank
Versus
Harish Chandra
Suit for recovery
Notice to: Harish Chandra S/o Sh. Suresh Kumar, Village Kishanpura, Near Guga Mari, Dhakoli, Tehsil Zirakpur, District SAS Nagar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 04-07-2025
**Sd/- Additional Civil Judge (Senior Division), Dera Bassi**

(U/o 5 Rule 20 CPC)
**In the Court of Sh. Sher Singh Civil Judge Jr. Div., Chandigarh**
CNR No.CHCH02-001299-2025
Next Date: 09.09.2025
Dr. Paramjit Kaur Tulsi
Versus
General Public
Notice to: General Public:- Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.09.2025** at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 31-05-2025
**Sd/- Civil Judge Jr. Div., Chandigarh**

(U/o 5 Rule 20 CPC)
**In the Court of Sh. Raman Kumar Principal Judge, Family Court, Samrala**
CNR No.PBLDF4-000302-2023
Next Date: 23.07.2025
Navjot Kaur
Versus
Sukhwinder Singh
Notice to: Sukhwinder Singh Father:- Sh. Mohinder Singh R/o Amar Colony, Near Defence Bandh, Word NO. 6, Sirhind City Distt. Shri Fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.07.2025** at 10:00 A.M.
For details logon to https://highcourtchd.gov.in/?mod=district_notice&district=Ludhianacourt
Dated, this day of 02-07-2025
**Sd/- Principal Judge, Family Court, Samrala**

(U/o 5 Rule 20 CPC)
**In the Court of Ms. Navreet Kaur Additonal Civil Judge (Senior Division), Dera Bassi**
CNR No. PBSAB0-000879-2025
Next Date:-07-08-2025
GW/14/2025
Ram Kumar S/o Sh. Devi Chand R/o Village Amb Chhapa, PO Tehsil Dera Bassi, Distt. S.A.S Nagar
Versus
General Public
Petition u/s 8 of the Hindu Minority and Guardianship Act
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated this day of 04-07-2025
**Sd/- Additonal Civil Judge (Senior Division), Dera Bassi**

(U/o 5 Rule 20 CPC)
(Succession Case)
**In the Court of Sh. Sachin Yadav Addl. Civil Judge (Sr. Divn.), Chandigarh**
CNR No. CHCH02-001938-2025
Next Date:-27-08-2025
Ritu Rani
Versus
General Public
Petition u/s 372 of Indian Succession Act
Notice to: General Public
ਹੁਸ਼ਿਆਰਪੁਰ, 5 ਜੁਲਾਈ (ਚ.ਨ.ਸ): ਆਜ਼ਾਦੀ ਤੋਂ ਕੁਝ ਸਾਲ ਬਾਅਦ ਬਣੀ ਬਿਸਤ ਦੁਆਬ ਨਹਿਰ ਵਿੱਚੋਂ ਹੁਣ ਨਹਿਰ ਨਾਲ ਲੱਗਦੀਆਂ ਜ਼ਮੀਨਾਂ ਵਿੱਚ ਮੋਘੇ ਕੱਢਣ ਦਾ ਰਾਹ ਪੱਧਰਾ ਹੋ ਗਿਆ ਹੈ ਤੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹੁਕਮ ਵੀ ਜਾਰੀ ਕਰ ਦਿੱਤੇ ਗਏ ਹਨ। ਇਹ ਜਾਣਕਾਰੀ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਤੇ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਵੱਲੋਂ ਦਫ਼ਤਰ ਵਿੱਚ ਸੰਗਠਨ ਪ੍ਰਧਾਨ, ਬਲਾਕ ਪ੍ਰਭਾਰੀ ਤੇ ਬਲਾਕ ਪ੍ਰਧਾਨਾਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਸਾਂਝੀ ਕੀਤੀ ਗਈ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਚੱਬੇਵਾਲ ਹਲਕੇ ਦੀ ਜ਼ਿਮਨੀ ਚੋਣ ਸਮੇਂ ਅਸੀਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਨਹਿਰ ਨਾਲ ਲੱਗਦੀਆਂ ਜ਼ਮੀਨਾਂ ਨੂੰ ਨਹਿਰ ਦਾ ਪਾਣੀ ਉਪਲਬਧ ਕਰਵਾਇਆ ਜਾਵੇਗਾ ਤੇ ਹੁਣ ਇਹ ਵਾਅਦਾ ਪੂਰਾ ਹੋ ਚੁੱਕਾ ਹੈ, ਇਹ ਸਿਰਫ ਚੱਬੇਵਾਲ ਹਲਕੇ ਦੇ ਕਿਸਾਨਾਂ ਨੂੰ ਹੀ ਨਹੀਂ ਸਗੋਂ ਨਾਲ ਲੱਗਦੇ ਫਗਵਾੜਾ ਤੇ ਗੜ੍ਹਸ਼ੰਕਰ ਹਲਕੇ ਦੇ ਪਿੰਡਾਂ ਨੂੰ ਵੀ ਇਸ ਦਾ ਫਾਇਦਾ ਹੋਵਾਗਾ, ਹੁਣ ਜਿਸ ਵੀ ਕਿਸਾਨ ਨੂੰ ਨਹਿਰੀ ਪਾਣੀ ਦੀ ਜ਼ਰੂਰਤ ਹੋਵੇਗੀ, ਉਹ ਸਬੰਧਤ ਨਹਿਰੀ ਵਿਭਾਗ (ਜਲੰਧਰ ਬ੍ਰਾਂਚ) ਕੋਲ ਇਸ ਸਬੰਧੀ ਅਰਜ਼ੀ ਦੇ ਕੇ ਮੋਘੇ ਦੀ ਮੰਗ ਕਰ ਸਕਦਾ ਹੈ, ਜਿਸ ਉਪਰੰਤ ਵਿਭਾਗ ਵੱਲੋਂ ਤੁਰੰਤ ਸਬੰਧਤ ਕਿਸਾਨ ਦੇ ਖੇਤ ਨੂੰ ਨਹਿਰ ਵਿੱਚੋਂ ਪਾਣੀ ਦੇ ਦਿੱਤਾ ਜਾਵੇਗਾ। ਡਾ. ਚੱਬੇਵਾਲ ਨੇ ਕਿਹਾ ਕਿ ਸੂਬੇ ਦੀ ਮਾਨ ਸਰਕਾਰ ਨੇ ਟੇਲਾਂ ਤੱਕ ਪਾਣੀ ਪੁੱਜਦਾ ਕਰਨ ਲਈ ਕਰੋੜਾਂ ਰੁਪਏ ਖਰਚ ਕੀਤੇ ਹਨ ਜਿਸ ਨਾਲ ਇੱਕ ਤਾਂ ਕਿਸਾਨਾਂ ਨੂੰ ਨਹਿਰੀ ਪਾਣੀ ਮਿਲਣਾ ਯਕੀਨੀ ਬਣਿਆ ਤੇ ਦੂਜਾ ਜਿੱਥੇ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਰਿਹਾ ਹੈ।

# ਜੀਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ ਦੇ ਵਿਦਿਆਰਥੀ ਕਰਮਨਵੀਰ ਸਿੰਘ ਦਾ ਨਾਮ ਵਰਲਡਵਾਈਡ ਬੁੱਕ ਆਫ਼ ਰਿਕਾਰਡਜ਼ 'ਚ ਦਰਜ ਹੋਇਆ

ਗੁਰਦਾਸਪੁਰ, 5 ਜੁਲਾਈ (ਜਸਵਿੰਦਰ ਸਿੰਘ): ਜੀਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ ਗੁਰਦਾਸਪੁਰ ਦੇ ਦੂਜੀ ਜਮਾਤ ਦੇ ਵਿਦਿਆਰਥੀ ਕਰਮਨਵੀਰ ਸਿੰਘ ਨੇ 5-7 ਸਾਲ ਉਮਰ ਵਰਗ ਦੇ ਮੁਕਾਬਲੇ ਵਿੱਚ ਹਿੱਸਾ ਲੈ ਕੇ ਵਿਸ਼ਵ ਰਿਕਾਰਡ



ਬਣਾਇਆ। ਇਸ ਵਿਦਿਆਰਥੀ ਨੇ ਸਿਰਫ਼ 4 ਮਿੰਟ 29 ਸੈਕਿੰਡਾਂ ਵਿੱਚ 185 ਦੇਸ਼ਾਂ ਦੇ ਝੰਡਿਆਂ ਦੀ ਪਛਾਣ ਕਰਕੇ ਇੱਕ ਨਵਾਂ ਰਿਕਾਰਡ ਬਣਾਇਆ, ਜਿਸ ਲਈ ਉਸਨੂੰ ਵਰਲਡਵਾਈਡ ਸੰਗਠਨ ਵੱਲੋਂ ਮੈਡਲ ਤੇ ਸਰਟੀਫਿਕੇਟ ਦਿੱਤਾ ਗਿਆ। ਸਕੂਲ ਦੇ ਚੇਅਰਮੈਨ ਬਾਲ ਕ੍ਰਿਸ਼ਨ ਮਿੱਤਲ (ਸਕੱਤਰ ਡੀ.ਏ.ਵੀ. ਸੀ.ਐੱਮ.ਸੀ. ਨਵੀਂ ਦਿੱਲੀ) ਤੇ ਸਕੂਲ ਦੇ ਪ੍ਰਿੰਸੀਪਲ ਰਾਜੀਵ ਭਾਰਤੀ ਨੇ ਇਸ ਹੋਣਹਾਰ ਵਿਦਿਆਰਥੀ, ਉਸਦੇ ਮਾਪਿਆਂ ਤੇ ਅਧਿਆਪਕਾਂ ਨੂੰ ਆਪਣੇ ਤੇ ਪ੍ਰਬੰਧਨ ਵੱਲੋਂ ਵਧਾਈ ਦਿੱਤੀ ਤੇ ਉਸਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਜੀਵਨ ਦੀ ਗੁਣਵੱਤਾ ਨੂੰ ਵਧਾਉਂਦੇ ਹਨ ਤੇ ਸਾਨੂੰ ਸਕਾਰਾਤਮਕ ਸੋਚਣ, ਸੰਘਰਸ਼ ਕਰਨ ਤੇ ਜਿੱਤਣ ਦੀ ਸਮਰੱਥਾ ਦਿੰਦੇ ਹਨ। ਉਨ੍ਹਾਂ ਸਕੂਲ ਦੇ ਹੋਰ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅਜਿਹੇ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਸਫਲਤਾ ਪ੍ਰਾਪਤ ਕਰਨ ਲਈ ਵੀ ਪ੍ਰੇਰਿਤ ਕੀਤਾ।

# ਹਲਕਾ ਇੰਚਾਰਜ ਪਵਨ ਕੁਮਾਰ ਟੀਨੂ ਦੀ 'ਆਪ' ਆਗੂਆਂ ਨਾਲ ਮੀਟਿੰਗ



ਭੋਗਪੁਰ, 5 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਹਲਕਾ ਆਦਮਪੁਰ ਦੇ ਇੰਚਾਰਜ ਪਵਰ ਕੁਮਾਰ ਟੀਨੂ ਨੇ ਮਾਰਕੀਟ ਕਮੇਟੀ ਦਫਤਰ ਆਦਮਪੁਰ ਵਿਖੇ ਆਮ ਆਦਮੀ ਪਾਰਟੀ ਦੇ ਮੁੱਖ ਆਗੂਆਂ ਨਾਲ ਖਾਸ ਮੀਟਿੰਗ ਕੀਤੀ। ਆਦਮਪੁਰ ਹਲਕੇ ਵਿੱਚ ਹਰ ਤਰ੍ਹਾਂ ਦੇ ਚੱਲ ਰਹੇ ਕਾਰੋਬਾਰ ਜਾਣਕਾਰੀ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਪਵਨ ਕੁਮਾਰ ਟੀਨੂ ਨੇ ਕਿਹਾ ਕਿ ਉਹ ਹਲਕਾ ਆਦਪੁਰ ਦੇ ਮਸਲਿਆਂ ਸਬੰਧੀ ਜਲਦ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲਣਗੇ। ਪਵਨ ਕੁਮਾਰ ਟੀਨੂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਤੇ ਤਰੱਕੀ ਲਈ ਕੋਈ ਕਸਰ ਨਹੀਂ ਛੱਡੀ ਕਿਹਾ ਕਿ ਹਰ ਵਰਗ ਦੇ ਲੋਕਾਂ ਲਈ ਸਕੀਮਾਂ ਸ਼ੁਰੂ ਕੀਤੀਆਂ ਹਨ, ਜਿਸ ਦਾ ਲਾਭ ਲੈ ਕੇ ਲੋਕ ਚੰਗਾ ਜੀਵਨ ਬਤੀਤ ਕਰ ਰਹੇ ਹਨ। ਪਵਨ ਕੁਮਾਰ ਟੀਨੂ ਨੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸਮੱਸਿਆਵਾਂ ਦਾ ਹੱਲ ਕਰਨ ਦੀ ਰਿਪੋਰਟ ਤਿਆਰ ਕਰਕੇ ਮੁੱਖ ਮੰਤਰੀ ਨੂੰ ਜਲਦ ਦੇਣਗੇ। ਇਸ ਮੌਕੇ 'ਤੇ ਪਰਮਜੀਤ ਸਿੰਘ ਰਾਜਵੰਸ਼ ਚੇਅਰਮੈਨ ਮੰਡੀ ਬੋਰਡ ਆਦਮਪੁਰ, ਗੁਰਚਰਨ ਸਿੰਘ, ਪਵਿੱਤਰ ਸਿੰਘ, ਅਮਨਦੀਪ ਸਿੰਘ, ਚਰਨਜੀਤ ਸਿੰਘ, ਸੰਜੀਵ ਜਸਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਐੱਸ.ਐੱਮ.ਓ. ਫਤਹਿਗੜ੍ਹ ਚੂੜੀਆਂ ਦੀ ਅਗਵਾਈ ਹੇਠ ਸੀ.ਐੱਚ.ਸੀ. ਵਿਖੇ ਵਰਲਡ ਜ਼ੂਨੋਸਿਸ ਡੇਅ ਮਨਾਇਆ



ਫਤਹਿਗੜ੍ਹ ਚੂੜੀਆਂ, 5 ਜੁਲਾਈ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡਾ. ਲਖਵਿੰਦਰ ਸਿੰਘ ਐੱਸ.ਐੱਮ.ਓ. ਫਤਹਿਗੜ੍ਹ ਚੂੜੀਆਂ ਦੀ ਅਗਵਾਈ ਹੇਠ ਸੀ.ਐੱਚ.ਸੀ. ਵਿਖੇ ਵਰਲਡ ਜ਼ੂਨੋਸਿਸ ਡੇਅ ਮਨਾਇਆ ਗਿਆ। ਇਸ ਮੌਕੇ 'ਤੇ ਨੋਡਲ ਅਫ਼ਸਰ ਡਾ. ਕੁਲਵਿੰਦਰ ਕੌਰ ਨੇ ਦੱਸਿਆ ਕਿ ਹਰ ਸਾਲ 6 ਜੁਲਾਈ ਨੂੰ ਜ਼ੂਨੋਟਿਕ ਇਨਫੈਕਸ਼ਨ ਜਾਂ ਜਾਨਵਰਾਂ ਦੁਆਰਾ ਫ਼ੈਲਣ ਵਾਲੀਆਂ ਬਿਮਾਰੀਆਂ ਬਾਰੇ ਆਮ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ, ਉਨ੍ਹਾਂ ਦੀ ਰੋਕਥਾਮ ਤੇ ਇਲਾਜ ਕਰਨ ਤੇ ਵਿਚਾਰ ਵਟਾਂਦਰੇ ਲਈ ਇਕ ਪਲੇਟਫਾਰਮ ਦੇ ਉਦੇਸ਼ ਨਾਲ ਵਿਸ਼ਵ ਜ਼ੂਨੋਸਿਸ ਦਿਵਸ ਮਨਾਇਆ ਜਾਂਦਾ ਹੈ। ਇਸ ਸਾਲ ਇਸ ਦਾ ਥੀਮ ਜ਼ੂਨੋਟਿਕ ਇਨਫੈਕਸ਼ਨ ਉਹ ਬਿਮਾਰੀ ਹੈ ਜੋ ਜਾਨਵਰਾਂ ਤੋਂ ਮਨੁੱਖਾਂ ਤੱਕ ਫੈਲ ਸਕਦੀ ਹੈ, ਇਸ ਦੇ ਨਾਲ ਹੀ ਕੁਝ ਖਾਸ ਹਲਾਤਾਂ ਵਿੱਚ ਇਹ ਲਾਗ ਮਨੁੱਖਾਂ ਤੋਂ ਜਾਨਵਰਾਂ ਵਿੱਚ ਫੈਲ ਸਕਦੀ ਹੈ, ਅਜਿਹੀ ਸਥਿਤੀ ਨੂੰ ਰਿਵਰਸ ਜ਼ੂਨੋਸਿਸ ਕਿਹਾ ਜਾਂਦਾ ਹੈ। ਜ਼ੂਨੋਟਿਕ ਸੰਕ੍ਰਮਣ ਕਿਸੇ ਲਾਗ ਵਾਲੇ ਜਾਨਵਰ ਦੀ ਲਾਰ, ਖ਼ੂਨ, ਪਿਸ਼ਾਬ ਜਾਂ ਸਰੀਰ ਦੇ ਹੋਰ ਤਰਲ ਪਦਾਰਥਾਂ ਸਿੱਧੇ ਜਾਂ ਅਸਿੱਧੇ ਸੰਪਰਕ ਦੁਆਰਾ ਮਨੁੱਖ ਵਿੱਚ ਫੈਲ ਸਕਦੀ ਹੈ। ਵੈਕਟਰ ਬੋਰਨ ਬਿਮਾਰੀਆਂ ਵੀ ਇਸ ਕਿਸਮ ਦੀਆਂ ਬਿਮਾਰੀਆਂ ਵਿਚ ਆਉਂਦੀਆਂ ਹਨ ਜੋ ਚਿੱਚੜਾਂ, ਮੱਛਰਾਂ ਜਾਂ ਪਿੱਸੂ ਦੁਆਰਾ ਫੈਲਦੀਆਂ ਹਨ ਪਰ ਅਜੇ ਵੀ 70% ਜ਼ੂਨੋਟਿਕ ਬਿਮਾਰੀਆਂ ਹਨ, ਜੋ ਅਜੇ ਤੱਕ ਪਤਾ ਨਹੀਂ ਹਨ, ਇਨ੍ਹਾਂ ਹੀ ਨਹੀਂ ਦੁਨੀਆਂ ਭਰ ਵਿੱਚ ਹਰ ਸਾਲ ਖਾਸ ਕਰਕੇ ਘੱਟ ਮੱਧ ਆਮਦਨ ਵਾਲੇ ਦੇਸ਼ਾਂ ਵਿੱਚ ਲਗਭਗ 10 ਲੱਖ ਲੋਕ ਜ਼ੂਨੋਟਿਕ ਬਿਮਾਰੀਆਂ ਕਾਰਨ ਆਪਣੀ ਜਾਨ ਗੁਆ ਲੈਂਦੇ ਹਨ। ਇਸ ਮੌਕੇ 'ਤੇ ਜੋਗਾ ਸਿੰਘ ਬੀ.ਈ.ਈ., ਦਵਿੰਦਰ ਸਿੰਘ, ਜਗਮੀਤ ਸਿੰਘ, ਹਰਵਿੰਦਰ ਸਿੰਘ ਹੈਲਥ ਇੰਸਪੈਕਟਰ, ਅਰੁਣ ਕੁਮਾਰ, ਸੰਜੀਵ ਕੁਮਾਰ, ਰਾਜੀਵ ਕੁਮਾਰ, ਰਜਿੰਦਰ ਸਿੰਘ, ਰਸ਼ਪਾਲ ਸਿੰਘ, ਹੈਲਥ ਵਰਕਰ, ਆਸ਼ਾ ਵਰਕਰ ਤੇ ਬਹੁਤ ਸਾਰੇ ਲੋਕ ਹਾਜ਼ਰ ਸਨ।

# ਲਾਇਨਜ਼ ਕਲੱਬ ਐਕਟਿਵ ਨੇ ਲੰਗਰ ਅਤੇ ਸ਼ੂਗਰ ਤੇ ਬੀ.ਪੀ. ਚੈਕਅੱਪ ਕੈਂਪ ਲਗਾਇਆ

ਨਵਾਂਸ਼ਹਿਰ, 5 ਜੁਲਾਈ (ਸੁਖਦੇਵ ਸਿੰਘ ਉੜਾਪੜ): ਲਾਇਨਜ਼ ਕਲੱਬ



321ਡੀ ਵੱਲੋਂ ਪ੍ਰਧਾਨ ਜਸਵਿੰਦਰ ਕੌਰ ਦੀ ਪ੍ਰਧਾਨਗੀ ਤੇ ਤਰਲੋਚਨ ਸਿੰਘ ਵਿਰਦੀ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਗੇਟ ਮਾਰਕੀਟ ਨਵਾਂਸ਼ਹਿਰ ਵਿੱਚ ਦੇਸੀ ਸਾਲ ਨੂੰ ਸਮਰਪਿਤ ਦੁਕਾਨਦਾਰਾਂ ਦੇ ਸਹਿਯੋਗ ਨਾਲ ਲੰਗਰ ਲਗਾਇਆ ਗਿਆ। ਡਿਪਟੀ ਗਵਰਨਰ ਵਿਰਦੀ ਨੇ ਕਿਹਾ ਕਿ ਸਾਲ 2025-26 ਲਈ ਜਸਵਿੰਦਰ ਕੌਰ ਗੁਣਾਚੌਰ ਨੂੰ ਪ੍ਰਧਾਨ, ਪੂਨਮ ਸੂਰੀ ਸੈਕਟਰੀ, ਸੰਜੀਵ ਕੁਮਾਰ ਕੈਥ ਖਜ਼ਾਨਚੀ, ਸੀਨੀਅਰ ਕੌਂਸਲਰ ਚੇਤ ਰਾਮ ਰਤਨ ਨੂੰ ਪੀ.ਆਰ.ਓ. ਚੁਣਿਆ ਗਿਆ। ਉਨ੍ਹਾਂ ਨਵੀਂ ਚੁਣੀ ਗਈ ਟੀਮ ਨੂੰ ਸਮਾਜ ਭਲਾਈ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਿਆਂ ਵਾਤਾਵਰਨ ਸ਼ੁੱਧ ਖ਼ੂਨਦਾਨ ਕੈਂਪ ਮੈਡੀਕਲ ਕੈਂਪ ਨਸ਼ਿਆਂ ਵਿਰੁੱਧ ਜਾਗਰੂਕ ਸੈਮੀਨਾਰ ਕਰਨੇ ਚਾਹੀਦੇ ਹਨ। ਇਸ ਮੌਕੇ ਲਿਵਾਸਾ ਹਸਪਤਾਲ ਨਵਾਂਸ਼ਹਿਰ ਦੀ ਟੀਮ ਮੈਨੇਜਰ ਹਿੰਮਤ ਘਈ, ਡਾ. ਵਿਸ਼ਾਲੀ ਸੈਣੀ ਮੈਨੇਜਰ ਵਿਪਨ ਕੁਮਾਰ, ਡਾ. ਸਵਦੇਸ਼ ਸ਼ਰਮਾ, ਚਰਨਜੀਤ ਸਿੰਘ ਸਰਵਜੀਤ ਸਿੰਘ, ਚਮਨ ਲਾਲ, ਵਿਜੈ ਕੁਮਾਰ, ਚੇਤ ਰਾਮ ਰਤਨ ਪੀ.ਆਰ.ਓ., ਸੋਹਨ ਸਿੰਘ, ਸੁਨੀਤਾ, ਪ੍ਰੀਤੀ ਕੁਮਾਰੀ ਮਸਤਾਕ ਅਲੀ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ। ਲਾਇਨ ਗਵਰਨਰ ਰਛਪਾਲ ਸਿੰਘ ਬੱਚਾਜੀਵੀ ਦੀ ਅਗਵਾਈ ਹੇਠ ਸ਼ੁਕਰਾਨਾ ਐਵਾਰਡ ਬੇਗੋਵਾਲ 6 ਜੁਲਾਈ ਵਿੱਚ ਐਕਟਿਵ ਕਲੱਬ ਨਵਾਂਸ਼ਹਿਰ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ।

# ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਪੌਦੇ ਲਗਾਉਣ ਦੀ ਮੁਹਿੰਮ ਦਾ ਵਿਸਥਾਰ: ਅਰੁਣ ਗੁਪਤਾ

ਫਤਹਿਗੜ੍ਹ ਸਾਹਿਬ, 5 ਜੁਲਾਈ- (ਹਰਪ੍ਰੀਤ ਕੌਰ ਟਿਵਾਣਾ) : ਵੱਧ ਰਿਹਾ ਤਾਪਮਾਨ ਸਮੁੱਚੀ ਮਨੁੱਖਤਾ ਲਈ ਬਹੁਤ ਵੱਡੀ ਚਣੌਤੀ ਬਣ ਗਿਆ ਹੈ, ਜਿਸ ਦਾ ਮੁੱਖ ਕਾਰਨ ਉਦਯੋਗੀਕਰਨ ਤੇ ਸ਼ਹਿਰੀਕਰਨ ਲਈ ਦਰਖਤਾਂ ਦੀ ਅੰਧਾ-ਧੁੰਦ ਕਟਾਈ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਵਾਸਤੇ ਵੱਧ ਤੋਂ ਵੱਧ ਦਰਖਤ ਲਗਾਉਣੇ ਚਾਹੀਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਅਤੇ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਰੁਣ ਗੁਪਤਾ ਨੇ ਅੱਜ ਕਚਹਿਰੀਆਂ ਦੇ ਪਾਰਕ ਵਿੱਚ ਪੌਦਾ ਲਗਾ ਕੇ ਰੁੱਖ ਲਗਾਉਣ ਦੀ ਮੁਹਿੰਮ ਦਾ ਵਿਸਥਾਰ ਕਰਦੇ ਹੋਏ ਕੀਤਾ। ਇਸ ਮੌਕੇ ਸਾਰੇ ਜੁਡੀਸ਼ੀਅਲ



ਅਫਸਰਾਂ ਨੇ ਪਾਰਕ ਵਿੱਚ ਪੌਦੇ ਲਗਾਏ ਅਤੇ ਸਹੁੰ ਚੁੱਕ ਸਮਾਗਮ ਵੀ ਕੀਤਾ ਗਿਆ।ਸ਼੍ਰੀ ਗੁਪਤਾ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਰੁੱਖ ਲਗਾਉਣ ਦੀ ਮੁਹਿੰਮ ਦਾ ਵਿਸਥਾਰ ਹੁਣ 30 ਜੁਲਾਈ ਤੱਕ ਕਰ ਦਿੱਤਾ ਹੈ, ਕਿਉਂਕਿ ਬਰਸਾਤ ਦਾ ਮੌਸਮ, ਪੌਦਿਆਂ ਲਈ ਅਨੁਕੂਲ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਇਹ ਮੁਹਿੰਮ 05 ਜੂਨ ਤੋਂ 30 ਜੂਨ ਤੱਕ ਚੱਲਣੀ ਸੀ। ਜ਼ਿਲ੍ਹਾ ਤੇ ਸ਼ੈਸ਼ਨ ਜੱਜ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪ੍ਰਣ ਲੈਣਾ ਚਾਹੀਦਾ ਹੈ ਕਿ ਹਰ ਨਾਗਰਿਕ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਏ ਅਤੇ ਰੁੱਖ ਦੇ ਸਰਪ੍ਰਸਤ ਬਣ ਕੇ ਸਾਂਭ-ਸੰਭਾਲ ਕਰੀਏ, ਤਾਂ ਜੋ ਅਸੀਂ ਆਪਣੇ ਵਾਤਾਵਰਨ ਅਤੇ ਭਵਿੱਖ ਨੂੰ ਬਚਾ ਸਕੀਏ। ਇਸ ਮੌਕੇ ਅਸ਼ੋਕ ਕੁਮਾਰ ਚੌਹਾਨ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕਿਹਾ ਕਿ ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨਾ ਅੱਜ ਦੇ ਸਮੇਂ ਦੀ ਅਹਿਮ ਲੋੜ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਵਾਤਾਵਰਨ ਨੂੰ ਮਹੱਤਤਾ ਦਿੰਦੇ ਹੋਏ ਗੁਰਬਾਣੀ ਵਿੱਚ ਪਵਨ (ਹਵਾ) ਨੂੰ ਗੁਰੂ ਦਾ ਦਰਜਾ ਦਿੱਤਾ ਹੈ, ਪਾਣੀ ਨੂੰ ਪਿਤਾ ਦਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਵਾਤਾਵਰਨ ਦੀ ਸੰਭਾਲ ਵਿੱਚ ਸੰਜੀਦਾ ਹੋ ਕੇ ਸਾਨੂੰ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।

# ਲੰਮੇ ਸਮੇਂ ਤੋਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ : ਜਥੇਦਾਰ ਗੜਗੱਜ

ਫਤਹਿਗੜ੍ਹ ਸਾਹਿਬ, 5 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਤੇ ਭਾਈ ਮਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਵਸ 'ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਸ਼ਤਾਬਦੀ ਸਮਾਗਮ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸ਼ਮੂਲੀਅਤ ਕਰਕੇ ਸੰਗਤਾਂ ਨੂੰ ਸੰਬੋਧਨ ਕੀਤਾ ਗਿਆ ਤੇ ਸ਼੍ਰੋਮਣੀ ਕਮੇਟੀ ਵੱਲੋਂ ਮਨਾਏ ਜਾ ਰਹੇ ਇਹਨਾਂ ਸ਼ਤਾਬਦੀ ਸਮਾਗਮਾਂ ਵਿੱਚ ਸੰਗਤ ਨੂੰ ਆਪਣੇ ਬੱਚਿਆਂ ਨੂੰ ਨਾਲ ਲਿਆ ਕੇ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ। ਕਿਉਂਕਿ ਜ਼ਿੰਦਗੀ ਵਿੱਚ



ਸ਼ਤਾਬਦੀਆਂ ਮਨਾਉਣ ਦਾ ਵੇਲਾ ਕਿਸੇ ਸਵੱਲੇ ਦੇ ਹੀ ਹਿੱਸੇ ਆਉਂਦਾ ਹੈ। ਉਹਨਾਂ ਕਿਹਾ ਕਿ ਸ਼ਤਾਬਦੀਆਂ ਅਸਲ ਵਿੱਚ ਸਾਨੂੰ ਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਨ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਕਿਉਂਕਿ ਸਿੱਖ ਕੌਮ ਦਾ ਸ਼ਾਨਾਮੱਤਾ ਇਤਿਹਾਸ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਹੱਕਾਂ ਦੀ ਰਾਖੀ ਤੇ ਧਾਰਮਿਕ ਆਜ਼ਾਦੀ ਲਈ ਦਿੱਲੀ ਦੇ ਚਾਂਦਨੀ ਚੌਕ ਵਿਖੇ ਆਪਣੀ ਸ਼ਹਾਦਤ ਦੇ ਕੇ ਸੰਦੇਸ਼ ਦਿੱਤਾ ਕਿ ਸ਼ਹਾਦਤਾਂ ਕੌਮ ਵਿੱਚ ਸਪਿਰਟ ਪੈਦਾ ਕਰਦੀਆਂ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਅੱਜ ਹਰੇਕ ਦੀ ਧਾਰਮਿਕ ਆਜ਼ਾਦੀ ਦਾ ਸਤਿਕਾਰ ਕਰਨ ਦੀ ਲੋੜ ਹੈ। ਦੁਨੀਆਂ ਦੇ ਹਰੇਕ ਬੰਦੇ ਨੂੰ ਆਪਣੇ ਧਰਮ ਮੁਤਾਬਕ ਚੱਲਣ ਦੀ ਆਜ਼ਾਦੀ ਹੈ। ਉਹਨਾਂ ਕਿਹਾ ਕਿ ਹਰੇਕ ਵਿਅਕਤੀ ਆਪਣੇ ਧਰਮ ਵਿੱਚ ਪੂਰੀ ਤਰ੍ਹਾਂ ਪਰਪੱਖ ਹੋਣਾ ਚਾਹੀਦਾ ਹੈ ਤੇ ਕਿਸੇ ਨੂੰ ਕਿਸੇ ਵੀ ਧਰਮ ਪ੍ਰਤੀ ਧਾਰਮਿਕ ਭਾਵਨਾਵਾਂ ਨਾਲ ਵੀ ਛੇੜਛਾੜ ਨਹੀਂ ਕਰਨੀ ਚਾਹੀਦੀ। ਉਹਨਾਂ ਕਿਹਾ ਕਿ ਹਕੂਮਤੀ ਨਸ਼ੇ ਵਿੱਚ ਕਿਸੇ ਦੇ ਧਾਰਮਿਕ ਅਧਿਕਾਰਾਂ 'ਤੇ ਦਬਾਓ ਨਾ ਬਣਾਇਆ ਜਾਵੇ। ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਲੰਮੇ ਸਮੇਂ ਤੋਂ ਵੱਖ ਵੱਖ ਜੇਲ੍ਹਾਂ ਵਿੱਚ ਬੰਦ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਸਰਕਾਰਾਂ ਨੂੰ ਅਪੀਲ ਵੀ ਕੀਤੀ ਗਈ ਬੰਦੀ ਸਿੰਘਾਂ ਦੇ ਹੱਕਾਂ ਨੂੰ ਬਹਾਲ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਮੈਨੇਜਰ ਕੁਲਵਿੰਦਰ ਸਿੰਘ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਅਤਰ ਸਿੰਘ, ਕਥਾਵਾਚਕ ਭਾਈ ਗੁਰਪ੍ਰੀਤ ਸਿੰਘ, ਸਰਨਜੀਤ ਸਿੰਘ ਚਨਾਰਥਲ ਪ੍ਰਧਾਨ ਦਿਹਾਤੀ ਸ਼੍ਰੋਮਣੀ ਅਕਾਲੀ ਦਲ ਫਤਹਿਗੜ੍ਹ ਸਾਹਿਬ ਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਗਿਆਨਵਾਨ ਕਿਤਾਬ ਸਮੀਖਿਆ ਮੁਕਾਬਲਾ

ਬੜੂ ਸਾਹਿਬ, 5 ਜੁਲਾਈ (ਅੰਮ੍ਰਿਤਪਾਲ ਸਿੰਘ) : ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਅੱਜ ਇੱਕ ਰੌਚਕ ਅਤੇ ਗਿਆਨਵਾਨ ਕਿਤਾਬ ਸਮੀਖਿਆ ਮੁਕਾਬਲਾ ਆਯੋਜਿਤ ਕੀਤਾ ਗਿਆ, ਜਿਸ ਵਿੱਚ 9ਵੀਂ ਤੋਂ 11ਵੀਂ ਜਮਾਤ ਤੱਕ ਦੇ ਵਿਦਿਆਰਥੀਆਂ



ਨੇ ਉਤਸ਼ਾਹਪੂਰਵਕ ਭਾਗ ਲਿਆ। ਇਹ ਮੁਕਾਬਲਾ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਵਿਦਿਆਰਥੀਆਂ ਨੂੰ ਤਾਜ਼ਗੀ ਅਤੇ ਪਾਠਨ ਪ੍ਰਤੀ ਰੁਚੀ ਵਧਾਉਣ ਲਈ ਲਾਇਬ੍ਰੇਰੀ ਇੰਚਾਰਜ ਸ਼੍ਰੀ ਅਭਿਨਵ ਸ਼ਰਮਾ ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਵਿਦਿਆਰਥੀਆਂ ਨੇ ਆਪਣੀ ਪਸੰਦ ਦੀ ਕਿਤਾਬ ਦੀ ਚੋਣ ਕਰਕੇ ਉਸ ਦੀ ਸਮੀਖਿਆ ਲਿਖੀ ਅਤੇ ਆਪਣੇ ਵਿਚਾਰ ਰਚਨਾਤਮਕ ਢੰਗ ਨਾਲ ਪ੍ਰਸਤੁਤ ਕੀਤੇ। ਇਸ ਮੌਕੇ 'ਤੇ ਅਕਾਲ ਅਕੈਡਮੀ ਥੇਹ ਕਲੰਦਰ ਦੇ ਪ੍ਰਿੰਸੀਪਲ ਗੁਰਜੀਤ ਕੌਰ ਸਿੱਧੂ ਨੇ ਸਾਰੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਅਜਿਹੀਆਂ ਗਿਆਨਵਰਧਕ ਗਤੀਵਿਧੀਆਂ ਵਿੱਚ ਨਿਰੰਤਰ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਹਰੇਕ ਜਮਾਤ ਵਿੱਚੋਂ ਪੰਜ-ਪੱਧਰੀ ਵਿਦਿਆਰਥੀਆਂ ਦੀ ਚੋਣ ਕੀਤੀ ਗਈ, ਜਿਨ੍ਹਾਂ ਨੇ ਆਪਣੀ ਰਚਨਾਤਮਕਤਾ ਅਤੇ ਪਾਠਨ ਸਮਰੱਥਾ ਨਾਲ ਸਭ ਨੂੰ ਪ੍ਰਭਾਵਿਤ ਕੀਤਾ। ਹਰੇਕ ਕਲਾਸ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀ ਸਨ: ਸਹਿਜਪ੍ਰੀਤ ਕੌਰ (91), ਈਸ਼ਾ ਕੰਬੋਜ (92), ਗੁਰਲੀਨ ਕੌਰ (101), ਗੁਰਲੀਨ ਕੌਰ (102) ਅਤੇ ਕੋਮਲਪ੍ਰੀਤ ਕੌਰ (11ਵੀਂ)। ਇਹ ਮੁਕਾਬਲਾ ਨਾ ਸਿਰਫ਼ ਵਿਦਿਆਰਥੀਆਂ ਵਿੱਚ ਪਾਠਨ-ਸੰਸਕਾਰ ਪੈਦਾ ਕਰਨ ਵਾਲਾ ਸੀ, ਸਗੋਂ ਉਨ੍ਹਾਂ ਦੀ ਲਿਖਣੀ ਦੀ ਯੋਗਤਾ ਨੂੰ ਵੀ ਨਿਖਾਰਨ ਵਾਲਾ ਸਾਬਿਤ ਹੋਇਆ।

# ਬਰਾਈਟ ਫਿਊਚਰ ਅਕੈਡਮੀ ਦੇ ਵਿਦਿਆਰਥੀਆਂ ਨੇ ਆਰਟ ਮੁਕਾਬਲੇ ਵਿੱਚ ਦਿਖਾਇਆ ਸ਼ਾਨਦਾਰ ਪ੍ਰਦਰਸ਼ਨ

ਕਾਹਨੂੰਵਾਨ, 5 ਜੁਲਾਈ (ਕੁਲਜੀਤ ਸਿੰਘ ਖੋਖਰ) : ਬਰਾਈਟ ਫਿਊਚਰ ਅਕੈਡਮੀ, ਜੋ ਕਿ ਸਿੱਖਿਆ ਅਤੇ ਸਰਗਰਮੀਆਂ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਰੱਖਦੀ ਹੈ, ਨੇ ਹਾਲ ਹੀ ਵਿੱਚ ਇੱਕ ਆਰਟ ਮੁਕਾਬਲੇ ਦਾ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਸਕੂਲ ਦੇ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਆਪਣੀਆਂ ਕਲਾਕ੍ਰਿਤੀਆਂ ਰਾਹੀਂ ਸਮਾਜਿਕ ਮੁੱਦਿਆਂ, ਸੱਭਿਆਚਾਰਕ ਵਿਭਿੰਨਤਾ ਅਤੇ ਕੁਦਰਤ ਦੀ ਸੁੰਦਰਤਾ ਨੂੰ ਬਾਖੂਬੀ ਪੇਸ਼ ਕੀਤਾ।ਮੁਕਾਬਲੇ ਦਾ ਥੀਮ ਸੀ ਸਾਡਾ ਸੁਪਨਿਆਂ ਦਾ ਸੰਸਾਰ, ਜਿਸ ਅਧੀਨ ਵਿਦਿਆਰਥੀਆਂ ਨੇ ਪੇਂਟਿੰਗ, ਸਕੈਚਿੰਗ, ਅਤੇ ਮਿਕਸਡ ਮੀਡੀਆ ਵਰਗੀਆਂ ਵਿਭਿੰਨ ਕਲਾ ਸ਼ੈਲੀਆਂ ਵਿੱਚ ਆਪਣੀ ਸਿਰਜਣਾਤਮਕਤਾ ਨੂੰ ਪ੍ਰਦਰਸ਼ਿਤ ਕੀਤਾ। ਸਕੂਲ ਦੇ ਦਫਤਰ ਸਹਾਇਕ, ਜਤਿਨ ਬਾਵਾ ਨੇ ਇਸ



ਮੁਕਾਬਲੇ ਦੇ ਸਫਲ ਆਯੋਜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਮੁਕਾਬਲੇ ਦੀ ਤਿਆਰੀ, ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ, ਅਤੇ ਸਾਰੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਸੰਭਾਲਿਆ। ਜਤਿਨ ਬਾਵਾ ਨੇ ਦੱਸਿਆ, ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਅਤੇ ਉਨ੍ਹਾਂ ਦੀਆਂ ਸਿਰਜਣਾਤਮਕ ਕਲਾਕ੍ਰਿਤੀਆਂ ਨੇ ਸਾਨੂੰ ਪ੍ਰਭਾਵਿਤ ਕੀਤਾ। ਅਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਨੂੰ ਪਛਾਣਨ ਅਤੇ ਵਿਕਸਿਤ ਕਰਨ ਦਾ ਮੌਕਾ ਦਿੰਦੇ ਹਨ।ਅਕੈਡਮੀ ਦੇ ਪ੍ਰਿੰਸੀਪਲ ਗੁਰਸੇਵਕ ਰਿਆੜ ਨੇ ਕਿਹਾ, ਸਾਡੇ ਵਿਦਿਆਰਥੀਆਂ ਨੇ ਆਪਣੀਆਂ ਕਲਾਕ੍ਰਿਤੀਆਂ ਰਾਹੀਂ ਨਾ ਸਿਰਫ਼ ਆਪਣੀ ਪ੍ਰਤਿਭਾ ਦਿਖਾਈ, ਸਗੋਂ ਸਮਾਜ ਪ੍ਰਤੀ ਆਪਣੀ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਨੂੰ ਵੀ ਪ੍ਰਗਟ ਕੀਤਾ। ਅਸੀਂ ਜਤਿਨ ਬਾਵਾ ਸਮੇਤ ਸਮੁੱਚੀ ਟੀਮ ਦੇ ਯਤਨਾਂ ਦੀ ਸਰਾਹਨਾ ਕਰਦੇ ਹਾਂ, ਜਿਨ੍ਹਾਂ ਨੇ ਇਸ ਈਵੈਂਟ ਨੂੰ ਸਫਲ ਬਣਾਇਆ।ਮੁਕਾਬਲੇ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਅਤੇ ਪ੍ਰਸ਼ੰਸਾ ਪੱਤਰ ਦਿੱਤੇ ਗਏ। ਸਕੂਲ ਪ੍ਰਬੰਧਕ ਸੰਦੀਪ ਧਾਰੀਵਾਲ ਭੋਜਾ ਨੇ ਭਵਿੱਖ ਵਿੱਚ ਵੀ ਅਜਿਹੇ ਸਿਰਜਣਾਤਮਕ ਮੁਕਾਬਲਿਆਂ ਦੇ ਆਯੋਜਨ ਦੀ ਵਚਨਬੱਧਤਾ ਜਤਾਈ, ਤਾਂ ਜੋ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਹੋਰ ਨਿਖਾਰਿਆ ਜਾ ਸਕੇ।

ਇਹ ਆਰਟ ਮੁਕਾਬਲਾ ਨੌਜਵਾਨ ਪੀੜ੍ਹੀ ਦੀ ਸਿਰਜਣਾਤਮਕ ਸੋਚ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਪ੍ਰਗਟ ਕਰਨ ਦਾ ਇੱਕ ਸ਼ਾਨਦਾਰ ਮੰਚ ਸਾਬਤ ਹੋਇਆ। ਉਹਨਾਂ ਨੇ ਵਿਦਿਆਰਥੀਆਂ ਦੀ ਕਲਾਤਮਕ ਸਮਰੱਥਾ, ਵਿਚਾਰਧਾਰਾ, ਅਤੇ ਪੇਸ਼ਕਾਰੀ ਦੀ ਸ਼ਲਾਘਾ ਕੀਤੀ ਅਤੇ ਅਧਿਆਪਕਾਂ ਦੀ ਅਗਵਾਈ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਹ ਮੁਕਾਬਲਾ ਨਿਸ਼ਾ ਬਾਵਾ, ਅਨੂੰ ਮੁਕੇਰੀਆਂ, ਨੇਹਾ ਸ਼ਰਮਾ, ਅਕਾਂਕਸ਼ਾ ਠਾਕੁਰ, ਜਸਬੀਰ ਸ਼ੀਂਹ ਭੱਟੀ, ਮਨਦੀਪ ਕੌਰ, ਨਵਨੀਤ ਆਦਿ ਦੀ ਅਗਵਾਈ ਵਿੱਚ ਕਰਵਾਇਆ ਗਿਆ।

# ਪ੍ਰਿਤਪਾਲ ਸਿੰਘ ਗੰਡਾ ਨੇ ਵਿਦਿਆਰਥੀਆਂ ਨੂੰ ਬੂਟ ਵੰਡੇ

ਸ੍ਰੀ ਅਨੰਦਪੁਰ ਸਾਹਿਬ, 5 ਜੁਲਾਈ (ਸੇਵਾ ਸਿੰਘ ਸਤਿੰਦਰਪਾਲ ਸਿੰਘ): ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗੰਡਾ ਵੱਲੋਂ ਸਕੂਲ ਵਿੱਚ ਪੜ੍ਹ ਰਹੇ ਲੋੜਵੰਦ ਵਿਦਿਆਰਥੀਆਂ ਨੂੰ ਬੂਟ ਵੰਡੇ ਗਏ। ਇਸ ਮੌਕੇ ਗੱਲ ਕਰਦਿਆਂ ਵਪਾਰ ਮੰਡਲ ਪ੍ਰਧਾਨ ਪ੍ਰਿਤਪਾਲ ਸਿੰਘ ਗੰਡਾ ਨੇ ਕਿਹਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਨਾਲ ਉਹਨਾਂ ਦਾ ਵਿਸ਼ੇਸ਼ ਲਗਾਅ ਹੈ। ਉਹਨਾਂ ਦੇ ਸਾਰੇ ਬੱਚੇ ਇਸ ਸਕੂਲ ਵਿੱਚ ਵਿੱਦਿਆ ਪ੍ਰਾਪਤ ਕਰ



ਚੁੱਕੇ ਹਨ ਅਤੇ ਉਹਨਾਂ ਦੇ ਪਿਤਾ ਹਰਨਾਮ ਸਿੰਘ ਗੰਡਾ ਦੀ ਇਸ ਸੰਸਥਾ ਨਾਲ ਕਾਫੀ ਲੰਬਾ ਸਮਾਂ ਜੁੜੇ ਰਹੇ। ਉਹਨਾਂ ਕਿਹਾ ਕਿ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਪੜ੍ਹ ਰਹੇ ਲੋੜਵੰਦ ਵਿਦਿਆਰਥੀਆਂ ਦੀਆਂ ਜਰੂਰਤਾਂ ਪੂਰਾ ਕਰਨ ਲਈ ਉਹ ਹਰ ਸਮੇਂ ਹਾਜ਼ਰ ਹਨ। ਉਹਨਾਂ ਜਿੱਥੇ ਲੋੜਵੰਦ ਵਿਦਿਆਰਥੀਆਂ ਨੂੰ ਬੂਟ ਵੰਡੇ ਉੱਥੇ ਵਿਦਿਆਰਥੀਆਂ ਨੂੰ ਰੱਜ ਕੇ ਮਿਹਨਤ ਕਰਨ ਲਈ ਵੀ ਪ੍ਰੇਰਿਆ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਪਾਰ ਮੰਡਲ ਪ੍ਰਧਾਨ ਦਾ ਧੰਨਵਾਦ ਕੀਤਾ। ਇਸ ਮੌਕੇ ਸੇਵਾ ਸਿੰਘ, ਜਸਪ੍ਰੀਤ ਕੌਰ, ਅਮਰਜੀਤ ਕੌਰ ਸਮੇਤ ਸਮੁੱਚਾ ਸਟਾਫ ਹਾਜ਼ਰ ਸੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਰੁੱਖ ਲਗਾਓ ਮੁਹਿੰਮ ਵਨ ਜੱਜ ਵਨ ਟ੍ਰੀ ਤਹਿਤ ਲਗਾਏ ਬੂਟੇ




ਫਿਰੋਜ਼ਪੁਰ, 5 ਜੁਲਾਈ (ਤਿਵਾੜੀ) : ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ. ਐੱਸ. ਨਗਰ ਮੋਹਾਲੀ ਜੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਜੀ ਦੀ ਰਹਿਨੁਮਾਈ ਹੇਠ ਰੁੱਖ ਲਗਾਓ ਮੁਹਿੰਮ ਵਨ ਜੱਜ ਵਨ ਟ੍ਰੀ ਦੀ ਸ਼ੁਰੂਆਤ 05 ਜੂਨ, 2025 ਨੂੰ ਕੀਤੀ ਗਈ ਸੀ। ਇਸੇ ਮੁਹਿੰਮ ਦੇ ਤਹਿਤ ਅੱਜ ਸ੍ਰੀ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਜੀ ਅਗਵਾਈ ਹੇਠ ਸਾਰੇ ਜੁਡੀਸ਼ੀਅਲ ਅਫਸਰਾਂ, ਪ੍ਰਧਾਨ, ਬਾਰ ਐਸੋਸੀਏਸ਼ਨ, ਫਿਰੋਜਪੁਰ, ਜ਼ਿਲ੍ਹਾ ਅਟਾਰਨੀ, ਫਿਰੋਜਪੁਰ ਅਤੇ ਲੀਗਲ ਏਡ ਡਿਫੈਂਸ ਕਾਊਂਸਲ ਦੀ ਟੀਮ ਵੱਲੋਂ ਏ.ਡੀ.ਆਰ ਸੈਂਟਰ, ਫਿਰੋਜ਼ਪੁਰ ਅਤੇ ਜੁਡੀਸ਼ੀਅਲ ਕੋਰਟ ਕੰਪਲੈਕਸ, ਫਿਰੋਜ਼ਪੁਰ ਵਿੱਚ ਰੁੱਖ ਲਗਾਏ ਗਏ। ਇਸ ਮੌਕੇ ਮਾਨਯੋਗ ਜੱਜ ਸਾਹਿਬ ਵੱਲੋਂ ਆਪ ਖੁਦ ਅਤੇ ਬਾਕੀ ਸਾਰੇ ਅਫਸਰਾਂ ਵੱਲੋਂ ਬੂਟੇ ਲਗਾਏ ਗਏ ਅਤੇ ਸਭ ਨੂੰ ਇੱਕ-ਇੱਕ ਬੂਟਾ ਸਰਪ੍ਰਸਤ ਕਰ ਦਿੱਤਾ ਗਿਆ ਜਿਸ ਦੀ ਦੇਖਭਾਲ ਸਬੰਧਤ ਅਫ਼ਸਰ ਵੱਲੋਂ ਕੀਤੀ ਜਾਂ ਕਰਵਾਈ ਜਾਵੇਗੀ। ਇਸ ਮੁਹਿੰਮ ਦੇ ਤਹਿਤ ਮਾਨਯੋਗ ਸੈਸ਼ਨ ਜੱਜ ਸਾਹਿਬ ਅਤੇ ਸਾਰੇ ਜੁਡੀਸ਼ੀਅਲ ਅਫਸਰਾਂ ਦੀ ਹਾਜ਼ਰੀ ਵਿੱਚ ਸਹੁੰ ਚੁਕਾਉਣ ਦੀ ਰਸਮ ਵੀ ਕੀਤੀ ਗਈ।

# ਵਿਧਾਇਕ ਗਿਆਸਪੁਰਾ ਵੱਲੋਂ ਬਾਬਾ ਮਹਾਰਾਜ ਸਿੰਘ ਨੂੰ ਸ਼ਰਧਾਂਜਲੀ ਭੇਟ

ਲੁਧਿਆਣਾ,5 ਜੁਲਾਈ (ਵਿਸ਼ਾਲ ਸ਼ਰਮਾ) ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਸ਼ਨੀਵਾਰ ਨੂੰ ਪਿੰਡ ਰੱਬੋਂ ਉੱਚੀ ਵਿਖੇ ਮਹਾਨ ਸਿੱਖ ਕ੍ਰਾਂਤੀਕਾਰੀ ਅਤੇ ਆਜ਼ਾਦੀ ਘੁਲਾਟੀਏ ਬਾਬਾ ਮਹਾਰਾਜ ਸਿੰਘ ਜੀ ਨੂੰ ਉਹਨਾਂ ਦੇ ਸ਼ਹੀਦੀ ਦਿਹਾੜੇ ਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਵਿਸ਼ੇਸ਼ ਤੌਰ ਤੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਪਿੰਡ ਰੱਬੋ ਉੱਚੀ, ਪਾਇਲ, (ਲੁਧਿਆਣਾ) ਵਿਖੇ ਹੋਏ ਸਮਾਗਮ ਵਿੱਚ ਸ਼ਾਮਲ ਹੋਏ। ਇਸ ਮੌਕੇ ਸੰਤ ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲੇ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਮੌਜੂਦ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਬਾਬਾ ਮਹਾਰਾਜ ਸਿੰਘ ਜੀ ਜੰਗ-ਏ-ਆਜ਼ਾਦੀ ਦੇ ਪਹਿਲੇ ਸ਼ਹੀਦ ਸਨ। ਉਨ੍ਹਾਂ ਕਿਹਾ ਕਿ ਬਾਬਾ ਮਹਾਰਾਜ ਸਿੰਘ ਨੇ ਪਹਿਲੀ ਸਿੱਖ-ਅੰਗਰੇਜ਼ ਜੰਗ ਪਿੱਛੋਂ ਪੰਜਾਬ ਵਿੱਚ ਅੰਗਰੇਜ਼ ਵਿਰੋਧੀ ਲਹਿਰ ਦੀ ਅਗਵਾਈ ਕੀਤੀ ਅਤੇ ਲੋਕਾਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਜੂਝਣ ਹਿੱਤ ਪ੍ਰੇਰਦੇ ਹੋਏ ਆਜ਼ਾਦੀ ਸੰਗਰਾਮ ਦੇ ਪਹਿਲੇ ਸ਼ਹੀਦ ਦੁਆਰਾ ਦਰਸਾਏ ਰਸਤੇ ਤੇ ਚੱਲਣ ਦਾ ਸੱਦਾ ਦਿੱਤਾ। ਗਿਆਸਪੁਰਾ ਨੇ ਅੱਗੇ ਦੱਸਿਆ ਕਿ ਬਾਬਾ ਮਹਾਰਾਜ ਸਿੰਘ ਜੀ ਮਹਾਨ ਦੇਸ਼ ਭਗਤ ਸਨ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਕਿਹਾ ਕਿ 1857 ਦੇ ਵਿਦ੍ਰੋਹ ਨੂੰ ਦੇਸ਼ ਦੀ ਆਜ਼ਾਦੀ ਦੀ ਜੰਗ ਦੀ ਸ਼ੁਰੂਆਤ ਵਜੋਂ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਪਰ ਇਤਿਹਾਸ ਨੇ ਇਹ ਸਾਬਿਤ ਕਰ ਦਿੱਤਾ ਕਿ ਬਾਬਾ ਮਹਾਰਾਜ ਸਿੰਘ ਨੇ ਉਸੇ ਸਮੇਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਸੀ ਜਦੋਂ ਉਨ੍ਹਾਂ ਨੇ ਆਖਰੀ ਸਿੱਖ ਹੁਕਮਰਾਨ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੇ ਚੁੰਗਲ ਤੋਂ ਛੁਡਾਉਣ ਦੀ ਕੋਸ਼ਿਸ ਕੀਤੀ ਸੀ। ਪਰ, ਅੰਗਰੇਜ਼ਾਂ ਨੂੰ ਬਾਬਾ ਮਹਾਰਾਜ ਸਿੰਘ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਕੀਤੀ ਗਈ ਯੋਜਨਾਬੰਦੀ ਦੀ ਸੂਹ ਮਿਲ ਗਈ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੇ ਬਾਬਾ ਮਹਾਰਾਜ ਸਿੰਘ ਨੂੰ ਕੈਦ ਕਰ ਕੇ ਸਿੰਗਾਪੁਰ ਭੇਜ ਦਿੱਤਾ ਜਿੱਥੇ ਬਾਬਾ ਮਹਾਰਾਜ ਸਿੰਘ ਕਈ ਤੰਗੀਆਂ ਨਾਲ ਜੂਝਦੇ ਹੋਏ 05 ਜੁਲਾਈ, 1856 ਨੂੰ ਸ਼ਹੀਦ ਹੋ ਗਏ। ਉਨ੍ਹਾਂ ਕਿਹਾ ਕਿ ਬਾਬਾ ਮਹਾਰਾਜ ਸਿੰਘ ਜੀ ਨੇ ਨਾਮ ਸਿਮਰਨ ਦੇ ਆਸਰੇ ਉਨਾਂ ਕਾਲ ਕੋਠੜੀ ਵਿੱਚ 6 ਸਾਲ ਕੱਟੇ ਜਿਥੇ ਉਹਨਾਂ ਦੀਆਂ ਅੱਖਾਂ ਦੀ ਰੋਸ਼ਨੀ ਜਾਂਦੀ ਰਹੀ ਅਤੇ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਏ ਪਰੰਤੂ ਰੂਹਾਨੀ ਸ਼ਕਤੀ ਆਸਰੇ ਹਮੇਸ਼ਾ ਚੜ੍ਹਦੀ ਕਲਾ 'ਚ ਰਹੇ।

# ਪੱਤਰਕਾਰ ਉੱਪਰ ਜਾਨ-ਲੇਵਾ ਹਮਲਾ ਕਰਨ ਵਾਲੇ ਦੋ ਦੋਸ਼ੀ ਕਾਬੂ

ਧਾਰੀਵਾਲ, 5 ਜੁਲਾਈ (ਅਸ਼ੋਕ ਕੁਮਾਰ) : ਪੰਜਾਬ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਛੇੜੀ ਜੰਗ ਜਿੱਤਣ ਲਈ ਦਿਨ-ਰਾਤ ਸਖਤ ਡਿਊਟੀ ਨਿਭਾਉਂਦੇ ਹੋਏ ਨਸ਼ਾ-ਤਸਕਰਾਂ ਨੂੰ ਠੱਲ੍ਹ ਪਾਉਣ ਵਿੱਚ ਸਫਲ ਹੁੰਦੀ ਜਾ ਰਹੀ ਹੈ ਅਤੇ ਇਸ ਤੇ ਨਾਲ-ਨਾਲ ਹੋਰ ਲੜਾਈ-ਝਗੜੇ ਦੇ ਕੇਸਾਂ ਵਿੱਚ ਵੀ ਤੱਥਾਂ ਦੇ ਅਧਾਰ 'ਤੇ ਕਾਰਵਾਈ ਕਰਦੇ ਹੋਏ ਦੋਸ਼ੀਆਂ ਨੂੰ ਦਬੋਚ ਕੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ । ਪਿਛਲੇ ਦਿਨੀਂ ਲੜਾਈ - ਝਗੜੇ ਦੀ ਕਵਰੇਜ ਕਰਨ ਗਏ ਇੱਕ ਪੰਜਾਬੀ ਅਖਬਾਰ ਦੇ ਪੱਤਰਕਾਰ ਤੇ ਝਗੜੇ ਕਰ ਰਹੇ ਲੋਕਾਂ ਨੇ ਦਸਤੀ ਹਥਿਆਰਾਂ ਨਾਲ ਹਮਲਾ ਕਰਕੇ ਜਖਮੀ ਕਰ ਦਿੱਤਾ ਸੀ ਵਜਾ ਇਹ ਕਿ ਪੱਤਰਕਾਰ ਨੇ ਪੁਲਿਸ ਨੂੰ ਹੋ ਰਹੇ ਝਗੜੇ ਸਬੰਧੀ ਸੂਚਿਤ ਕਿਉਂ ਕੀਤਾ । ਥਾਣਾ ਧਾਰੀਵਾਲ ਦੀ ਪੁਲਿਸ ਨੇ ਪੱਤਰਕਾਰ ਦੇ ਬਿਆਨਾਂ 'ਤੇ ਅਤੇ ਮੈਡੀਕਲ ਰਿਪੋਰਟ ਦੇ ਅਧਾਰ 'ਤੇ ਛੇ ਪਛਾਤੇ ਅਤੇ ਤਿੰਨ-ਚਾਰ ਅਣ-ਪਛਾਤੇ ਵਿਅਕਤੀ



ਵਿਰੁੱਧ ਮਾਮਲਾ ਦਰਜ ਕਰ ਲਿਆ ਸੀ। ਜਿਨ੍ਹਾਂ ਵਿੱਚੋਂ ਦੋ ਦੋਸ਼ੀ ਸੰਤੋਸ਼ ਪੁੱਤਰ ਰੋਬਿਨ ਦਾਸ ਅਤੇ ਵਿਸ਼ਾਲ ਪੁੱਤਰ ਬੱਚੂ ਲਾਲ ਵਾਸੀਆਂਨ ਰਾਜੀਵ ਕਾਲੋਨੀ ਨੂੰ ਗ੍ਰਿਫਤਾਰ ਕਰ ਲਿਆ । ਐਸ.ਐਚ.ਓ. ਧਾਰੀਵਾਲ ਪਰਮਿੰਦਰ ਸਿੰਘ ਸਿੱਧੂ ਨੇ ਹਰੇਕ ਪੱਖ ਤੋਂ ਸਾਰੇ ਮਾਮਲੇ ਦੀ ਜਾਂਚ ਕਰਦਿਆ ਆਈ.ਓ.ਏ.ਐਸ.ਆਈ.ਰਣਜੀਤ ਸਿੰਘ ਨੂੰ ਕੇਸ ਨੂੰ ਬਰੀਕੀ ਦਾ ਘੋਖ ਕੇ ਨਿਰੱਪਖ ਕਾਰਵਾਈ ਅਮਲ ਵਿੱਚ ਲਿਆਉਣ ਦੀ ਗੱਲ ਆਖੀ । ਸਮੂਹ ਪੱਤਰਕਾਰ ਭਾਈਚਾਰੇ ਨੇ ਪੁਲਿਸ ਪ੍ਰਸ਼ਾਸ਼ਨ ਵੱਲੋ ਨਿਰੱਪਖਤਾ ਨਾਲ ਮਾਮਲੇ ਦੀ ਸੁਣਾਈ ਕਰਨ ਦੀ ਸ਼ਲਾਘਾ ਕਰਦਿਆਂ ਮੰਗ ਕੀਤੀ ਕਿ ਬਾਕੀ ਰਹਿੰਦੇ ਦੋਸ਼ੀਆਂ ਨੂੰ ਵੀ ਜਲਦ ਗ੍ਰਿਫਤਾਰ ਕੀਤਾ ਜਾਵੇ ।

# ਆਖ਼ਿਰ ਪੰਜਾਬ ਨਸ਼ੇ ਦੇ ਦਾਗ਼ ਤੋਂ ਕਦੋਂ ਮੁਕਤ ਹੋਵੇਗਾ ?



ਸੰਜੀਵ ਸਿੰਘ ਸੈਣੀ
7888966168

ਕੁੱਝ ਦਿਨ ਪਹਿਲਾਂ ਹੁਸ਼ਿਆਰਪੁਰ ਦੀ ਕੇਂਦਰੀ ਜੇਲ੍ਹ ਵਿੱਚੋਂ ਵੱਡੇ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਖੇਪ ਤੇ ਮੋਬਾਇਲ ਫੋਨਾਂ ਦੀ ਬਰਾਮਦਗੀ ਹੋਈ ਹੈ। ਮਾਣਯੋਗ ਪੰਜਾਬ ਹਰਿਆਣਾ ਹਾਈਕੋਰਟ ਨੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਅਤੇ ਕੈਦੀਆਂ ਵਿੱਚ ਵੱਧ ਰਿਹਾ ਨਸ਼ੇ ਦੇ ਰੁਝਾਨ ਦੀ ਸਰਕਾਰ ਸਾਹਮਣੇ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਬਿਨਾਂ ਸ਼ੱਕ ਹਾਈ ਕੋਰਟ ਨੇ ਸਰਕਾਰ ਵਿਰੁੱਧ ਇਹ ਟਿੱਪਣੀ ਕੀਤੀ ਹੈ ਕਿ ਪੁਲਿਸ ਦੀ ਮਿਲੀ ਭੁਗਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਾਣਯੋਗ ਕੋਰਟ ਨੇ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ।

ਮਾਰਚ ਮਹੀਨੇ ਪੰਜਾਬ ਸਰਕਾਰ ਵੱਲੋਂ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਇੱਕ ਵਾਰ ਫਿਰ ਨਸ਼ਿਆਂ ਵਿਰੁੱਧ ਜੰਗ ਛੇੜ ਦਿੱਤੀ ਗਈ ਹੈ। ਹਾਲਾਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਆਪ ਪਾਰਟੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਕੁਝ ਮਹੀਨਿਆਂ ਵਿੱਚ ਹੀ ਨਸ਼ਾ ਖਤਮ ਕਰ ਦਿੱਤਾ ਜਾਵੇਗਾ। ਹਾਲਾਂਕਿ ਬਹੁਤ ਕੁੱਝ ਕੀਤਾ ਵੀ ਗਿਆ, ਪਰ ਨਸ਼ੇ ਦੀ ਸਮੱਸਿਆ ਦਾ ਨਿਪਟਾਰਾ ਨਹੀਂ ਹੋ ਸਕਿਆ। 1 ਮਾਰਚ 2025 ਤੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਪੂਰੇ ਪੰਜਾਬ ਵਿੱਚ 2500 ਤੋਂ ਵੱਧ ਐਫ.ਆਈ.ਆਰ ਦਰਜ ਕੀਤੀਆਂ ਗਈਆਂ ਤੇ 6000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ। ਨਸ਼ਾ ਤਸਕਰਾਂ ਕੋਲੋਂ 100 ਕਿਲੋਗ੍ਰਾਮ ਤੋਂ ਵੱਧ ਅਫ਼ੀਮ, 160 ਕਿਲੋਗ੍ਰਾਮ ਤੋਂ ਵੱਧ ਹੈਰੋਇਨ, 8 ਲੱਖ ਤੋਂ ਵੱਧ ਨਸ਼ੀਲੀ ਗੋਲੀਆਂ ,ਕੈਪਸੂਲ, ਪੰਜ ਕਰੋੜ ਤੋਂ ਵੱਧ ਡਰੱਗ ਮਨੀ ਵੀ ਬਰਾਮਦ ਕੀਤੀ ਗਈ। ਡੀਜੀਪੀ ਰਾਹੀਂ ਖੁਲਾਸਾ ਵੀ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੱਡੀਆਂ ਮੱਛੀਆਂ ਦਾ ਪਿੱਛਾ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੂਬੇ ਦੇ ਐਸਐਸਪੀ ਨੂੰ ਸਖ਼ਤ ਹਿਦਾਇਤਾਂ ਦਿੱਤੀਆਂ ਗਈਆਂ ਹਨ ਕਿ ਨਸ਼ਾ ਤਸਕਰਾਂ ਦੀ ਪੜਤਾਲ ਕਰਕੇ ਲਿਸਟ ਜਾਰੀ ਕਰੋ ,ਸਰਕਾਰ ਵੱਲੋਂ ਨਸ਼ੇ ਦੀ ਸਪਲਾਈ ਕਰਕੇ ਪੈਸੇ ਨਾਲ ਬਣਾਈ ਗਈ ਕੋਠੀਆਂ 'ਤੇ ਵੀ ਪੀਲਾ ਪੰਜਾ ਚਲਾਇਆ ਗਿਆ ।ਸ਼ਹਿਰੀ ਖੇਤਰਾਂ ਚ ਮੁਹੱਲਾ ਕਮੇਟੀਆਂ ਨਸ਼ਾ ਤਸਕਰਾਂ 'ਤੇ ਨਜ਼ਰ ਰੱਖਣਗੀਆਂ। ਪਿਛਲੇ ਮਹੀਨੇ ਹੀ ਬਠਿੰਡਾ ਦੀ ਇੱਕ ਮਹਿਲਾ ਪੁਲਿਸ ਮੁਲਾਜ਼ਮ 'ਤੇ ਨਸ਼ੇ ਦੀ ਵਿਕਰੀ ਦੇ ਦੋਸ਼ ਲੱਗਣ 'ਤੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਦੀ ਜ਼ਾਇਦਾਦ ਨੂੰ ਵੀ ਜ਼ਬਤ ਕਰ ਲਿਆ ਗਿਆ ,ਜੋ ਕਿ ਕਰੋੜਾਂ ਰੁਪਏ ਦੀ ਸੀ। ਜਾਇਦਾਦ ਦੇ ਅੰਕੜੇ ਸੁਣ ਕੇ ਸਾਰੇ ਹੀ ਹੈਰਾਨ ਹੋ ਗਏ, ਕਿਉਂਕਿ ਉਹ ਕਰੋੜਾਂ ਰੁਪਏ ਤੋਂ ਵੱਧ ਦੀ ਜਾਇਦਾਦ ਸੀ। ਫਗਵਾੜਾ ਵਿੱਚ ਵੀ ਸੀਆਈਏ ਦੀ ਪੂਰੀ ਟੀਮ ਨੂੰ ਪੈਸੇ ਲੈ ਕੇ ਨਸ਼ਾ ਤਸਕਰ ਨੂੰ ਛੱਡਣ ਦਾ ਇਲਜ਼ਾਮ ਲੱਗਾ ਸੀ।

ਚਿੱਟਾ ਪਤਾ ਨਹੀਂ ਇਹ ਪੰਜਾਬ ਵਿੱਚ ਕਿਥੋਂ ਆ ਗਿਆ ਹੈ, ਪੰਜਾਬ ਦੀ ਨੌਜਵਾਨੀ ਖ਼ਤਮ ਕਰ ਰਿਹਾ ਹੈ। ਪੰਜਾਬ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਗੁਰੂਆਂ, ਪੀਰਾਂ ਪੈਗੰਬਰਾਂ ਦੀ ਧਰਤੀ ਨੂੰ ਪਤਾ ਨਹੀਂ ਕਿਸ ਚੰਦਰੇ ਨੇ ਕਲੰਕਿਤ ਕਰ ਦਿੱਤਾ ਹੈ। ਕੋਈ ਸਮਾਂ ਹੁੰਦਾ ਸੀ ਜਦੋਂ ਪੰਜਾਬ ਦੀ ਨੌਜਵਾਨੀ ਖੇਤਾਂ ਵਿੱਚ ਆਪ ਹੀ ਕੰਮ ਕਰਦੀ ਸੀ ।ਘਰ ਦੇ ਬਣੇ ਦੁੱਧ, ਦਹੀਂ, ਪਨੀਰ ,ਖੋਆ, ਲੱਸੀ ਹੀ ਸਿਹਤ ਲਈ ਗੁਣਕਾਰੀ ਹੁੰਦਾ ਸੀ। ਨੌਜਵਾਨਾਂ ਦੇ ਚਿਹਰੇ ਤੋਂ ਨੂਰ ਟਪਕਦਾ ਸੀ।ਛੇ ਫੁੱਟ ਦੇ ਚਿੱਟੇ ਚਾਦਰੇ ਬੰਨਣ ਵਾਲੇ ਨੌਜਵਾਨ ਖਿੱਚ ਦਾ ਕੇਂਦਰ ਬਣਦੇ ਸਨ। ਸਮਾਂ ਬਦਲਿਆ। ਗੁਆਂਢੀ ਸਰਹੱਦ ਪਾਕਿਸਤਾਨ ਤੋਂ ਆਇਆ ਇਹ ਚਿੱਟਾ ਪੰਜਾਬ ਵਿੱਚ ਹੁਣ ਪੈਰ ਪਸਾਰ ਗਿਆ ਹੈ। ਘਰਾਂ ਵਿੱਚ ਸੱਥਰ ਵਿੱਛ ਚੁੱਕੇ ਹਨ। ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਅੰਮ੍ਰਿਤਸਰ ਦੇ ਨਾਬਾਲਗ ਬੱਚੇ ਕੋਲੋਂ 15 ਕਿਲੋ ਹੈਰੋਇਨ ਫੜ੍ਹੀ ਗਈ ਹੈ। ਗ੍ਰਿਫਤਾਰ ਕੀਤੇ ਨਾਬਾਲਗ ਦਾ ਪਿਤਾ ਅਤੇ ਦਾਦਾ ਪਹਿਲਾਂ ਹੀ ਨਸ਼ਿਆਂ ਦੀ ਤਸਕਰੀ ਕਰਕੇ ਜੇਲ੍ਹ ਵਿੱਚ ਬੰਦ ਹਨ।ਤਕਰੀਬਨ ਪਿਛਲੇ ਅੱਠ ਮਹੀਨਿਆਂ ਚ ਨਸ਼ਾ ਤਸਕਰਾਂ ਤੋਂ 10 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ।ਜੋ ਕਿ ਮਾਨ ਸਰਕਾਰ ਦੀ ਸ਼ਲਾਘਾਯੋਗ ਪਹਿਲ ਹੈ। ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਨਸ਼ਿਆਂ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਕਰੀਬ 10 ਲੱਖ ਤੋਂ ਵੱਧ ਨੌਜਵਾਨ ਨਸ਼ਿਆਂ ਨਾਲ ਪ੍ਰਭਾਵਿਤ ਹਨ। ਤੇ ਲੱਖਾਂ ਹੀ ਨੌਜਵਾਨ ਸਰਕਾਰੀ ਨਸ਼ਾ ਛਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ। ਕੁਝ ਪ੍ਰਾਈਵੇਟ ਸੈਂਟਰਾਂ ਤੋ ਇਲਾਜ ਕਰਵਾ ਰਹੇ ਹਨ। ਇੱਕ ਵੀਡੀਓ ਵਾਇਰਲ ਹੋ ਰਹੀ ਸੀ, ਜਿਸ ਵਿੱਚ ਇੱਕ ਈ ਰਿਕਸ਼ੇ ਵਾਲਾ ਨਸ਼ੇ ਵਿੱਚ ਧੁੱਤ ਮੂਧੇ ਮੂੰਹ ਰਿਕਸ਼ੇ ਵਿੱਚ ਪਿਆ ਸੀ। ਅੰਮ੍ਰਿਤਸਰ ਦੇ ਕੱਟੜਾ ਬੱਗੀਆਂ ਇਲਾਕੇ ਵਿੱਚ ਦੋ ਸਕੇ ਭਰਾਵਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋਈ ਹੈ। ਇੱਕ ਭਰਾ ਜੇਲ ਵਿਚ ਬੰਦ ਸੀ ,ਜਿਸ ਦੀ ਇਲਾਜ ਦੌਰਾਨ ਹਸਪਤਾਲ ਵਿੱਚ ਮੌਤ ਹੋ ਚੁੱਕੀ ਹੈ। ਤੇ ਦੂਜੇ ਭਰਾ ਦੀ ਨਸ਼ੇ ਦੀ ਜ਼ਿਆਦਾ ਓਵਰਡੋਜ਼ ਕਾਰਨ।ਖਬਰ ਪੜ੍ਹਨ ਨੂੰ ਮਿਲੀ ਕਿ ਕਪੂਰਥਲਾ ਵਿਖੇ ਇਕ ਕੁੜੀ ਲੋਕਾਂ ਤੋਂ ਪੈਸੇ ਮੰਗ ਕੇ ਚਿੱਟਾ ਪੀਂਦੀ ਹੈ। ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਇਸ ਵਿਆਹੁਤਾ ਦਾ ਪਤੀ ਨਸ਼ੇ ਦੀ ਤਸਕਰੀ ਕਾਰਨ ਜੇਲ੍ਹ ਵਿੱਚ ਹੈ। ਚੋਹਲਾ ਸਾਹਿਬ ਵਿਖੇ ਇਕ ਕਿਸਾਨ ਪਰਿਵਾਰ ਦੇ ਦੋਵਾਂ ਪੁੱਤਰਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਵੱਡੇ ਪੁੱਤਰ ਦੀਆਂ ਅੰਤਿਮ ਰਸਮਾਂ ਵੀ ਹਜੇ ਪੂਰੀਆਂ ਵੀ ਨਹੀਂ ਹੋਈਆਂ ਸਨ ,ਕਿ ਛੋਟੇ ਪੁੱਤਰ ਦੀ ਵੀ ਪਹਿਲਾਂ ਹੀ ਮੌਤ ਹੋ ਗਈ।ਪੰਜਾਬ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ਤੇ ਗੁਜਰਾਤ ਤੋਂ ਕਰੋੜਾਂ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਗਈ ਹੈ। ਸਰਹੱਦ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਨਸ਼ਿਆਂ ਦੀ ਤਸਕਰੀ ਲਗਾਤਾਰ ਜਾਰੀ ਹੈ।ਲੁਧਿਆਣਾ ਵਿੱਚ ਇੱਕ ਨਾਬਾਲਗ ਦੀ ਨਸ਼ੇ ਵਾਲੀ ਸਰਿੰਜ ਲਗਾ ਕੇ ਮੌਤ ਹੋਣ ਦੀ ਖਬਰ ਪੜ੍ਹੀ।ਮਾਂ-ਪਿਉ ਮਰ ਮਰ ਕੇ ਜੀਉਂਦੇ ਹਨ। ਨਸ਼ੇ ਦੀ ਪੂਰਤੀ ਲਈ ਕਈ ਨਸ਼ੇੜੀ ਘਰ ਦਾ ਵੀ ਸਮਾਨ ਤੱਕ ਵੇਚਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਲਗਾਤਾਰ ਪ੍ਰਵਾਸ ਵੱਧ ਰਿਹਾ ਹੈ। ਇਹ ਵੀ ਇੱਕ ਬਹੁਤ ਵੱਡਾ ਕਾਰਨ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਚੇਤੇ ਕਰਵਾ ਦੇਈਏ ਕਿ 2017 ਵਿੱਚ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਵੱਡੇ ਸਿਆਸਤਦਾਨਾਂ ਨੇ ਸਹੁੰ ਚੁੱਕੀ ਸੀ। ਪੰਜਾਬ ਵਿੱਚ ਆਪ ਸਰਕਾਰ ਵੱਲੋ ਨਸ਼ਿਆਂ ਤੇ ਨਕੇਲ ਕੱਸਣ ਲਈ ਸੂਬੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਕੁੱਝ ਕੁ ਨਸ਼ਾ ਤਸਕਰਾਂ ਨੂੰ ਫੜਿਆ ਵੀ ਗਿਆ ਤੇ ਸੁਣਨ ਵਿੱਚ ਵੀ ਆਇਆ ਕਿ ਕੁੱਝ ਨਸ਼ੇ ਦੇ ਸੌਦਾਗਰ ਘਰ ਨੂੰ ਤਾਲਾ ਲਗਾ ਕੇ ਫਰਾਰ ਹੋ ਗਏ। ਸੋਚਣ ਵਾਲੀ ਗੱਲ ਹੈ ਕਿ ਜੇ ਪੁਲਿਸ ਪ੍ਰਸ਼ਾਸਨ ਨਸ਼ਿਆਂ ਦੇ ਖਿਲਾਫ ਸਖ਼ਤ ਕਦਮ ਚੁੱਕਣਗੇ , ਤਾਂ ਆਪਣੇ ਆਪ ਹੀ ਨਸ਼ਿਆਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਸਰਹੱਦੀ ਮੁਲਕਾਂ ਦੇ ਆਲਾ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਬਣਾ ਕੇ ਨਸ਼ਿਆਂ ਦੀ ਸਮਗਲਿੰਗ ਨੂੰ ਰੋਕਿਆ ਜਾ ਸਕਦਾ ਹੈ। ਦੇਸ਼ ਦਾ ਭਵਿੱਖ ਬਚਾਓਣ ਲਈ ਸਰਕਾਰਾਂ, ਆਮ ਜਨਤਾ, ਸਿਆਸਤਦਾਨਾਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ। ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਸੂਬੇ ਦੇ ਨਾਗਰਿਕਾਂ ਦਾ ਧੰਨਵਾਦ ਵੀ ਕੀਤਾ ਗਿਆ ਤੇ ਹਰ ਇੱਕ ਨਾਗਰਿਕ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਪੁਲਿਸ ਨੂੰ ਪੂਰਾ ਸਮਰਥਨ ਕਰੇ। ਬਿਨਾਂ ਸ਼ੱਕ ਪੰਜਾਬ ਸਰਕਾਰ ਸੂਬੇ 'ਚੋਂ ਨਸ਼ਿਆਂ ਨੂੰ ਜੜ ਤੋਂ ਖ਼ਤਮ ਕਰਨ ਲਈ ਵਚਨਬੱਧ ਹੈ।

# ਬੰਦਾ ਕੀ ਕਰੇ... ?



ਸੰਦੀਪ ਕੁਮਾਰ-
7009807121

ਅੱਜ ਦੇ ਸਮੇਂ ਵਿੱਚ, ਜਦੋਂ ਸਮਾਜ ਪਦਾਰਥਵਾਦ ਅਤੇ ਮੁਕਾਬਲੇਬਾਜ਼ੀ ਦੀ ਦੌੜ ਵਿੱਚ ਅੰਨ੍ਹਾ ਹੋ ਚੁੱਕਾ ਹੈ, ਇਨਸਾਨ ਨੂੰ ਇੱਕ ਅਜਿਹੀ ਦੋਧਾਰੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿੱਥੇ ਸੱਚ ਅਤੇ ਝੂਠ ਦੀ ਚੋਣ ਨਾ ਸਿਰਫ ਉਸ ਦੀ ਨੀਤੀ ਨੂੰ ਪਰਖਦੀ ਹੈ, ਸਗੋਂ ਉਸ ਦੇ ਰਿਸ਼ਤਿਆਂ ਦੀ ਮਜ਼ਬੂਤੀ ਨੂੰ ਵੀ ਚੁਣੌਤੀ ਦਿੰਦੀ ਹੈ। ਬੰਦਾ ਕੀ ਕਰੇ... ? ਇਹ ਸਵਾਲ ਅੱਜ ਹਰ ਉਸ ਵਿਅਕਤੀ ਦੇ ਮਨ ਵਿੱਚ ਗੂੰਜਦਾ ਹੈ, ਜੋ ਇਸ ਸੰਸਾਰ ਦੀਆਂ ਪੇਚੀਦਗੀਆਂ ਵਿੱਚ ਫਸਿਆ ਹੋਇਆ ਹੈ। ਜੇਕਰ ਉਹ ਸੱਚ ਬੋਲਦਾ ਹੈ, ਤਾਂ ਉਸ ਦੀਆਂ ਗੱਲਾਂ ਦੂਜਿਆਂ ਨੂੰ ਮਿਰਚਾਂ ਵਾਂਗ ਚੁਭਦੀਆਂ ਹਨ, ਅਤੇ ਜੇਕਰ ਝੂਠ ਦਾ ਸਹਾਰਾ ਲੈਂਦਾ ਹੈ, ਤਾਂ ਅੰਦਰੋ-ਅੰਦਰੀ ਪਾਪ ਦੀ ਭਾਵਨਾ ਉਸ ਨੂੰ ਲਾਹਣਤਾ ਪਾਉਂਦੀ ਹੈ। ਇਹ ਸਥਿਤੀ ਸਿਰਫ ਵਿਅਕਤੀਗਤ ਜੀਵਨ ਤੱਕ ਹੀ ਸੀਮਤ ਨਹੀਂ, ਸਗੋਂ ਸਮਾਜ ਦੇ ਹਰ ਰਿਸ਼ਤੇ - ਚਾਹੇ ਉਹ ਪਰਿਵਾਰਕ ਹੋਣ, ਦੋਸਤੀ ਦੇ ਹੋਣ, ਜਾਂ ਪੇਸ਼ੇਵਰ - ਉੱਤੇ ਭਾਰੀ ਪੈ ਰਹੀ ਹੈ। ਇਸ ਲੇਖ ਵਿੱਚ ਅਸੀਂ ਇਸ ਦੋਧਾਰੀ ਸਥਿਤੀ ਦੀ ਡੂੰਘਾਈ ਨਾਲ ਪੜਚੋਲ ਕਰਾਂਗੇ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਅਜਿਹੇ ਸਮੇਂ ਵਿੱਚ ਇਨਸਾਨ ਦੇ ਸਾਹਮਣੇ ਕੀ ਵਿਕਲਪ ਹਨ।

ਅੱਜ ਦਾ ਸਮਾਜ ਪਦਾਰਥਵਾਦੀ ਸੋਚ ਦੇ ਚੱਕਰ ਵਿੱਚ ਇੰਨਾ ਫਸ ਗਿਆ ਹੈ ਕਿ ਰਿਸ਼ਤਿਆਂ ਦੀ ਨਿੱਘ ਅਤੇ ਸੰਵੇਦਨਸ਼ੀਲਤਾ ਕਿਤੇ ਪਿੱਛੇ ਰਹਿ ਗਈ ਹੈ। ਲੋਕ ਸਫਲਤਾ, ਸੰਪਤੀ ਅਤੇ ਸਮਾਜਿਕ ਰੁਤਬੇ ਦੀ ਦੌੜ ਵਿੱਚ ਅਜਿਹੇ ਅੰਨ੍ਹੇ ਹੋ ਚੁੱਕੇ ਹਨ ਕਿ ਉਹ ਦੂਜਿਆਂ ਨੂੰ ਨੀਵਾਂ ਦਿਖਾਉਣ ਜਾਂ ਪਿੱਛੇ ਛੱਡਣ ਦੀ ਕੋਸ਼ਿਸ਼ ਵਿੱਚ ਹਰ ਸੰਭਵ ਜਤਨ ਕਰਦੇ ਹਨ। ਇਸ ਮੁਕਾਬਲੇਬਾਜ਼ੀ ਦੀ ਸੋਚ ਨੇ ਸਮਾਜ ਵਿੱਚ ਇੱਕ ਅਜਿਹੀ ਮਾਨਸਿਕਤਾ ਪੈਦਾ ਕਰ ਦਿੱਤੀ ਹੈ, ਜਿੱਥੇ ਸੱਚ ਅਤੇ ਸਚਿਆਈ ਨੂੰ ਸਵੀਕਾਰ ਕਰਨ ਦੀ ਸਹਿਣਸ਼ੀਲਤਾ ਘਟਦੀ ਜਾ ਰਹੀ ਹੈ। ਜਦੋਂ ਕੋਈ ਵਿਅਕਤੀ ਸੱਚ ਬੋਲਦਾ ਹੈ, ਤਾਂ ਉਸ ਦੀ ਗੱਲ ਨੂੰ ਅਕਸਰ ਨਕਾਰ ਦਿੱਤਾ ਜਾਂਦਾ ਹੈ, ਕਿਉਂਕਿ ਸੱਚ ਕੌੜਾ ਹੁੰਦਾ ਹੈ ਅਤੇ ਇਹ ਦੂਜਿਆਂ ਦੀ ਅਹੰਕਾਰ ਨੂੰ ਠੇਸ ਪਹੁੰਚਾਉਂਦਾ ਹੈ। ਇਸ ਦੇ ਉਲਟ, ਜੇਕਰ ਇਨਸਾਨ ਝੂਠ ਬੋਲ ਕੇ ਸਥਿਤੀ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਅੰਦਰੋ-ਅੰਦਰੀ ਇੱਕ ਗਲਤੀ ਦਾ ਅਹਿਸਾਸ ਹੁੰਦਾ ਹੈ, ਜੋ ਉਸ ਦੀ ਅੰਤਰ-ਆਤਮਾ ਨੂੰ ਚੈਨ ਨਹੀਂ ਲੈਣ ਦਿੰਦਾ। ਇਸ ਤਰ੍ਹਾਂ, ਇਨਸਾਨ ਦੋਵੇਂ ਪਾਸਿਆਂ ਤੋਂ ਫਸ ਜਾਂਦਾ ਹੈ, ਅਤੇ ਇਸ ਦਾ ਸਭ ਤੋਂ ਵੱਡਾ ਨੁਕਸਾਨ ਉਸ ਦੇ ਰਿਸ਼ਤਿਆਂ ਨੂੰ ਹੁੰਦਾ ਹੈ। ਪੰਜਾਬੀ ਸਭਿਆਚਾਰ ਵਿੱਚ, ਜਿੱਥੇ ਰਿਸ਼ਤਿਆਂ ਨੂੰ ਸਦਾ ਹੀ ਸਭ ਤੋਂ ਉੱਚਾ ਸਥਾਨ ਦਿੱਤਾ ਜਾਂਦਾ ਸੀ, ਅੱਜ ਉਹੀ ਰਿਸ਼ਤੇ ਕਮਜ਼ੋਰ ਪੈ ਰਹੇ ਹਨ। ਪਹਿਲਾਂ ਪਰਿਵਾਰ ਇਕੱਠੇ ਬੈਠਦੇ ਸਨ, ਗੱਲਬਾਤ ਕਰਦੇ ਸਨ, ਇੱਕ-ਦੂਜੇ ਦੀਆਂ ਸਮੱਸਿਆਵਾਂ ਸੁਣਦੇ ਸਨ ਅਤੇ ਉਨ੍ਹਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦੇ ਸਨ। ਪਰ ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਵਿੱਚ, ਲੋਕਾਂ ਕੋਲ ਸਮਾਂ ਹੀ ਨਹੀਂ ਹੈ ਕਿ ਉਹ ਆਪਣੇ ਪਰਿਵਾਰ ਜਾਂ ਦੋਸਤਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਣ। ਸੋਸ਼ਲ ਮੀਡੀਆ ਅਤੇ ਤਕਨੀਕ ਨੇ ਸੰਵਾਦ ਦੀ ਇਸ ਕਮੀ ਨੂੰ ਹੋਰ ਵਧਾ ਦਿੱਤਾ ਹੈ। ਲੋਕ ਆਪਣੀਆਂ ਭਾਵਨਾਵਾਂ ਨੂੰ ਸੋਸ਼ਲ ਮੀਡੀਆ ਤੇ ਅਜਨਬੀਆਂ ਨਾਲ ਸਾਂਝੀਆਂ ਕਰ ਲੈਂਦੇ ਹਨ, ਪਰ ਆਪਣੇ ਨਜ਼ਦੀਕੀ ਰਿਸ਼ਤਿਆਂ ਨਾਲ ਖੁੱਲ੍ਹ ਕੇ ਗੱਲ ਕਰਨ ਤੋਂ ਕਤਰਾਉਂਦੇ ਹਨ। ਨਤੀਜੇ ਵਜੋਂ, ਗਲਤਫਹਿਮੀਆਂ ਵਧਦੀਆਂ ਹਨ, ਅਤੇ ਰਿਸ਼ਤਿਆਂ ਵਿੱਚ ਦਰਾਰਾਂ ਪੈ ਜਾਂਦੀਆਂ ਹਨ। ਇਸ ਦੋਧਾਰੀ ਸਥਿਤੀ ਦਾ ਸਭ ਤੋਂ ਵੱਡਾ ਕਾਰਨ ਸਮਾਜ ਵਿੱਚ ਵਧਦੀ ਸਵਾਰਥੀ ਸੋਚ ਅਤੇ ਬੇਭਰੋਸਗੀ ਹੈ। ਅੱਜ ਦੇ ਸਮੇਂ ਵਿੱਚ, ਲੋਕ ਆਪਣੇ ਸਵਾਰਥ ਨੂੰ ਪਹਿਲ ਦਿੰਦੇ ਹਨ, ਅਤੇ ਇਸ ਕਾਰਨ ਉਹ ਸੱਚ ਨੂੰ ਸਵੀਕਾਰ ਕਰਨ ਦੀ ਬਜਾਏ ਝੂਠ ਨੂੰ ਸਹਿਣਾ ਸੌਖਾ ਸਮਝਦੇ ਹਨ। ਪਰ ਜਦੋਂ ਝੂਠ ਦਾ ਪਰਦਾਫਾਸ਼ ਹੁੰਦਾ ਹੈ, ਤਾਂ ਰਿਸ਼ਤਿਆਂ ਵਿੱਚ ਵਿਸ਼ਵਾਸ ਟੁੱਟ ਜਾਂਦਾ ਹੈ। ਉਦਾਹਰਣ ਵਜੋਂ, ਪਰਿਵਾਰਕ ਰਿਸ਼ਤਿਆਂ ਵਿੱਚ ਜੇਕਰ ਮਾਤਾ-ਪਿਤਾ ਜਾਂ ਬੱਚੇ ਇੱਕ-ਦੂਜੇ ਨਾਲ ਸੱਚ ਨਹੀਂ ਬੋਲਦੇ, ਤਾਂ ਉਨ੍ਹਾਂ ਦੇ ਵਿੱਚਕਾਰ ਦੂਰੀਆਂ ਵਧਦੀਆਂ ਹਨ। ਇਸੇ ਤਰ੍ਹਾਂ, ਵਿਆਹੁਤਾ ਜੀਵਨ ਵਿੱਚ, ਜੇਕਰ ਪਤੀ-ਪਤਨੀ ਇੱਕ-ਦੂਜੇ ਨਾਲ ਸੱਚਾਈ ਨਾਲ ਪੇਸ਼ ਨਹੀਂ ਆਉਂਦੇ, ਤਾਂ ਉਨ੍ਹਾਂ ਦੇ ਰਿਸ਼ਤੇ ਵਿੱਚ ਤਣਾਅ ਪੈਦਾ ਹੁੰਦਾ ਹੈ। ਪੇਸ਼ੇਵਰ ਜੀਵਨ ਵਿੱਚ ਵੀ, ਜੇਕਰ ਸਹਿਕਰਮੀ ਜਾਂ ਅਧਿਕਾਰੀ ਝੂਠ ਦਾ ਸਹਾਰਾ ਲੈਂਦੇ ਹਨ, ਤਾਂ ਵਿਸ਼ਵਾਸ ਦੀ ਕਮੀ ਕਾਰਨ ਕੰਮ ਦੀ ਗੁਣਵੱਤਾ ਅਤੇ ਸਹਿਯੋਗ 'ਤੇ ਅਸਰ ਪੈਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਨਾਲ ਸਮਾਜਿਕ ਤਾਨੇ-ਬਾਣੇ ਵਿੱਚ ਉਲਝਣਾਂ ਵੱਧ ਜਾਂਦੀਆਂ ਹਨ। ਸੋਸ਼ਲ ਮੀਡੀਆ ਦੇ ਇਸ ਯੁਗ ਨੇ ਸੱਚ ਅਤੇ ਝੂਠ ਦੀ ਇਸ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਲੋਕ ਆਪਣੀ ਜ਼ਿੰਦਗੀ ਦੀਆਂ ਚੋਣਵੀਆਂ ਖੁਸ਼ੀਆਂ ਨੂੰ ਸੋਸ਼ਲ ਮੀਡੀਆ ਤੇ ਪੇਸ਼ ਕਰਦੇ ਹਨ, ਜਿਸ ਨਾਲ ਦੂਜਿਆਂ ਵਿੱਚ ਅਸੁਰੱਖਿਆ ਅਤੇ ਈਰਖਾ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਕਾਰਨ, ਲੋਕ ਸੱਚ ਨੂੰ ਲੁਕਾਉਣ ਅਤੇ ਝੂਠੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ, ਜੋ ਰਿਸ਼ਤਿਆਂ ਵਿੱਚ ਵਿਸ਼ਵਾਸ ਨੂੰ ਹੋਰ ਘਟਾਉਂਦੀ ਹੈ। ਇਸ ਦੇ ਨਾਲ ਹੀ, ਸੋਸ਼ਲ ਮੀਡੀਆ ਤੇ ਫੈਲਦੀ ਗਲਤ ਜਾਣਕਾਰੀ ਅਤੇ ਅਫਵਾਹਾਂ ਨੇ ਵੀ ਲੋਕਾਂ ਦੇ ਵਿਸ਼ਵਾਸ ਨੂੰ ਡਗਮਗਾਇਆ ਹੈ। ਅਜਿਹੇ ਵਿੱਚ, ਜਦੋਂ ਕੋਈ ਸੱਚ ਬੋਲਦਾ ਹੈ, ਤਾਂ ਉਸ ਨੂੰ ਸਵੀਕਾਰ ਕਰਨ ਦੀ ਬਜਾਏ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਇਸ ਸਥਿਤੀ ਦਾ ਸਭ ਤੋਂ ਵੱਡਾ ਅਸਰ ਸਾਡੇ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ 'ਤੇ ਪੈ ਰਿਹਾ ਹੈ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਚੁਕੰਦਰ ਹਰ ਤਰ੍ਹਾਂ ਸਿਹਤ ਲਈ ਕੁਦਰਤੀ ਟਾਨਿਕ

ਚਕੁੰਦਰ ਸਿਰਫ਼ ਰੰਗ ਵਿਚ ਹੀ ਗੂੜਾ ਨਹੀਂ, ਸਗੋਂ ਪੌਸ਼ਟਿਕਤਾ ਵਿਚ ਵੀ ਬੇਮਿਸਾਲ ਹੈ। ਇਹ ਰਸਦਾਰ ਸਬਜ਼ੀ ਆਇਰਨ, ਵਿਟਾਮਿਨ 3, ਫਾਈਬਰ ਅਤੇ ਨਾਈਟ੍ਰੇਟਸ ਨਾਲ ਭਰਪੂਰ ਹੁੰਦੀ ਹੈ ਜੋ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਮਹੱਤਵਪੂਰਨ



ਭੂਮਿਕਾ ਨਿਭਾਉਂਦੇ ਹਨ। ਚਾਹੇ ਗੱਲ ਖੂਨ ਵਧਾਉਣ ਦੀ ਹੋਵੇ ਜਾਂ ਦਿਲ ਦੀ ਸਿਹਤ, ਚਮੜੀ ਦੀ ਚਮਕ ਹੋਵੇ ਜਾਂ ਊਰਜਾ ਦੀ ਘਾਟ, ਚਕੁੰਦਰ ਹਰ ਤਰ੍ਹਾਂ ਸਿਹਤ ਲਈ ਇਕ ਕੁਦਰਤੀ ਟੌਨਿਕ ਹੈ।

**ਖ਼ੂਨ ਨੂੰ ਵਧਾਵੇ** : ਚਕੁੰਦਰ ਨੂੰ ਆਇਰਨ ਦਾ ਚੰਗਾ ਸਰੋਤ ਮੰਨਿਆ ਜਾਂਦਾ ਹੈ। ਇਹ ਖੂਨ ਦੀ ਘਾਟ (ਅਨੀਮੀਆ) ਵਾਲਿਆਂ ਲਈ ਲਾਭਕਾਰੀ ਹੈ ਕਿਉਂਕਿ ਇਹ ਲਾਲ ਰਕਤ ਕਣ ਬਣਾਉਣ ਵਿਚ ਮਦਦ ਕਰਦਾ ਹੈ।

**ਬਲੱਡ ਪ੍ਰੈਸ਼ਰ ਕਰੇ ਕੰਟ੍ਰੋਲ** : ਚਕੁੰਦਰ ਵਿਚ ਨਾਈਟ੍ਰੇਟ ਹੁੰਦੇ ਹਨ ਜੋ ਖ਼ੂਨ ਦੀ ਨਸਾਂ ਨੂੰ ਢਿੱਲਾ ਕਰਕੇ ਬਲੱਡ ਪ੍ਰੈਸ਼ਰ ਨੂੰ ਘਟਾਉਂਦੇ ਹਨ। ਇਹ ਹਾਈ ਬੀਪੀ ਵਾਲਿਆਂ ਲਈ ਬਹੁਤ ਫਾਇਦੇਮੰਦ ਹੈ।

**ਹਾਰਟ ਲਈ ਲਾਹੇਵੰਦ** : ਚਕੁੰਦਰ ਕੋਲੈਸਟ੍ਰੋਲ ਨੂੰ ਕੰਟਰੋਲ ਕਰਦਾ ਹੈ ਅਤੇ ਦਿਲ ਦੀਆਂ ਨਸਾਂ ਨੂੰ ਸਾਫ਼ ਰੱਖਣ ਵਿਚ ਮਦਦਗਾਰ ਹੁੰਦਾ ਹੈ, ਜਿਸ ਨਾਲ ਦਿਲ ਦੇ ਰੋਗਾਂ ਤੋਂ ਬਚਾਅ ਹੁੰਦਾ ਹੈ।

**ਲਿਵਰ ਦੀ ਕਰੇ ਸਫਾਈ** : ਚਕੁੰਦਰ ਲਿਵਰ ਤੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ ਵਿਚ ਮਦਦ ਕਰਦਾ ਹੈ। ਇਹ ਇਕ ਕੁਦਰਤੀ ਡਿਟੌਕਸ ਪਦਾਰਥ ਵਜੋਂ ਕੰਮ ਕਰਦਾ ਹੈ।

**ਹਾਜ਼ਮੇ ਨੂੰ ਰੱਖੋ ਤੰਦਰੁਸਤ** : ਇਸ ਵਿਚ ਫਾਈਬਰ ਭਰਪੂਰ ਹੁੰਦੀ ਹੈ ਜੋ ਅੰਤੜੀਆਂ ਦੀ ਸਫਾਈ ਕਰਦੀ ਹੈ ਅਤੇ ਕਬਜ਼ ਤੋਂ ਰਾਹਤ ਦਿੰਦੀ ਹੈ।

**ਸਕਿਨ ਨੂੰ ਨਿਖਾਰਦੈ** : ਚਕੁੰਦਰ ਦਾ ਰਸ ਪੀਣ ਨਾਲ ਚਮੜੀ ਵਿਚ ਨਿਖਾਰ ਆਉਂਦੈ ਤੇ ਇਹ ਮੁਹਾਂਸਿਆਂ ਅਤੇ ਚਮੜੀ ਦੀ ਖੁਸ਼ਕੀ ਤੋਂ ਵੀ ਬਚਾਉਂਦਾ ਹੈ।

**ਕਮਜ਼ੋਰੀ ਨੂੰ ਕਰੇ ਦੂਰ** : ਚਕੁੰਦਰ ਦੀ ਐਂਟੀਓਕਸੀਡੈਂਟ ਖਾਸੀਅਤ ਥਕਾਵਟ ਅਤੇ ਕਮਜ਼ੋਰੀ ਘਟਾਉਂਦੀ ਹੈ। ਇਹ ਸਰੀਰ ਵਿਚ ਊਰਜਾ ਵਧਾਉਂਦਾ ਹੈ।

**ਯਾਦਸ਼ਕਤੀ ਵਧਾਵੇ** : ਚਕੁੰਦਰ ਖਾਣ ਨਾਲ ਖੂਨ ਦਾ ਪ੍ਰਵਾਹ ਦਿਮਾਗ ਵੱਲ ਵਧਦਾ ਹੈ, ਜਿਸ ਨਾਲ ਯਾਦਦਾਸ਼ਤ ਅਤੇ ਮਨੋਵਿਗਿਆਨਿਕ ਸਿਹਤ ਵਿਚ ਸੁਧਾਰ ਆਉਂਦਾ ਹੈ।

# ਗੁ. ਸ੍ਰੀ ਮੋਤੀ ਬਾ.ਗ ਸਾਹਿਬ ਵਿਖੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ 'ਚ ਸਕੂਲਾਂ ਦੇ ਬੱਚਿਆਂ ਨੇ ਭਰੀ ਹਾਜ਼ਰੀ



ਪਟਿਆਲਾ, 5 ਜੁਲਾਈ (ਗੁਰਮੁੱਖ ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ, ਪਾਤਸ਼ਾਹੀ ਨੌਵੀਂ, ਪਟਿਆਲਾ ਵਿਖੇ ਕਰਵਾਏ ਜਾ ਰਹੇ ਗੁਰਮਤਿ ਸਮਾਗਮ ਦੌਰਾਨ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਕਾਰਜਸ਼ੀਲ ਵੱਖ ਵੱਖ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਦੇ ਗੁਰਮਤਿ ਸੰਗੀਤ, ਢਾਡੀ, ਕਵੀਸ਼ਰੀ, ਕਵਿਤਾ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੀ ਅਗਵਾਈ ਹੇਠ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀ ਪ੍ਰਦਰਸ਼ਨੀ ਵੀ ਲਗਾਈ ਗਈ ਜੋ ਸੰਗਤਾਂ ਲਈ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਵੱਲੋਂ ਵੀ ਚਿੱਤਰ ਪ੍ਰਦਰਸ਼ਨੀ ਤੇ ਧਾਰਮਿਕ ਪੁਸਤਕਾਂ ਦੇ ਸਟਾਲ ਲਗਾਏ ਗਏ ਸਨ। ਇਸ ਦੌਰਾਨ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਦੇਸ਼ ਭਰ ਅੰਦਰ ਕੀਤੇ ਜਾਣ ਵਾਲੇ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ ਪਟਿਆਲਾ ਵਿਖੇ ਇਹ ਸਮਾਗਮ ਉਲੀਕੇ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਮਕਸਦ ਇਸ ਇਤਿਹਾਸਕ ਮੌਕੇ 'ਤੇ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਨੂੰ ਘਰ ਘਰ ਤੱਕ ਪਹੁੰਚਾਉਣਾ ਹੈ, ਜਿਸ ਲਈ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 6 ਜੁਲਾਈ ਨੂੰ ਸ਼ਤਾਬਦੀ ਨੂੰ ਸਮਰਪਿਤ ਮੁੱਖ ਸਮਾਗਮ ਹੋਵੇਗਾ, ਜਿਸ ਵਿੱਚ ਜਿਥੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸਿੰਘ ਸਾਹਿਬਾਨ ਤੇ ਸਿੱਖ ਪੰਥ ਦੀਆਂ ਪ੍ਰਮੁੱਖ ਸਖਸ਼ੀਅਤਾਂ ਹਾਜ਼ਰੀ ਭਰਨਗੀਆ, ਉਥੇ ਪੰਥ ਪ੍ਰਸਿੱਧ ਰਾਗੀ, ਢਾਡੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰਬਾਣੀ ਗੁਰ ਇਤਿਹਾਸ ਨਾਲ ਜੋੜਨਗੇ। ਉਨ੍ਹਾਂ ਸੰਗਤਾਂ ਨੂੰ ਸ਼ਤਾਬਦੀ ਨੂੰ ਸਮਰਪਿਤ ਹੋ ਰਹੇ ਗੁਰਮਤਿ ਸਮਾਗਮ ਸਮੇਂ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ। ਇਸ ਦੌਰਾਨ ਵਿਸ਼ੇਸ ਤੌਰ 'ਤੇ ਕਰਵਾਏ ਗਏ ਅੰਮ੍ਰਿਤ ਸੰਚਾਰ ਸਮੇਂ 151 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਜਿਨ੍ਹਾਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ ਕਿਰਪਾਲ ਸਿੰਘ ਬਡੂੰਗਰ ਤੋਂ ਇਲਾਵਾ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਸ. ਗੁਰਮੀਤ ਸਿੰਘ ਬੂਹ, ਸ. ਜਸਮੇਰ ਸਿੰਘ ਲਾਛੜੂ, ਬੀਬੀ ਕੁਲਦੀਪ ਕੌਰ ਟੌਹੜਾ, ਸ਼੍ਰੋਮਣੀ ਕਮੇਟੀ ਸਕੱਤਰ ਇੰਜੀ. ਸੁਖਮਿੰਦਰ ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ. ਹਰਭਜਨ ਸਿੰਘ ਵਕਤਾ, ਸਾਬਕਾ ਵਧੀਕ ਸਕੱਤਰ ਸ. ਸਿਮਰਜੀਤ ਸਿੰਘ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ, ਡਿਪਟੀ ਡਾਇਰੈਕਟਰ ਬੀਬੀ ਸਤਵੰਤ ਕੌਰ, ਇੰਚਾਰਜ ਸ. ਬਲਦੇਵ ਸਿੰਘ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਮੈਨੇਜਰ ਸ. ਭਾਗ ਸਿੰਘ, ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਸ. ਰਣਜੀਤ ਸਿੰਘ, ਅਕਾਲੀ ਆਗੂ ਸ. ਅਮਨਿੰਦਰ ਸਿੰਘ ਬਜਾਜ, ਸ. ਅਮਿਤ ਸਿੰਘ ਰਾਠੀ ਜ਼ਿਲ੍ਹਾ ਪ੍ਰਧਾਨ, ਸ. ਨਰਿੰਦਰ ਸਿੰਘ ਸੰਧੂ, ਜਥੇਦਾਰ ਕੁਲਦੀਪ ਸਿੰਘ, ਸ. ਰਣਬੀਰ ਸਿੰਘ, ਸ. ਸੁਰਿੰਦਰ ਸਿੰਘ, ਸ. ਸਿਮਰਨ ਸਿੰਘ ਗਰੇਵਾਲ, ਸ. ਪ੍ਰੇਮ ਸਿੰਘ, ਸ. ਸ਼ਮਸ਼ੇਰ ਸਿੰਘ ਬਡੂੰਗਰ, ਹੈੱਡ ਗ੍ਰੰਥੀ ਗਿਆਨੀ ਹਰਵਿੰਦਰ ਸਿੰਘ, ਗਿਆਨੀ ਫੂਲਾ ਸਿੰਘ, ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ, ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ, ਡਾ. ਰਮਨਜੀਤ ਕੌਰ, ਡਾ ਗੁਰਭੇਜ ਸਿੰਘ, ਡਾ ਹਰਮੀਤ ਕੌਰ ਅਨੰਦ, ਡਾ ਕਰਮਵੀਰ ਸਿੰਘ, ਡਾ ਕਮਲਪ੍ਰੀਤ ਕੌਰ, ਡਾ ਨਰਿੰਦਰ ਸਿੰਘ, ਡਾ ਸਰਬਜੀਤ ਕੌਰ, ਪ੍ਰਿੰਸੀਪਲ ਮਲਵਿੰਦਰ ਸਿੰਘ, ਪ੍ਰਿੰਸੀਪਲ ਸਤਿੰਦਰ ਕੌਰ ਮਾਨ, ਪ੍ਰਿੰਸੀਪਲ ਜਸਪ੍ਰੀਤ ਸਿੰਘ, ਪ੍ਰਿੰਸੀਪਲ ਗੁਰਪਿੰਦਰ ਕੌਰ, ਪ੍ਰਿੰਸੀਪਲ ਰਾਜਵਿੰਦਰ ਕੌਰ, ਪ੍ਰਿੰਸੀਪਲ ਮਨੋਰਮਾ ਸਮਾਘ, ਪ੍ਰਿੰਸੀਪਲ ਰਣਜੀਤ ਸਿੰਘ, ਪ੍ਰਿੰਸੀਪਲ ਜਸਵਿੰਦਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਕੌਰ, ਪ੍ਰਿੰਸੀਪਲ ਗੁਰਪ੍ਰੀਤ ਕੌਰ, ਪ੍ਰਿੰਸੀਪਲ ਗੁਰਪ੍ਰੀਤ ਸਿੰਘ, ਪ੍ਰਿੰਸੀਪਲ ਸੰਦੀਪ ਸਿੰਘ, ਪ੍ਰਿੰਸੀਪਲ ਬਲਕਾਰ ਸਿੰਘ, ਪ੍ਰਿੰਸੀਪਲ ਡਿੰਪਲ ਢਿੱਲੋਂ, ਪ੍ਰਿੰਸੀਪਲ ਤੇਜਿੰਦਰ ਕੌਰ, ਪ੍ਰਿੰਸੀਪਲ ਭਿੰਦਰਪਾਲ ਕੌਰ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਭਾਈ ਪਰਵਿੰਦਰ ਸਿੰਘ, ਜਥੇਦਾਰ ਸੁਖਜੀਤ ਸਿੰਘ ਬਘੌਰਾ, ਮੀਤ ਮੈਨੇਜਰ ਸ. ਗੁਰਬਚਨ ਸਿੰਘ, ਸ. ਸੁਰਿੰਦਰਪਾਲ ਸਿੰਘ ਚੱਡਾ, ਸ. ਸ਼ੇਰ ਸਿੰਘ, ਸ. ਗੁਰਿੰਦਰ ਸਿੰਘ ਬਿੱਟੂ, ਸ. ਤਰਲੋਕ ਸਿੰਘ, ਸ. ਮਨਿੰਦਰਦੀਪ ਸਿੰਘ, ਸ. ਪਰਮਜੀਤ ਸਿੰਘ ਲਾਲੀ ਸਮੇਤ ਸੰਗਤਾਂ ਹਾਜ਼ਰ ਸਨ।

### ਆਸਟ੍ਰੇਲੀਆ ਨੇ ਵਿਦਿਆਰਥੀਆਂ ਨੂੰ ਦਿੱਤਾ ਵੱਡਾ ਝਟਕਾ

# ਸਰਕਾਰ ਨੇ ਵਿਦਿਆਰਥੀ ਵੀਜ਼ਾ ਫੀਸ ਵਧਾਈ

ਸਿਡਨੀ, 5 ਜੁਲਾਈ (ਚ.ਨ.ਸ.) : ਆਸਟ੍ਰੇਲੀਆ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਆਸਟ੍ਰੇਲੀਆ ਸਰਕਾਰ ਨੇ ਵਿਦਿਆਰਥੀ ਵੀਜ਼ਾ ਫੀਸ ਵਧਾ ਦਿੱਤੀ ਹੈ। ਸਰਕਾਰ ਨੇ ਵਿਦਿਆਰਥੀ ਵੀਜ਼ਾ ਐਪਲੀਕੇਸ਼ਨ ਫੀਸ ਵਧਾ ਕੇ 2000 ਆਸਟ੍ਰੇਲੀਅਨ ਡਾਲਰ (ਲਗਭਗ 1.12 ਲੱਖ ਰੁਪਏ) ਕਰ ਦਿੱਤੀ ਹੈ। ਇੱਥੇ ਦੱਸ ਦਈਏ ਕਿ ਪਹਿਲਾਂ ਇਹ ਫੀਸ 1600 ਆਸਟ੍ਰੇਲੀਅਨ ਡਾਲਰ (ਲਗਭਗ 90 ਹਜ਼ਾਰ ਰੁਪਏ) ਸੀ। ਵਿਦਿਆਰਥੀ ਵੀਜ਼ਾ ਲਈ ਵਧੀ ਹੋਈ ਫੀਸ 1 ਜੁਲਾਈ, 2025 ਤੋਂ ਲਾਗੂ ਹੋ ਗਈ ਹੈ।ਨਿਊਜ਼ ਏਜੰਸੀ ਦੀ ਇੱਕ ਰਿਪੋਰਟ ਅਨੁਸਾਰ ਆਉਣ ਵਾਲੀਆਂ ਸੰਘੀ ਚੋਣਾਂ ਤੋਂ ਪਹਿਲਾਂ ਲੇਬਰ ਪਾਰਟੀ ਨੇ ਇਹ ਐਲਾਨ ਕੀਤਾ ਹੈ। ਇਸ ਅਨੁਸਾਰ ਆਸਟ੍ਰੇਲੀਆ ਦੇ ਖਜ਼ਾਨਾ ਮੰਤਰੀ ਜਿਮ ਚੈਲਮਰਸ ਅਤੇ ਵਿੱਤ ਮੰਤਰੀ ਕੇਟੀ ਗੈਲਾਘਰ ਦਾ ਕਹਿਣਾ ਹੈ ਕਿ ਵਧੀ ਹੋਈ ਵਿਦਿਆਰਥੀ ਵੀਜ਼ਾ ਫੀਸ ਕਾਰਨ ਸਰਕਾਰ ਅਗਲੇ ਚਾਰ ਸਾਲਾਂ ਵਿੱਚ 760 ਮਿਲੀਅਨ ਡਾਲਰ (ਲਗਭਗ 4100 ਕਰੋੜ ਰੁਪਏ) ਕਮਾਉਣ ਜਾ ਰਹੀ ਹੈ। ਇਸ ਤਰ੍ਹਾਂ ਹੁਣ ਵਿਦੇਸ਼ੀ ਵਿਦਿਆਰਥੀਆਂ ਨੂੰ ਸਰਕਾਰ ਦੀ ਕਮਾਈ ਦਾ ਵਿੱਤੀ ਬੋਝ ਚੁੱਕਣਾ ਪਵੇਗਾ। ਗ੍ਰਹਿ ਵਿਭਾਗ ਦੇ ਬੁਲਾਰੇ ਨੇ ਦੱਸਿਆ, ਸਰਕਾਰ ਦੀ ਚੋਣ ਵਚਨਬੱਧਤਾ ਅਨੁਸਾਰ 1 ਜੁਲਾਈ 2025 ਤੋਂ ਵਿਦਿਆਰਥੀ ਵੀਜ਼ਾ ਅਰਜ਼ੀਆਂ ਲਈ ਵੀਜ਼ਾ ਅਰਜ਼ੀ ਫੀਸ (ਹ13) 1,600 ਤੋਂ ਵਧਾ ਕੇ 2,000 ਡਾਲਰ ਕਰ ਦਿੱਤੀ ਜਾਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਹ ਬਦਲਾਅ ਪੂਰੇ ਸਿਸਟਮ ਵਿੱਚ ਸਮਾਨਤਾ, ਗੁਣਵੱਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਕੀਤਾ ਗਿਆ ਹੈ। ਬੁਲਾਰੇ ਨੇ ਕਿਹਾ, ਅੰਤਰਰਾਸ਼ਟਰੀ ਸਿੱਖਿਆ ਖੇਤਰ ਆਸਟ੍ਰੇਲੀਆ ਲਈ ਮਹੱਤਵਪੂਰਨ ਹੈ। ਆਸਟ੍ਰੇਲੀਆਈ ਸਰਕਾਰ ਅੰਤਰਰਾਸ਼ਟਰੀ ਸਿੱਖਿਆ ਖੇਤਰ ਨੂੰ ਇੱਕ ਟਿਕਾਊ ਪੱਧਰ 'ਤੇ ਪ੍ਰਬੰਧਿਤ ਕਰਨ ਦੇ ਨਾਲ-ਨਾਲ ਇਸਦੀ ਸਮਾਨਤਾ, ਗੁਣਵੱਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਪ੍ਰਸ਼ਾਂਤ ਮਹਾਸਾਗਰ ਅਤੇ ਤਿਮੋਰ-ਲੇਸਟੇ ਵਿੱਚ ਸਥਿਤ ਟਾਪੂ ਦੇਸ਼ਾਂ ਦੇ ਬਿਨੈਕਾਰਾਂ ਲਈ ਵੀਜ਼ਾ ਫੀਸਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ।ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ ਵਿੱਚੋਂ ਆਸਟ੍ਰੇਲੀਆ ਵਿੱਚ ਸਭ ਤੋਂ ਵੱਧ ਵਿਦਿਆਰਥੀ ਵੀਜ਼ਾ ਫੀਸ ਹੈ। ਅਮਰੀਕਾ ਵਿੱਚ ਵਿਦਿਆਰਥੀ ਵੀਜ਼ਾ ਫੀਸ ਲਗਭਗ 185 ਡਾਲਰ ਹੈ, ਜਦੋਂ ਕਿ ਕੈਨੇਡਾ ਵਿੱਚ ਇਹੀ ਫੀਸ ਲਗਭਗ 150 ਕੈਨੇਡੀਅਨ ਡਾਲਰ ਹੈ। ਸਰਕਾਰ ਨੇ ਪਹਿਲਾਂ ਹੀ ਆਸਟ੍ਰੇਲੀਆ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰ ਦਿੱਤੀ ਹੈ। ਇਸ ਦੌਰਾਨ ਆਸਟ੍ਰੇਲੀਆ ਨੇ ਫਰਵਰੀ 2025 ਵਿੱਚ ਹੀ ਲਗਭਗ 200,000 ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਵਾਗਤ ਕੀਤਾ, ਜੋ ਕਿ ਪਿਛਲੇ ਸਾਲ ਨਾਲੋਂ 12.1% ਵੱਧ ਹੈ।



# ਬੰਗਲਾਦੇਸ਼ ਦੌਰੇ 'ਤੇ ਨਹੀਂ ਜਾਵੇਗੀ ਟੀਮ ਇੰਡੀਆ ! ਗੁਆਂਢ 'ਚ ਅਸ਼ਾਂਤੀ ਕਾਰਨ ਕ੍ਰਿਕਟ ਬੋਰਡ ਫ਼ਿਕਰਮੰਦ

ਮੁੰਬਈ, 5 ਜੁਲਾਈ (ਚ.ਨ.ਸ.) :ਭਾਰਤੀ ਕ੍ਰਿਕਟ ਟੀਮ ਦਾ ਬੰਗਲਾਦੇਸ਼ ਦੌਰਾ ਮੁਲਤਵੀ ਕੀਤਾ ਜਾ ਸਕਦਾ ਹੈ।



ਇਹ ਦੌਰਾ ਅਗਲੇ ਮਹੀਨੇ ਪ੍ਰਸਤਾਵਿਤ ਹੈ। ਬੰਗਲਾਦੇਸ਼ ਵਿੱਚ ਇਨ੍ਹੀਂ ਦਿਨੀਂ ਹਾਲਾਤ ਠੀਕ ਨਹੀਂ ਹਨ। ਸੱਤਾ ਤਬਦੀਲੀ ਤੋਂ ਬਾਅਦ ਹਫੜਾ-ਦਫੜੀ ਦਾ ਮਾਹੌਲ ਹੈ। ਖਿਡਾਰੀਆਂ ਦੀ ਸੁਰੱਖਿਆ ਦੀ ਗਰੰਟੀ ਨਹੀਂ ਹੈ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਸਾਰੇ ਕਾਰਨਾਂ ਕਰਕੇ ਭਾਰਤ ਸਰਕਾਰ ਟੀਮ ਇੰਡੀਆ ਨੂੰ ਬੰਗਲਾਦੇਸ਼ ਦਾ ਦੌਰਾ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ। ਇਸ ਸਬੰਧ ਵਿੱਚ ਜਲਦੀ ਹੀ ਅਧਿਕਾਰਤ ਐਲਾਨ ਕੀਤਾ ਜਾ ਸਕਦਾ ਹੈ।ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਅਤੇ ਬੰਗਲਾਦੇਸ਼ ਕ੍ਰਿਕਟ ਬੋਰਡ (ਬੀ.ਸੀ.ਬੀ.) ਜਲਦੀ ਹੀ ਆਉਣ ਵਾਲੀ ਲੜੀ ਬਾਰੇ ਵੱਡਾ ਫੈਸਲਾ ਲੈ ਸਕਦੇ ਹਨ। ਇਸ ਗੱਲ ਦੀ ਸੰਭਾਵਨਾ ਹੈ ਕਿ ਲੜੀ ਰੱਦ ਨਹੀਂ ਕੀਤੀ ਜਾਵੇਗੀ। ਦੋਵੇਂ ਕ੍ਰਿਕਟ ਬੋਰਡ ਇਸ ਦੀ ਬਜਾਏ ਲੜੀ ਮੁਲਤਵੀ ਕਰਨ ਲਈ ਸਹਿਮਤ ਹੋ ਸਕਦੇ ਹਨ। ਬੀ.ਸੀ.ਬੀ. ਨੇ ਲੜੀ ਲਈ ਮੀਡੀਆ ਅਧਿਕਾਰਾਂ ਦੀ ਬੋਲੀ ਵੀ ਮੁਲਤਵੀ ਕਰ ਦਿੱਤੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਪੂਰੀ ਤਰ੍ਹਾਂ ਜਾਣੂ ਹੈ ਕਿ ਦੌਰਾ ਮੁਲਤਵੀ ਕਰ ਦਿੱਤਾ ਜਾਵੇਗਾ। ਪ੍ਰਸਤਾਵਿਤ ਸ਼ਡਿਊਲ ਦੇ ਅਨੁਸਾਰ, ਭਾਰਤ ਨੇ ਬੰਗਲਾਦੇਸ਼ ਦੌਰੇ ਤੇ 17 ਅਗਸਤ ਤੋਂ ਤਿੰਨ ਮੈਚਾਂ ਦੀ ਇੱਕ ਰੋਜ਼ਾ ਲੜੀ ਖੇਡਣੀ ਸੀ। ਦੋਵਾਂ ਦੇਸ਼ਾਂ ਨੇ ਇੱਕ ਰੋਜ਼ਾ ਲੜੀ ਤੋਂ ਬਾਅਦ 3 ਟੀ-20 ਮੈਚ ਵੀ ਖੇਡਣੇ ਸਨ।ਭਾਰਤੀ ਟੀਮ ਦੇ ਬੰਗਲਾਦੇਸ਼ ਦੌਰੇ ਨੂੰ ਰੱਦ ਕਰਨ ਦਾ ਮੁੱਖ ਕਾਰਨ ਸੁਰੱਖਿਆ ਚਿੰਤਾਵਾਂ ਹਨ।

# ਰਾਜਪਾਲ ਵੱਲੋਂ ਪੰਜਾਬ ਸਿਵਲ ਸਕੱਤਰੇਤ ਦੀ ਸੀ.ਆਈ.ਐਸ.ਐਫ. ਯੂਨਿਟ ਵਿੱਚ ਵਿਸ਼ਾਲ ਰੁੱਖ ਲਗਾਉਣ ਦੀ ਮੁਹਿੰਮ ਦਾ ਆਗਾਜ਼

ਚੰਡੀਗੜ੍ਹ, 5 ਜੁਲਾਈ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਰਾਜਪਾਲ ਅਤੇ ਯੂਟੀ ਪ੍ਰਸ਼ਾਸਕ, ਸ੍ਰੀ ਗੁਲਾਬ ਚੰਦ ਕਟਾਰੀਆ ਨੇ ਸ਼ਨੀਵਾਰ ਨੂੰ ਪੰਜਾਬ ਅਤੇ ਹਰਿਆਣਾ ਸਿਵਲ ਸਕੱਤਰੇਤ ਦੇ ਅਹਾਤੇ ਵਿੱਚ ਇੱਕ ਵਿਸ਼ਾਲ ਰੁੱਖ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ 'ਤੇ ਯੂਟੀ ਦੇ ਗ੍ਰਹਿ ਸਕੱਤਰ ਸ੍ਰੀ ਮਨਦੀਪ ਸਿੰਘ ਬਰਾੜ, ਚੀਫ਼ ਕੰਜ਼ਰਵੇਟਰ ਸ੍ਰੀ ਸੌਰਭ ਕੁਮਾਰ, ਨਗਰ ਨਿਗਮ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਅਤੇ ਸੀਆਈਐਸਐਫ ਯੂਨਿਟ ਦੇ ਕਮਾਂਡੈਂਟ ਇਸ ਮੁਹਿੰਮ ਦੌਰਾਨ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਪ੍ਰੋਗਰਾਮ ਦੇ ਸ਼ੁਭ ਆਰੰਭ ਨਾਲ, ਇੱਕ ਨਾਗਰਿਕ-ਸੰਚਾਲਿਤ ਵਾਤਾਵਰਣਕ ਲਹਿਰ, ਵਣ ਮਹੋਤਸਵ 2025, ਦੀ ਸ਼ੁਰੂਆਤ ਹੋ ਗਈ ਹੈ। ਇਸ ਪ੍ਰੋਗਰਾਮ ਦਾ ਮੁੱਖ ਟੀਚਾ ਚੰਡੀਗੜ੍ਹ ਵਿੱਚ 253 ਥਾਵਾਂ 'ਤੇ 1 ਲੱਖ ਤੋਂ ਵੱਧ ਬੂਟੇ ਲਗਾਉਣਾ ਹੈ, ਜਿਸ ਦੀ ਸ਼ੁਰੂਆਤ ਅੱਜ ਪੰਜਾਬ ਅਤੇ ਹਰਿਆਣਾ ਸਿਵਲ ਸਕੱਤਰੇਤ, ਚੰਡੀਗੜ੍ਹ ਦੇ ਅਹਾਤੇ ਵਿੱਚ ਲਗਭਗ 300 ਬੂਟੇ ਲਗਾ ਕੇ ਕੀਤੀ ਗਈ। ਇਹ ਮੁਹਿੰਮ ਚੰਡੀਗੜ੍ਹ ਨੂੰ ਹਰਿਆ-ਭਰਿਆ ਬਣਾਉਣ ਅਤੇ ਵਾਤਾਵਰਣ ਪ੍ਰਤੀ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਿੱਚ ਸਿੱਧਾ ਯੋਗਦਾਨ ਪਾਵੇਗੀ। ਇਸ ਵਿਸ਼ਾਲ ਰੁੱਖ ਲਗਾਉਣ ਦੀ ਮੁਹਿੰਮ ਦਾ ਉਦੇਸ਼ ਟਿਕਾਊ ਸ਼ਹਿਰੀ ਵਿਕਾਸ ਵਿੱਚ ਇੱਕ ਮੋਹਰੀ ਵਜੋਂ ਚੰਡੀਗੜ੍ਹ ਦੀ ਵਾਤਾਵਰਣਕ ਸਥਿਤੀ ਨੂੰ ਮਜ਼ਬੂਤ ਕਰਨਾ ਅਤੇ ਜਨਤਕ ਭਾਗੀਦਾਰੀ ਦੁਆਰਾ ਵਾਤਾਵਰਣਕ ਸਥਿਰਤਾ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮੌਕੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਸੁਰੱਖਿਆ ਬਲਾਂ ਦੇ ਮੈਂਬਰਾਂ ਨੂੰ ਵਾਤਾਵਰਣ ਦੀ ਸੰਭਾਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਨੂੰ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।



# ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਗੁਣਵੱਤਾ, ਪਹੁੰਚਯੋਗ ਅਤੇ ਕਿਫਾਇਤੀ ਹੈ: ਓਮ ਬਿਰਲਾ

ਨਵੀਂ ਦਿੱਲੀ, 5 ਜੁਲਾਈ (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਸਪੀਕਰ, ਸ਼੍ਰੀ ਓਮ ਬਿਰਲਾ ਨੇ ਅੱਜ ਕਿਹਾ ਕਿ ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਗੁਣਵੱਤਾ ਵਾਲੀ, ਪਹੁੰਚਯੋਗ ਅਤੇ ਕਿਫਾਇਤੀ ਹੈ। ਡਾਕਟਰੀ ਬੁਨਿਆਦੀ ਢਾਂਚੇ ਅਤੇ ਡਾਕਟਰੀ ਸੇਵਾਵਾਂ ਦੀ ਵਿਵਸਥਾ ਵਿੱਚ ਹੋਈ ਸ਼ਾਨਦਾਰ ਪ੍ਰਗਤੀ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਭਾਰਤ ਨੇ ਸਿਹਤ ਸੰਭਾਲ ਦੀ ਗੁਣਵੱਤਾ ਵਿੱਚ ਸਫਲਤਾਪੂਰਵਕ ਵਾਧਾ ਕੀਤਾ ਹੈ ਜਦੋਂ ਕਿ ਇਹ ਯਕੀਨੀ ਬਣਾਇਆ ਹੈ ਕਿ ਇਹ ਸੇਵਾਵਾਂ ਹਰ ਨਾਗਰਿਕ ਲਈ ਪਹੁੰਚਯੋਗ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਿਹਤ ਸੰਭਾਲ ਖੇਤਰ ਵਿੱਚ ਕੀਤੀਆਂ ਗਈਆਂ ਪਹਿਲਕਦਮੀਆਂ ਨੇ ਸਿਹਤ ਸੰਭਾਲ ਨੂੰ ਵਧੇਰੇ ਸਮਾਵੇਸ਼ੀ ਅਤੇ ਮਰੀਜ਼-ਕੇਂਦ੍ਰਿਤ ਬਣਾਇਆ ਹੈ। ਉਨ੍ਹਾਂ ਸਿਹਤ ਸੰਭਾਲ ਸੇਵਾਵਾਂ, ਡਿਜੀਟਲ ਸਿਹਤ ਤਕਨਾਲੋਜੀਆਂ ਅਤੇ ਕਿਫਾਇਤੀ ਇਲਾਜ ਵਿਕਲਪਾਂ ਦੀ ਪਹੁੰਚ ਵਿੱਚ ਤਰੱਕੀ ਦੀ ਸ਼ਲਾਘਾ ਕੀਤੀ ਅਤੇ ਇੱਕ ਮਜ਼ਬੂਤ ਅਤੇ ਬਰਾਬਰ ਸਿਹਤ ਸੰਭਾਲ ਵਾਤਾਵਰਣ ਪ੍ਰਣਾਲੀ ਬਣਾਉਣ ਲਈ ਭਾਰਤ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।ਸ਼੍ਰੀ ਬਿਰਲਾ ਨੇ ਅੱਗੇ ਕਿਹਾ ਕਿ ਅੱਜ ਜਦੋਂ ਵਿਕਸਤ ਦੇਸ਼ ਵਧਦੀਆਂ ਸਿਹਤ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ, ਤਾਂ ਭਾਰਤੀ ਡਾਕਟਰ ਨਵੀਨਤਾ ਅਤੇ ਅਤਿ-ਆਧੁਨਿਕ ਤਕਨਾਲੋਜੀਆਂ ਨੂੰ ਅਪਣਾ ਕੇ ਦੁਨੀਆ ਵਿੱਚ ਆਪਣੀ ਸਾਖ ਵਧਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਮੰਚ ਮੈਡੀਕਲ ਖੇਤਰ ਵਿੱਚ ਨਵੀਨਤਮ ਖੋਜਾਂ, ਉੱਭਰ ਰਹੀਆਂ ਤਕਨਾਲੋਜੀਆਂ ਅਤੇ ਨਵੀਨਤਾਵਾਂ 'ਤੇ ਚਰਚਾ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਹੈ।ਸ਼੍ਰੀ ਬਿਰਲਾ ਨੇ ਕਿਹਾ ਕਿ ਇਹ ਕਾਨਫਰੰਸ ਸਿਰਫ਼ ਇੱਕ ਸਮਾਗਮ ਨਹੀਂ ਹੈ ਸਗੋਂ ਮਨੁੱਖੀ ਸੇਵਾ ਲਈ ਇੱਕ ਵਿਸ਼ਵਵਿਆਪੀ ਪਲੇਟਫਾਰਮ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਖੋਜ, ਨਵੀਨਤਾ ਅਤੇ ਸਹਿਯੋਗ ਰਾਹੀਂ, ਆਈਪੀਐਫ ਇੱਕ ਸਿਹਤਮੰਦ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾਵੇਗਾ। ਉਨ੍ਹਾਂ ਇਹ ਵੀ ਉਮੀਦ ਪ੍ਰਗਟਾਈ ਕਿ ਇੱਥੇ ਹੋਣ ਵਾਲੀਆਂ ਚਰਚਾਵਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ, ਡਿਜੀਟਲ ਟੂਲ, ਰੋਬੋਟਿਕਸ ਅਤੇ ਹੋਰ ਆਧੁਨਿਕ ਡਾਕਟਰੀ ਤਕਨਾਲੋਜੀਆਂ ਵੀ ਸ਼ਾਮਲ ਹੋਣਗੀਆਂ ਅਤੇ ਇੱਕ ਲੋਕ-ਕੇਂਦ੍ਰਿਤ, ਕੁਸ਼ਲ ਸਿਹਤ ਸੰਭਾਲ ਪ੍ਰਣਾਲੀ ਬਣਾਉਣ ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।ਨੇਪਾਲ, ਸ਼੍ਰੀਲੰਕਾ, ਮਲੇਸ਼ੀਆ ਅਤੇ ਯੂਕੇ ਦੇ ਮੈਡੀਕਲ ਡੈਲੀਗੇਟ ਵੀ ਕਾਨਫਰੰਸ ਵਿੱਚ ਸ਼ਾਮਲ ਹੋਏ।




# ਅਮਿਤ ਸ਼ਾਹ ਨੇ ਤ੍ਰਿਭੁਵਨ ਸਹਿਕਾਰੀ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ

### ਕਾਂਗਰਸ ਨਹਿਰੂ-ਗਾਂਧੀ ਪਰਿਵਾਰ ਨੂੰ ਛੱਡ ਕੇ ਸਭ ਨੂੰ ਭੁੱਲ ਸਕਦੀ ਹੈ

ਗਾਂਧੀਨਗਰ , 5 ਜੁਲਾਈ (ਅੰਮ੍ਰਿਤਪਾਲ ਸਿੰਘ) : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਗੁਜਰਾਤ ਦੇ ਆਨੰਦ ਵਿੱਚ ਤ੍ਰਿਭੁਵਨ ਸਹਿਕਾਰੀ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਦੇ ਹੋਏ ਕਾਂਗਰਸ ਤੇ ਤਿੱਖਾ ਨਿਸ਼ਾਨਾ ਸਾਧਿਆ। ਇਸ ਮੌਕੇ ਤੇ ਉਨ੍ਹਾਂ ਕਿਹਾ ਕਿ ਕਾਂਗਰਸ ਆਪਣੇ ਹੀ ਨੇਤਾ ਤ੍ਰਿਭੁਵਨਦਾਸ ਕਿਸ਼ੀਭਾਈ ਪਟੇਲ ਨੂੰ ਭੁੱਲ ਗਈ ਹੈ, ਜਿਨ੍ਹਾਂ ਨੇ ਅਮੂਲ ਦੀ ਨੀਂਹ ਰੱਖੀ ਅਤੇ ਦੇਸ਼ ਵਿੱਚ ਸਹਿਕਾਰੀ ਲਹਿਰ ਨੂੰ ਇੱਕ ਨਵੀਂ ਦਿਸ਼ਾ ਦਿੱਤੀ।ਸ਼ਾਹ ਨੇ ਸਪੱਸ਼ਟ ਕੀਤਾ ਕਿ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਤ੍ਰਿਭੁਵਨ ਸਹਿਕਾਰੀ ਯੂਨੀਵਰਸਿਟੀ ਬਿੱਲ, 2025 ਵਿੱਚ, ਇਸ ਯੂਨੀਵਰਸਿਟੀ ਦਾ ਨਾਮ ਤ੍ਰਿਭੁਵਨਦਾਸ ਪਟੇਲ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ, ਜੋ ਕਿ ਇੱਕ ਸੀਨੀਅਰ ਕਾਂਗਰਸੀ ਨੇਤਾ ਸਨ। ਉਨ੍ਹਾਂ ਕਿਹਾ, ਵਿਰੋਧੀ ਧਿਰ ਨੂੰ ਸ਼ਾਇਦ ਇਹ ਵੀ ਨਹੀਂ ਪਤਾ ਕਿ ਤ੍ਰਿਭੁਵਨਦਾਸ ਉਨ੍ਹਾਂ ਦੀ ਆਪਣੀ ਪਾਰਟੀ ਤੋਂ ਸਨ। ਪਰ ਉਹ ਨਹਿਰੂ-ਗਾਂਧੀ ਪਰਿਵਾਰ ਤੋਂ ਨਹੀਂ ਸਨ, ਇਸ ਲਈ ਕਾਂਗਰਸ ਉਨ੍ਹਾਂ ਨੂੰ ਭੁੱਲ ਗਈ।ਸ਼ਾਹ ਨੇ ਕੁਰੀਅਨ ਦੇ ਯੋਗਦਾਨ ਦੀ ਵੀ ਪ੍ਰਸ਼ੰਸਾ ਕੀਤੀ, ਪਰ ਜ਼ੋਰ ਦੇ ਕੇ ਕਿਹਾ ਕਿ ਪੂਰਾ ਵਿਚਾਰ ਤ੍ਰਿਭੁਵਨਦਾਸ ਪਟੇਲ ਦੇ ਦ੍ਰਿਸ਼ਟੀਕੋਣ ਤੋਂ ਸ਼ੁਰੂ ਹੋਇਆ ਸੀ। ਸ਼ਾਹ ਨੇ ਇਹ ਵੀ ਕਿਹਾ ਕਿ ਜਦੋਂ ਤ੍ਰਿਭੁਵਨਦਾਸ ਅਮੂਲ ਤੋਂ ਸੇਵਾਮੁਕਤ ਹੋਏ, ਤਾਂ ਉਨ੍ਹਾਂ ਨੇ ਸੇਵਾਮੁਕਤੀ ਤੇ ਪ੍ਰਾਪਤ 6 ਲੱਖ ਰੁਪਏ ਫਾਊਂਡੇਸ਼ਨ ਨੂੰ ਦਾਨ ਕਰ ਦਿੱਤੇ, ਜੋ ਕਿ ਉਨ੍ਹਾਂ ਦੇ ਸਮਰਪਣ ਦਾ ਪ੍ਰਤੀਕ ਹੈ।ਅਮਿਤ ਸ਼ਾਹ ਨੇ ਕਿਹਾ ਕਿ ਇਹ ਯੂਨੀਵਰਸਿਟੀ ਸਹਿਕਾਰੀ ਖੇਤਰ ਨੂੰ ਇੱਕ ਨਵੀਂ ਦਿਸ਼ਾ ਦੇਵੇਗੀ। ਇਸ ਵਿੱਚ ਪ੍ਰਬੰਧਨ, ਵਿੱਤ, ਕਾਨੂੰਨ ਅਤੇ ਪੇਂਡੂ ਵਿਕਾਸ ਨਾਲ ਸਬੰਧਤ ਕੋਰਸ ਹੋਣਗੇ। ਇਹ ਯੂਨੀਵਰਸਿਟੀ 200 ਤੋਂ ਵੱਧ ਸਹਿਕਾਰੀ ਸੰਸਥਾਵਾਂ ਨਾਲ ਤਾਲਮੇਲ ਕਰੇਗੀ ਅਤੇ ਪੀਐਚਡੀ, ਡਿਗਰੀ, ਡਿਪਲੋਮਾ ਅਤੇ ਸਰਟੀਫਿਕੇਟ ਕੋਰਸ ਪੇਸ਼ ਕਰੇਗੀ। ਨਾਲ ਹੀ, ਇਹ 40 ਲੱਖ ਸਹਿਕਾਰੀ ਕਰਮਚਾਰੀਆਂ ਨੂੰ ਸਿਖਲਾਈ ਦੇ ਕੇ ਭਾਈ-ਭਤੀਜਾਵਾਦ ਨੂੰ ਖਤਮ ਕਰਨ ਵਿੱਚ ਮਦਦ ਕਰੇਗੀ।ਤ੍ਰਿਭੁਵਨ ਸਹਿਕਾਰੀ ਯੂਨੀਵਰਸਿਟੀ ਸਿਰਫ਼ ਇੱਕ ਵਿਦਿਅਕ ਸੰਸਥਾ ਨਹੀਂ ਹੈ ਸਗੋਂ ਸਹਿਕਾਰੀ ਸਭਾਵਾਂ ਦੇ ਸੰਸਥਾਪਕਾਂ ਨੂੰ ਇੱਕ ਸੱਚੀ ਸ਼ਰਧਾਂਜਲੀ ਹੈ ਅਤੇ ਪੇਂਡੂ ਭਾਰਤ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।



# ਡੀ ਗੁਕੇਸ਼ ਨੇ ਸੁਪਰ ਯੂਨਾਈਟਿਡ ਰੈਪਿਡ ਦਾ ਜਿੱਤਿਆ ਖ਼ਿਤਾਬ

### ਅਮਰੀਕੀ ਖਿਡਾਰੀ ਵੇਸਲੀ ਸੋ ਨੂੰ 36 ਚਾਲਾਂ 'ਚ ਹਰਾਇਆ

ਕ੍ਰੋਏਸ਼ੀਆ , 5 ਜੁਲਾਈ (ਚ.ਨ.ਸ.) : ਭਾਰਤੀ ਸ਼ਤਰੰਜ ਖਿਡਾਰੀ ਡੀ ਗੁਕੇਸ਼ ਨੇ ਕ੍ਰੋਏਸ਼ੀਆ ਦੇ ਜ਼ਾਗਰੇਬ ਵਿੱਚ ਹੋ ਰਹੇ ਸੁਪਰਯੂਨਾਈਟਿਡ ਰੈਪਿਡ ਐਂਡ ਬਲਿਟਜ਼ ਟੂਰਨਾਮੈਂਟ ਵਿੱਚ ਰੈਪਿਡ ਖਿਤਾਬ ਜਿੱਤਿਆ ਹੈ। ਇਹ ਟੂਰਨਾਮੈਂਟ ਗ੍ਰੈਂਡ ਸ਼ਤਰੰਜ ਟੂਰ 2025 ਦਾ ਹਿੱਸਾ ਹੈ ਅਤੇ ਗੁਕੇਸ਼ ਨੇ ਰੈਪਿਡ ਫਾਰਮੈਟ ਵਿੱਚ 18 ਵਿੱਚੋਂ 14 ਅੰਕ ਹਾਸਲ ਕਰਕੇ ਖਿਤਾਬ ਜਿੱਤਿਆ।ਗੁਕੇਸ਼ ਨੇ ਆਖਰੀ ਦੌਰ ਵਿੱਚ ਅਮਰੀਕੀ ਖਿਡਾਰੀ ਵੇਸਲੀ ਸੋ ਨੂੰ 36 ਚਾਲਾਂ ਵਿੱਚ ਹਰਾ ਕੇ ਰੈਪਿਡ ਖਿਤਾਬ ਜਿੱਤਿਆ। ਗੁਕੇਸ਼ ਨੇ ਟੂਰਨਾਮੈਂਟ ਵਿੱਚ 9 ਵਿੱਚੋਂ 6 ਮੈਚ ਜਿੱਤੇ, 2 ਡਰਾਅ ਰਹੇ ਅਤੇ ਇੱਕ ਵਿੱਚ ਉਸਨੂੰ ਹਾਰ ਦਾ ਸਾਹਮਣਾ ਕਰਨਾ ਪਿਆ।ਗੁਕੇਸ਼ ਟੂਰਨਾਮੈਂਟ ਵਿੱਚ ਪਹਿਲਾ ਮੈਚ ਹਾਰ ਗਿਆ ਸੀ। ਗੁਕੇਸ਼ ਨੂੰ ਟੂਰਨਾਮੈਂਟ ਦੇ ਪਹਿਲੇ ਹੀ ਮੈਚ ਵਿੱਚ ਪੋਲੈਂਡ ਦੇ ਜਾਨ-ਕ੍ਰਿਸਟੋਫ ਡੂਡਾ ਨੇ 59 ਚਾਲਾਂ ਵਿੱਚ ਹਰਾਇਆ। ਇਸ ਤੋਂ ਬਾਅਦ ਗੁਕੇਸ਼ ਨੇ ਵਾਪਸੀ ਕੀਤੀ। ਉਸਨੇ ਫਰਾਂਸ ਦੇ ਅਲੀਰੇਜ਼ਾ ਫਿਰੋਜਾ ਅਤੇ ਭਾਰਤ ਦੇ ਪ੍ਰਗਿਆਨੰਦਾ ਨੂੰ ਹਰਾਇਆ।ਗੁਕੇਸ਼ ਨੇ ਟੂਰਨਾਮੈਂਟ ਦੇ ਚੌਥੇ ਦੌਰ ਵਿੱਚ ਉਜ਼ਬੇਕਿਸਤਾਨ ਦੇ ਨੋਦਿਰਬੇਕ ਅਬਦੂਸਤੋਰੋਵ ਨੂੰ ਅਤੇ ਪੰਜਵੇਂ ਦੌਰ ਵਿੱਚ ਅਮਰੀਕਾ ਦੇ ਫੈਬੀਆਨੋ ਕਾਰੂਆਨਾ ਨੂੰ ਹਰਾਇਆ।ਛੇਵੇਂ ਦੌਰ ਵਿੱਚ, ਗੁਕੇਸ਼ ਦਾ ਸਾਹਮਣਾ ਨਾਰਵੇ ਦੇ ਮੈਗਨਸ ਕਾਰਲਸਨ ਨਾਲ ਹੋਇਆ, ਜਿਸ ਵਿੱਚ ਭਾਰਤੀ ਗ੍ਰੈਂਡਮਾਸਟਰ ਨੇ ਜਿੱਤ ਪ੍ਰਾਪਤ ਕੀਤੀ। ਗੁਕੇਸ਼ ਨੇ ਇੱਕ ਮਹੀਨੇ ਦੇ ਅੰਦਰ ਦੂਜੀ ਵਾਰ ਕਾਰਲਸਨ ਨੂੰ ਹਰਾਇਆ ਹੈ। ਗੁਕੇਸ਼ ਨੇ 2 ਜੂਨ ਨੂੰ ਨਾਰਵੇ ਸ਼ਤਰੰਜ ਟੂਰਨਾਮੈਂਟ ਵਿੱਚ ਵੀ ਕਾਰਲਸਨ ਨੂੰ ਹਰਾਇਆ ਸੀ।



# ਵਿੰਬਲਡਨ : ਸਬਾਲੇਂਕਾ ਨੇ ਸਥਾਨਕ ਦਾਅਵੇਦਾਰ ਰਾਦੂਕਾਨੂ ਨੂੰ ਹਰਾਇਆ

ਲੰਡਨ, 5 ਜੁਲਾਈ (ਚ.ਨ.ਸ.) : ਚੋਟੀ ਦੀ ਰੈਂਕਿੰਗ ਵਾਲੀ ਅਰੀਨਾ ਸਬਾਲੇਂਕਾ ਨੇ ਵਿੰਬਲਡਨ ਵਿੱਚ ਸਥਾਨਕ ਦਾਅਵੇਦਾਰ ਐਮਾ ਰਾਦੂਕਾਨੂ ਦੀ ਪ੍ਰਭਾਵਸ਼ਾਲੀ ਸਫਰ ਨੂੰ 7-6(6) 6-4 ਨਾਲ ਜਿੱਤ ਕੇ ਰੋਕ ਦਿੱਤਾ। ਆਲ ਇੰਗਲੈਂਡ ਕਲੱਬ ਵਿੱਚ ਦੋ ਵਾਰ ਸੈਮੀਫਾਈਨਲਿਸਟ ਸਬਾਲੇਂਕਾ ਨੇ ਸ਼ੁੱਕਰਵਾਰ ਰਾਤ ਨੂੰ 2021 ਯੂਐਸ ਓਪਨ ਚੈਂਪੀਅਨ ਦੇ ਖਿਲਾਫ ਦੋਵਾਂ ਸੈੱਟਾਂ ਵਿੱਚ ਜ਼ਬਰਦਸਤ ਵਾਪਸੀ ਕੀਤੀ। 18 ਸਾਲ ਦੀ ਉਮਰ ਵਿੱਚ ਯੂਐਸ ਓਪਨ ਵਿੱਚ ਕੁਆਲੀਫਾਇਰ ਵਜੋਂ ਆਪਣੇ ਖਿਤਾਬ ਤੋਂ ਬਾਅਦ ਰਾਦੂਕਾਨੂ ਆਪਣਾ ਸਭ ਤੋਂ ਵਧੀਆ ਟੈਨਿਸ ਖੇਡ ਰਹੀ ਸੀ। ਰਾਦੂਕਾਨੂ 74 ਮਿੰਟ ਦੇ ਪਹਿਲੇ ਸੈੱਟ ਵਿੱਚ ਇੱਕ ਸਮੇਂ 4-2 ਨਾਲ ਅੱਗੇ ਸੀ ਪਰ ਸਬਾਲੇਂਕਾ ਨੇ ਅਗਲੇ 12 ਵਿੱਚੋਂ 11 ਅੰਕ ਜਿੱਤ ਕੇ 5-4 ਦੀ ਲੀਡ ਲੈ ਲਈ। ਰਾਦੂਕਾਨੂ ਫਿਰ ਟਾਈਬ੍ਰੇਕਰ ਵਿੱਚ ਵੀ 6-5 ਨਾਲ ਅੱਗੇ ਸੀ, ਪਰ ਸਬਾਲੇਂਕਾ ਨੇ ਸ਼ਾਨਦਾਰ ਵਾਪਸੀ ਕਰਦਿਆਂ ਲੀਡ ਲੈਣ ਲਈ ਆਖਰੀ ਤਿੰਨ ਅੰਕ ਜਿੱਤੇ। ਤਿੰਨ ਵਾਰ ਦੀ ਗ੍ਰੈਂਡ ਸਲੈਮ ਚੈਂਪੀਅਨ ਸਬਾਲੇਂਕਾ ਨੇ ਦੂਜੇ ਸੈੱਟ ਵਿੱਚ ਬ੍ਰਿਟਿਸ਼ ਖਿਡਾਰੀ ਨੂੰ ਜ਼ਿਆਦਾ ਮੌਕਾ ਨਹੀਂ ਦਿੱਤਾ। ਸਬਾਲੇਂਕਾ ਪਿਛਲੇ ਤਿੰਨ ਲਗਾਤਾਰ ਗ੍ਰੈਂਡ ਸਲੈਮ ਟੂਰਨਾਮੈਂਟਾਂ ਦੇ ਫਾਈਨਲ ਵਿੱਚ ਪਹੁੰਚੀ ਸੀ, ਜਿਸ ਵਿੱਚ ਉਸਨੇ ਪਿਛਲੇ ਸਾਲ ਸਤੰਬਰ ਵਿੱਚ ਯੂਐਸ ਓਪਨ ਜਿੱਤਿਆ ਸੀ। ਉਹ ਜਨਵਰੀ ਵਿੱਚ ਆਸਟ੍ਰੇਲੀਅਨ ਓਪਨ ਵਿੱਚ ਉਪ ਜੇਤੂ ਰਹੀ, ਮੈਡੀਸਨ ਕੀਜ਼ ਤੋਂ ਹਾਰ ਗਈ ਅਤੇ ਜੂਨ ਵਿੱਚ ਫ੍ਰੈਂਚ ਓਪਨ ਵਿੱਚ ਕੋਕੋ ਗੌਫ ਤੋਂ ਹਾਰ ਗਈ।




## ਜਨਮ ਦਿਨ ਮੁਬਾਰਕ



ਫਤਿਹਵੀਰ ਸਿੰਘ



ਸਵਿਸਕਾ ਗੌਤਮ

# ਮਾਝਾ-ਦੁਆਬਾ

ਆਸ ਪਾਸ

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਨਾਇਆ ਮੀਰੀ-ਪੀਰੀ ਦਿਵਸ



ਅੰਮ੍ਰਿਤਸਰ, 5 ਜੁਲਾਈ, (ਗੁਰਦਿਆਲ ਸਿੰਘ) : ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਪੀਰੀ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਸੰਗਤ ਨੂੰ ਪਾਵਨ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਸਰਵਣ ਕਰਵਾਇਆ।

ਸਮਾਗਮ ਦੌਰਾਨ ਸੰਬੋਧਨ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸੰਗਤਾਂ ਨੂੰ ਮੀਰੀ ਪੀਰੀ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਵੱਲੋਂ ਸਿੱਖ ਕੌਮ ਨੂੰ ਮੀਰੀ ਪੀਰੀ ਦੇ ਸਿਧਾਂਤ ਨਾਲ ਜੋੜ ਕੇ ਜੋ ਮਾਰਗ ਦਿਖਾਇਆ ਗਿਆ, ਉਹ ਧਰਮ ਦੀ ਕਮਾਈ ਕਰਦਿਆਂ ਸੱਚ ਦੀ ਰਾਜਨੀਤੀ ਰਾਹੀਂ ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਸੰਸਾਰ ਅੰਦਰ ਸਮਝਿਆ ਜਾਂਦਾ ਸੀ ਕਿ ਧਰਮ ਤੇ ਰਾਜਨੀਤੀ ਵੱਖਰੀ ਹੈ, ਪਰ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਇਕ ਨਿਵੇਕਲਾ ਸਿਧਾਂਤ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੀਰ ਨੂੰ ਜ਼ੁਲਮ ਦੇ ਰਾਹ ਚੱਲਣ ਤੋਂ ਵਰਜਿਆ ਅਤੇ ਪੀਰ ਨੂੰ ਪਖੰਡ ਤੇ ਕਰਮ ਕਾਂਡ ਛੱਡ ਕੇ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਨੂੰ ਅਗਾਂਹ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਕੀਤਾ ਅਤੇ ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ ਰੂਹਾਨੀਅਤ ਦੇ ਨਾਲ-ਨਾਲ ਸਿੱਖਾਂ ਨੂੰ ਰਾਜਸੀ ਸ਼ਕਤੀ ਲਈ ਵੀ ਪ੍ਰੇਰਿਆ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਿਧਾਂਤਾਂ 'ਤੇ ਅਮਲ ਕਰਦਿਆਂ ਇਨਸਾਫ਼ ਦਾ ਅਜਿਹਾ ਰਾਜ ਦਿੱਤਾ, ਜਿਸ ਦੀ ਦੁਨੀਆ ਅੰਦਰ ਕਿਧਰੇ ਮਿਸਾਲ ਨਹੀਂ ਮਿਲਦੀ। ਉਨ੍ਹਾਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਇੱਕ ਸਾਂਝੇ ਪਰਿਵਾਰ ਵਾਂਗ ਵਿਚਰਦਿਆਂ ਗੁਰੂ ਸਾਹਿਬ ਦੇ ਸਿਧਾਂਤ ਨੂੰ ਆਪਣੇ ਜੀਵਨ ਵਿੱਚ ਅਪਣਾਈਏ। ਸਮਾਗਮ ਦੌਰਾਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਮੀਰੀ ਪੀਰੀ ਦੀਆਂ ਕਿਰਪਾਨਾਂ ਦੇ ਸੰਗਤ ਨੂੰ ਦਰਸ਼ਨ ਵੀ ਕਰਵਾਏ ਗਏ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਅੰਮ੍ਰਿਤਪਾਲ ਸਿੰਘ ਕੁਲਾਰ, ਸੁਪਰਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਰਜਿੰਦਰ ਸਿੰਘ ਰੂਬੀ, ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਸ. ਜਸਪਾਲ ਸਿੰਘ, ਬਿਕਰਮਜੀਤ ਸਿੰਘ ਝੰਗੀ, ਜੁਗਰਾਜ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਮੀਤ ਮੈਨੇਜਰ ਗੁਰਤਿੰਦਰਪਾਲ ਸਿੰਘ ਕਾਦੀਆਂ ਸਮੇਤ ਸੰਗਤਾਂ ਹਾਜ਼ਰ ਸਨ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦਿਵਸ ਦੀ ਸਿੱਖ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਅਨੁਸਾਰੀ ਰਾਜ ਦੇ ਸੰਕਲਪ ਨੂੰ ਸਿਧਾਂਤਕ ਤੌਰ 'ਤੇ ਅੱਗੇ ਵਧਾਇਆ ਅਤੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਉਨ੍ਹਾਂ ਕਿਹਾ ਕਿ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਰਹਿ ਕੇ ਜ਼ੁਲਮ ਦਾ ਵਿਰੋਧ ਕਰਦਿਆਂ ਸ਼ਹਾਦਤ ਪ੍ਰਾਪਤ ਕੀਤੀ, ਉੱਥੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਸਤਰਬੱਧ ਖ਼ਾਲਸਈ ਫ਼ੌਜ ਗਠਨ ਕਰਕੇ ਜਾਬਰ ਦੇ ਜ਼ੁਲਮ ਦਾ ਮੂੰਹ-ਤੋੜਵਾਂ ਜਵਾਬ ਦਿੱਤਾ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਕੀਤੇ ਸਿਧਾਂਤ 'ਤੇ ਚੱਲਣ ਦੀ ਪ੍ਰੇਰਨਾ ਕੀਤੀ।

## ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣਾ ਅਧਿਕਾਰਾਂ ਤੋਂ ਬਾਹਰੀ ਕਾਰਵਾਈ : ਐਡਵੋਕੇਟ ਧਾਮੀ



ਅੰਮ੍ਰਿਤਸਰ, 5 ਜੁਲਾਈ, (ਗੁਰਦਿਆਲ ਸਿੰਘ) : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦੇ ਫੈਸਲੇ 'ਤੇ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਥ ਵਿੱਚ ਦੁਬਿਧਾ ਪਾਉਣ ਵਾਲੀ ਅਤੇ ਅਧਿਕਾਰਾਂ ਤੋਂ ਬਾਹਰੀ ਕਾਰਵਾਈ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਖਾਲਸਾ ਪੰਥ ਦੀਆਂ ਰਵਾਇਤਾਂ ਤੇ ਪਰੰਪਰਾਵਾਂ ਕੌਮ ਦੇ ਮਸਲੇ ਨਜਿੱਠਣ ਲਈ ਹਨ, ਨਾ ਕਿ ਕੌਮੀ ਸੰਕਟ ਪੈਦਾ ਕਰਨ ਲਈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਨੂੰ ਦਰਕਿਨਾਰ ਕਰਨਾ ਉਚਿਤ ਨਹੀਂ ਹੈ ਅਤੇ ਅਜਿਹੇ ਚਲਣ ਨਾਲ ਕੌਮ ਅੰਦਰ ਆਪਾ ਧਾਪੀ ਵਾਲਾ ਮਾਹੌਲ ਪੈਦਾ ਹੋਵੇਗਾ।

ਉਨ੍ਹਾਂ ਕਿਹਾ ਕਿ ਬੇਸ਼ਕ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਸਿੱਖ ਜਗਤ ਅੰਦਰ ਵੱਡਾ ਸਤਿਕਾਰ ਹੈ, ਪ੍ਰੰਤੂ ਪੰਥਕ ਮਾਮਲਿਆਂ ਨੂੰ ਵਿਚਾਰਨ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸੇ ਵੀ ਪੰਥਕ ਮਾਮਲੇ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਮਿਲ ਕੇ ਬੈਠਣ ਅਤੇ ਫੈਸਲੇ ਲੈਣ ਦੀ ਲੰਬੀ ਇਤਿਹਾਸਕ ਪ੍ਰੰਪਰਾ ਰਹੀ ਹੈ। ਇਹੀ ਪ੍ਰੰਪਰਾ ਸਿੱਖ ਕੌਮ ਨੂੰ ਦੁਨੀਆਂ ਵਿੱਚ ਉਭਾਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉਚਤਾ ਨੂੰ ਦੂਜੇ ਤਖ਼ਤ ਸਾਹਿਬਾਨ ਤੋਂ ਹੀ ਚੁਨੌਤੀ ਦਿੱਤੀ ਜਾਣ ਲੱਗ ਪਈ ਤਾਂ ਇਹ ਸਿੱਖ ਪਰੰਪਰਾਵਾਂ ਦੀ ਮੌਲਿਕਤਾ ਅਤੇ ਅਮੀਰੀ ਨੂੰ ਸੱਟ ਮਾਰਨ ਤੋਂ ਘੱਟ ਨਹੀਂ ਮੰਨੀ ਜਾ ਸਕਦੀ।

ਉਨ੍ਹਾਂ ਆਖਿਆ ਕਿ ਮੌਜੂਦਾ ਮਾਮਲੇ ਦੇ ਸਬੰਧ ਵਿੱਚ ਮਿਲ ਬੈਠ ਕੇ ਹੱਲ ਵੱਲ ਤੁਰਨਾ ਚਾਹੀਦਾ ਹੈ, ਤਾਂ ਜੋ ਕੌਮ ਅੰਦਰ ਦਿਸ ਰਹੇ ਟਕਰਾਅ ਦੀ ਥਾਂ 'ਤੇ ਸਿੱਖ ਸ਼ਕਤੀ ਨੂੰ ਕੌਮੀ ਹਿਤਾਂ, ਕੌਮ ਦੀ ਚੜ੍ਹਦੀ ਕਲਾ ਅਤੇ ਸਿੱਖੀ ਪ੍ਰਚਾਰ ਲਈ ਵਰਤਿਆ ਜਾ ਸਕੇ।

## ਖ਼ਾਲਸਾ ਕਾਲਜ ਇੰਜੀਨੀਅਰਿੰਗ ਵਿਖੇ ਪੌਦੇ ਲਗਾਏ



ਅੰਮ੍ਰਿਤਸਰ, 5 ਜੁਲਾਈ, (ਗੁਰਦਿਆਲ ਸਿੰਘ/ਬਬਲੂ ਮਹਾਜਨ) : ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਵਾਤਾਵਰਣ ਜਾਗਰੂਕਤਾ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਤਹਿਤ ਰੁੱਖ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ ਗਿਆ। ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਅਤੇ ਸਟਾਫ ਨੂੰ ਵਾਤਾਵਰਣ ਸੰਤੁਲਨ ਦੀ ਮਹੱਤਤਾ ਸਬੰਧੀ ਜਾਗਰੂਕ ਅਤੇ ਵਾਤਾਵਰਣ ਦੀ ਸੰਭਾਲ 'ਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਸੀ।

ਇਸ ਮੁਹਿੰਮ ਦੌਰਾਨ ਕੁਸੁਮ, ਗੁਲਮੋਹਰ, ਅਮਲਤਾਸ, ਪਿਲਕਨ, ਜਰਕੰਡਾ, ਛਾਂ ਪ੍ਰਦਾਨ ਕਰਨ ਵਾਲੇ, ਕਈ ਫਲ ਦੇਣ ਵਾਲੇ ਆਂਵਲਾ, ਅੰਜ਼ੀਰ, ਜਾਮੁਨ, ਅਮਰੂਦ ਅਤੇ ਸੰਤਰਾ ਆਦਿ ਲਗਭਗ 85 ਪੌਦੇ ਲਗਾਏ ਗਏ। ਇਸ ਪ੍ਰੋਗਰਾਮ ਤਹਿਤ ਕੈਂਪਸ ਨੂੰ ਹਰਿਆ-ਭਰਿਆ ਅਤੇ ਸਾਫ਼-ਸੁੱਥਰਾ ਵਾਤਾਵਰਣ ਬਣਾਉਣ ਦੇ ਸਾਂਝੇ ਦ੍ਰਿਸ਼ਟੀਕੋਣ ਤਹਿਤ ਫੈਕਲਟੀ ਮੈਂਬਰਾਂ, ਗੈਰ-ਅਧਿਆਪਨ ਸਟਾਫ਼ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਮੌਕੇ ਡਾ. ਮੰਜੂ ਬਾਲਾ ਨੇ ਕਿਹਾ ਕਿ ਰੁੱਖ ਲਗਾਉਣਾ ਸਿਰਫ਼ ਆਲੇ-ਦੁਆਲੇ ਨੂੰ ਹਰਿਆ ਭਰਿਆ ਕਰਨਾ ਨਹੀਂ ਹੈ, ਸਗੋਂ ਇਹ ਜੀਵਨ ਨੂੰ ਪਾਲਣ-ਪੋਸ਼ਣ, ਸਥਿਰਤਾ ਨੂੰ ਯਕੀਨੀ ਬਣਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਸਥਾਈ ਵਿਰਾਸਤ ਛੱਡਣ ਸਬੰਧੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਨਾ ਸਿਰਫ਼ ਕੈਂਪਸ ਦੀ ਜੈਵ ਵਿਭਿੰਨਤਾ ਨੂੰ ਅਮੀਰ ਬਣਾਉਂਦੀਆਂ ਹਨ, ਸਗੋਂ ਭਵਿੱਖ 'ਚ ਪੌਸ਼ਟਿਕ ਅਤੇ ਵਾਤਾਵਰਣ ਸਬੰਧੀ ਲਾਭਾਂ 'ਚ ਵੀ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਯਤਨ ਸੰਸਥਾ ਦੀ ਸੰਪੂਰਨ ਵਿਕਾਸ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੇ ਹਨ, ਜਿੱਥੇ ਵਾਤਾਵਰਣ ਚੇਤਨਾ ਵਿੱਦਿਅਕ ਯਾਤਰਾ 'ਚ ਸ਼ਾਮਿਲ ਹੁੰਦੀ ਹੈ।

ਇਸ ਦੌਰਾਨ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਵੀ ਪੌਦੇ ਲਗਾਉਣ ਦੀ ਮੁਹਿੰਮ ਦੀ ਸ਼ਲਾਘਾ ਕਰਦਿਆਂ ਵਾਤਾਵਰਣ ਸੁਰੱਖਿਆ ਪ੍ਰਤੀ ਸਮੂਹਿਕ ਕਾਰਵਾਈ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਨੂੰ ਨੌਜਵਾਨਾਂ 'ਚ ਜ਼ਿੰਮੇਵਾਰੀ, ਕੁਦਰਤ ਦੀ ਦੇਖਭਾਲ ਅਤੇ ਟਿਕਾਊ ਜੀਵਨ ਦੇ ਮੁੱਲਾਂ ਨੂੰ ਪਾਲਣ 'ਚ ਉਦਾਹਰਨ ਦੇ ਕੇ ਅਗਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਉਮੀਦ ਜਾਹਿਰ ਕੀਤੀ ਕਿ ਅਜਿਹੀਆਂ ਪਹਿਲਕਦਮੀਆਂ ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਅਤੇ ਸਮਾਜ 'ਚ ਸਕਾਰਾਤਮਕ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਗੀਆਂ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਮੀਰੀ—ਪੀਰੀ ਦਿਵਸ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ

### ਦੀਵਾਨ ਵੱਲੋਂ ਕੀਰਤਨ ਦਰਬਾਰ ਲਈ ਕੀਤੀਆਂ ਜਾ ਰਹੀਆਂ ਤਿਆਰੀਆ ਸਬੰਧੀ ਵਿਚਾਰਾਂ



ਅੰਮ੍ਰਿਤਸਰ, 5 ਜੁਲਾਈ, (ਬਬਲੂ ਮਹਾਜਨ) : ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਮੀਰੀ—ਪੀਰੀ ਦਿਵਸ ਮੌਕੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਬਖਸ਼ੀ ਸੰਯੁਕਤ ਆਤਮਕ ਅਤੇ ਸੰਸਾਰਕ ਤਾਕਤ ਦੀ ਮਿਸਾਲ ਨੂੰ ਯਾਦ ਕਰਦਿਆਂ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭੱਲੇ ਦੀ ਅਰਦਾਸ ਕੀਤੀ ਗਈ। ਉਪਰੰਤ ਦੀਵਾਨ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ 20 ਜੁਲਾਈ 2025 ਦਿਨ ਐਤਵਾਰ ਨੂੰ ਸ਼ਾਮ 4:30 ਵਜੇ ਤੋ ਰਾਤ 9:30 ਵਜੇ ਤੱਕ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈਕੰਡਰੀ ਪਬਲਿਕ ਸਕੂਲ, ਜੀ.ਟੀ.ਰੋਡ ਵਿਖੇ ਵੱਡੇ ਪੱਧਰ 'ਤੇ ਕਰਵਾਏ ਜਾ ਰਹੇ ਅਲੌਕਿਕ ਕੀਰਤਨ ਦਰਬਾਰ ਦੀਆਂ ਤਿਆਰੀਆਂ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਰਮਣੀਕ ਸਿੰਘ ਫਰੀਡਮ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਦੀਵਾਨ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਗਿਆਨ ਦੀ ਛੜੀ ਨਾਲ ਵਿੱਦਿਆ ਦਾ ਦਾਨ ਬਖਸ਼ਣ ਵਾਲੇ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਨਾਮ ਹੇਠ ਚਲਾਈਆਂ ਜਾ ਰਹੀਆਂ ਹਨ ਅਤੇ ਬਾਲਾ ਪ੍ਰੀਤਮ ਜੀ ਦੇ ਅਵਤਾਰ ਪੁਰਬ ਦੇ ਮੌਕੇ ਤੇ ਹਰ ਸਾਲ ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਅਧੀਨ ਸਮੂਹ ਅਦਾਰਿਆਂ ਵੱਲੋਂ ਸਾਂਝੇ ਤੌਰ 'ਤੇ ਕੀਰਤਨ ਦਰਬਾਰ ਆਯੋਜਿਤ ਕੀਤਾ ਜਾਂਦਾ ਹੈ, ਜਿਸ ਦਾ ਮਕਸਦ ਸੰਗਤਾਂ ਨੂੰ ਰੱਬੀ ਬਾਣੀ ਦੇ ਕੀਰਤਨ ਰਾਹੀਂ ਨਾ ਸਿਰਫ ਰੂਹਾਨੀ ਅਨੰਦ ਦੇਣਾ ਹੈ, ਸਗੋਂ ਨਵੀਂ ਪਨੀਰੀ ਨੂੰ ਸਿੱਖ ਧਰਮ ਅਤੇ ਵਿਰਸੇ ਨਾਲ ਵੀ ਜੋੜਨਾ ਹੈ।

ਦੀਵਾਨ ਅਹੁਦੇਦਾਰਾਂ ਨੇ ਸੰਗਤਾਂ ਨੂੰ ਕੀਰਤਨ ਦਰਬਾਰ ਵਿਚ ਵਧ—ਚੜ ਕੇ ਹਾਜ਼ਰੀਆਂ ਭਰਕੇ ਕੀਰਤਨ ਦਰਬਾਰ ਦੀਆਂ ਰੌਣਕਾਂ ਵਧਾਉਣ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਰਮਣੀਕ ਸਿੰਘ ਫਰੀਡਮ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਤੇਜਿੰਦਰ ਸਿੰਘ ਸਰਦਾਰ ਪਗੜੀ ਹਾਊਸ, ਹਰਮਨਜੀਤ ਸਿੰਘ, ਏ.ਪੀ.ਐਸ.ਮਾਨ, ਗੁਰਬਖਸ਼ ਸਿੰਘ ਬੇਦੀ, ਮਹਿੰਦਰ ਸਿੰਘ, ਜਸਮੀਤ ਸਿੰਘ, ਗੁਰਭੇਜ ਸਿੰਘ, ਇੰਦਰਜੀਤ ਸਿੰਘ ਅੜੀ, ਤਰਲੋਚਨ ਸਿੰਘ, ਕਮਲਜੀਤ ਸਿੰਘ ਕੋਹਲੀ, ਅਵਤਾਰ ਸਿੰਘ ਘੁੱਲਾ, ਮਨਪ੍ਰੀਤ ਸਿੰਘ, ਅਮਰਜੀਤ ਸਿੰਘ, ਅਮਰਿੰਦਰ ਸਿੰਘ, ਕੁਲਦੀਪ ਸਿੰਘ, ਰਣਦੀਪ ਸਿੰਘ, ਡਾਇਰੈਕਟਰ ਡਾ.ਏ.ਪੀ.ਐਸ.ਚਾਵਲਾ, ਪ੍ਰਿੰਸੀਪਲ ਕਵਲਪ੍ਰੀਤ ਕੌਰ ਅਤੇ ਸੇਵਾ ਸਭਾ ਸੁਸਾਇਟੀਆਂ ਦੇ ਮੈਂਬਰ ਹਾਜ਼ਰ ਸਨ।

## ਪਿੰਡ ਚੰਨਣਕੇ ਵਿਖੇ ਨੌਜਵਾਨ ਦਾ ਗੋਲ਼ੀਆਂ ਮਾਰ ਕੇ ਕਤਲ, ਘਟਨਾ ਸੀਸੀ ਟੀਵੀ ਕੈਮਰੇ 'ਚ ਕੈਦ



ਤਰਸਿੱਕਾ, 5 ਜੁਲਾਈ, (ਦਵਿੰਦਰ ਸਿੰਘ ਤਰਸਿੱਕਾ) : ਹਲਕਾ ਮਜੀਠਾ ਦੇ ਪਿੰਡ ਚੰਨਣਕੇ ਵਿਖੇ ਬੀਤੀ ਸ਼ਾਮ ਨੂੰ ਤਿੰਨ ਅਣਪਛਾਤੇ ਮੋਟਰਸਾਈਕਲ ਚਾਲਕਾਂ ਵੱਲੋਂ ਇੱਕ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰਕੇ ਮੋਟਰਸਾਈਕਲ 'ਤੇ ਫਰਾਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਗੱਲਬਾਤ ਕਰਦਿਆਂ ਮ੍ਰਿਤਕ ਨੌਜਵਾਨ ਜੁਗਰਾਜ ਸਿੰਘ ਦੀ ਮਾਤਾ ਸਰਬਜੀਤ ਕੌਰ ਪਤਨੀ ਸੁਖਜਿੰਦਰ ਸਿੰਘ ਵਾਸੀ ਚੰਨਣਕੇ ਨੇ ਦੱਸਿਆ ਕਿ ਮੈਂ ਅਤੇ ਮੇਰਾ ਲੜਕਾ ਮੇਰੇ ਪੇਕੇ ਪਰਿਵਾਰ ਪਿੰਡ ਲਾਧੂ ਭਾਣੇ ਤੋਂ ਸਾਢੇ 7 ਵਜੇ ਦੇ ਕਰੀਬ ਘਰ ਆਏ ਤੇ ਫਿਰ ਮੇਰਾ ਬੇਟਾ ਘਰ ਵਾਸਤੇ ਘਰੇਲੂ ਸਮਾਨ ਲੈਣ ਲਈ ਬੁੱਲਟ ਮੋਟਰ ਸਾਈਕਲ 'ਤੇ ਗਿਆ । ਮੈਂ ਵੀ ਬਾਹਰ ਗਲੀ ਵਿੱਚ ਉਸ ਨੂੰ ਦੇਖ ਰਹੀ ਸੀ ਕਿ ਤਿੰਨ ਅਣਪਛਾਤੇ ਨੌਜਵਾਨਾਂ ਜੋ ਇੱਕ ਹੀ ਮੋਟਰ ਸਾਈਕਲ 'ਤੇ ਸਨ ਮੇਰੇ ਬੇਟੇ ਨਾਲ ਗੁਰੂਦੁਆਰਾ ਬਾਬਾ ਬੁੱਢਾ ਸਾਹਿਬ ਜੀ ਦੇ ਸਾਹਮਣੇ ਗੱਲਬਾਤ ਕਰ ਰਹੇ ਸਨ ਕਿ ਮੇਰੇ ਸਾਹਮਣੇ ਹੀ ਅਚਾਨਕ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ 'ਤੇ ਮੈਂ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਜਿਸ 'ਤੇ ਉਹ ਮੋਟਰਸਾਈਕਲ 'ਤੇ ਫਰਾਰ ਹੋ ਗਏ । ਜਖਮੀ ਹਾਲਤ ਵਿੱਚ ਅਸੀਂ ਬੇਟੇ ਨੂੰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲਾ ਵਿਖੇ ਲੈ ਗਏ ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ ਇਹ ਘਟਨਾ ਗੁਰਦੁਆਰਾ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਸਾਹਮਣੇ ਬਾਜ਼ਾਰ ਚ ਵਾਪਰੀ ਇਸ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਚੁੱਕੀ ਹੈ ਅਤੇ ਮੇਰੇ ਨੌਜਵਾਨ ਪੁੱਤ ਨੂੰ ਮੇਰੇ ਸਾਹਮਣੇ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਸਬੰਧੀ ਥਾਣਾ ਮਹਿਤਾ ਦੇ ਐਸਐਚ ਓ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ ਹੈ ਉਹਦੇ ਇਸ ਘਟਨਾ ਦੀ ਪੂਰੇ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਹੈ ਅਤੇ ਲੋਕ ਇਸ ਘਟਨਾ ਦੀ ਸਖਤ ਨਿੰਦਾ ਕਰ ਰਹੇ ਹਨ।

## ਨੀਤੀ ਆਯੋਗ ਦੇ ਐਸਪੀਰੇਸ਼ਨਲ ਬਲਾਕਸ ਪ੍ਰੋਗਰਾਮ 'ਚ ਜਲੰਧਰ ਨੇ ਜਿੱਤਿਆ ਪਹਿਲਾ ਇਨਾਮ : ਡੀ.ਸੀ.



ਜਲੰਧਰ, 5 ਜੁਲਾਈ, (ਸੰਦੀਪ ਕੌਲ) : ਜ਼ਿਲ੍ਹਾ ਜਲੰਧਰ ਨੇ ਇਕ ਮਹੱਤਵਪੂਰਨ ਸਫ਼ਲਤਾ ਹਾਸਿਲ ਕਰਦਿਆਂ ਨੀਤੀ ਆਯੋਗ ਦੇ ਐਸਪੀਰੇਸ਼ਨਲ ਬਲਾਕਸ ਪ੍ਰੋਗਰਾਮ (ਏ.ਬੀ.ਪੀ.) ਤਹਿਤ ਦੇਸ਼ (ਜ਼ੋਨ 99) ਵਿੱਚ ਪਹਿਲਾ ਇਨਾਮ ਹਾਸਿਲ ਕੀਤਾ ਹੈ, ਜਿਸ ਤਹਿਤ ਬਲਾਕ ਸ਼ਾਹਕੋਟ ਨੇ ਇਸ ਪ੍ਰਾਜੈਕਟ ਅਧੀਨ ਪ੍ਰਮੁੱਖ ਮਾਪਦੰਡਾਂ ਨੂੰ ਹੋਰ ਬਿਹਤਰ ਬਣਾਉਣ ਲਈ 1.5 ਕਰੋੜ ਰੁਪਏ ਦੀ ਵਿਕਾਸ ਗ੍ਰਾਂਟ ਪ੍ਰਾਪਤ ਕੀਤੀ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨੀਤੀ ਆਯੋਗ ਦੇ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸ ਦੌਰਾਨ ਉਨ੍ਹਾਂ ਨੂੰ ਜ਼ਿਲ੍ਹੇ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ, ਜਿਸ ਵਿੱਚ ਮੁੱਖ ਮਾਪਦੰਡਾਂ ਦੇ ਆਧਾਰ 'ਤੇ ਸ਼ਾਹਕੋਟ ਬਲਾਕ ਦੇ ਪ੍ਰਦਰਸ਼ਨ ਨੂੰ ਉੱਚਾ ਚੁੱਕਣ ਲਈ ਕੀਤੇ ਗਏ ਉਪਰਾਲਿਆਂ ਤੋਂ ਜਾਣੂ ਕਰਵਾਇਆ। ਇਸ ਤੋਂ ਬਾਅਦ ਸ਼ਾਹਕੋਟ ਬਲਾਕ ਨੂੰ ਅਧਿਕਾਰਤ ਤੌਰ 'ਤੇ ਦੇਸ਼ (ਜ਼ੋਨ 99) ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲਾ ਬਲਾਕ ਘੋਸ਼ਿਤ ਕੀਤਾ ਗਿਆ।

ਡਾ.ਅਗਰਵਾਲ ਨੇ ਕਿਹਾ ਕਿ ਇਹ ਐਵਾਰਡ ਰਾਸ਼ੀ ਬਲਾਕ ਵਿੱਚ ਵੱਖ-ਵੱਖ ਖੇਤਰਾਂ ਜਿਵੇਂ ਸਿਹਤ, ਸਿੱਖਿਆ, ਪੋਸ਼ਣ, ਖੇਤੀਬਾੜੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਖ਼ਰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸ਼ਾਹਕੋਟ ਬਲਾਕ ਨੂੰ 'ਐਸਪੀਰੇਸ਼ਨਲ ਬਲਾਕ' ਤੋਂ 'ਇੰਸਪੀਰੇਸ਼ਨਲ ਬਲਾਕ' ਵਿੱਚ ਤਬਦੀਲ ਕਰਨ ਲਈ ਵਚਨਬੱਧ ਹੈ।

ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਵੱਲੋਂ 7 ਜਨਵਰੀ, 2023 ਨੂੰ ਮੁੱਖ ਸਕੱਤਰਾਂ ਦੇ ਦੂਜੇ ਰਾਸ਼ਟਰੀ ਸੰਮੇਲਨ ਦੌਰਾਨ ਐਸਪੀਰੇਸ਼ਨਲ ਬਲਾਕਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਪ੍ਰੋਗਰਾਮ ਦਾ ਮੁੱਖ ਮੰਤਵ ਦੇਸ਼ ਦੇ ਸਭ ਤੋਂ ਦੂਰ-ਦੁਰਾਡੇ ਅਤੇ ਪਛੜੇ ਬਲਾਕਾਂ ਵਿੱਚ ਪ੍ਰਸ਼ਾਸਨ ਨੂੰ ਹੋਰ ਬਿਹਤਰ ਬਣਾਉਣਾ ਅਤੇ ਜੀਵਨ ਦੀ ਗੁਣਵੱਤਾ ਨੂੰ ਵਧਾਉਣਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਸਫ਼ਲਤਾ ਅਧਿਕਾਰੀਆਂ/ਕਰਮਚਾਰੀਆਂ ਨੂੰ ਸ਼ਾਹਕੋਟ ਅਤੇ ਜਲੰਧਰ ਜ਼ਿਲ੍ਹੇ ਦੇ ਹੋਰ ਖੇਤਰਾਂ ਵਿੱਚ ਵੀ ਸਕਾਰਾਤਮਕ ਤਬਦੀਲੀ ਲਿਆਉਣ ਲਈ ਨਵੀਨਤਾਕਾਰੀ ਅਤੇ ਨਾਗਰਿਕ ਕੇਂਦਰਿਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਪ੍ਰੇਰਿਤ ਕਰੇਗੀ।

## ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਨੈੱਟਵਰਕ ਦਾ ਪਰਦਾਫਾਸ਼ ; 5 ਕਿੱਲੋ ਹੈਰੋਇਨ ਸਮੇਤ ਚਾਰ ਗ੍ਰਿਫ਼ਤਾਰ

### ਪਾਕਿਸਤਾਨ ਅਧਾਰਤ ਤਸਕਰ ਕਾਕਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਗ੍ਰਿਫਤਾਰ ਕੀਤੇ ਦੋਸ਼ੀ: ਡੀ.ਜੀ.ਪੀ.




ਅੰਮ੍ਰਿਤਸਰ, 5 ਜੁਲਾਈ, (ਗੁਰਦਿਆਲ ਸਿੰਘ/ਰਾਮ ਸ਼ਰਨਜੀਤ ਸਿੰਘ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਾਂ ਵਾਲੇ ਇੱਕ ਨਸ਼ਾ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਅਤੇ ਇਸਦੇ ਚਾਰ ਕਾਰਕੁਨਾਂ ਨੂੰ 5 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰੇਸ਼ਮ ਸਿੰਘ, ਗੁਰਪਿੰਦਰ ਸਿੰਘ ਦੋਵੇਂ ਵਾਸੀ ਧਨੋਏ ਕਲਾਂ (ਅੰਮ੍ਰਿਤਸਰ), ਰੂਪਪ੍ਰੀਤ ਸਿੰਘ ਅਤੇ ਸ਼ੁਭਕਰ ਮਨਜੀਤ ਸਿੰਘ ਦੋਵੇਂ ਵਾਸੀ ਸਹਿਣੇਵਾਲੀ (ਅੰਮ੍ਰਿਤਸਰ) ਵਜੋਂ ਹੋਈ ਹੈ।ਪੁਲਿਸ ਟੀਮਾਂ ਨੇ 5 ਕਿੱਲੋ ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਮਹਿੰਦਰਾ ਥਾਰ (ਪੀਬੀ08-ਐਫਸੀ-7002) ਅਤੇ ਹੀਰੋ ਸਪਲੈਂਡਰ ਮੋਟਰਸਾਈਕਲ (ਪੀਬੀ02-ਡੀਵੀ-6761) ਨੂੰ ਵੀ ਜ਼ਬਤ ਕੀਤਾ ਹੈ, ਜਿਨ੍ਹਾਂ ਦੀ ਵਰਤੋਂ ਖੇਪਾਂ ਨੂੰ ਲਿਆਉਣ-ਲਿਜਾਣ ਲਈ ਕੀਤੀ ਜਾਂਦੀ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਕਿਸਤਾਨ ਸਥਿਤ ਤਸਕਰ ਕਾਕਾ, ਜੋ ਕਿ ਪਾਕਿਸਤਾਨ ਦੇ ਦਿਆਲ ਦਾ ਰਹਿਣ ਵਾਲਾ ਹੈ, ਦੇ ਨਿਰਦੇਸ਼ਾਂ ਹੇਠ ਕੰਮ ਕਰ ਰਹੇ ਸਨ। ਜ਼ਿਕਰਯੋਗ ਹੈ ਤਸਕਰ ਕਾਕਾ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਖੇਪ ਸੁੱਟਣ ਲਈ ਡਰੋਨ ਦੀ ਵਰਤੋਂ ਕਰਦਾ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਸੂਬੇ ਵਿੱਚ ਅੱਗੇ ਹੋਰ ਨਸ਼ਾ ਕਾਰੋਬਾਰੀਆਂ ਤੱਕ ਪਹੁੰਚਾਉਂਦੇ ਸਨ।

ਡੀਜੀਪੀ ਨੇ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਕਾਊਂਟਰ ਇੰਟੈਲੀਜੈਂਸ, ਅੰਮ੍ਰਿਤਸਰ ਦੀਆਂ ਟੀਮਾਂ ਨੂੰ ਅੰਮ੍ਰਿਤਸਰ ਦੇ ਪਿੰਡ ਧਨੋਏ ਕਲਾਂ ਨੇੜੇ ਪੈਂਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰ ਦੇ ਨੇੜੇ ਕੁਝ ਵਿਅਕਤੀਆਂ ਵੱਲੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਨ ਬਾਰੇ ਪੁਖ਼ਤਾ ਇਤਲਾਹ ਮਿਲੀ ਸੀ।

ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਪੁਲਿਸ ਟੀਮਾਂ ਨੇ ਅਟਾਰੀ ਤੋਂ ਪੁਲ ਕੰਜਰੀ ਰੋਡ, ਅੰਮ੍ਰਿਤਸਰ ਵੱਲ ਜਾਂਦੇ ਚਾਰ ਵਿਅਕਤੀਆਂ ਨੂੰ ਰੋਕ ਕੇ ਉਦੋਂ ਕਾਬੂ ਕਰ ਲਿਆ , ਜਦੋਂ ਉਹ ਆਪਣੇ ਵਾਹਨਾਂ ਤੇ ਖੇਪ ਪਹੁੰਚਾਉਣ ਜਾ ਰਹੇ ਸਨ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹੈਰੋਇਨ ਦੀ ਖੇਪ ਵੀ ਬਰਾਮਦ ਕੀਤੀ । ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧ ਵਿੱਚ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21, 25 ਅਤੇ 29 ਤਹਿਤ ਐਫਆਈਆਰ ਨੰਬਰ 36 ਮਿਤੀ 05-07-2025 ਨੂੰ ਕੇਸ ਦਰਜ ਕੀਤਾ ਗਿਆ ਹੈ।

## ਅੰਤਰਰਾਸ਼ਟਰੀ ਨਾਰਕੋ-ਆਰਮਜ਼ ਨੈੱਟਵਰਕ ਨੂੰ ਕਰਾਰਾ ਝਟਕਾ; 1.15 ਕਿੱਲੋਗ੍ਰਾਮ ਹੈਰੋਇਨ, 5 ਆਧੁਨਿਕ ਹਥਿਆਰਾਂ ਅਤੇ 9.7 ਲੱਖ ਦੀ ਡਰੱਗ ਮਨੀ ਸਮੇਤ 9 ਕਾਬੂ



ਅੰਮ੍ਰਿਤਸਰ, 5 ਜੁਲਾਈ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਵੱਡੀ ਕਾਰਵਾਈ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਦੋ ਵੱਖ-ਵੱਖ ਮਾਡਿਊਲਾਂ - ਅੰਤਰਰਾਸ਼ਟਰੀ ਨਾਰਕੋ-ਆਰਮਜ਼ ਮਾਡਿਊਲ ਅਤੇ ਅੰਤਰ-ਰਾਜੀ ਨਾਰਕੋ-ਹਵਾਲਾ ਸਿੰਡੀਕੇਟ - ਨਾਲ ਸਬੰਧਤ ਨੌਂ ਮੁਲਜ਼ਮਾਂ ਨੂੰ 1.15 ਕਿਲੋ ਹੈਰੋਇਨ, ਪੰਜ ਆਧੁਨਿਕ ਪਿਸਤੌਲਾਂ ਅਤੇ 9.7 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਇਹਨਾਂ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਸਪ੍ਰੀਤ ਸਿੰਘ ਚੌਹਾਨ ਉਰਫ਼ ਕਾਲੂ (26) ਵਾਸੀ ਪਿੰਡ ਸੋਖਾ ਭੈਣੀ, ਬਰਨਾਲਾ; ਹਰਪ੍ਰੀਤ ਸਿੰਘ ਉਰਫ਼ ਹੈਪੀ (25) ਵਾਸੀ ਪਿੰਡ ਭੋਲੋਕੇ ਗੁਰਦਾਸਪੁਰ; ਤੇਜਬੀਰ ਸਿੰਘ ਉਰਫ਼ ਤੇਜੀ (21) ਵਾਸੀ ਪਿੰਡ ਬਸਤੀ ਲਾਲ ਸਿੰਘ ਤਰਨਤਾਰਨ; ਦਾਨਿਸ਼ ਉਰਫ਼ ਗੱਗੂ (19) ਵਾਸੀ ਦਸ਼ਮੇਸ਼ ਨਗਰ ਨਗਰ, ਅੰਮ੍ਰਿਤਸਰ; ਸਲੋਨੀ (19) ਵਾਸੀ ਕੋਟ ਖਾਲਸਾ, ਅੰਮ੍ਰਿਤਸਰ; ਜੋਬਨਪ੍ਰੀਤ ਸਿੰਘ ਉਰਫ਼ ਜੋਬਨ (28) ਵਾਸੀ ਪਿੰਡ ਮੇਹਰਬਾਨਪੁਰਾ, ਅੰਮ੍ਰਿਤਸਰ; ਕੁਲਵਿੰਦਰ ਸਿੰਘ (28) ਵਾਸੀ ਪਿੰਡ ਕੱਕਾ, ਲੁਧਿਆਣਾ; ਅਬਦੁਲ ਰਹਿਮਾਨ (45) ਤੇ ਪਰਦੀਪ ਪਿੰਟੂ (44) ਦੋਵੇਂ ਵਾਸੀ ਕਰਨਾਟਕ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਸਬੰਧੀ ਅੰਮ੍ਰਿਤਸਰ ਦੇ ਥਾਣਾ ਸਦਰ ਅਤੇ ਇਸਲਾਮਾਬਾਦ ਵਿਖੇ ਦੋ ਵੱਖ-ਵੱਖ ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪੂਰੇ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕਰਨ ਲਈ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਵਾਸਤੇ ਹੋਰ ਜਾਂਚ ਜਾਰੀ ਹੈ।

ਪਹਿਲੇ ਆਪ੍ਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਨਾਰਕੋ-ਆਰਮਜ਼ ਮਾਡਿਊਲ ਵਿੱਚ ਸ਼ਾਮਲ ਤਿੰਨ ਵਿਅਕਤੀਆਂ - ਜਸਪ੍ਰੀਤ, ਹਰਪ੍ਰੀਤ ਅਤੇ ਤੇਜਬੀਰ - ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਪੰਜ ਆਧੁਨਿਕ ਪਿਸਤੌਲਾਂ - ਤਿੰਨ 9 ਐਮਐਮ ਗਲੌਕ ਅਤੇ ਦੋ .30 ਬੋਰ ਚੀਨੀ ਪਿਸਤੌਲ - ਸਮੇਤ ਕਾਰਤੂਸ ਬਰਾਮਦ ਕੀਤੇ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮ - ਜਸਪ੍ਰੀਤ ਅਤੇ ਹਰਪ੍ਰੀਤ - ਹਾਲ ਹੀ ਵਿੱਚ ਮਲੇਸ਼ੀਆ ਤੋਂ ਵਾਪਸ ਆਏ ਸਨ ਅਤੇ ਮਲੇਸ਼ੀਆ ਤੇ ਪਾਕਿਸਤਾਨ ਵਿੱਚ ਆਪਣੇ ਹੈਂਡਲਰਾਂ ਦੇ ਸੰਪਰਕ ਵਿੱਚ ਸਨ। ਉਨ੍ਹਾਂ ਦੱਸਿਆ ਕਿ ਉਹ ਆਪਣੇ ਦੋਸਤ ਤੇਜਬੀਰ ਨਾਲ ਅੰਮ੍ਰਿਤਸਰ ਖੇਤਰ ਵਿੱਚ ਆਏ ਸਨ ਅਤੇ ਉਨ੍ਹਾਂ ਨੇ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਹ ਹਥਿਆਰ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਅਪਰਾਧਿਕ ਤੱਤਾਂ ਨੂੰ ਡਿਲੀਵਰ ਕੀਤੇ ਜਾਣੇ ਸਨ।

ਇਸ ਸਬੰਧੀ ਐਫਆਈਆਰ ਨੰਬਰ 106 ਮਿਤੀ 02.07.2025 ਨੂੰ ਅੰਮ੍ਰਿਤਸਰ ਦੇ ਥਾਣਾ ਸਦਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21ਸੀ ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਦਰਜ ਕੀਤੀ ਗਈ ਹੈ।

ਦੂਜੇ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸੀਪੀ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਦਿੱਲੀ, ਕਰਨਾਟਕ ਅਤੇ ਦੁਬਈ ਨਾਲ ਸਬੰਧਤ ਨਾਰਕੋ-ਹਵਾਲਾ ਨੈੱਟਵਰਕ ਵਿੱਚ ਸ਼ਾਮਲ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 9.7 ਲੱਖ ਰੁਪਏ ਦੀ ਡਰੱਗ ਮਨੀ ਅਤੇ 150 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਅਬਦੁਲ ਰਹਿਮਾਨ ਅਤੇ ਪਰਦੀਪ ਪਿੰਟੂ ਜੋ ਨਸ਼ੀਲੇ ਪਦਾਰਥਾਂ ਦੀ ਕਮਾਈ ਨੂੰ ਗੈਰ-ਕਾਨੂੰਨੀ ਚੈਨਲਾਂ ਰਾਹੀਂ ਦੁਬਈ ਭੇਜਦੇ ਸਨ, ਵੱਲੋਂ ਚਲਾਏ ਜਾ ਰਹੇ ਸੰਗਠਿਤ ਹਵਾਲਾ ਸਿੰਡੀਕੇਟ ਦਾ ਹਿੱਸਾ ਸਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ ਐਫਆਈਆਰ ਨੰਬਰ 191 ਮਿਤੀ 27.06.2025 ਨੂੰ ਅੰਮ੍ਰਿਤਸਰ ਦੇ ਥਾਣਾ ਇਸਲਾਮਾਬਾਦ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਬੀ, 29 ਅਤੇ 27-ਏ ਤਹਿਤ ਦਰਜ ਕੀਤੀ ਗਈ ਹੈ।

## 'ਆਪ' ਦੀਆਂ ਜਿੱਤਾਂ ਲਈ ਆਗੂਆਂ ਸਣੇ ਪੰਚ-ਸਰਪੰਚ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਹੁਣ ਤੋਂ ਕਮਰਕੱਸੇ ਕਰਨ : ਧਾਲੀਵਾਲ



ਅਜਨਾਲਾ, 5 ਜੁਲਾਈ, (ਸੁਖਦੇਵ ਸਿੰਘ ਖਾਲਸਾ) : ਹਾਈ ਕਮਾਨ ਦੇ ਨਿਰਦੇਸ਼ਾ 'ਤੇ ਪੰਜਾਬ ਵਜਾਰਤ ਤੋਂ ਅਸਤੀਫਾ ਦੇਣ ਉਪਰੰਤ ਅੱਜ ਪਹਿਲੀ ਵਾਰ ਆਪਣੇ ਹਲਕਾ ਅਜਨਾਲਾ 'ਚ ਆਪਣੇ ਸਥਾਨਕ ਮੁੱਖ ਦਫਤਰ ਵਿਖੇ ਪੁੱਜਣ 'ਤੇ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੂੰ ਮਿਲਣ ਵਾਲੇ ਪਾਰਟੀ ਆਗੂਆਂ, ਵਲੰਟੀਅਰਾਂ ਤੇ ਦਰਪੇਸ਼ ਮੁਸ਼ਕਲਾਂ ਦਾ ਹੱਲ ਕਰਵਾਉਣ ਵਾਲੇ ਪ੍ਰਭਾਵਿਤ ਲੋਕਾਂ ਦਾ ਓਵੇਂ ਹੀ ਜਮਾਵੜਾ ਨਜ਼ਰ ਆਇਆ, ਜਿਵੇਂ ਅੱਜ ਤੋਂ ਤਿੰਨ ਦਿਨ ਪਹਿਲਾਂ ਉਹਨਾਂ ਦੇ ਬਤੌਰ ਕੈਬਨਿਟ ਵਜ਼ੀਰ ਵਜੋਂ ਪੁੱਜਣ 'ਤੇ ਉਤਸ਼ਾਹੀ ਦ੍ਰਿਸ਼ ਵੇਖਣ ਨੂੰ ਮਿਲਦਾ ਰਿਹਾ ਹੈ। ਸਾਬਕਾ ਮੰਤਰੀ ਧਾਲੀਵਾਲ ਦਾ ਚਿਹਰਾ ਪਹਿਲਾਂ ਦੀ ਤਰ੍ਹਾਂ ਤਰੋ ਤਾਜ਼ਾ ਸੀ ਅਤੇ ਉਹਨਾਂ ਦੀ ਲਹਿਜ਼ਾ ਮਿਲਣ ਵਾਲਿਆਂ ਨਾਲ ਵੀ ਚੜ੍ਹਦੀ ਕਲਾ 'ਚ ਤੇ ਗਰਮਜੋਸ਼ੀ ਲਹਿਜ਼ੇ ਵਾਲਾ ਰਿਹਾ । ਮੰਤਰੀ ਅਹੁਦਾ ਤੋਂ ਅਸਤੀਫ਼ਾ ਲਏ ਜਾਣ 'ਤੇ ਹਮਦਰਦੀ ਪ੍ਰਗਟ ਕਰਨ ਆਉਣ ਵਾਲੇ ਆਗੂਆਂ ਤੇ ਸਮਰਥਕਾਂ ਨੇ ਸ. ਧਾਲੀਵਾਲ ਨੂੰ ਚੜ੍ਹਦੀ ਕਲਾ 'ਚ ਵੇਖਦਿਆਂ ਪਹਿਲਾਂ ਦੀ ਤਰ੍ਹਾਂ ਖਿੜ੍ਹੇ ਚਿਹਰਿਆਂ 'ਚ ਮਿਲਣੀ ਕੀਤੀ।

ਇਸ ਮੌਕੇ 'ਤੇ ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਖੁੱਲ੍ਹੇ ਜਨਤਾ ਦਰਬਾਰ 'ਚ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਪਹਿਲਾਂ ਵੱਡੀ ਗਿਣਤੀ 'ਚ ਜੁੜੇ ਪੰਚਾਂ, ਸਰਪੰਚਾਂ, ਪਾਰਟੀ ਆਗੂਆਂ ਤੇ ਵਲੰਟੀਅਰਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਪਾਰਟੀ ਹਾਈ ਕਮਾਨ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਉਹਨਾਂ ਨੂੰ ਤੁਹਾਡੇ ਪਿਆਰ ਤੇ ਸਤਿਕਾਰ ਸਦਕਾ ਚੋਣਾਂ 'ਚ ਵਿਧਾਇਕ ਚੁਣੇ ਜਾਣ ਪਿੱਛੋਂ ਮੰਤਰੀ ਮੰਡਲ ਦੇ ਗਠਨ ਤੋਂ ਲੈ ਕੇ ਲਗਾਤਾਰ ਸਾਢੇ ਤਿੰਨ ਸਾਲ ਬਤੌਰ ਕੈਬਨਿਟ ਮੰਤਰੀ ਵਜੋਂ ਜ਼ਿੰਮੇਵਾਰੀ ਨਿਭਾਉਣ ਦੀ ਸੇਵਾ ਸੌਂਪੀ ਸੀ, ਜਿਸ 'ਚ ਉਹ ਪੂਰੇ ਤਨਦੇਹੀ ਨਾਲ ਹਲਕੇ ਸਮੇਤ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਮੁੱਦੇ 'ਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਐਨ ਖਰੇ ਉਤਰੇ ਹਨ। ਇਹ ਵੀ ਹਲਕਾ ਵਾਸੀਆਂ ਨੂੰ ਸਿੱਧੇ ਤੌਰ 'ਤੇ ਮਾਣ ਪ੍ਰਾਪਤ ਹੋਇਆ ਹੈ ਕਿ ਉਹਨਾਂ (ਧਾਲੀਵਾਲ) ਨੂੰ ਕਿਸੇ ਮਾੜੀ ਕਾਰਗੁਜ਼ਾਰੀ ਕਾਰਨ ਨਹੀਂ ਸਗੋਂ ਉਹਨਾਂ ਨੂੰ ਕੋਈ ਹੋਰ ਵੱਡੀ ਜ਼ਿੰਮੇਵਾਰੀ ਦੇਣ ਦੇ ਭਰੋਸੇ ਅਤੇ ਕਿਸੇ ਹੋਰ ਪਾਰਟੀ ਵਿਧਾਇਕ ਨੂੰ ਮੌਕਾ ਦੇਣ ਵਜੋਂ ਉਹਨਾਂ ਨੂੰ ਮੰਤਰੀ ਮੰਡਲ ਤੋਂ ਅਸਤੀਫ਼ਾ ਦੇਣ ਲਈ ਮੁੱਖ ਮੰਤਰੀ ਵੱਲੋਂ ਖੁਦ ਗੁਜ਼ਾਰਿਸ਼ ਹੋਈ ਸੀ।

ਸਾਬਕਾ ਮੰਤਰੀ ਤੇ ਵਿਧਾਇਕ ਸ. ਧਾਲੀਵਾਲ ਨੇ ਵਲੰਟੀਅਰਜ਼, ਆਗੂਆਂ ਤੇ ਪੰਚਾਂ ਸਰਪੰਚਾਂ ਨੂੰ ਉਤਸ਼ਾਹਜਨਕ ਥਾਪੜਾ ਦਿੰਦਿਆਂ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਸਮਰਪਣ ਭਾਵਨਾ ਨਾਲ ਲੋਕ ਸੇਵਾ 'ਚ ਸੁਹਿਰਦਤਾ ਨਾਲ ਸਮਰਪਿਤ ਰਹਿਣਗੇ ਅਤੇ ਪ੍ਰਭਾਵਿਤ ਲੋਕਾਂ ਨਿਆਂ ਮਿਲਣ 'ਚ ਕੋਈ ਦੇਰੀ ਨਹੀਂ ਹੋਵੇਗੀ। ਬਹੁ ਪੱਖੀ ਵਿਕਾਸ ਕਾਰਜਾਂ ਦੀ ਹਨੇਰੀ ਲਿਆਂਦੀ ਜਾਵੇਗੀ ਕਿਉਂਕਿ ਬਤੌਰ ਮੰਤਰੀ ਵਜੋਂ ਉਹਨਾਂ ਨੂੰ ਅਖਤਿਆਰੀ ਕੋਟੇ ਲਈ ਮਿਲਣ ਵਾਲੀ 5 ਕਰੋੜ ਰੁਪਏ ਦੀ ਰਾਸ਼ੀ ਨੂੰ ਅਜਨਾਲਾ ਹਲਕੇ ਤੋਂ ਇਲਾਵਾ ਪੰਜਾਬ ਦੇ ਹੋਰਨਾਂ ਹਲਕਿਆਂ ਦੇ ਦੌਰੇ ਤੇ ਸਮਾਗਮਾਂ ਦੌਰਾਨ ਉਹਨਾਂ ਨੂੰ ਇਸੇ ਰਾਸ਼ੀ ਚੋਂ ਉਥੇ ਵੀ ਫੰਡ ਵੰਡਣੇ ਪੈਂਦੇ ਸਨ ਪਰ ਹੁਣ ਬਤੌਰ ਵਿਧਾਇਕ ਵਜੋਂ ਮਿਲਣ ਵਾਲੀ 5 ਕਰੋੜ ਰੁਪਏ ਦੀ ਰਾਸ਼ੀ ਸਿਰਫ ਤੇ ਸਿਰਫ ਅਜਨਾਲਾ ਹਲਕੇ ਦੇ ਵਿਕਾਸ ਕਾਰਜਾਂ ਲਈ ਹੀ ਵੰਡੀ ਜਾਵੇਗੀ।

ਉਹਨਾਂ ਨੇ ਆਏ ਹੋਏ ਵਰਕਰਾਂ ਨੂੰ ਪਾਰਟੀ ਦੇ ਹੱਥ ਮਜ਼ਬੂਤ ਕਰਨ ਅਤੇ ਭਵਿੱਖ ਚ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀਆਂ ਦੀਆਂ ਚੋਣਾਂ ਚ ਪਾਰਟੀ ਉਮੀਦਵਾਰਾਂ ਦੀਆਂ ਹੂੰਝਾਂ ਫੇਰ ਜਿੱਤਾਂ ਨੂੰ ਯਕੀਨੀ ਬਣਾਉਣ ਲਈ ਕਮਰਕੱਸੇ ਕਰਨ ਦਾ ਸੱਦਾ ਦਿੱਤਾ। ਜਨਤਾ ਦਰਬਾਰ ਦੌਰਾਨ ਉਹਨਾਂ ਨੇ ਦਰਜਨਾਂ ਪ੍ਰਭਾਵਿਤ ਲੋਕਾਂ ਦੀਆਂ ਦਿੱਕਤਾਂ ਹੱਲ ਕਰਕੇ ਰਾਹਤ ਪਹੁੰਚਾਈ। ਇਸ ਮੌਕੇ ਤੇ ਡੀ ਐਸ ਪੀ ਗੁਰਵਿੰਦਰ ਸਿੰਘ ਔਲਖ, ਖੁਸ਼ਪਾਲ ਸਿੰਘ ਧਾਲੀਵਾਲ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਪ੍ਰਧਾਨ ਅਮਿਤ ਔਲ, ਕੁਮਾਰੀ ਗੀਤਾ ਗਿੱਲ, ਸਰਪੰਚ ਨਿਰਮਲ ਸਿੰਘ ਭਲਵਾਨ, ਸਰਪੰਚ ਜਸਵੰਤ ਸਿੰਘ ਭਲਵਾਨ ਗੱਗੋਮਾਹਲ, ਦਵਿੰਦਰ ਸਿੰਘ ਸੋਨੂੰ, ਹਰਪ੍ਰੀਤ ਸੋਹਲ, ਸ਼ਿਵ ਚਾਹਲ, ਕੌਂਸਲਰ ਬਲਜਿੰਦਰ ਸਿੰਘ ਮਾਹਲ, ਕੌਂਸਲਰ ਅਵਿਨਾਸ਼ ਮਸੀਹ, ਸੁਖਦਿਆਲ ਭੱਖਾ, ਆਦਿ ਦਰਜ਼ਨਾਂ ਆਗੂਆਂ ਤੋਂ ਇਲਾਵਾ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ।

# ਚੰਦਨ ਪ੍ਰੀਤ ਸਿੰਘ ਜੱਲ੍ਹਾ ਨੇ ਅਮਰੀਕਾ 'ਚ ਪੰਜਾਬ ਪੁਲਿਸ ਦੀ ਰੋਇੰਗ ਟੀਮ ਵੱਲੋਂ ਭਾਰਤ ਲਈ ਕਾਸੀ ਦਾ ਤਮ.ਗਾ ਜਿੱਤਿਆ



ਪਾਇਲ, 5 ਜੁਲਾਈ (ਨਰਿੰਦਰ ਸ਼ਾਹਪੁਰ) : ਇੱਥੋਂ ਥੋੜ੍ਹੀ ਦੂਰ ਪਿੰਡ ਜੱਲ੍ਹਾ (ਪਾਇਲ )ਦੇ ਜੰਮਪਲ ਤੇ ਅਰਜਨ ਐਵਾਰਡੀ ਸਰਦਾਰ ਜਗਜੀਤ ਸਿੰਘ ਜੱਲ੍ਹਾ ਸਾਬਕਾ (ਐਸ ਪੀ) ਦੇ ਹੋਣਹਾਰ ਪੁੱਤਰ ਚੰਦਨ ਪ੍ਰੀਤ ਸਿੰਘ ਡੀਐਸਪੀ ਨੇ ਅਮਰੀਕਾ ਵਿੱਚ ਹੋਈਆਂ ਵਰਲਡ ਪੁਲਿਸ ਰੋਇੰਗ ਫਾਇਰ ਐਗਰੋ ਮੀਟਰ ਗੇਮਾਂ ਵਿੱਚ ਭਾਰਤ ਦੇਸ਼ ਲਈ ਦੋ ਬਰਾਉਨ ਮੈਡਲ ਜਿੱਤੇ ਅਤੇ ਉਹਨਾਂ ਪੰਜਾਬ ਪੁਲਿਸ ਦਾ ਨਾਮ ਰੋਸ਼ਨ ਕੀਤਾ, ਨਾਲ ਹੀ ਇੰਡੀਆ ਦਾ ਅਮਰੀਕਾ ਦੀ ਧਰਤੀ ਵਿੱਚ ਝੰਡਾ ਬੁਲੰਦ ਕੀਤਾ ਤੇ ਨਾਲ ਹੀ ਇੰਡੀਆ ਦਾ ਝੰਡਾ ਅਮਰੀਕਾ ਦੀ ਧਰਤੀ ਵਿੱਚ ਲਹਿਰਾਇਆ ਗਿਆ। ਇੱਥੋਂ ਹੋਰ ਵੀ ਟੀਮ ਦ ਹੋਰ ਵੀ ਬੱਚਿਆਂ ਨੇ ਮੈਡਲ ਜਿੱਤੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਡੀਐਸਪੀ ਚੰਦਨ ਪ੍ਰੀਤ ਸਿੰਘ ਜੀ ਦੇ ਪਿਤਾ ਜੋ ਕਿ ਜਗਜੀਤ ਸਿੰਘ ਜੱਲ੍ਹਾ ਐਸਪੀ ਐਸ ਪੀ ਪੰਜਾਬ ਰਹੇ ਜਿਨ੍ਹਾਂ ਨੇ ਰੋਇੰਗ ਵਿਚ ਪੰਜਾਬ ਲਈ ਪਹਿਲਾ ਅਰਜਨ ਐਵਾਰਡ ਜਿਤਿਆ ਤੇ ਕੋਚ ਏ ਐਸ ਆਈ ਮੁਕੇਸ਼ ਕੁਮਾਰ ਨੇ ਇਹ ਟੀਮ ਤਿਆਰ ਕੀਤੀ ਗਈ। ਇੱਥੇ ਇਹ ਵੀ ਖੁਸ਼ੀ ਵਾਲੀ ਗੱਲ ਹੈ ਅੱਜ ਪਿੰਡ ਜੱਲ੍ਹਾ ਦੇ ਸਮੂਹ ਨਗਰ ਨਿਵਾਸੀਆਂ ਨੇ ਰੋਇੰਗ ਟੀਮ ਨੂੰ ਅਮਰੀਕਾ ਤੋਂ ਪੰਜਾਬ ਆਉਣ ਤੇ ਸਾਡੇ ਪਿੰਡ ਜੱਲ੍ਹਾ ਵਿਖੇ ਪੁੱਜਣ 'ਤੇ ਚੰਦਨਪ੍ਰੀਤ ਸਿੰਘ ਡੀ ਐਸ ਪੀ ਨੂੰ ਪਿੰਡ ਆਉਣ ਤੇ ਪੂਰੀ ਸਾਨੋ ਸ਼ੋਕਤ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸਮੇ ਹੋਰਨਾਂ ਤੋਂ ਇਲਾਵਾ ਜਥੇਦਾਰ ਹਰਪਾਲ ਸਿੰਘ ਮੈਂਬਰ ਐਸ ਜੀ ਪੀ ਸੀ, ਜੋਗਿੰਦਰ ਸਿੰਘ ਸਾਬਕਾ ਸੂਬੇਦਾਰ, ਹਰਭੂਰ ਸਿੰਘ ਸਾਬਕਾ ਫੌਜੀ, ਰਾਜ ਸਿੰਘ ਐਕਸ ਆਰਮੀ, ਸਮਸੇਰ ਸਿੰਘ ਸਾਬਕਾ ਸਰਪੰਚ ਜੱਲ੍ਹਾ, ਲਛਮਣ ਸਿੰ ਸਰਪੰਚ, ਜਗਜੀਤ ਸਿੰਘ ਸਬ ਇੰਸਪੈਕਟਰ, ਮਨਪ੍ਰੀਤ ਸਿੰਘ ਇੰਸਪੈਕਟਰ (ਮਾਲੇਰਕੋਟਲਾ ) ਹਰਪ੍ਰੀਤ ਸਿੰਘ ਪਾਇਲ ਡਾਕਟਰ ਰਤਨ ਸਿੰਘ ਜੱਲ੍ਹਾ, ਸਿਵਰਾਜ ਸਿੰਘ ਜੱਲ੍ਹਾ, ਦਿਲਵੀਰ ਸਿੰਘ ਔਜਲਾ, ਮਨਪ੍ਰੀਤ ਸਿੰਘ ਕਨੇਚ ਫੌਜੀ, ਕਰਨੈਲ ਸਿੰਘ, ਮਨਦੀਪ ਸਿੰਘ ਫੌਜੀ ਆਦਿ ਮੌਜੂਦ ਸਨ।

## ਗੁਰਦੁਆਰਾ ਸ਼ਹੀਦਾਂ ਫੇਰੂਮਾਨ ਵਿਖੇ ਮੀਰੀ-ਪੀਰੀ ਦਿਵਸ ਮਨਾਇਆ




ਲੁਧਿਆਣਾ, 5 ਜੁਲਾਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਕ ਵਿਖੇ ਛੇਵੀਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਇਕ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਗੁਰਸ਼ਰਨ ਸਿੰਘ ਅਤੇ ਭਾਈ ਪਰਮਵੀਰ ਸਿੰਘ ਨੇ ਗੁਰੂ ਕੀ ਬਾਣੀ ਰਾਹੀਂ ਸੰਗਤਾਂ ਨੂੰ ਨਾਮ ਰਸ ਨਾਲ ਜੋੜਿਆ। ਇਸ ਮੌਕੇ ਗਿਆਨੀ ਮਨਪ੍ਰੀਤ ਸਿੰਘ ਨੇ ਅੱਜ ਦੇ ਇਤਿਹਾਸਕ ਦਿਹਾੜੇ ਦੀ ਮਹਾਨਤਾ ਬਾਰੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀ ਪਰੰਪਰਾ ਦੀ ਸਥਾਪਨਾ ਕਰਕੇ ਸਿੱਖ ਕੌਮ ਨੂੰ ਰੂਹਾਨੀਅਤ ਦੇ ਨਾਲ-ਨਾਲ ਰਾਜਸੀ ਅਧਿਕਾਰਾਂ ਲਈ ਵੀ ਸੱਮਰਥ ਬਣਾਇਆ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਜੀ ਦੀ ਰੂਹਾਨੀ ਅਤੇ ਸੰਸਾਰੀ ਸੋਚ ਅੱਜ ਦੇ ਸਮੇਂ ਵਿੱਚ ਵੀ ਸਾਨੂੰ ਹੱਕਾਂ ਦੀ ਰਾਖੀ ਅਤੇ ਸੱਚੇ ਜੀਵਨ ਦੀ ਪ੍ਰੇਰਣਾ ਦਿੰਦੀ ਹੈ। ਇਸ ਮੌਕੇ ਤਰਲੋਚਨ ਸਿੰਘ ਬੱਬਰ, ਤਜਿੰਦਰ ਸਿੰਘ ਡੰਗ, ਇੰਦਰਜੀਤ ਸਿੰਘ ਮੱਕੜ, ਮੋਹਨ ਸਿੰਘ ਚੌਹਾਨ, ਸੁਰਜੀਤ ਸਿੰਘ ਮਠਾੜੂ, ਅਰਜਨ ਸਿੰਘ ਚੀਮਾ, ਬਲਜੀਤ ਸਿੰਘ ਦੁਖੀਆ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਗੋਲਾ, ਸਵਰਨ ਸਿੰਘ ਮਹੌਲੀ, ਦਵਿੰਦਰ ਸਿੰਘ ਸਿੱਬਲ, ਸੁਰਿੰਦਰ ਸਿੰਘ ਨਾਰੰਗ, ਜਸਵੀਰ ਸਿੰਘ ਗੋਗੀਆ ਵੀ ਗੁਰੂ ਘਰ ਨਤਮਸਤਕ ਹੋਏ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

## ਮੈਂ ਅੱਤਵਾਦੀਆਂ ਅਤੇ ਆਈ.ਐੱਸ.ਆਈ. ਏਜੰਟਾਂ ਦੀਆਂ ਧਮਕੀਆਂ ਤੋਂ ਡਰਨ ਵਾਲਾ ਨਹੀਂ : ਸੁਖਮਿੰਦਰਪਾਲ ਸਿੰਘ ਗਰੇਵਾਲ



ਲੁਧਿਆਣਾ, 5 ਜੁਲਾਈ (ਕਰਨੈਲ ਸਿੰਘ ਐੱਮ.ਏ.): ਭਾਜਪਾ ਦੇ ਸੀਨੀਅਰ ਆਗੂ ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਅੱਜ ਪਾਕਿਸਤਾਨ ਪਿੱਛੋਂ ਚੱਲ ਰਹੇ ਅੱਤਵਾਦੀਆਂ ਗੁਰਪਤਵੰਤ ਸਿੰਘ ਪੰਨੂੰ (SFJ) ਅਤੇ ਹਰਵਿੰਦਰ ਸਿੰਘ ਰਿੰਦਾ ਵੱਲੋਂ ਮਿਲ ਰਹੀਆਂ ਮੌਤ ਦੀਆਂ ਧਮਕੀਆਂ ਖਿਲਾਫ ਇੱਕ ਤਿੱਖਾ ਅਤੇ ਸਖ਼ਤ ਬਿਆਨ ਜਾਰੀ ਕੀਤਾ। ਗਰੇਵਾਲ ਨੇ ਆਖਿਆ ਕਿ ਅੱਤਵਾਦੀਆਂ ਵੱਲੋਂ ਇਹ ਇੱਕ ਰਾਸ਼ਟਰਵਾਦੀ ਆਵਾਜ਼ ਨੂੰ ਦਬਾਉਣ ਦੀ ਇੱਕ ਨਾਕਾਮ ਕੋਸ਼ਿਸ਼ ਹੈ। ਗਰੇਵਾਲ ਨੇ ਚੁਣੌਤੀ ਦਿੰਦਿਆਂ ਆਖਿਆ ਕਿ ਤੁਹਾਡੀਆਂ ਇਹ ਮੌਲ ਜਾਂ ਗਿੱਦੜ ਭਬਕੀਆਂ ਤੋਂ ਮੈਂ ਡਰਨ ਵਾਲਾ ਨਹੀਂ ਹਾਂ।

ਉਨ੍ਹਾਂ ਆਖਿਆ ਕਿ ਗੁਰਪਤਵੰਤ ਸਿੰਘ ਪੰਨੂੰ ਕੋਈ ਸਿਆਸੀ ਆਵਾਜ਼ ਨਹੀਂ ਹੈ। ਉਹ ISI ਵੱਲੋਂ ਚਲਾਇਆ ਗਿਆ ਇੱਕ ਮਾਨਸਿਕ ਤੌਰ 'ਤੇ ਗੁੰਝਲਦਾਰ ਅਤੇ ਡਰਪੋਕ ਅੱਤਵਾਦੀ ਹੈ ਜੋ ਅਮਰੀਕਾ ਦੇ ਕਾਨੂੰਨਾਂ ਅਤੇ ਮੀਡੀਆ ਦੀ ਆੜ 'ਚ ਛੁਪਿਆ ਹੈ। ਗਰੇਵਾਲ ਨੇ ਦੱਸਿਆ ਕਿ ਉਹਨਾਂ ਇਸ ਧਮਕੀ ਦੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇੱਕ ਅਧਿਕਾਰਕ ਚਿੱਠੀ ਲਿਖ ਕੇ NIA ਦੀ ਜਾਂਚ, ਡਿਜੀਟਲ ਫੋਰੈਂਸਿਕ ਜਾਂਚ, ਕੂਟਨੀਤਿਕ ਕਾਰਵਾਈ ਦੀ ਮੰਗ ਕੀਤੀ ਹੈ। ਗਰੇਵਾਲ ਨੇ ਐਲਾਨ ਕੀਤਾ ਕਿ ਚਾਹੇ ਪੰਜਾਬ ਹੋਵੇ ਜਾਂ ਸੰਸਦ – ਸਾਨੂੰ ਇੱਕ ਹੋ ਕੇ ਆਪਣੀ ਲਾਈਨ ਖਿੱਚਣੀ ਹੋਵੇਗੀ — ਆਤੰਕ ਦੇ ਖ਼ਿਲਾਫ਼ ਜ਼ੀਰੋ ਟੋਲਰੈਂਸ। ਮੈਂ ਇਹ ਲੜਾਈ ਤਿੰਨ ਦਹਾਕਿਆਂ ਤੋਂ ਲੜ ਰਿਹਾ ਹਾਂ — ਤੇ ਹੁਣ ਵੀ ਪੂਰੀ ਤਾਕਤ ਨਾਲ ਲੜਾਂਗਾ। ਇਹ ਸਿਰਫ ਗਰੇਵਾਲ ਦੀ ਨਹੀਂ, ਭਾਰਤ ਮਾਂ ਦੀ ਗੱਲ ਹੈ। ਨਾ ਮੈਂ ਪਿੱਛੇ ਹਟਾਂਗਾ, ਨਾ ਚੁੱਪ ਰਹਾਂਗਾ।

## ਸੰਜੀਵ ਅਰੋੜਾ ਪੰਜਾਬ 'ਚ ਉਦਯੋਗਿਕ ਵਿਕਾਸ ਅਤੇ ਵੱਧ ਤੋਂ ਵੱਧ ਨਿਵੇਸ਼ ਆਕ੍ਰਸ਼ਿਤ ਕਰਨ 'ਤੇ ਧਿਆਨ ਕੇਂਦਰਿਤ ਕਰਨਗੇ



ਲੁਧਿਆਣਾ, 5 ਜੁਲਾਈ (ਵਿਸ਼ਾਲ ਸ਼ਰਮਾ) : ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਕੈਬਨਿਟ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਲੁਧਿਆਣਾ ਦੇ ਪਹਿਲੇ ਦੌਰੇ 'ਤੇ ਅੱਜ ਸ਼ਾਮ ਸੰਜੀਵ ਅਰੋੜਾ ਨੂੰ ਸਰਕਟ ਹਾਊਸ ਵਿਖੇ ਗਾਰਡ ਆਫ ਆਨਰ ਦਿੱਤਾ ਗਿਆ। ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੇ ਨਾਲ-ਨਾਲ ਵੱਖ-ਵੱਖ ਖੇਤਰਾਂ ਦੇ ਲੋਕਾਂ ਨੇ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ। ਮੀਡੀਆ ਨੂੰ ਸੰਬੋਧਨ ਕਰਦਿਆਂ ਮੰਤਰੀ ਅਰੋੜਾ ਨੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕੈਬਨਿਟ ਅਹੁਦੇ ਦੀ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿੱਚ ਵਿਆਪਕ ਉਦਯੋਗਿਕ ਵਿਕਾਸ ਅਤੇ ਵੱਧ ਤੋਂ ਵੱਧ ਨਿਵੇਸ਼ ਆਕਰਸ਼ਿਤ ਕਰਨ 'ਤੇ ਧਿਆਨ ਕੇਂਦਰਿਤ ਕਰਨਗੇ। ਸਵਾਲਾਂ ਦੇ ਜਵਾਬ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਕਈ ਉਦਯੋਗਿਕ ਮੁੱਦਿਆਂ ਦਾ ਹੱਲ ਕੀਤਾ ਗਿਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸਾਰੇ ਲੰਬਿਤ ਮਾਮਲਿਆਂ ਨੂੰ ਜਲਦੀ ਹੱਲ ਕੀਤਾ ਜਾਵੇਗਾ ਅਤੇ ਕਿਸੇ ਵੀ ਨਵੇਂ ਮੁੱਦੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਲੁਧਿਆਣਾ ਦੇ ਉਦਯੋਗਪਤੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਉਜਾਗਰ ਕਰਦੇ ਹੋਏ ਅਰੋੜਾ ਨੇ ਕਿਹਾ ਕਿ ਸ਼ਹਿਰ ਵਿੱਚ ਪ੍ਰਦਰਸ਼ਨੀ ਕੇਂਦਰ ਸਥਾਪਤ ਕਰਨ ਲਈ ਢੁਕਵੀਂ ਜ਼ਮੀਨ ਦੀ ਪਛਾਣ ਕਰਨ ਦੇ ਯਤਨ ਜਾਰੀ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਦਯੋਗਿਕ ਖੇਤਰ ਨੂੰ ਉਤਸ਼ਾਹਿਤ ਕਰਨ ਨਾਲ ਟੈਕਸ ਮਾਲੀਆ ਵੀ ਵਧੇਗਾ। ਹਲਵਾਰਾ ਹਵਾਈ ਅੱਡੇ ਦੀ ਸਥਿਤੀ ਬਾਰੇ ਮੰਤਰੀ ਨੇ ਕਿਹਾ ਕਿ ਹਵਾਈ ਅੱਡਾ ਪੂਰੀ ਤਰ੍ਹਾਂ ਤਿਆਰ ਹੈ। ਪ੍ਰਧਾਨ ਮੰਤਰੀ ਦਫ਼ਤਰ ਤੋਂ ਪ੍ਰਵਾਨਗੀ ਮਿਲਦੇ ਹੀ ਹਲਵਾਰਾ ਹਵਾਈ ਅੱਡਾ ਕਾਰਜਸ਼ੀਲ ਹੋ ਜਾਵੇਗਾ। ਐਨਆਰਆਈ ਮਾਮਲਿਆਂ ਬਾਰੇ ਉਨ੍ਹਾਂ ਦੱਸਿਆ ਕਿ ਆਉਣ ਵਾਲੇ ਮੰਗਲਵਾਰ ਨੂੰ ਇੱਕ ਵਿਭਾਗੀ ਮੀਟਿੰਗ ਹੋਣ ਵਾਲੀ ਹੈ। ਉਨ੍ਹਾਂ ਨੇ ਐਨਆਰਆਈਜ਼ ਲਈ ਸਮੇਂ ਸਿਰ ਅਤੇ ਮੁਸ਼ਕਲ ਰਹਿਤ ਸੇਵਾਵਾਂ ਯਕੀਨੀ ਬਣਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ।

## ਮਾਂ ਬਗਲਾਮੁਖੀ ਧਾਮ ਪੱਖੋਵਾਲ ਰੋਡ ਵਿਖੇ ਸਰਵ ਕਾਰਜ ਸਿੱਧੀ ਯੱਗ ਕਰਵਾਇਆ

**ਜੇਕਰ ਤੁਸੀਂ ਜ਼ਿੰਦਗੀ ਵਿੱਚ ਸਫਲਤਾ ਚਾਹੁੰਦੇ ਹੋ, ਤਾਂ ਆਪਣੇ ਮਾਪਿਆਂ ਦਾ ਸਤਿਕਾਰ ਕਰੋ : ਮਹੰਤ ਪ੍ਰਵੀਨ**




ਲੁਧਿਆਣਾ, 5 ਜੁਲਾਈ (ਕਰਨੈਲ ਸਿੰਘ ਐੱਮ.ਏ.): ਮਹੰਤ ਪ੍ਰਵੀਨ ਜੀ ਦੀ ਅਗਵਾਈ ਹੇਠ ਮਾਂ ਬਗਲਾਮੁਖੀ ਧਾਮ ਪੱਖੋਵਾਲ ਰੋਡ ਵਿਖੇ ਸਰਵ ਕਾਰਜ ਸਿੱਧੀ ਯੱਗ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸ਼ਰਧਾਲੂਆਂ ਨੇ ਸਾਂਝੇ ਤੌਰ 'ਤੇ ਮਾਂ ਬਗਲਾਮੁਖੀ ਦੇ ਚਰਨਾਂ ਵਿੱਚ ਆਪਣੇ ਜੀਵਨ ਦੇ ਸਾਰੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਪੂਰਾ ਕਰਨ ਲਈ ਪ੍ਰਾਰਥਨਾ ਕੀਤੀ। ਇਸ ਦੌਰਾਨ ਮਹੰਤ ਪ੍ਰਵੀਨ ਜੀ ਨੇ ਮਾਂ ਬਗਲਾਮੁਖੀ ਧਾਮ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਨੂੰ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਜੇਕਰ ਕਿਸੇ ਮਨੁੱਖ ਵਿੱਚ ਦਇਆ ਨਹੀਂ ਹੈ, ਤਾਂ ਉਹ ਬਿਲਕੁਲ ਵੀ ਮਨੁੱਖ ਨਹੀਂ ਹੈ। ਨਿੱਜੀ ਹਿੱਤਾਂ ਦੀ ਪੂਰਤੀ ਦੀ ਦੌੜ ਵਿੱਚ, ਮਨੁੱਖ ਪਰਮਾਤਮਾ ਤੋਂ ਦੂਰ ਹੋ ਰਿਹਾ ਹੈ ਅਤੇ ਨਾ ਸਿਰਫ਼ ਨੈਤਿਕਤਾ, ਸਗੋਂ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨੂੰ ਵੀ ਭੁੱਲ ਰਿਹਾ ਹੈ। ਨੈਤਿਕਤਾ ਤੋਂ ਦੂਰ ਹੋਣ ਕਾਰਨ, ਪਿਤਾ-ਪੁੱਤਰ, ਪਤੀ-ਪਤਨੀ, ਭੈਣ-ਭਰਾ ਵਿਚਕਾਰ ਦੂਰੀ ਵੱਧ ਰਹੀ ਹੈ। ਅੱਜ ਦੀ ਪੀੜ੍ਹੀ ਉਨ੍ਹਾਂ ਮਾਪਿਆਂ ਦਾ ਨਿਰਾਦਰ ਕਰ ਰਹੀ ਹੈ ਜਿਨ੍ਹਾਂ ਨੇ ਹਰ ਮੁਸ਼ਕਲ ਨੂੰ ਸਹਿ ਕੇ ਉਨ੍ਹਾਂ ਨੂੰ ਪਾਲਿਆ ਹੈ। ਮਹੰਤ ਪ੍ਰਵੀਨ ਜੀ ਨੇ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨਾ ਤੁਹਾਡਾ ਫ਼ਰਜ਼ ਹੈ। ਜੇਕਰ ਤੁਸੀਂ ਜੀਵਨ ਵਿੱਚ ਸਫਲਤਾ ਚਾਹੁੰਦੇ ਹੋ, ਤਾਂ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੋ। ਮਹੰਤ ਪ੍ਰਵੀਨ ਜੀ ਨੇ ਕਿਹਾ ਕਿ ਪਰਿਵਾਰਕ ਰਿਸ਼ਤਿਆਂ ਨੂੰ ਬਚਾਉਣ ਲਈ, ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਨਿਯਮਿਤ ਤੌਰ 'ਤੇ ਸ਼੍ਰੀ ਰਾਮਾਇਣ ਪੜ੍ਹਨ ਲਈ ਪ੍ਰੇਰਿਤ ਕਰੋ ਅਤੇ ਉਨ੍ਹਾਂ ਨੂੰ ਮਰਿਯਾਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਦੁਆਰਾ ਬਣਾਏ ਗਏ ਮਜ਼ਬੂਤ ਪਰਿਵਾਰਕ ਰਿਸ਼ਤਿਆਂ ਦੀ ਸ਼ਾਨ ਬਾਰੇ ਜਾਣੂ ਕਰਵਾਓ। ਟੁੱਟੇ ਹੋਏ ਪਰਿਵਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰੋ।

ਇਸ ਮੌਕੇ ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਗੌਤਮ ਸਚਦੇਵਾ, ਸੰਦੀਪ ਸੂਦ, ਜਤਿਨ ਸੂਦ, ਮਨੀਸ਼ ਗੁਪਤਾ, ਧੀਰਜ ਗੁਪਤਾ, ਰਾਕੇਸ਼ ਪਾਸੀ, ਸੁਨੀਲ ਪਾਸੀ, ਰਾਜ ਸੋਲੰਕੀ, ਬੋਬੀ ਗੱਭਰੂ, ਆਰ.ਮਹਿਕਮਾਲ, ਡੀ.ਮਹਿਕੜਾ, ਡੀ. ਤਰੁਣ ਚੌਧਰੀ, ਤਰੁਣ ਜੈਨ ਸੁਰਾਣਾ, ਤਜਿੰਦਰ ਮਿਗਲਾਨੀ, ਵੇਦ ਲੂਥਰਾ, ਰਮਨ ਸ਼ਰਮਾ, ਰਾਕੇਸ਼ ਖੇੜਾ, ਹਰਮੋਹਨ ਮਲਹੋਤਰਾ, ਜਨਕ ਰਾਜ ਸਿੰਗਲਾ, ਰੋਹਿਤ ਸ਼ਰਮਾ, ਸੋਮਨਾਥ ਸ਼ਰਮਾ, ਪ੍ਰਵੇਸ਼ ਚੱਡਾ, ਸਤਵਿੰਦਰ ਠਾਕੁਰ, ਰਾਜਿੰਦਰ ਵਾਲੀਆ, ਵਰੁਣ ਚੋਪੜਾ, ਆਦਿਤਿਆ ਗੁਪਤਾ, ਪੰਡਿਤ ਸ਼ਰਮਾ, ਵਰੁਣ ਭੁਪਿੰਦਰ, ਵਰੁਣ ਬਾਂਦਰ, ਵਰੁਣ ਠਾਕੁਰ, ਅਰੁਣ ਮਹਿਤਾ, ਗੁਨੀਤ ਖੇੜਾ ਆਦਿ ਹਾਜ਼ਰ ਸਨ।

## ਹਲਕਾ ਗਿੱਲ ਦੇ 17 ਪਰਿਵਾਰਾਂ ਦਾ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦਾ ਕਰਜ਼ਾ ਹੋਇਆ ਮੁਆਫ਼



ਲੁਧਿਆਣਾ, 5 ਜੁਲਾਈ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਅੱਜ ਹਲਕਾ ਗਿੱਲ ਦੇ 17 ਪਰਿਵਾਰਾਂ ਨੂੰ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਸਬੰਧੀ 32.22 ਲੱਖ ਰੁਪਏ ਦੀ ਕਰਜ਼ਾ ਮੁਆਫੀ ਦੇ ਪੱਤਰ ਵੰਡੇ।

ਇਸ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਕੀਤੇ ਗਏ ਵਾਅਦੇ ਪੜਾਅਵਾਰ ਪੂਰੇ ਕੀਤੇ ਜਾ ਰਹੇ ਹਨ, ਉੱਥੇ ਲੋਕਾਂ ਦੀ ਜ਼ਿੰਦਗੀ ਨੂੰ ਸੌਖਿਆਂ ਕਰਨ ਵਾਸਤੇ ਕਈ ਇਤਿਹਾਸਕ ਫੈਸਲੇ ਲਏ ਗਏ ਹਨ। ਇਹਨਾਂ ਫੈਸਲਿਆਂ ਦੀ ਲੜੀ ਤਹਿਤ ਹੀ ਪੰਜਾਬ ਸਰਕਾਰ ਵੱਲੋਂ 31-03-2020 ਤਕ ਦੀ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਸਬੰਧੀ ਕਰਜ਼ੇ ਦੀ ਬਕਾਇਆ ਰਾਸ਼ੀ ਮੁਆਫ ਕੀਤੀ ਗਈ ਹੈ, ਜਿਸ ਤਹਿਤ ਹਲਕਾ ਗਿੱਲ ਦੇ 17 ਪਰਿਵਾਰਾਂ ਦਾ 32.22 ਲੱਖ ਰੁਪਏ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ। ਪੂਰੇ ਪੰਜਾਬ ਵਿੱਚ 4800 ਪਰਿਵਾਰਾਂ ਦੇ ਕਰੀਬ 68 ਕਰੋੜ ਰੁਪਏ ਕਰਜ਼ਾ ਮੁਆਫ ਕੀਤਾ ਗਿਆ ਹੈ।

ਵਿਧਾਇਕ ਸੰਗੋਵਾਲ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ 10 ਲੱਖ ਤਕ ਦੇ ਲੋਨ ਤੇ ਹੋਰ ਕੰਮਾਂ ਲਈ ਕਰਜ਼ੇ ਮਿਲਦੇ ਹਨ ਤੇ ਨੌਜਵਾਨ ਇਹਨਾਂ ਦਾ ਲਾਹਾ ਲੈ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਦੇ ਹਨ। ਇਸ ਮੌਕੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮਾਜਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਅਧਿਕਾਰੀ, ਆਮ ਆਦਮੀ ਪਾਰਟੀ ਦੇ ਵੱਖੋ ਵੱਖ ਅਹੁਦੇਦਾਰ, ਸ਼ਹਿਰ ਵਾਸੀ ਅਤੇ ਲਾਭਪਾਤਰੀ ਹਾਜ਼ਰ ਸਨ।

## ਐਮ.ਈ.ਏ. ਨੇ ਸੰਜੀਵ ਅਰੋੜਾ ਨਾਲ ਵਾਅਦਾ ਪੂਰਾ ਕੀਤਾ, ਲੁਧਿਆਣਾ ਪੀ.ਐਸ.ਕੇ. ਭਲਕੇ ਵੱਡੀ ਜਗ੍ਹਾ 'ਤੇ ਹੋਵੇਗਾ ਸ਼ਿਫਟ



ਲੁਧਿਆਣਾ, 5 ਜੁਲਾਈ (ਜਤਿੰਦਰ ਪਾਲ ਸਿੰਘ ਛਾਬੜਾ) : ਪੰਜਾਬ ਦੇ ਉਦਯੋਗ ਅਤੇ ਵਣਜ, ਨਿਵੇਸ਼ ਪ੍ਰਮੋਸ਼ਨ ਅਤੇ ਐਨ ਆਰ ਆਈ ਮਾਮਲਿਆਂ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਨਿਰੰਤਰ ਯਤਨਾਂ ਨਾਲ, ਲੁਧਿਆਣਾ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਆਖਰਕਾਰ ਪੂਰੀ ਹੋ ਗਈ ਹੈ। ਪਾਸਪੋਰਟ ਸੇਵਾ ਕੇਂਦਰ (ਪੀਐਸਕੇ) ਦਫ਼ਤਰ, ਜੋ ਕਿ ਵਰਤਮਾਨ ਵਿੱਚ ਅਕਾਸ਼ਦੀਪ ਕੰਪਲੈਕਸ, ਗਿਆਨ ਸਿੰਘ ਰਾੜੇਵਾਲਾ ਮਾਰਕੀਟ ਤੋਂ ਕੰਮ ਕਰ ਰਿਹਾ ਹੈ, ਨੂੰ ਗਲੋਬਲ ਬਿਜ਼ਨਸ ਪਾਰਕ, ਜੀ.ਟੀ. ਰੋਡ, ਜਲੰਧਰ ਬਾਈਪਾਸ ਨੇੜੇ, ਪਿੰਡ ਭੋਰਾ, ਲੁਧਿਆਣਾ ਵਿਖੇ ਇੱਕ ਹੋਰ ਵਿਸ਼ਾਲ ਅਤੇ ਪਹੁੰਚਯੋਗ ਸਥਾਨ 'ਤੇ ਸ਼ਿਫਟ ਕੀਤਾ ਜਾਵੇਗਾ। ਨਵੀਂ ਪੀਐਸਕੇ ਸਹੂਲਤ 7 ਜੁਲਾਈ, 2025 ਤੋਂ ਅਧਿਕਾਰਤ ਤੌਰ 'ਤੇ ਕੰਮ ਸ਼ੁਰੂ ਕਰ ਦੇਵੇਗੀ, ਜਿਸ ਨਾਲ ਖੇਤਰ ਦੇ ਪਾਸਪੋਰਟ ਬਿਨੈਕਾਰਾਂ ਨੂੰ ਬਹੁਤ ਲੋੜੀਂਦੀ ਰਾਹਤ ਮਿਲੇਗੀ। ਸੰਜੀਵ ਅਰੋੜਾ, ਜੋ ਪਹਿਲਾਂ ਸੰਸਦ ਮੈਂਬਰ (ਰਾਜ ਸਭਾ) ਵਜੋਂ ਸੇਵਾ ਨਿਭਾ ਚੁੱਕੇ ਹਨ, ਨੇ ਐਮਈਏ ਨਾਲ ਇਸ ਮੁੱਦੇ ਨੂੰ ਲਗਾਤਾਰ ਅੱਗੇ ਵਧਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਉਨ੍ਹਾਂ ਨੇ ਵਿਦੇਸ਼ ਮੰਤਰੀ ਨੂੰ ਕਈ ਪੱਤਰ ਲਿਖੇ ਸਨ - ਪਹਿਲਾ ਪੱਤਰ 3 ਫਰਵਰੀ, 2023 ਨੂੰ ਲਿਖਿਆ ਗਿਆ ਸੀ। ਅਰੋੜਾ ਦੇ 3 ਫਰਵਰੀ, 2023 ਦੇ ਪੱਤਰ ਦੇ ਜਵਾਬ ਵਿੱਚ, ਵਿਦੇਸ਼ ਮੰਤਰੀ ਨੇ ਉਨ੍ਹਾਂ ਨੂੰ 28 ਫਰਵਰੀ, 2023 ਨੂੰ ਸੂਚਿਤ ਕੀਤਾ ਕਿ ਪੀਐਸਕੇ ਨੂੰ ਢੁਕਵੀਂ ਜਗ੍ਹਾ 'ਤੇ ਤਬਦੀਲ ਕਰਨ ਦੀ ਪ੍ਰਕਿਰਿਆ ਪਹਿਲਾਂ ਹੀ ਚੱਲ ਰਹੀ ਹੈ। ਬਾਅਦ ਵਿੱਚ, ਅਰੋੜਾ ਨੇ ਉਸੇ ਸਾਲ 17 ਮਾਰਚ, 29 ਅਕਤੂਬਰ ਅਤੇ 20 ਦਸੰਬਰ ਨੂੰ ਫਾਲੋ-ਅੱਪ ਪੱਤਰ ਭੇਜੇ। ਉਨ੍ਹਾਂ ਦਾ ਸਭ ਤੋਂ ਤਾਜ਼ਾ ਫਾਲੋ-ਅੱਪ ਪੱਤਰ 5 ਫਰਵਰੀ, 2025 ਦਾ ਸੀ, ਜਿਸ ਵਿੱਚ ਉਨ੍ਹਾਂ ਨੇ ਕੇਂਦਰ ਨੂੰ ਤੁਰੰਤ ਕਾਰਵਾਈ ਕਰਨ ਦੀ ਜ਼ੋਰਦਾਰ ਅਪੀਲ ਕੀਤੀ, ਜਿਸ ਵਿੱਚ ਮੌਜੂਦਾ ਪੀਐਸਕੇ ਸਥਾਨ 'ਤੇ ਨਾਕਾਫ਼ੀ ਬੁਨਿਆਦੀ ਢਾਂਚੇ ਅਤੇ ਅਸੁਵਿਧਾਜਨਕ ਪਹੁੰਚ ਦਾ ਹਵਾਲਾ ਦਿੱਤਾ ਗਿਆ ਸੀ। ਆਪਣੇ ਪੱਤਰ ਵਿੱਚ, ਅਰੋੜਾ ਨੇ ਮੌਜੂਦਾ ਇਮਾਰਤ ਦੀ ਮਾੜੀ ਹਾਲਤ, ਪਾਰਕਿੰਗ ਸਹੂਲਤਾਂ ਦੀ ਘਾਟ ਅਤੇ ਨਾਗਰਿਕਾਂ ਲਈ ਅਸੁਵਿਧਾਜਨਕ ਉਡੀਕ ਖੇਤਰ ਸਮੇਤ ਕਈ ਗੰਭੀਰ ਚਿੰਤਾਵਾਂ ਨੂੰ ਉਜਾਗਰ ਕੀਤਾ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਸੀ ਕਿ ਇਹ ਮੁੱਦੇ ਸੇਵਾਵਾਂ ਦੀ ਕੁਸ਼ਲਤਾ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਦੀ ਨਿਰੰਤਰ ਫਾਲੋ-ਅੱਪ ਅਤੇ ਸਮਰਪਿਤ ਪ੍ਰਤੀਨਿਧਤਾ ਦਾ ਅੰਤ ਵਿੱਚ ਫਲ ਮਿਲਿਆ ਅਤੇ ਮੰਤਰਾਲੇ ਨੇ ਸ਼ਿਫਟਿੰਗ ਲਈ ਹਰੀ ਝੰਡੀ ਦੇ ਦਿੱਤੀ - ਇੱਕ ਅਜਿਹਾ ਫੈਸਲਾ ਜਿਸ ਨਾਲ ਲੁਧਿਆਣਾ ਅਤੇ ਆਸ ਪਾਸ ਦੇ ਖੇਤਰਾਂ ਦੇ ਵੱਡੀ ਗਿਣਤੀ ਨਿਵਾਸੀਆਂ ਨੂੰ ਲਾਭ ਹੋਵੇਗਾ।

ਅਰੋੜਾ ਨੇ ਕਿਹਾ, ਮੈਂ ਬਹੁਤ ਸੰਤੁਸ਼ਟ ਹਾਂ ਕਿ ਪਿਛਲੇ ਦੋ ਸਾਲਾਂ ਤੋਂ ਮੇਰੇ ਲਗਾਤਾਰ ਯਤਨਾਂ ਦੇ ਨਤੀਜੇ ਆਖ਼ਰਕਾਰ ਨਿਕਲੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪਹਿਲਾਂ ਵਾਲੀ ਜਗ੍ਹਾ ਪੂਰੀ ਤਰ੍ਹਾਂ ਨਾਕਾਫ਼ੀ ਸੀ - ਇਸ ਵਿੱਚ ਬੁਨਿਆਦੀ ਢਾਂਚੇ, ਪਾਰਕਿੰਗ ਥਾਂ ਅਤੇ ਨਾਗਰਿਕਾਂ ਲਈ ਇੱਕ ਸਤਿਕਾਰਯੋਗ ਉਡੀਕ ਖੇਤਰ ਦੀ ਵੀ ਘਾਟ ਸੀ, ਉਨ੍ਹਾਂ ਅੱਗੇ ਕਿਹਾ, ਮੈਂ ਇਹ ਮਾਮਲਾ ਇੱਕ ਵਾਰ ਨਹੀਂ ਸਗੋਂ ਕਈ ਵਾਰ ਵਿਦੇਸ਼ ਮੰਤਰਾਲੇ ਕੋਲ ਉਠਾਇਆ, ਕਿਉਂਕਿ ਲੁਧਿਆਣਾ ਦੇ ਲੋਕ ਇਸ ਤੋਂ ਬਿਹਤਰ ਦੇ ਹੱਕਦਾਰ ਹਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਗਲੋਬਲ ਬਿਜ਼ਨਸ ਪਾਰਕ ਵਿਖੇ ਨਵੀਂ ਸਹੂਲਤ ਬਹੁਤ ਜ਼ਿਆਦਾ ਪਹੁੰਚਯੋਗ ਅਤੇ ਨਾਗਰਿਕ-ਅਨੁਕੂਲ ਹੋਵੇਗੀ। ਉਨ੍ਹਾਂ ਅੱਗੇ ਉਮੀਦ ਪ੍ਰਗਟਾਈ ਕਿ ਇਸ ਨਾਲ ਸਮੁੱਚੇ ਪਾਸਪੋਰਟ ਸੇਵਾ ਅਨੁਭਵ ਵਿੱਚ ਕਾਫ਼ੀ ਸੁਧਾਰ ਹੋਵੇਗਾ। ਅੰਤ ਵਿੱਚ, ਉਨ੍ਹਾਂ ਕਿਹਾ, ਮੈਂ ਅਜਿਹੇ ਮੁੱਦਿਆਂ ਨੂੰ ਉਸੇ ਇਮਾਨਦਾਰੀ ਅਤੇ ਹੱਲਾਸ਼ੇਰੀ ਨਾਲ ਹੱਲ ਕਰਨ ਲਈ ਵਚਨਬੱਧ ਹਾਂ।

## ਭਾਰਤੀ ਧਰਮਾਂ ਦਾ ਉੱਥਾਨ ਕਿਵੇਂ ਹੋਵੇ : ਠਾਕੁਰ ਦਲੀਪ ਸਿੰਘ



ਲੁਧਿਆਣਾ, 5 ਜੁਲਾਈ (ਵਿਸ਼ਾਲ ਸ਼ਰਮਾ) : ਭਾਜਪਾ ਦੀ ਸਰਕਾਰ ਆਉਣ ਨਾਲ ਭਾਰਤਵਾਸੀਆਂ ਨੂੰ ਪ੍ਰਤੱਖ ਰੂਪ ਵਿੱਚ ਇਹ ਲਾਭ ਹੋਇਆ ਹੈ ਕਿ ਭਾਰਤੀ ਧਰਮਾਂ ਦੀ ਸੁਰੱਖਿਆ ਲਈ ਅਤੇ ਵਿਦੇਸ਼ੀ ਧਰਮਾਂਤਰਨ ਦੇ ਵਿਰੁੱਧ ਕੁਝ ਜਾਗਰੂਕਤਾ ਆਈ ਹੈ। ਪਰੰਤੂ, ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਵਿਦੇਸ਼ੀਆਂ ਨੇ ਸਾਡੇ ਦੇਸ਼ ਵਿੱਚ ਆ ਕੇ ਧਰਮਾਂਤਰਣ ਕਰ ਕਿਵੇਂ ਲਿਆ, ਸਾਡੇ ਦੇਸ਼ ਦੇ ਚਾਰ ਮੁੱਖ ਧਰਮ ਹਨ ਜੋ ਭਾਰਤੀ ਸੰਸਕ੍ਰਿਤੀ ਤੋਂ ਉਪਜੇ ਹਨ। ਹਿੰਦੂ, ਸਿੱਖ, ਜੈਨ ਅਤੇ ਬੁੱਧ। ਇਨ੍ਹਾਂ ਚਾਰਾਂ ਧਰਮਾਂ ਦਾ ਮੂਲ ਸਿਧਾਂਤ 'ਇੱਕ' ਹੈ। ਫਿਰ ਵੀ ਇਹ ਚਾਰੇ ਧਰਮ ਦਿਨ-ਪ੍ਰਤੀ-ਦਿਨ ਘੱਟਦੇ ਜਾ ਰਹੇ ਹਨ ਅਤੇ ਵਿਦੇਸ਼ੀ ਧਰਮ ਵੱਧ ਰਹੇ ਹਨ। ਇਸ ਦੇ ਪਿੱਛੇ ਕੀ ਕਾਰਨ ਹੈ ਭਾਜਪਾ ਸਰਕਾਰ ਦੇ ਆਉਣ ਨਾਲ ਭਾਰਤੀ ਧਰਮਾਂ ਵਿੱਚ ਸ੍ਵੈ-ਰੱਖਿਆ ਲਈ ਕੁਝ ਜਾਗਰੂਕਤਾ ਆਈ ਹੈ। ਪਰੰਤੂ ਜਦੋਂ ਤੱਕ ਅਸੀਂ ਚਾਰੇ ਧਰਮਾਂ ਵਾਲੇ ਆਪ ਜਾਗਰੂਕ ਹੋ ਕੇ ਧਰਮਾਂਤਰਣ ਹੋਏ ਲੋਕਾਂ ਨੂੰ ਵਾਪਸ ਲਿਆਉਣਾ ਸ਼ੁਰੂ ਨਹੀਂ ਕਰਦੇ ਅਤੇ ਆਪਣੇ ਧਰਮਾਂ ਨੂੰ ਵਧਾਉਣਾ ਸ਼ੁਰੂ ਨਹੀਂ ਕਰਦੇ ਉਦੋਂ ਤੱਕ ਭਾਜਪਾ ਸਰਕਾਰ ਅਤੇ ਉਨ੍ਹਾਂ ਦੇ ਕਾਨੂੰਨ ਕੀ ਕਰ ਲੈਣਗੇ।

ਵਿਚਾਰਨ ਦੀ ਲੋੜ ਹੈ ਅੱਜ ਤੱਕ ਅਸੀਂ ਸੁੱਤੇ ਕਿਉਂ ਰਹੇ ਹਾਂ ਸਾਡੇ ਦੇਸ਼ ਵਿੱਚ ਸਾਡੇ ਹੀ ਧਰਮਾਂ ਦੀ ਗਿਣਤੀ ਘੱਟ ਹੁੰਦੀ ਜਾ ਰਹੀ ਹੈ ਅਤੇ ਵਿਦੇਸ਼ੀ ਧਰਮ ਵੱਧ ਰਹੇ ਹਨ। ਲੋਕ ਵਿਦੇਸ਼ੀ ਧਰਮਾਂ ਵਿੱਚ ਜਾ ਰਹੇ ਹਨ। ਕਿਉਂ ਜਦੋਂ ਤੱਕ ਕਾਰਨ ਦੂਰ ਨਹੀਂ ਹੁੰਦਾ ਉਦੋਂ ਤੱਕ ਉਸ ਦਾ ਨਿਵਾਰਣ ਵੀ ਨਹੀਂ ਹੋ ਸਕਦਾ। ਜਿਵੇਂ ਕੋਈ ਵਿਸ਼ੇਸ਼ ਵਸਤੂ ਖਾਣ ਨਾਲ ਕਿਸੇ ਵਿਅਕਤੀ ਦੇ ਢਿੱਡ-ਪੀੜ ਹੋ ਰਹੀ ਹੈ। ਜਦੋਂ ਤੱਕ ਉਹ



ਵਿਅਕਤੀ,ਪੀੜ ਪੈਦਾ ਕਰਨ ਵਾਲੀ ਉਸ ਵਸਤੂ ਨੂੰ ਖਾਣਾ ਨਹੀਂ ਛੱਡੇਗਾ ਉਦੋਂ ਤੱਕ ਵਧੀਆ ਤੋਂ ਵਧੀਆ ਔਸ਼ਧੀ ਨਾਲ ਵੀ ਉਸ ਦੀ ਢਿੱਡ-ਪੀੜ ਘੱਟ ਜਾਂ ਸਮਾਪਤ ਨਹੀਂ ਹੋ ਸਕਦੀ। ਇਸੇ ਤਰ੍ਹਾਂ ਧਰਮਾਂਤਰਣ ਰੋਕਣ ਉਪਰੰਤ ਹੀ ਧਰਮ-ਉੱਥਾਨ ਹੋ ਸਕਦਾ ਹੈ। ਭਾਰਤੀ ਧਰਮ- ਉੱਥਾਨ ਲਈ, ਸਭ ਤੋਂ ਪਹਿਲਾਂ ਤਾਂ ਧਰਮਾਂਤਰਣ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰ ਕੇ ਜਾਣਨਾ ਅਤੇ ਉਨ੍ਹਾਂ ਦਾ ਨਿਵਾਰਣ ਕਰਨਾ ਅਤਿਅੰਤ ਜ਼ਰੂਰੀ ਹੈ।

## ਵਿਧਾਇਕ ਸਿੱਧੂ ਵੱਲੋਂ 100 ਤੋਂ ਵੱਧ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ ਜਾਰੀ



ਲੁਧਿਆਣਾ, 5 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਦੀਆਂ ਸਮਾਜਿਕ ਸੁਰੱਖਿਆ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਨੂੰ ਮਿਲਣਾ ਯਕੀਨੀ ਬਣਾਉਣ ਦੇ ਮੰਤਵ ਨਾਲ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਆਪਣੇ ਸਥਾਨਕ ਗਿੱਲ ਨਹਿਰ ਦਫ਼ਤਰ ਵਿਖੇ 100 ਦੇ ਕਰੀਬ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ ਪ੍ਰਦਾਨ ਕੀਤੀ ਗਈ। ਵਿਧਾਇਕ ਸਿੱਧੂ ਨੇ ਕਿਹਾ ਕਿ ਹਲਕੇ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ ਦੇ ਤੁਰੰਤ ਨਿਪਟਾਰੇ ਦੇ ਨਾਲ-ਨਾਲ ਵੱਖ-ਵੱਖ ਸਮਾਜਿਕ ਸੁਰੱਖਿਆ ਸਕੀਮਾਂ ਦਾ ਲਾਭ ਉਨ੍ਹਾਂ ਦੇ ਘਰ ਤੱਕ ਪਹੁੰਚਾਉਣ ਦੀ ਪ੍ਰਕਿਰਿਆ ਨੂੰ ਵੀ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਜਾਰੀ ਵੱਖ-ਵੱਖ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਕਿਉਂਕਿ ਲੋਕਾਂ ਦੀ ਸਰਗਰਮ ਸ਼ਮੂਲੀਅਤ ਹੀ ਇਸ ਉਪਰਾਲੇ ਨੂੰ ਸਫਲ ਬਣਾ ਸਕਦੀ ਹੈ। ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਬੁਢਾਪਾ ਪੈਨਸ਼ਨ ਦੇ ਯੋਗ ਵਿਅਕਤੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਆਧਾਰ ਨੰਬਰ, ਬੈਂਕ ਖਾਤਾ ਨੰਬਰ, ਦੋ ਪਾਸਪੋਰਟ-ਸਾਈਜ਼ ਤਸਵੀਰਾਂ ਨਾਲ ਦਫ਼ਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਜਾਂ ਉਨ੍ਹਾਂ ਦੇ ਨਿੱਜੀ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ ਤਾਂ ਜੋ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਾਗਰਿਕਾਂ ਨੂੰ ਸਰਕਾਰ ਵੱਲੋਂ ਜਾਰੀ ਵੱਖ-ਵੱਖ ਸਕੀਮਾਂ ਦਾ ਲਾਭ ਉਨ੍ਹਾਂ ਦੇ ਘਰ-ਘਰ ਪਹੁੰਚਾਉਣ ਲਈ ਵਚਨਬੱਧ ਹੈ।

## ਲੁਧਿਆਣਾ 'ਚ ਖੁੱਲ੍ਹਣ ਵਾਲਾ ਵੈਸਟਿਨ ਦਾ ਆਲੀਸ਼ਾਨ ਹੋਟਲ, ਵਰਧਮਾਨ ਅਮਰਾਂਤੇ ਅਤੇ ਮੈਰੀਅਟ ਇੰਟਰਨੈਸ਼ਨਲ ਨੇ ਸਮਝੌਤੇ 'ਤੇ ਦਸਤਖ਼ਤ ਕੀਤੇ




ਲੁਧਿਆਣਾ, 5 ਜੁਲਾਈ (ਕਰਨੈਲ ਸਿੰਘ ਐੱਮ.ਏ.) : ਪੰਜਾਬ ਦੇ ਲੁਧਿਆਣਾ ਵਿੱਚ ਇੱਕ ਲਗਜ਼ਰੀ ਹੋਟਲ ਦਾ ਸੁਪਨਾ ਹੁਣ ਹਕੀਕਤ ਬਣਨ ਜਾ ਰਿਹਾ ਹੈ। ਵਰਧਮਾਨ ਅਮਰਾਂਤੇ (ਓਸਵਾਲ ਗਰੁੱਪ ਵੈਂਚਰ) ਨੇ ਮੈਰੀਅਟ ਇੰਟਰਨੈਸ਼ਨਲ ਨਾਲ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ। ਇਸ ਸਮਝੌਤੇ ਦੇ ਤਹਿਤ, ਵੈਸਟਿਨ ਹੋਟਲਜ਼ ਐਂਡ ਰਿਜ਼ੌਰਟਸ ਬ੍ਰਾਂਡ ਦਾ ਇੱਕ ਨਵਾਂ ਹੋਟਲ ਬਣਾਇਆ ਜਾਵੇਗਾ, ਜਿਸ ਵਿੱਚ 200 ਕਮਰੇ ਹੋਣਗੇ। ਇਸ ਪ੍ਰੋਜੈਕਟ 'ਤੇ ਲਗਭਗ 260 ਕਰੋੜ ਰੁਪਏ ਦੀ ਲਾਗਤ ਆਉਣ ਦਾ ਅਨੁਮਾਨ ਹੈ। ਇਹ ਲੁਧਿਆਣਾ ਵਿੱਚ ਵੈਸਟਿਨ ਬ੍ਰਾਂਡ ਦੀ ਪਹਿਲੀ ਲਾਂਚ ਹੋਵੇਗੀ। ਕੰਪਨੀ ਦਾ ਕਹਿਣਾ ਹੈ ਕਿ ਇਹ ਹੋਟਲ ਕਾਰੋਬਾਰੀਆਂ ਅਤੇ ਸੈਲਾਨੀਆਂ ਦੋਵਾਂ ਲਈ ਇੱਕ ਵਿਸ਼ੇਸ਼ ਅਨੁਭਵ ਲਿਆਏਗਾ। ਇਹ ਤੰਦਰੁਸਤੀ, ਲਗਜ਼ਰੀ ਅਤੇ ਆਧੁਨਿਕ ਸਹੂਲਤਾਂ 'ਤੇ ਧਿਆਨ ਕੇਂਦਰਿਤ ਕਰੇਗਾ।

ਵੈਸਟਿਨ ਲੁਧਿਆਣਾ ਹੋਟਲ ਵਿੱਚ ਕਈ ਰੈਸਟੋਰੈਂਟ, ਲਾਬੀ ਬਾਰ, ਵੈਸਟਿਨ ਵਰਕਆਉਟ, ਫਿਟਨੈਸ ਸਟੂਡੀਓ, ਬ੍ਰਾਂਡ ਦਾ ਸਿਗਨੇਚਰ ਹੈਵਨਲੀ ਸਪਾ, ਸਵੀਮਿੰਗ ਪੂਲ ਅਤੇ ਵਿਸ਼ੇਸ਼ ਐਗਜ਼ੀਕਿਊਟਿਵ ਕਲੱਬ ਲਾਉਂਜ ਵੀ ਹੋਣਗੇ। ਇਸ ਤੋਂ ਇਲਾਵਾ, ਇੱਥੇ ਵੱਡੇ ਅਤੇ ਬਹੁ-ਮੰਤਵੀ ਬੈਂਕੁਇਟ ਹਾਲ ਅਤੇ ਇੱਕ ਵਿਸ਼ਾਲ ਬਾਹਰੀ ਲਾਅਨ ਹੋਵੇਗਾ ਜਿੱਥੇ ਵੱਡੀਆਂ ਪਾਰਟੀਆਂ, ਜਸ਼ਨ ਅਤੇ ਕਾਰਪੋਰੇਟ ਪ੍ਰੋਗਰਾਮ ਆਯੋਜਿਤ ਕੀਤੇ ਜਾ ਸਕਦੇ ਹਨ। ਇਹ ਹੋਟਲ ਸਿਹਤ ਅਤੇ ਆਰਾਮ 'ਤੇ ਧਿਆਨ ਕੇਂਦਰਿਤ ਕਰੇਗਾ ਅਤੇ ਮਹਿਮਾਨਾਂ ਨੂੰ ਆਰਾਮਦਾਇਕ ਅਤੇ ਤਾਜ਼ਗੀ ਮਹਿਸੂਸ ਕਰਵਾਏਗਾ।

ਓਸਵਾਲ ਗਰੁੱਪ ਦੇ ਚੇਅਰਮੈਨ ਆਦਿਸ਼ ਓਸਵਾਲ ਨੇ ਕਿਹਾ, ਅਸੀਂ ਵੈਸਟਿਨ ਬ੍ਰਾਂਡ ਨੂੰ ਲੁਧਿਆਣਾ ਵਿੱਚ ਲਿਆਉਣ ਲਈ ਬਹੁਤ ਉਤਸ਼ਾਹਿਤ ਹਾਂ। ਇਹ ਹੋਟਲ ਸ਼ਹਿਰ ਦੇ ਪਰਾਹੁਣਚਾਰੀ ਖੇਤਰ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗਾ। ਸਾਡਾ ਉਦੇਸ਼ ਇਸਨੂੰ ਲੁਧਿਆਣਾ ਦਾ ਮਾਣ ਬਣਾਉਣਾ ਹੈ, ਜਿੱਥੇ ਭਾਰਤ ਅਤੇ ਵਿਦੇਸ਼ਾਂ ਤੋਂ ਆਏ ਮਹਿਮਾਨ ਸਭ ਤੋਂ ਵਧੀਆ ਸਹੂਲਤਾਂ ਅਤੇ ਸੇਵਾ ਦਾ ਅਨੁਭਵ ਕਰਦੇ ਹਨ।

## ਭਗਵੰਤ ਮਾਨ ਵੱਲੋਂ ਅਖਾੜਾ ਪਿੰਡ ਦੇ ਬਾਇਓਗੈਸ ਪਲਾਂਟ ਦੇ ਮਸਲੇ ਦੇ ਹੱਲ ਲਈ ਸਾਂਝੀ ਕਮੇਟੀ ਬਣਾਉਣ ਦਾ ਐਲਾਨ

ਲੁਧਿਆਣਾ, 5 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਅਖਾੜਾ ਵਿੱਚ ਲਾਏ ਜਾ ਰਹੇ ਬਾਇਓਗੈਸ ਪਲਾਂਟ ਦੇ ਮਸਲੇ ਦੇ ਸਥਾਈ ਹੱਲ ਲਈ ਪਿੰਡ ਵਾਸੀਆਂ ਅਤੇ ਮਾਹਿਰਾਂ ਦੀ ਸਾਂਝੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ। ਅੱਜ ਇੱਥੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਵਿਖੇ ਤਾਲਮੇਲ ਸੰਘਰਸ਼ ਕਮੇਟੀ ਦੇ ਆਗੂ ਗੁਰਤੇਜ ਸਿੰਘ ਤੇ ਹੋਰ ਨੁਮਾਇੰਦਿਆਂ ਦੇ ਵਫ਼ਦ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਮੇਟੀ ਪਿੰਡ ਵਾਸੀਆਂ ਵੱਲੋਂ ਕੀਤੇ ਜਾ ਰਹੇ ਇਤਰਾਜ਼ ਅਤੇ ਖ਼ਦਸ਼ਿਆਂ ਦੇ ਇਕ-ਇਕ ਨੁਕਤੇ ਨੂੰ ਗੰਭੀਰਤਾ ਨਾਲ ਵਿਚਾਰੇਗੀ। ਇਹ ਕਮੇਟੀ ਪੂਰੀ ਪੜਤਾਲ ਤੋਂ ਬਾਅਦ ਆਪਣੀਆਂ ਸਿਫਾਰਸ਼ਾਂ ਦੇਵੇਗੀ। ਜਿਸ ਤੋਂ ਬਾਅਦ ਸਰਕਾਰ ਲੋੜੀਂਦੇ ਕਦਮ ਚੁੱਕੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਮੇਟੀ ਨਿਰਧਾਰਤ ਸਮੇਂ ਵਿੱਚ ਆਪਣੀ ਰਿਪੋਰਟ ਦੇਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਪਿੰਡ ਵਾਸੀਆਂ ਦੇ ਹਿੱਤ ਮਹਿਫੂਜ਼ ਰੱਖਣ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਪ੍ਰਦੂਸ਼ਣ ਨੂੰ ਰੋਕਣ ਲਈ ਵਚਨਬੱਧ ਹੈ ਅਤੇ ਪ੍ਰਦੂਸ਼ਣ ਨਾਲ ਬਿਲਕੁਲ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਗਈ ਹੈ। ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਸਪੱਸ਼ਟ ਤੌਰ 'ਤੇ ਜਾਣੂੰ ਕਰਵਾਇਆ ਕਿ ਪਲਾਂਟ ਪੂਰੀ ਤਰ੍ਹਾਂ ਪ੍ਰਦੂਸ਼ਨ ਮੁਕਤ ਹੋਵੇਗਾ ਅਤੇ ਕਿਸੇ ਨੂੰ ਵੀ ਨਿਯਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਲੰਘਣ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਮੁੱਖ ਮੰਤਰੀ ਨੇ ਘੁੰਗਰਾਲੀ ਪਿੰਡ ਦੇ ਬਾਇਓਗੈਸ ਪਲਾਂਟ ਦੀ ਵੀ ਮਿਸਾਲ ਦਿੱਤੀ ਜਿਸ ਨੂੰ ਪਿੰਡ ਦੀ ਸਹਿਮਤੀ ਨਾਲ ਚਾਲੂ ਕੀਤਾ ਗਿਆ ਸੀ। ਮੀਟਿੰਗ ਦੌਰਾਨ ਘੁੰਗਰਾਲੀ ਪਿੰਡ ਦੇ ਨੁਮਾਇੰਦੇ ਨੇ ਆਪਣਾ ਤਜਰਬਾ ਸਾਂਝਾ ਕੀਤਾ। ਪਿੰਡ ਅਖਾੜਾ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਵਾਸੀ ਕਮੇਟੀ ਨੂੰ ਪੂਰਾ ਸਹਿਯੋਗ ਦੇਣਗੇ ਤਾਂ ਕਿ ਇਸ ਮਸਲੇ ਦਾ ਸੁਖਾਵਾਂ ਹੱਲ ਕੱਢਿਆ ਜਾ ਸਕੇ।

## ਵਿਦੇਸ਼ ਭੇਜਣ ਦੇ ਚੱਕਰ 'ਚ ਆਪਣੇ ਬੱਚਿਆਂ ਦੀ ਜ਼ਿੰਦਗੀ ਨਾਲ ਨਾ ਕਰੋ ਖਿਲਵਾੜ : ਡੀ.ਐਸ.ਪੀ. ਬੋਪਾਰਾਏ



ਜਗਰਾਓਂ, 5 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੁਧਿਆਣਾ ਦਿਹਾਤੀ ਪੁਲਿਸ ਵੱਲੋਂ ਲੋਕਾਂ ਦੀਆਂ ਦਰਖਾਸਤਾਂ ਦਾ ਵਧੀਆ ਢੰਗ ਨਾਲ ਹੱਲ ਕੀਤਾ ਜਾ ਰਿਹਾ ਹੈ। ਅੱਜ ਡੀਐਸਪੀ ਇੰਦਰਜੀਤ ਸਿੰਘ ਬੋਪਾਰਾਏ ਨੇ ਗੱਲਬਾਤ ਦੌਰਾਨ ਦੱਸਿਆ ਕਿ ਅੱਜ ਦੇ ਹਾਲਾਤਾਂ ਨੂੰ ਦੇਖ ਕੇ ਬੜਾ ਦੁੱਖ ਹੁੰਦਾ ਹੈ, ਕਿ ਸਾਡਾ ਸਮਾਜ ਕਿੱਧਰ ਨੂੰ ਤੁਰ ਪਿਆ ਹੈ। ਉਹਨਾਂ ਕਿਹਾ ਕਿ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਇੰਨੇ ਉਤਸੁਕ ਹਨ ਕਿ ਉਹਨਾਂ ਦਾ ਚੰਗਾ ਮਾੜਾ ਵੀ ਨਹੀਂ ਸੋਚਦੇ। ਉਹਨਾਂ ਕਿਹਾ ਕਿ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਲਾਲਚ ਵਿੱਚ ਬੱਚਿਆਂ ਦੇ ਘੱਟ ਉਮਰ ਵਿੱਚ ਹੀ ਕੋਂਟਰੈਕਟ ਮੈਰਿਜ ਕਰਵਾ ਕੇ ਬਾਹਰ ਭੇਜ ਦਿੰਦੇ ਹਨ, ਜਿਸ ਕਾਰਨ ਉਹਨਾਂ ਨੂੰ ਕਈ ਤਰ੍ਹਾਂ ਦੀਆਂ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ। ਉਹਨਾਂ ਕਿਹਾ ਕਿ ਕਈ ਵਾਰ ਲੋਕ ਸਟਡੀ ਵੀਜੇ ਤੇ ਪੈਸੇ ਖਰਚ ਕੇ ਕੁੜੀ ਨੂੰ ਬਾਹਰ ਭੇਜ ਦਿੰਦੇ ਹਨ ਅਤੇ ਬਾਹਰ ਜਾ ਕੇ ਕੁੜੀ ਮੁੰਡੇ ਨੂੰ ਬਾਹਰ ਨਹੀਂ ਬੁਲਾਉਂਦੀ ਜਾਂ ਉੱਥੇ ਜਾ ਕੇ ਬਦਲ ਜਾਂਦੀ ਹੈ, ਇਸ ਤਰ੍ਹਾਂ ਦੇ ਕਈ ਕੇਸ ਸਾਹਮਣੇ ਆ ਰਹੇ ਹਨ। ਉਹਨਾਂ ਕਿਹਾ ਕਿ ਇੱਥੇ ਅਸੀਂ ਇਕੱਲੀਆਂ ਕੁੜੀਆਂ ਨੂੰ ਗਲਤ ਨਹੀਂ ਕਹਿੰਦੇ ਇਸ ਤਰ੍ਹਾਂ ਦੇ ਕਈ ਕੇਸਾਂ ਵਿੱਚ ਮੁੰਡੇ ਵਾਲੇ ਵੀ ਬਦਲ ਜਾਂਦੇ ਹਨ। ਲੋਕ ਆਪਣਾ ਲੱਖਾਂ ਰੁਪਈਆ ਡੁਬਾ ਲੈਂਦੇ ਹਨ। ਫਿਰ ਉਹਨਾਂ ਪੈਸਿਆਂ ਨੂੰ ਪ੍ਰਾਪਤ ਕਰਨ ਲਈ ਥਾਣੇ,ਕਚਹਿਰੀਆਂ ਦੇ ਚੱਕਰ ਲਗਾਉਂਦੇ ਹਨ। ਉਹਨਾਂ ਕਿਹਾ ਕਿ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਸਮਝ ਲੈਣਾ ਚਾਹੀਦਾ ਹੈ। ਗੱਲਬਾਤ ਦੌਰਾਨ ਉਹਨਾਂ ਕਿਹਾ ਕਿ 80 ਪ੍ਰਤੀਸ਼ਤ ਤੋਂ ਜਿਆਦਾ ਦਰਖਾਸਤਾਂ ਨਵੇਂ ਵਿਆਹੇ ਜੋੜਿਆਂ ਤੇ ਲਵ ਮੈਰਿਜਾਂ ਦੀਆਂ ਹੁੰਦੀਆਂ ਹਨ। ਉਹਨਾਂ ਕਿਹਾ ਕਿ ਘਰੇਲੂ ਝਗੜੇ ਅਤੇ ਵਿਦੇਸ਼ ਜਾਣ ਦੀ ਚਾਹਨਾ ਕਰਕੇ ਘਰ ਬਰਬਾਦ ਹੋ ਰਹੇ ਹਨ। ਉਹਨਾਂ ਕਿਹਾ ਕਿ ਲੁਧਿਆਣਾ ਦਿਹਾਤੀ ਪੁਲਿਸ ਵੱਲੋਂ ਲੋਕਾਂ ਦੀਆਂ ਦਰਖਾਸਤਾਂ ਨੂੰ ਬਹੁਤ ਹੀ ਧਿਆਨ ਨਾਲ ਪੜ੍ਹਿਆ ਤੇ ਸੁਣਿਆ ਜਾਂਦਾ ਹੈ ਅਤੇ ਉਹਨਾਂ ਦਾ ਹੱਲ ਜਲਦ ਤੋਂ ਜਲਦ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਸਾਡੇ ਵੱਲੋਂ ਜਿਆਦਾਤਰ ਜੋੜਿਆਂ ਦਾ ਆਪਸ ਵਿੱਚ ਰਾਜ਼ੀਨਾਮਾ ਕਰਵਾ ਕੇ ਉਹਨਾਂ ਦੇ ਘਰ ਵਸਾਏ ਜਾਂਦੇ ਹਨ।

## ਮਾਂ ਬਗਲਾਮੁਖੀ ਧਾਮ ਵਿਖੇ 10 ਨੂੰ ਧੂਮਧਾਮ ਨਾਲ ਮਨਾਇਆ ਜਾਵੇਗਾ ਗੁਰੂ ਪੂਰਨਿਮਾ ਦਾ ਤਿਉਹਾਰ

ਲੁਧਿਆਣਾ, 5 ਜੁਲਾਈ (ਕਰਨੈਲ ਸਿੰਘ ਐੱਮ.ਏ.) : ਪੱਖੋਵਾਲ ਰੋਡ 'ਤੇ ਸਥਿਤ ਮਾਂ ਬਗਲਾਮੁਖੀ ਧਾਮ ਵਿਖੇ ਮਹੰਤ ਪ੍ਰਵੀਨ ਜੀ ਦੀ ਹਾਜ਼ਰੀ ਵਿੱਚ ਗੁਰੂ ਪੂਰਨਿਮਾ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਹਵਨ ਯੱਗ ਵਿੱਚ ਹਜ਼ਾਰਾਂ ਸ਼ਰਧਾਲੂ ਭੇਟ ਚੜ੍ਹਾ ਕੇ ਮਾਂ ਬਗਲਾਮੁਖੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ। ਉਪਰੋਕਤ ਜਾਣਕਾਰੀ ਧਾਮ ਦੇ ਪਰਮ ਸੇਵਕ ਮਨਜੀਤ ਛੱਤਵਾਲ ਨੇ ਗੁਰੂ ਪੂਰਨਿਮਾ ਤਿਉਹਾਰ ਦੀਆਂ ਤਿਆਰੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਦਿੱਤੀ। ਛੱਤਵਾਲ ਨੇ ਕਿਹਾ ਕਿ ਮਹੰਤ ਪ੍ਰਵੀਨ ਜੀ ਪ੍ਰਵਚਨਾਂ ਰਾਹੀਂ ਗੁਰੂ ਦੀ ਮਹਿਮਾ ਦਾ ਵਰਣਨ ਕਰਨਗੇ। ਉਨ੍ਹਾਂ ਕਿਹਾ ਕਿ ਗੁਰੂ ਪੂਰਨਿਮਾ ਤਿਉਹਾਰ ਅਤੇ ਮਾਂ ਬਗਲਾਮੁਖੀ ਦੇ ਦਿਨ ਵੀਰਵਾਰ ਨੂੰ ਇਕੱਠੇ ਹੋਣ ਦਾ ਸੰਯੋਗ ਸ਼ਰਧਾਲੂਆਂ ਲਈ ਸ਼ੁਭਕਾਮਨਾਵਾਂ ਦਾ ਪ੍ਰਤੀਕ ਹੈ। ਗੁਰੂ ਪੂਰਨਿਮਾ ਤਿਉਹਾਰ ਦੌਰਾਨ ਹਜ਼ਾਰਾਂ ਸ਼ਰਧਾਲੂਆਂ ਲਈ ਲੰਗਰ ਦਾ ਪ੍ਰਬੰਧ ਵੀ ਧਾਮ ਵੱਲੋਂ ਕੀਤਾ ਜਾਵੇਗਾ।

## ਵਿਧਾਇਕ ਪਰਾਸ਼ਰ ਨੇ ਨਵੇਂ ਲਗਾਏ ਟਿਊਬਵੈੱਲ ਦਾ ਉਦਘਾਟਨ ਕੀਤਾ



ਲੁਧਿਆਣਾ, 5 ਜੁਲਾਈ (ਵਿਸ਼ਾਲ ਸ਼ਰਮਾ) : ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਵਾਰਡ ਨੰਬਰ 30 ਦੀ ਇੰਦਰਾ ਕਲੋਨੀ ਵਿੱਚ ਇੱਕ ਨਵੇਂ ਲਗਾਏ ਗਏ ਟਿਊਬਵੈੱਲ ਦਾ ਉਦਘਾਟਨ ਕੀਤਾ। ਇਲਾਕੇ ਵਿੱਚ ਲਗਭਗ 12.50 ਲੱਖ ਰੁਪਏ ਦੀ ਲਾਗਤ ਨਾਲ 25 ਐਚ.ਪੀ ਦਾ ਟਿਊਬਵੈੱਲ ਲਗਾਇਆ ਗਿਆ ਹੈ। ਕੌਂਸਲਰ ਨਿੱਕੂ ਭਾਰਤੀ ਦੇ ਨਾਲ, ਵਿਧਾਇਕ ਪਰਾਸ਼ਰ ਨੇ ਕਿਹਾ ਕਿ ਨਿਵਾਸੀਆਂ ਦੀ ਮੰਗ ਨੂੰ ਪੂਰਾ ਕਰਦੇ ਹੋਏ, ਟਿਊਬਵੈੱਲ ਦਾ ਉਦਘਾਟਨ ਕੀਤਾ ਗਿਆ ਹੈ ਅਤੇ ਇਸ ਨਾਲ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਸੁਚਾਰੂ ਹੋਵੇਗੀ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਲੁਧਿਆਣਾ ਕੇਂਦਰੀ ਹਲਕੇ ਵਿੱਚ ਗੁਣਵੱਤਾ ਵਾਲੇ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਅਤੇ ਨਿਵਾਸੀਆਂ ਨੂੰ ਰਾਹਤ ਪ੍ਰਦਾਨ ਕਰਨ ਲਈ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਕੀਤੇ ਜਾ ਰਹੇ ਹਨ।

## ਜ਼ਿਲ੍ਹਾ ਕਚਹਿਰੀਆਂ 'ਚ ਮੁਹਿੰਮ ਤਹਿਤ ਸਮੂਹ ਜੁਡੀਸ਼ੀਅਲ ਜੱਜਾਂ ਨੇ ਬੂਟੇ ਲਗਾਏ




ਲੁਧਿਆਣਾ, 5 ਜੁਲਾਈ (ਵਿਸ਼ਾਲ ਸ਼ਰਮਾ) : ਅੱਜ ਮਿਤੀ 05.07.2025 ਨੂੰ ਮਾਨਯੋਗ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੂਰੇ ਪੰਜਾਬ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਤਹਿਤ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ।

ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ, ਦੁਆਰਾ ਜਿਲ੍ਹਾ ਕਚਹਿਰੀਆਂ ਲੁਧਿਆਣਾ ਦੇ ਸਮੂਹ ਜੱਜ ਸਹਿਬਾਨਾਂ ਵੱਲੋਂ ਇਸ ਮੁਹਿੰਮ ਤਹਿਤ ਅਤੇ ਮਿਸ਼ਨ "ਇੱਕ ਜੱਜ,ਇੱਕ ਰੁੱਖ"ਤਹਿਤ ਇੱਕ-ਇੱਕ ਪੌਦਾ ਲਗਾਇਆ ਗਿਆ। ਇਹ ਪੌਦੇ ਜੱਜ ਸਹਿਬਾਨਾਂ ਦੇ ਰਿਹਾਇਸ਼ੀ ਖੇਤਰ ਵਿੱਚ ਵਿੱਚ ਲਗਾਏ ਗਏ। ਜਾਣਕਾਰੀ ਅਨੁਸਾਰ ਪੂਰੇ ਪੰਜਾਬ ਵਿੱਚ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਅਸੀਂ ਆਪਣੇ ਵਾਤਾਵਰਨ ਨੂੰ ਸੁਰੱਖਿਅਤ ਅਤੇ ਵੱਧ ਤੋਂ ਵੱਧ ਸਾਫ ਸੁਥਰਾ ਰੱਖ ਸਕੀਏ। ਇਸ ਪ੍ਰੋਗਰਾਮ ਦੌਰਾਨ ਪੌਦੇ ਲਗਾਉਣ ਮੌਕੇ ਸਮੂਹ ਜੱਜ ਸਹਿਬਾਨਾਂ ਵੱਲੋਂ ਹੇਠ ਲਿਖੇ ਅਨੁਸਾਰ ਵਚਨ ਲਿਆ ਗਿਆ ਕਾਨੂੰਨ ਦੇ ਰਖਵਾਲੇ ਅਤੇ ਨਿਆਂ ਦੇ ਰਖਵਾਲੇ ਹੋਣ ਦੇ ਨਾਤੇ, ਅਸੀਂ ਨਾ ਸਿਰਫ਼ ਲੋਕਾਂ ਦੇ ਅਧਿਕਾਰਾਂ ਸਗੋਂ ਕੁਦਰਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਦਾ ਪ੍ਰਣ ਕਰਦੇ ਹਾਂ।

ਅੱਜ ਇਸ ਰੁੱਖ ਨੂੰ ਲਗਾ ਕੇ ਅਸੀਂ ਮਿੱਟੀ ਵਿੱਚ ਨਿਆਂ ਨੂੰ ਪਾਲਣ-ਪੋਸ਼ਣ ਕਰਨ ਦੀ ਵਚਨਬੱਧਤਾ ਨੂੰ ਉਭਾਰਦੇ ਹਾਂ। ਭਾਵ ਹਰਾ, ਨਿਰਪੱਖ ਅਤੇ ਸਥਾਈ। ਇਸ ਰੁੱਖ ਨੂੰ ਸਾਡੇ ਸਾਂਝੇ ਫਰਜ਼, ਏਕਤਾ ਅਤੇ ਧਰਤੀ ਪ੍ਰਤੀ ਸਾਡੇ ਵਾਅਦੇ ਦੇ ਜੀਵਤ ਪ੍ਰਤੀਕ ਵਜੋਂ ਵੱਧਣ ਦਿਓ। ਇਸ ਤੋਂ ਇਲਾਵਾ ਸਬ-ਡਵੀਜ਼ਨ ਸਮਰਾਲਾ, ਖੰਨਾ, ਪਾਇਲ ਅਤੇ ਜਗਰਾਓਂ ਵਿਖੇ ਜੱਜ ਸਾਹਿਬਾਨਾਂ ਵੱਲੋਂ ਕੋਰਟ ਕੰਪਲੈਕਸ ਵਿੱਚ ਵੀ ਬੂਟੇ ਲਗਾਏ ਗਏ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ।

# ਆਂਗਨਵਾੜੀ ਵਰਕਰ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਧਰਨਾ ਦੂਸਰੇ ਦਿਨ ਵੀ ਜਾਰੀ



ਧੂਰੀ, 5 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਕੱਲ੍ਹ ਨੇੜਲੇ ਪਿੰਡ ਲੱਡਾ ਵਿਖੇ ਆਂਗਨਵਾੜੀ ਵਰਕਰਾਂ ਦੀ ਹੋ ਰਹੀ ਮੀਟਿੰਗ ਦੌਰਾਨ ਇੱਕ ਆਂਗਨਵਾੜੀ ਵਰਕਰ ਦੀ ਮੌਤ ਹੋਣ ਤੋਂ ਬਾਅਦ ਪਰਿਵਾਰ ਲਈ 50 ਲੱਖ ਰੁਪੈ ਦੀ ਮੁਆਵਜਾ ਰਾਸ਼ੀ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੀ ਮੰਗ ਨੂੰ ਲੈ ਕੇ ਅੱਜ ਸਿਵਲ ਹਸਪਤਾਲ ਵਿਖੇ ਧਰਨਾ ਦੂਸਰੇ ਦਿਨ ਦੀ ਜਾਰੀ ਰਿਹਾ। ਇਸ ਧਰਨੇ ਵਿੱਚ ਆਂਗਨਵਾੜੀ ਵਰਕਰ ਤੇ ਹੈਲਪਰ ਯੂਨੀਅਨ ਦੀ ਕੌਮੀ ਪ੍ਰਧਾਨ ਊਸ਼ਾ ਰਾਣੀ, ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ, ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ, ਅਕਾਲੀ ਆਗੂ ਗੋਬਿੰਦ ਸਿੰਘ ਲੌਂਗੋਵਾਲ, ਕੁਲ ਹਿੰਦ ਕਿਸਾਨ ਸਭਾ ਦੇ ਮੀਤ ਪ੍ਰਧਾਨ ਮੇਜਰ ਸਿੰਘ ਪੁੰਨਾਂਵਾਲ, ਸ੍ਰੋਮਣੀ ਅਕਾਲੀ ਦਲ (ਅ) ਦੇ ਨਰਿੰਦਰਜੀਤ ਸਿੰਘ ਕਾਲਾਬੂਲਾ ਨੇ ਸ਼ਿਰਕਤ ਕੀਤੀ।ਧਰਨੇ ਨੂੰ ਸੰਬੋਧਨ ਕਰਦਿਆਂ ਊਸ਼ਾ ਰਾਣੀ ਨੇ ਵਰਕਰ ਦੀ ਮੌਤ ਲਈ ਸਰਕਾਰ ਨੂੰ ਜਿੰਮੇਵਾਰ ਦੱਸਦਿਆਂ ਕਿਹਾ ਕਿ ਸਰਕਾਰ ਵਰਕਰਾਂ 'ਤੇ ਬੇਲੋੜਾ ਕੰਮ ਦਾ ਬੋਝ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਆਂਗਨਵਾੜੀ ਵਰਕਰਾਂ ਨੂੰ ਜਿੱਥੇ ਸਬੰਧਤ ਔਰਤਾਂ ਨੂੰ ਰਾਸ਼ਨ ਦੇਣ ਵੇਲੇ ਫੋਟੋ ਲੈਣ, ਓ.ਟੀ.ਪੀ ਲੈਣ ਲਈ ਕਿਹਾ ਗਿਆ ਹੈ, ਉਥੇ ਬੇਲੋੜੀ ਕਾਗਜੀ ਕਾਰਵਾਈ ਨੇ ਆਂਗਨਵਾੜੀ ਵਰਕਰਾਂ ਦੇ ਦਿਮਾਗ 'ਤੇ ਵਜਨ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਲ ਮੀਟਿੰਗ ਦੌਰਾਨ ਆਂਗਨਵਾੜੀ ਵਰਕਰ ਦੀ ਮੌਤ ਹੋਣ 'ਤੇ ਵਿਭਾਗ ਦੇ ਅਧਿਕਾਰੀਆਂ ਨਾ ਹੀ ਮੌਕੇ 'ਤੇ ਐਬੂਲੈਂਸ ਬੁਲਾਈ ਅਤੇ ਨਾ ਹੀ ਪੁਲਿਸ ਨੂੰ ਸੂਚਿਤ ਕੀਤਾ, ਉਨ੍ਹਾਂ ਇਸ ਲਾਪਰਵਾਹੀ ਬਦਲੇ ਵਿਭਾਗ ਦੇ ਅਧਿਕਾਰੀਆਂ ਖਿਲਾਫ਼ ਕਾਰਵਾਈ ਕੀਤੇ ਜਾਣ ਤੋ ਇਲਾਵਾ ਮ੍ਰਿਤਕਾ ਦੇ ਸਿਰ ਖੜ੍ਹੇ ਛੇ ਲੱਖ ਰੁਪੈ ਦਾ ਕਰਜਾ ਮੁਆਫ ਕਰਨ ਦੀ ਮੰਗ ਵੀ ਕੀਤੀ।ਕਾਂਗਰਸੀ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਜੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨਕਲੀ ਸ਼ਰਾਬ ਕਾਰਨ ਮਰਨ ਵਾਲੇ ਵਿਅਕਤੀਆਂ ਨੂੰ ਇੱਕ ਕਰੋੜ ਰੁਪੈ ਮੁਆਵਜ਼ਾ ਦੇ ਸਕਦੀ ਹੈ ਤਾਂ ਤੁਛ ਤਨਖਾਹ 'ਤੇ ਕੰਮ ਕਰਦੇ ਆਂਗਨਵਾੜੀ ਵਰਕਰ ਦੀ ਡਿਊਟੀ ਦੌਰਾਨ ਮੌਤ ਹੋਣ 'ਤੇ 50 ਲੱਖ ਰੁਪੈ ਕਿਓ ਨਹੀਂ ਦੇ ਸਕਦੀ। ਉਨ੍ਹਾਂ ਪਰਿਵਾਰ ਲਈ 50 ਲੱਖ ਰੁਪੈ ਦੀ ਮੁਆਵਜਾ ਰਾਸ਼ੀ ਦੇਣ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਵੀ ਕੀਤੀ।ਇਸ ਮੌਕੇ ਮਨਦੀਪ ਕੁਮਾਰੀ, ਸਕੁੰਤਲਾ ਦੇਵੀ ਬਲਾਕ ਪ੍ਰਧਾਨ, ਸੁਨੀਤਾ ਗੋਇਲ, ਅਮਰਜੀਤ ਕੌਰ ਧਾਂਦਰਾ ਅਤੇ ਨਰਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਆਂਗਨਵਾੜੀ ਵਰਕਰ ਤੇ ਹੈਲਪਰ ਮੌਜੂਦ ਸਨ। ਉਪਰੰਤ ਧਰਨੇ ਵਿੱਚ ਪੁੱਜੇ ਐੱਸ.ਡੀ.ਐੱਮ ਸੰਗਰੂਰ ਚਰਨਦੀਪ ਸਿੰਘ, ਵਕਫ਼ ਬੋਰਡ ਪੰਜਾਬ ਦੇ ਮੈਂਬਰ ਡਾ. ਅਨਵਰ ਭਸੌੜ, ਤਹਿਸੀਲਦਾਰ ਧੂਰੀ ਵਿਸ਼ਵਜੀਤ ਸਿੰਘ ਸਿੱਧੂ ਨੇ ਪਰਿਵਾਰ ਨੂੰ 5 ਲੱਖ ਰੁਪੈ ਦੀ ਮੁਆਵਜਾ ਰਾਸ਼ੀ ਦੇਣ ਦਾ ਐਲਾਨ ਕਰਦਿਆਂ ਚਾਰ ਲੱਖ ਰੁਪੈ ਦਾ ਚੈਕ ਮੌਕੇ ਤੇ ਸੌਂਪਿਆ ਅਤੇ ਇੱਕ ਲੱਖ ਰੁਪੈ ਦਾ ਚੈਕ ਜਲਦੀ ਹੀ ਪਰਿਵਾਰ ਨੂੰ ਦੇਣ, 9 ਜੁਲਾਈ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਫ਼ੇਰੀ ਦੌਰਾਨ ਪਰਿਵਾਰ ਦੀ ਮੀਟਿੰਗ ਕਰਵਾਉਣ ਦਾ ਵਾਅਦਾ ਵੀ ਕੀਤਾ।

# ਸੁਮਨ ਰਾਣੀ ਨਗਰ ਪੰਚਾਇਤ ਮੂਨਕ ਦੀ ਪ੍ਰਧਾਨ ਬਣੀ



ਮੂਨਕ, 5ਜੁਲਾਈ ( ਸਮਸ਼ੇਰ ਸਿੰਘ ਭੁਟਾਲ): ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਨਗਰ ਪੰਚਾਇਤ ਮੂਨਕ ਦੇ ਪ੍ਰਧਾਨ ਦੀ ਚੋਣ ਕਨਵੀਨਰ ਐਸਡੀਐਮ ਮੂਨਕ ਸੂਬਾ ਸਿੰਘ ਅਤੇ ਈਓ ਬਰਜਿੰਦਰ ਸਿੰਘ ਦੀ ਅਗਵਾਈ ਹੇਠ ਹੋਈ। ਚੁਣੇ ਗਏ ਸਾਰੇ ਕੌਂਸਲਰਾਂ ਦੀ ਮੀਟਿੰਗ ਹੋਈ। ਇਸ ਦੌਰਾਨ ਸੁਮਨ ਰਾਣੀ ਨੂੰ ਨਗਰ ਪੰਚਾਇਤ ਮੂਨਕ ਦਾ ਪ੍ਰਧਾਨ ਚੁਣਿਆ ਗਿਆ। ਸੁਮਨ ਰਾਣੀ ਦਾ ਨਾਮ ਨਛੱਤਰ ਰਾਓ ਨੇ ਪ੍ਰਸਤਾਵਿਤ ਕੀਤਾ। ਮੁਖਤਿਆਰ ਸਿੰਘ ਨੇ ਨਾਮ ਦੀ ਪੁਸ਼ਟੀ ਕੀਤੀ। ਸੁਮਨ ਰਾਣੀ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਸਮੇਂ ਵਾਰਡ ਵਾਈਜ਼ ਕੌਂਸਲਰ ਸੰਤੋਸ਼ ਰਾਣੀ, ਗੁਰਵਿੰਦਰ ਸਿੰਘ, ਪ੍ਰਭਜੋਤ ਕੌਰ, ਮੁਖਤਿਆਰ ਸਿੰਘ, ਪਾਸ਼ੋ ਦੇਵੀ, ਰਾਜੇਸ਼ ਕੁਮਾਰ, ਸੁਮਨ ਰਾਣੀ, ਜਸਪਾਲ ਸਿੰਘ, ਮਨਪ੍ਰੀਤ ਕੌਰ, ਜਗਸੀਰ ਸਿੰਘ, ਨਛੱਤਰ ਸਿੰਘ, ਜ਼ਿਲ੍ਹਾ ਸਿੰਘ, ਅਮਨਦੀਪ ਕੌਰ ਪੁਲਿਸ ਪ੍ਰਸ਼ਾਸਨ ਅਤੇ ਨਗਰ ਪੰਚਾਇਤ ਮੂਣਕ ਦਾ ਸਟਾਫ ਮੌਜੂਦ ਸੀ। ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।

# ਪੰਜਾਬ ਸਰਕਾਰ ਨੇ ਸੰਭਾਵੀ ਹੜ੍ਹਾਂ ਦੀ ਰੋਕਥਾਮ ਹਿੱਤ ਕੀਤੇ ਪੂਰੇ ਪ੍ਰਬੰਧ : ਬਰਿੰਦਰ ਕੁਮਾਰ ਗੋਇਲ



ਮੂਨਕ, 5 ਜੁਲਾਈ (ਸਮਸ਼ੇਰ ਸਿੰਘ ਭੁਟਾਲ):ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੰਭਾਵੀ ਹੜ੍ਹਾਂ ਦੀ ਰੋਕਥਾਮ ਹਿਤ ਪੂਰੇ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਕਿਸੇ ਵੀ ਕਿਸਮ ਦੀ ਦਿੱਕਤ ਤੋਂ ਬਚਾਇਆ ਜਾ ਸਕੇ। ਇਹ ਗੱਲ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਮੂਨਕ ਖੇਤਰ ਵਿਖੇ ਸੰਭਾਵੀ ਹੜ੍ਹਾਂ ਦੀ ਰੋਕਥਾਮ ਹਿਤ ਘੱਗਰ ਦਰਿਆ ਦੇ ਹਾਲਾਤ ਦਾ ਜਾਇਜ਼ਾ ਲੈਣ ਮੌਕੇ ਆਖੀ। ਇਸ ਮੌਕੇ ਉਹਨਾਂ ਨੇ ਟੋਹਾਣਾ ਰੋਡ ਤੇ ਘੱਗਰ ਦਰਿਆ ਦੇ ਪੁੱਲ ਸਮੇਤ ਘੱਗਰ ਦੇ ਆਲੇ ਦੁਆਲੇ ਦੀਆਂ ਵੱਖੋ-ਵੱਖ ਥਾਵਾਂ ਦਾ ਦੌਰਾ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਵੇਲੇ ਘੱਗਰ ਦਰਿਆ ਖਤਰੇ ਦੇ ਨਿਸ਼ਾਨ ਤੋਂ ਕਾਫੀ ਥੱਲੇ ਹੈ ਤੇ ਇਸ ਵੇਲੇ ਕਿਸੇ ਵੀ ਕਿਸਮ ਦੀ ਹੜ੍ਹ ਸਬੰਧੀ ਸਥਿਤੀ ਨਹੀਂ ਹੈ। ਘੱਗਰ ਦਰਿਆ 'ਚ ਪਾਣੀ ਦੇ ਪੱਧਰ ਦੀ ਨਿਗਰਾਨੀ ਲਗਾਤਾਰ ਕੀਤੀ ਜਾ ਰਹੀ ਹੈ। ਹੜ੍ਹਾਂ ਦੀ ਰੋਕਥਾਮ ਹਿਤ ਪੰਜਾਬ ਸਰਕਾਰ ਵੱਲੋਂ ਲੋਕਾਂ ਤੋਂ ਜ਼ਮੀਨਾਂ ਲੈ ਕੇ ਦਰਿਆ ਦੇ ਕੰਢੇ ਚੌੜੇ ਤੇ ਮਜ਼ਬੂਤ ਕੀਤੇ ਗਏ ਹਨ, ਜਿਸ ਨਾਲ ਇਕ ਤਾਂ ਪਾੜ ਪੈਣ ਦੀ ਸੰਭਾਵਨਾ ਘੱਟ ਗਈ ਹੈ, ਦੂਜਾ ਜੇਕਰ ਲੋੜ ਪੈਂਦੀ ਹੈ ਤਾਂ ਦਰਿਆ ਦੇ ਕੰਢੇ ਉੱਤੇ ਮਸ਼ੀਨਰੀ ਸੌਖੇ ਤਰੀਕੇ ਨਾਲ ਚੱਲ ਸਕਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 50 ਹਜ਼ਾਰ ਗੱਟੇ ਰੇਤੇ ਦੇ ਤਿਆਰ ਰੱਖੇ ਗਏ ਹਨ ਤੇ ਹੋਰ ਗੱਟੇ ਭਰਨ ਦਾ ਕੰਮ ਜਾਰੀ ਹੈ। ਇਸ ਦੇ ਨਾਲ-ਨਾਲ ਲੋੜੋਂ ਦੀ ਜਾਲਾਂ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਜਿਵੇਂ ਹੀ ਹੜ੍ਹ ਸਬੰਧੀ ਕੋਈ ਅਲਰਟ ਪ੍ਰਾਪਤ ਹੁੰਦਾ ਹੈ ਤਾਂ ਫੌਰੀ ਹੀ ਪਿੰਡ ਵਾਸੀਆਂ ਨੂੰ ਸੁਰੱਖਿਅਤ ਥਾਵਾਂ ਤੇ ਤਬਦੀਲ ਕਰ ਦਿੱਤਾ ਜਾਵੇਗਾ। ਸੂਬੇ ਵਿੱਚ ਵੱਖੋ-ਵੱਖ ਕੰਟਰੋਲ ਰੂਮ ਸਥਾਪਤ ਕੀਤੇ ਜਾ ਚੁੱਕੇ ਹਨ। ਰਾਹਤ ਕੈਂਪਾਂ ਦੀ ਸੂਚੀ, ਕਮਿਊਨੀਕੇਸ਼ਨ ਪਲਾਨ, ਹੌਟ ਸਪੌਟ ਸਥਾਨਾਂ ਦੀ ਸੂਚੀ ਵੀ ਤਿਆਰ ਕਰ ਲਈ ਗਈ ਹੈ। ਖੇਤੀਬਾੜੀ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਨੂੰ ਪਸ਼ੂਆਂ ਲਈ ਚਾਰਾ ਅਤੇ ਸੁੱਕਾ ਚਾਰਾ ਦਾ ਪ੍ਰਬੰਧ ਕਰਨ ਬਾਰੇ ਕਿਹਾ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਸਾਰੇ ਅਧਿਕਾਰੀ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਅਤੇ ਡਿਊਟੀ ਬਾਬਤ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਪੀ.ਏ. ਰਾਕੇਸ਼ ਕੁਮਾਰ ਗੁਪਤਾ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਅਤੇ ਵੱਡੀ ਗਿਣਤੀ ਪਿੰਡਾਂ ਦੇ ਲੋਕ ਹਾਜ਼ਰ ਸਨ।

# ਜ਼ਿਲ੍ਹਾ ਇੰਡਸਟਰੀਅਲ ਚੈਂਬਰ ਬਲਾਕ ਲਹਿਰਾਗਾਗਾ ਦੇ ਅਹੁਦੇਦਾਰਾਂ ਦੀ ਹੋਈ ਚੋਣ



ਲਹਿਰਾਗਾਗਾ, 5 ਜੁਲਾਈ (ਗੁਰਦੀਪ ਸਿੰਘ):ਜ਼ਿਲ੍ਹਾ ਇੰਡਸਟਰੀਅਲ ਚੈਂਬਰ ਸੰਗਰੂਰ ਬਲਾਕ ਲਹਿਰਾਗਾਗਾ ਦੇ ਅਹੁਦੇਦਾਰਾਂ ਦੀ ਸਲਾਨਾ ਚੋਣ ਕਰਨ ਲਈ ਬਲਾਕ ਦੇ ਸਮੂਹ ਉਦਯੋਗਪਤੀਆਂ ਦੀ ਅਹਿਮ ਬੈਠਕ ਜ਼ਿਲ੍ਹਾ ਚੇਅਰਮੈਨ ਡਾ. ਏ ਆਰ ਸ਼ਰਮਾ, ਵਾਈਸ ਚੇਅਰਮੈਨ ਸੰਜੀਵ ਚੋਪੜਾ, ਪ੍ਰਧਾਨ ਸੰਜੇ ਸੂਦ ਅਤੇ ਪੀਆਰਓ ਅਮਰ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਬਲਾਕ ਲਹਿਰਾ ਦੇ ਸਮੂਹ ਭੱਠਾ ਮਾਲਕ, ਸ਼ੈਲਰ ਮਾਲਕ ਤੇ ਹੋਰ ਇੰਡਸਟਰੀਲਿਸਟਾਂ (ਉਦਯੋਗਪਤੀਆਂ) ਨੇ ਸ਼ਿਰਕਤ ਕੀਤੀ, ਬੈਠਕ ਦੌਰਾਨ ਮੌਜੂਦਾ ਪ੍ਰਧਾਨ ਭਾਰਤ ਭੂਸ਼ਣ ਨੇ ਬਲਾਕ ਦੀਆਂ ਸਲਾਨਾ ਗਤੀਵਿਧੀਆਂ ਦੇ ਚਾਨਣਾ ਪਾਇਆ, ਉੱਥੇ ਹੀ ਕੈਸ਼ੀਅਰ ਨੀਤਨ ਕੁਮਾਰ ਨੇ ਲੇਖਾ ਜੋਖਾ ਪੇਸ਼ ਕੀਤਾ ,ਇਸ ਉਪਰੰਤ ਬੈਠਕ ਵਿੱਚ ਉਦਯੋਗਪਤੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਤੇ ਉਹਨਾਂ ਦੀਆਂ ਮੰਗਾਂ ਤੇ ਵਿਸਤਾਰਪੂਰਵਕ ਚਰਚਾ ਕੀਤੀ ਗਈ, ਜ਼ਿਲਾ ਚੇਅਰਮੈਨ ਡਾ. ਏ ਆਰ ਸ਼ਰਮਾ ਨੇ ਕਿਹਾ ਕਿ ਜ਼ਿਲਾ ਇੰਡਸਟਰੀਅਲ ਚੈਂਬਰ ਦੀ ਸਮੁੱਚੀ ਟੀਮ ਉਦੋਗਪਤੀਆਂ ਦੀਆਂ ਮੁਸ਼ਕਿਲਾਂ ਅਤੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ, ਅੱਜ ਜ਼ਰੂਰਤ ਹੈ ਕਿ ਹਰ ਉਦਯੋਗਪਤੀ ਜ਼ਿਲ੍ਹਾ ਇੰਡਸਟਰੀਅਲ ਚੈਂਬਰ ਦੇ ਝੰਡੇ ਹੇਠ ਇਕੱਠਾ ਹੋ ਕੇ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖੇ, ਇਸ ਉਪਰੰਤ ਇੰਡਸਟਰੀਅਲ ਚੈਂਬਰ ਬਲਾਕ ਲਹਿਰਾ ਦੇ ਅਹੁਦੇਦਾਰਾਂ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ ,ਜਿਸ ਵਿੱਚ ਗੌਰਵ ਗੋਇਲ ਨੂੰ ਚੇਅਰਮੈਨ ਅਤੇ ਭਾਰਤ ਭੂਸ਼ਣ ਨੂੰ ਪ੍ਰਧਾਨ ਚੁਣਿਆ ਗਿਆ ਅਤੇ ਬਾਕੀ ਅਹੁਦੇਦਾਰਾਂ ਦੀ ਚੋਣ ਕਰਨ ਦਾ ਅਧਿਕਾਰ ਵੀ ਇਹਨਾਂ ਨੂੰ ਦਿੱਤਾ ਗਿਆ। ਨਵ ਨਿਯੁਕਤ ਅਹੁਦੇਦਾਰਾਂ ਨੇ ਕਿਹਾ ਕਿ ਉਹ ਜ਼ਿਲ੍ਹਾ ਇੰਡਸਟਰੀਅਲ ਚੈਬਰ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਉਦਯੋਗਪਤੀਆਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਮੀ ਨਹੀਂ ਛੱਡਣਗੇ, ਇੰਡਸਟਰੀਲਿਸਟਾਂ (ਉਦਯੋਗਪਤੀਆਂ) ਨੂੰ ਆ ਰਹੀਆਂ ਸਮੱਸਿਆਵਾਂ ਜ਼ਿਲ੍ਹਾ ਜਥੇਬੰਦੀ ਦੇ ਧਿਆਨ ਵਿੱਚ ਲਿਆ ਕੇ ਹੱਲ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਅਸ਼ਵਨੀ ਕੁਮਾਰ ਆਸ਼ੂ, ਰਾਧੇ ਗੋਇਲ, ਜੀਵਨ ਕੁਮਾਰ, ਹੇਮੰਤ ਹਨੀ ਤੋਂ ਇਲਾਵਾ ਹੋਰ ਬਹੁਤ ਉਦਯੋਗਪਤੀ ਹਾਜ਼ਰ ਸਨ।

# ਐਂਟੀ ਨਾਰਕੋਟਿਕਸ ਟਾਸਕ ਫੋਰਸ ਨੂੰ ਮਿਲੀ ਸਫਲਤਾ: ਬਠਿੰਡਾ 'ਚ 270 ਗ੍ਰਾਮ ਹੈਰੋਇਨ ਸਣੇ 2 ਤਸਕਰ ਕਾਬੂ, ਕਾਰ ਜ਼ਬਤ

ਬਠਿੰਡਾ, 5 ਜੁਲਾਈ (ਦੀਪਕ ਸ਼ਰਮਾ):ਨਸ਼ਾ ਤਸਕਰਾਂ 'ਤੇ ਨਕੇਲ ਕਸਣ ਲਈ ਸੂਬਾ ਸਰਕਾਰ ਵੱਲੋਂ ਗਠਿਤ ਕੀਤੀ ਗਈ ਐਂਟੀ ਨਾਰਕੋਟਿਕਸ ਟਾਸਕ ਫੋਰਸ (ANTF), ਬਠਿੰਡਾ ਰੇਂਜ ਨੇ ਨਸ਼ਿਆਂ ਅਤੇ ਨਸ਼ਾ ਤਸਕਰਾਂ ਖਿਲਾਫ ਆਪਣੀ ਮੁਹਿੰਮ ਜਾਰੀ ਰੱਖਦੇ ਹੋਏ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ। ANTF ਨੇ ਸਥਾਨਕ ਜਲੇਬੀ ਚੌਂਕ, ਸਿਵਲ ਲਾਈਨਜ਼ ਬਠਿੰਡਾ ਤੋਂ ਦੋ ਵਿਅਕਤੀਆਂ ਨੂੰ 270 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ।ਕਥਿਤ ਦੋਸ਼ੀਆਂ ਦੇ ਕਬਜ਼ੇ ਚੋਂ ਇੱਕ ਜ਼ੈਨ ਕਾਰ (PB @C X HCBE) ਅਤੇ ਇੱਕ ਮੋਬਾਈਲ ਫੋਨ ਵੀ ਬਰਾਮਦ ਕੀਤਾ ਗਿਆ ਹੈ।ਇਸ ਸਬੰਧੀ ਬਠਿੰਡਾ ਰੇਂਜ ਦੇ ਐਸ.ਪੀ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਗ੍ਰਿਫਤਾਰੀ 3 ਜੁਲਾਈ, 2025 ਨੂੰ ਹੋਈ, ਜਿਸ ਤੋਂ ਬਾਅਦ ਥਾਣਾ ਏਐਨਟੀਐਫ ਐਸਏਐਸ ਨਗਰ, ਸੋਹਾਣਾ ਵਿੱਚ ਨੰਬਰ 178 ਤਹਿਤ ਐਨਡੀਪੀਐਸ ਐਕਟ ਦੀ ਧਾਰਾ 21(3) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਗ੍ਰਿਫਤਾਰ ਕੀਤੇ ਗਏ ਕਥਿਤ ਦੋਸ਼ੀਆਂ ਦੀ ਪਛਾਣ ਤੋਸ਼ਿਮ ਅਰੋੜਾ ਪੁੱਤਰ ਪ੍ਰਿੰਸ ਕੁਮਾਰ, ਵਾਸੀ ਗਿੱਦੜਬਾਹਾ, ਅਤੇ ਕ੍ਰਿਸ਼ਨ ਗਰਗ ਪੁੱਤਰ ਸੁਰੇਂਦਰ ਗਰਗ, ਵਾਸੀ ਗਿੱਦੜਬਾਹਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਜੋਂ ਹੋਈ ਹੈ।ਇਸ ਮਾਮਲੇ ਦੀ ਅਗਲੇਰੀ ਜਾਂਚ ਏਐਸਆਈ ਰਾਜਪਾਲ ( ਬਠਿੰਡਾ ਰੇਂਜ) ਦੁਆਰਾ ਕੀਤੀ ਜਾ ਰਹੀ ਹੈ। ਐਸ.ਪੀ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਇਨ੍ਹਾਂ ਤਸਕਰਾਂ ਦੇ ਬੈਕਵਰਡ ਅਤੇ ਫਾਰਵਰਡ ਲਿੰਕੇਜ (ਨਸ਼ੇ ਦੇ ਨੈੱਟਵਰਕ ਵਿੱਚ ਸ਼ਾਮਲ ਹੋਰ ਲੋਕਾਂ) ਨੂੰ ਵੀ ਖੰਗਾਲਿਆ ਜਾਵੇਗਾ ਤਾਂ ਜੋ ਪੂਰੇ ਰੈਕੇਟ ਦਾ ਪਰਦਾਫਾਸ਼ ਕੀਤਾ ਜਾ ਸਕੇ। ਉਨ੍ਹਾਂ ਨੇ ਦੁਹਰਾਇਆ ਕਿ ਪੰਜਾਬ ਨੂੰ ਨਸ਼ਾਮੁਕਤ ਬਣਾਉਣ ਲਈ ਪੁਲਿਸ ਲਗਾਤਾਰ ਮੁਹਿੰਮ ਚਲਾਉਂਦੀ ਰਹੇਗੀ।ਇਸੇ ਤਰ੍ਹਾਂ ਜ਼ਿਲ੍ਹਾ ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ 11 ਵਿਅਕਤੀਆਂ ਨੂੰ ਹੈਰੋਇਨ, ਭੁੱਕੀ, ਨਸ਼ੀਲੀਆਂ ਦਵਾਈਆਂ ਸਮੇਤ ਗ੍ਰਿਫਤਾਰ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਕੋਤਵਾਲੀ ਪੁਲਿਸ ਨੇ ਬੱਸ ਸਟੈਂਡ ਬਠਿੰਡਾ 'ਤੇ ਇਕ ਸ਼ੱਕੀ ਵਿਅਕਤੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਕਤ ਵਿਅਕਤੀ ਕੋਲੋਂ ਨਸ਼ੀਲੀ ਦਵਾਈ ਦੀਆਂ ਵੀ ਸ਼ੀਸ਼ੀਆਂ ਬਰਾਮਦ ਹੋਈਆਂ। ਪੁਲਿਸ ਪਾਰਟੀ ਨੇ ਮੁਲਜਮ ਨੂੰ ਮੌਕੇ 'ਤੇ ਕਾਬੂ ਕਰ ਲਿਆ, ਜਿਸ ਦੀ ਪਛਾਣ ਕੁਸ਼ਲ ਕੁਮਾਰ ਵਾਸੀ ਪਿੰਡ ਰਾਮਗੜ੍ਹ ਭੂੰਦੜ ਵਜੋਂ ਹੋਈ ਹੈ। ਇਸ ਤਰ੍ਹਾਂ ਹੀ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਨੇ ਜਨਤਾ ਨਗਰ ਵਿੱਚ ਛਾਪੇਮਾਰੀ ਕਰਦਿਆਂ ਗੋਲੂ ਕੁਮਾਰ ਨੂੰ ਛੇ ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ, ਜਦੋਂ ਕਿ ਥਾਣਾ ਕੈਂਟ ਬਠਿੰਡਾ ਦੀ ਪੁਲਿਸ ਨੇ ਬਠਿੰਡਾ ਚੰਡੀਗੜ੍ਹ ਰੋਡ 'ਤੇ ਤ੍ਰਿਪਤੀ ਮਾਰਬਲ ਨੇੜੇ ਇਕ ਸ਼ੱਕੀ ਵਿਅਕਤੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 15 ਕਿਲੋ 60 ਗ੍ਰਾਮ ਭੁੱਕੀ ਬਰਾਮਦ ਹੋਈ। ਪੁਲਿਸ ਪਾਰਟੀ ਨੇ ਮੁਲਜਮ ਨੂੰ ਮੌਕੇ 'ਤੇ ਕਾਬੂ ਕਰ ਲਿਆ, ਜਿਸ ਦੀ ਪਛਾਣ ਜਗਦੀਸ਼ ਸਿੰਘ ਵਾਸੀ ਪਿੰਡ ਚੋਟੀਆਂ ਵਜੋਂ ਹੋਈ ਹੈ। ਇਕ ਹੋਰ ਮਾਮਲੇ ਵਿੱਚ ਥਾਣਾ ਸਦਰ ਬਠਿੰਡਾ ਦੀ ਪੁਲਿਸ ਨੇ ਬੀੜ ਤਲਾਬ ਵਿੱਚ ਛਾਪੇਮਾਰੀ ਕਰਦੇ ਕੁਲਦੀਪ ਸਿੰਘ ਮੁਲਤਾਨੀਆ ਨੂੰ 20 ਲੀਟਰ ਲਾਹਣ ਸਮੇਤ ਕਾਬੂ ਕੀਤਾ ਹੈ। ਇਸ ਤਰ੍ਹਾਂ ਹੀ ਸੀਆਈਏ ਸਟਾਫ ਦੋ ਦੀ ਪੁਲਿਸ ਨੇ ਹੀ 3 ਵਿਅਕਤੀਆਂ ਨੂੰ ਭਾਰੀ ਮਾਤਰਾ ਹੈਰੋਇਨ ਅਤੇ 60 ਹਜ਼ਾਰ ਦੀ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਬੀੜ ਤਲਾਬ ਵਿੱਚ ਛਾਪੇਮਾਰੀ ਕਰਦਿਆਂ ਆਕਾਸ਼ਦੀਪ ਸਿੰਘ, ਅਜੇ ਸਿੰਘ ਅਤੇ ਰਾਜ ਕੌਰ ਨੂੰ 102 ਗ੍ਰਾਮ ਹੈਰੋਇਨ ਅਤੇ 60 ਹਜਾਰ ਦੀ ਡਰੱਗ ਮਨੀ ਸਮੇਤ ਫੜਿਆ ਹੈ। ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਪਿੰਡ ਸਿੰਗੋ ਤੋਂ ਬਹਿਮਣ ਕੌਰ ਸਿੰਘ ਨੇੜੇ ਇੱਟਾਂ ਦੇ ਭੱਠੇ ਕੋਲ ਇਕ ਸ਼ੱਕੀ ਵਿਅਕਤੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ ਚਾਰ ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਪਾਰਟੀ ਨੇ ਮੁਲਜ਼ਮ ਨੂੰ ਮੌਕੇ 'ਤੇ ਕਾਬੂ ਕਰ ਲਿਆ,ਜਿਸਦੀ ਪਛਾਣ ਰਾਜਪ੍ਰੀਤ ਸਿੰਘ ਵਾਸੀ ਪਿੰਡ ਲਹਿਰੀ ਵਜੋਂ ਹੋਈ ਹੈ।

# ਡੀ. ਸੀ. ਸੰਦੀਪ ਰਿਸ਼ੀ ਵੱਲੋਂ ਲੌਂਗੋਵਾਲ ਸਬ-ਤਹਿਸੀਲ ਦਾ ਅਚਨਚੇਤ ਦੌਰਾ



ਲੌਂਗੋਵਾਲ, 5 ਜੁਲਾਈ (ਭਗਵੰਤ ਸ਼ਰਮਾ): ਪੰਜਾਬ ਵਿਚਲੀ ਆਮ ਆਦਮੀ ਪਾਰਟੀ ਵੱਲੋਂ ਤਹਿਸੀਲਾਂ ਅਤੇ ਸਬ-ਤਹਿਸੀਲਾਂ ਅੰਦਰ ਆਮ ਲੋਕਾਂ ਦੀ ਹੋ ਰਹੀ ਖੱਜਲ-ਖੁਆਰੀ ਨੂੰ ਰੋਕਣ ਲਈ ਸ਼ੁਰੂ ਕੀਤੀ ਗਈ ਈਜ਼ੀ ਰਜਿਸਟ੍ਰੇਸ਼ਨ ਸੁਵਿਧਾ ਤੋਂ ਇਲਾਵਾ ਹੋਰਨਾ ਸਹੂਲਤਾਂ ਦੇ ਪ੍ਰਬੰਧਾ ਨੂੰ ਚੈਕ ਕਰਨ ਲਈ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਵੱਲੋਂ ਸਬ ਤਹਿਸੀਲ ਲੌਂਗੋਵਾਲ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਲੌਂਗੋਵਾਲ ਦੀ ਸਬ-ਤਹਿਸੀਲ ਦਫ਼ਤਰ ਦੇ ਪ੍ਰਬੰਧਾਂ ਦੇ ਨਾਲ-ਨਾਲ ਫਰਦ ਕੇਂਦਰ, ਸੁਵਿਧਾ ਕੇਂਦਰ ਅਤੇ ਈਜ਼ੀ ਰਜਿਸਟ੍ਰੇਸ਼ਨ ਸੁਵਿਧਾ ਦਾ ਵੀ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਦੇ ਇਸ ਅਚਨਚੇਤੀ ਦੌਰੇ ਦੀ ਸ਼ਲਾਘਾ ਕਰਦਿਆਂ ਆਮ ਲੋਕਾਂ ਨੇ ਕਿਹਾ ਕਿ ਜੇਕਰ ਇਸੇ ਤਰ੍ਹਾਂ ਉੱਚ ਅਧਿਕਾਰੀ ਸਰਕਾਰੀ ਅਦਾਰਿਆਂ ਦੇ ਦੌਰੇ ਕਰਦੇ ਰਹਿਣ ਤਾਂ ਹੀ ਸਰਕਾਰੀ ਅਦਾਰਿਆਂ ਅੰਦਰ ਪ੍ਰਬੰਧਾ ਵਿਚ ਵੱਡੇ ਸੁਧਾਰ ਆ ਸਕਦੇ ਹਨ। ਇਸ ਦੌਰਾਨ ਉਨ੍ਹਾਂ ਨੇ ਦਫ਼ਤਰਾਂ ਵਿੱਚ ਕੀਤੇ ਜਾ ਰਹੇ ਪ੍ਰਬੰਧਾਂ, ਆਨਲਾਈਨ ਸੇਵਾਵਾਂ ਅਤੇ ਪਿੰਡਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਵੀ ਜਾਇਜ਼ਾ ਲਿਆ।ਸਬ-ਤਹਿਸੀਲ ਲੌਂਗੋਵਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਕਿਹਾ ਕਿ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸੰਗਰੂਰ ਜ਼ਿਲ੍ਹੇ ਦੇ ਸਰਕਾਰੀ ਦਫ਼ਤਰਾਂ ਵਿੱਚ ਚੱਲ ਰਹੇ ਪ੍ਰਬੰਧਾਂ, ਆਨਲਾਈਨ ਸੇਵਾਵਾਂ ਅਤੇ ਪਿੰਡ ਦੇ ਵਿਕਾਸ ਕਾਰਜਾਂ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾ ਰਹੀ ਹੈ। ਉਨ੍ਹਾਂ ਲੌਂਗੋਵਾਲ ਦੀ ਸਬ-ਤਹਿਸੀਲ ਦੇ ਦਫਤਰ ਤੋਂ ਇਲਾਵਾ ਫਰਦ ਕੇਂਦਰ, ਸੁਵਿਧਾ ਕੇਂਦਰ ਅਤੇ ਈਜ਼ੀ ਰਜਿਸਟ੍ਰੇਸ਼ਨ ਸੁਵਿਧਾ ਦਫਤਰ ਦੇ ਕੰਮਕਾਜ ਅਤੇ ਪ੍ਰਣਾਲੀ 'ਤੇ ਤਸੱਲੀ ਪ੍ਰਗਟ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮੁੱਚੇ ਦਫ਼ਤਰਾਂ ਵਿੱਚ ਆਮ ਲੋਕਾਂ ਦੇ ਕੰਮ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਕੀਤੇ ਜਾਣ ਇਸ ਵਿਚਲੀ ਕਿਸੇ ਵੀ ਕਿਸਮ ਦੀ ਕੁਤਾਹੀ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ।ਇਸ ਉਪਰੰਤ ਉਨ੍ਹਾਂ ਵੱਲੋਂ ਇੱਥੇ ਬਣ ਰਹੇ ਨਵੇਂ ਪਟਵਾਰਖਾਨੇ ਦੀ ਬਿਲਡਿੰਗ ਦੀ ਉਸਾਰੀ ਦੇ ਪ੍ਰਬੰਧਾ ਦਾ ਵੀ ਜ਼ਾਇਜ਼ਾ ਲਿਆ ਅਤੇ ਬਣ ਰਹੀ ਨਵੀਂ ਬਿਲਡਿੰਗ ਦੀ ਉਸਾਰੀ ਵਿਚ ਵਰਤੇ ਜਾ 'ਰਹੇ ਮਟੀਰੀਅਲ ਦੀ ਵੀ ਉਚੇਚੇ ਤੌਰ ਤੇ ਜਾਚ ਕੀਤੀ।ਇਸ ਮੌਕੇ ਕਾਰਜ਼ਕਾਰੀ ਨਾਇਬ ਤਹਿਸੀਲਦਾਰ ਬਲਵਿੰਦਰ ਅੱਤਰੀ, ਐਡਵੋਕੇਟ ਹਰੀਸ਼ ਸ਼ਰਮਾ, ਰੀਡਰ ਮਲਕੀਤ ਸਿੰਘ, ਰਜਿਸਟਰੀ ਕਲਰਕ ਰਵੀ ਕਾਂਤ, ਅਪਰੇਟਰ ਜਸਵੀਰ ਸਿੰਘ, ਪ੍ਰਗਟ ਸਿੰਘ ਨਮੋਲ ਤੋਂ ਇਲਾਵਾ ਹੋਰ ਦਫਤਰੀ ਅਮਲਾ ਹਾਜ਼ਰ ਸੀ।

# 7 ਤੋਂ 15 ਜੁਲਾਈ ਤੱਕ ਵੱਖ-ਵੱਖ ਜ਼ਿਲ੍ਹਿਆਂ ਦੇ ਸਿਵਲ ਸਰਜਨ ਨੂੰ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਸੌਂਪੇ ਜਾਣਗੇ



ਬਾਜਾਖਾਨਾ , 5 ਜੁਲਾਈ (ਅਵਤਾਰ ਸਿੰਘ ਮੱਲਾ) : ਆਲ ਇੰਡੀਆ ਆਸ਼ਾ ਵਰਕਰਜ਼ ਆਸ਼ਾ ਫੈਸੀਲਿਟੇਟਰਜ਼ ਯੂਨੀਅਨ ਪੰਜਾਬ ਗਰੁੱਪ ਏਟਕ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਫਰੀਦਕੋਟ, ਸੂਬਾ ਜਨਰਲ ਸਕੱਤਰ ਬਲਵੀਰ ਕੌਰ ਗਿੱਲ ਲੁਧਿਆਣਾ, ਸੂਬਾ ਵਾਇਸ ਪ੍ਰਧਾਨ ਦੁਰਗੋ ਬਾਈ ਫਾਜ਼ਿਲਕਾ ਦੀ ਅਗਵਾਈ ਵਿੱਚ ਆਸ਼ਾ ਵਰਕਰਜ਼ ਆਸ਼ਾ ਫੈਸੀਲਿਟੇਟਰਜ਼ ਦੀਆਂ ਗੰਭੀਰ ਮੰਗਾਂ 'ਤੇ ਆਨਲਾਈਨ ਵਿਚਾਰ ਚਰਚਾ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਵੱਲੋਂ ਸੱਤਾ ਵਿੱਚ ਆਉਂਦਿਆਂ ਸਾਰ ਹੀ ਵਾਅਦੇ ਪੂਰੇ ਕਰਨ ਦੀ ਬਜਾਏ ਮੰਨੀਆਂ ਮੰਗਾਂ ਲਮਕ ਅਵਸਥਾ ਵਿੱਚ ਪਈਆਂ ਹਨ। ਉਨ੍ਹਾਂ ਦੱਸਿਆ ਕਿ ਵਰਕਰਾਂ ਤੇ ਉਮਰ ਪਾਲਿਸੀ ਤਿਆਰ ਕੀਤੀ, ਭੱਤਿਆਂ ਨੂੰ ਕੱਟਿਆ ਗਿਆ, ਗਾਈਡ ਲਾਈਨ ਤੋਂ ਬਾਹਰ ਬਿਨ੍ਹਾਂ ਭੱਤਿਆਂ ਤੋਂ ਨਿੱਤ ਨਵੇਂ ਨਵੇਂ ਕੰਮ ਲਏ ਜਾ ਰਹੇ ਹਨ ਅਤੇ ਆਨਲਾਈਨ ਕੰਮਾਂ ਨੂੰ ਕਰਨ ਲਈ ਮਜਬੂਰ ਕੀਤਾ। ਪੰਜਾਬ ਸਰਕਾਰ ਵੱਲੋਂ ਅੱਜ ਵਰਕਰਾਂ ਦਾ ਸ਼ੋਸਣ ਸਭ ਹੱਦਾਂ ਬੰਨ੍ਹੇ ਟੱਪ ਚੁੱਕਾ ਹੈ। ਸਿਹਤ ਵਿਭਾਗ ਦੇ ਹਰ ਪ੍ਰਕਾਰ ਦੇ ਕੰਮਾਂ ਨੂੰ ਪੰਜਾਬ ਭਰ ਦੀਆਂ ਵਰਕਰਜ਼ ਮੂਹਰਲੀ ਕਤਾਰ ਵਿੱਚ ਹੋ ਕੇ ਕਰ ਰਹੀਆਂ ਹਨ, ਪ੍ਰੰਤੂ ਪੰਜਾਬ ਸਰਕਾਰ ਦੇ ਤਿੰਨ ਸਾਲ ਤੋਂ ਉਪਰ ਦਾ ਸਮਾਂ ਬੀਤ ਜਾਣ 'ਤੇ ਹਰ ਮਹੀਨੇ ਦਾ ਕੀਤੇ ਕੰਮਾਂ ਦਾ ਇੰਨਸੈਟਿਵ ਅਤੇ ਫਿਕਸ ਭੱਤੇ ਕਦੇ ਵੀ ਸਮੇਂ ਸਿਰ ਨਹੀਂ ਮਿਲ ਰਹੇ। ਇਹ ਸਾਰੀਆਂ ਮੁਸ਼ਕਲਾਂ ਦਾ ਆਸ਼ਾ ਵਰਕਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਅਮਰਜੀਤ ਕੌਰ ਰਣ ਸਿੰਘ ਵਾਲਾ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਵਰਕਰਾ ਤੋਂ ਪੂਰੇ 17 ਸਾਲ ਬੀਤ ਜਾਣ 'ਤੇ ਵੀ ਇਨਸੈਂਟਿਵ 'ਤੇ ਕੰਮ ਲੈਣਾ ਕਨੂੰਨੀ ਜੁਰਮ ਹੈ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਵਰਕਰਾਂ ਨੂੰ ਉਜ਼ਰਤਾਂ ਦੇ ਘੇਰੇ ਵਿੱਚ ਲਿਆ ਕੇ ਘੱਟੋ-ਘੱਟ 28000/ਰੁਪਏ ਦੇ ਕੇ ਰੈਗੂਲਰ ਕੀਤਾ ਜਾਵੇ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਵਰਕਰਾਂ ਦੀ ਸੁਣਵਾਈ ਨਾ ਹੋਈ ਤਾਂ ਲੇਬਰਕੋਟ ਦਾ ਦਰਵਾਜ਼ਾ ਖੜਕਾਇਆ ਜਾਵੇਗਾ ਅਤੇ ਸੇਵਾ ਮੁਕਤ ਵਰਕਰਾਂ ਨੂੰ ਗੁਆਂਢੀ ਰਾਜ ਹਰਿਆਣਾ ਦੀ ਤਰਜ ਤੇ 2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ, ਕੱਟੇ ਹੋਏ ਭੱਤਿਆਂ ਨੂੰ ਮੁੜ ਤੋਂ ਬਹਾਲ ਕੀਤਾਂ ਜਾਵੇ, ਮੰਨੀਆ ਮੰਗਾਂ ਜੀਵਨ ਬੀਮਾ, ਛੇ ਮਹੀਨੇ ਦੀ ਪ੍ਰਸੂਤੀ ਛੁੱਟੀ, ਟੈਬਲੇਟ, ਆਨਲਾਈਨ ਕੰਮਾ ਦਾ 5 ਹਜਾਰ ਰੁਪਏ ਮਿਲਣ ਵਾਲੇ ਫਿਕਸ ਭੱਤਾ ਵਿੱਚ 10 ਹਜਾਰ ਦਾ ਵਾਧਾ, ਮਿਲਣ ਵਾਲੇ ਭੱਤੇ ਦੀ ਅੱਧਾ ਹਿੱਸਾਂ ਪੈਨਸ਼ਨ ਦੇ ਰੂਪ ਵਿੱਚ ਦਿੱਤਾ ਜਾਵੇ। ਇਹ ਸਾਰੀਆਂ ਜਾਇਜ਼ ਮੰਗਾਂ ਦਾ ਹੱਲ ਕੀਤਾ ਜਾਵੇ ਅਤੇ ਨਾਲ ਹੀ ਪੰਜਾਬ ਸਰਕਾਰ ਵੱਲੋਂ 2024 ਵਿੱਚ ਆਸ਼ਾ ਵਰਕਰਾਂ ਫੈਸੀਲਿਟੇਟਰਜ ਨੂੰ ਆਪਣੇ ਪਿੰਡ ਨੂੰ ਮਲੇਰੀਆ ਮੁਕਤ ਕਰਨ ਤੇ ਉੱਚ ਪੱਧਰੀ ਸਨਮਾਨ ਕੀਤੇ ਜਾਣ ਦਾ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਇਸ ਨੂੰ ਅੱਖੋ ਪਰੋਖੇ ਕੀਤਾ ਗਿਆ ਹੈ ਅਤੇ ਨਾਲ ਸਲਾਈਡਾਂ ਬਣਾਉਣ ਦਾ ਕੰਮ ਵੀ ਖੋਹ ਲਿਆ ਗਿਆ ਹੈ। ਅੱਜ ਪੰਜਾਬ ਸਰਕਾਰ ਬਿਨ੍ਹਾਂ ਭੱਤਿਆਂ ਤੋਂ ਵਰਕਰਾਂ ਨੂੰ ਮਲੇਰੀਆ ਦੇ ਸਰਵੇ ਲਈ ਮਹੀਨੇ ਦੇ ਕੀਤੇ ਕੰਮਾਂ ਦਾ ਇੰਨਸੈਟਿਵ ਨਾ ਦੇਣ ਦਾ ਡਰਾਵਾਂ ਦੇ ਕੇ ਸਰਵੇ ਕਰਨ ਲਈ ਮਜ਼ਬੂਰ ਕਰ ਰਹੀ ਹੈ। ਆਸ਼ਾ ਵਰਕਰਜ਼ ਦੀ ਡਿਮਾਂਡ ਹੈ ਕਿ ਹਰ ਸਰਵੈ ਲਈ ਪ੍ਰਤੀ ਘਰ ਦੇ 10 ਰੁਪਏ ਦਿੱਤੇ ਜਾਣ। ਇਸ ਦੇ ਰੋਸ ਵਜੋਂ ਆਸ਼ਾ ਵਰਕਰਜ਼ ਫੈਸੀਲਿਟੇਟਰਜ਼ ਵੱਲੋਂ ਮਿਤੀ 07 ਜੁਲਾਈ ਨੂੰ ਫਾਜ਼ਿਲਕਾ ਤੇ ਹੁਸ਼ਿਆਰਪੁਰ 08 ਜੁਲਾਈ ਸ੍ਰੀ ਮੁਕਤਸਰ ਸਾਹਿਬ ਤੇ ਬਠਿੰਡਾ, 10 ਜੁਲਾਈ ਨੂੰ ਸ੍ਰੀ ਤਰਨਤਾਰਨ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਸਾਹਿਬ, 11 ਜੁਲਾਈ ਨੂੰ ਲੁਧਿਆਣਾ ਤੇ ਫਰੀਦਕੋਟ, 14 ਜੁਲਾਈ ਨੂੰ ਮਾਨਸਾ ਤੇ ਮੋਗਾ, 15 ਜੁਲਾਈ ਨੂੰ ਬਰਨਾਲਾ ਵਿਖੇ ਪੰਜਾਬ ਭਰ ਵਿੱਚ ਸਿਵਲ ਸਰਜਨ ਦੇ ਦਫਤਰ ਰਾਹੀ ਪੰਜਾਬ ਸਰਕਾਰ ਨੂੰ ਮੰਗ ਪੱਤਰ ਸੌਂਪੇ ਜਾਣਗੇ ਅਤੇ ਫੇਰ ਵੀ ਜੇਕਰ ਹਰ ਸਰਵੇ ਲਈ ਭੱਤਿਆਂ ਦਾ ਹਲ ਨਾ ਹੋਇਆ ਤਾਂ ਸਰਵੇ ਦਾ ਬਾਈਕਾਟ ਕੀਤਾ ਜਾਵੇਗਾ ਅਤੇ 09 ਜੁਲਾਈ ਨੂੰ ਆਸ਼ਾ ਵਰਕਰਾਂ ਅਤੇ ਆਸ਼ਾ ਫੈਸਿਲੀਟੇਟਰਜ ਵਰਕਰਜ ਮੁਕੰਮਲ ਰੂਪ ਵਿੱਚ ਕੰਮਾਂ ਦਾ ਬਾਈਕਾਟ ਕਰਕੇ ਟਰੇਡ ਯੂਨੀਅਨਾਂ ਦੇ ਸੱਦੇ ਤੇ ਦੇਸ਼ ਵਿਆਪੀ ਹੜਤਾਲ ਦਾ ਹਿੱਸਾ ਬਣਨਗੀਆਂ।

# ਆਤਮਾ ਰਾਮ ਸਕੂਲ ਦੇ ਬੱਚਿਆਂ ਨੇ ਜਿੱਤੇ ਨੈਸ਼ਨਲ ਗੋਲਡ ਮੈਡਲ



ਬਰੇਟਾ, 5 ਜੁਲਾਈ (ਵਿਨੋਦ ਸਿੰਗਲਾ, ਨਰਿੰਦਰ ਬਾਂਸਲ): ਹਿਮਾਚਲ ਦੇ ਵਿੱਚ ਹੋਏ ਰਾਸਟਰ ਪੱਧਰ 'ਤੇ ਕਰਾਟੇ ਮੁਕਾਬਲੇ ਕਰਾਏ ਗਏ ,ਜਿਸ ਦੇ ਵਿੱਚ ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਭਾਗ ਲਿਆ । ਇਸ ਦੇ ਵਿੱਚ ਵੱਖ-ਵੱਖ ਸਟੇਟਾਂ ਤੋਂ ਆਏ ਬੱਚਿਆਂ ਨੇ ਆਪਣੀ ਕਰਾਟੇ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਬਾਜ਼ੀ ਮਾਰੀ । ਜਿਸ ਵਿੱਚ ਲਵਪ੍ਰੀਤ ਸਿੰਘ (-74 ਵਰਗ) ਨੇ ਗੋਲਡ ਮੈਡਲ ਅਤੇ ਹਰਮਨ ਸਿੰਘ (-60 ਵਰਗ) ਨੇ ਸਿਲਵਰ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ । ਇਸ ਖਾਸ ਮੌਕੇ 'ਤੇ ਚੈਅਰਮੈਨ ਸ਼ੈਰਿਕ ਗਰਗ ਅਤੇ ਐਮ. ਡੀ ਮੋਨੀਕਾ ਗਰਗ ਅਤੇ ਪ੍ਰਿੰਸੀਪਲ ਵਿਜੈ ਕੁਮਾਰ ਨੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ । ਸਕੂਲ ਦੇ ਵਿੱਚ ਬੱਚਿਆਂ ਦਾ ਸਵਾਗਤ ਨਿੱਗੇ ਤੌਰ 'ਤੇ ਕੀਤਾ ਗਿਆ ਗੱਲਬਾਤ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਵਿਜੈ ਕੁਮਾਰ ਜੀ ਨੇ ਦੱਸਿਆ ਕਿ ਨਿਰੰਤਰ ਮਿਹਨਤ ਦਾ ਫਲ ਮਿੱਠਾ ਹੁੰਦਾ ਹੈ ਸਾਡੇ ਦੋਨੇਂ ਬੱਚੇ ਇਸ ਗੱਲ ਦਾ ਜਿੰਦਾ ਜਾਗਦਾ ਪ੍ਰਮਾਨ ਹਨ । ਇਹ ਬੱਚੇ ਅੰਤਰ ਰਾਸਟਰੀ ਤੌਰ ਤੇ ਸਲੈਕਟ ਹੋਏ ਹਨ । ਉਹਨਾਂ ਨੇ ਬੱਚਿਆਂ ਦੀ ਜਿੱਤ ਦਾ ਸਿਹਰਾ ਉਹਨਾਂ ਦੇ ਕੋਚ ਅਮਨ ਅਤੇ ਬੱਚਿਆਂ ਦੀ ਜੀ ਤੋੜ ਮਿਹਨਤ ਨੂੰ ਦਿੱਤਾ । ਉਹਨਾਂ ਨੇ ਕਿਹਾ ਕਿ ਸਕੂਲ ਨੇ ਤੀਸਰੀ ਵਾਰ ਨੈਸ਼ਨਲ ਪੱਧਰ ਦੀ ਕਰਾਟੇ ਪ੍ਰਤਯੋਗਤਾ ਵਿੱਚ ਜਿੱਤ ਪ੍ਰਾਪਤ ਕੀਤੀ ਹੈ । ਇਹ ਸਕੂਲ ਅਤੇ ਪੂਰੇ ਸੂਬੇ ਦੇ ਲਈ ਮਾਨ ਵਾਲੀ ਗੱਲ ਹੈ ।

# ਸਰਕਾਰੀ ਹਸਪਤਾਲ ਦੇ ਕੰਪਿਊਟਰ ਅਪ੍ਰੇਟਰ 'ਤੇ ਜਾਨਲੇਵਾ ਹਮਲਾ ਕਰਨ ਵਾਲਾ ਨਿਹੰਗ ਸਿੰਘ ਗ੍ਰਿਫ਼ਤਾਰ



ਬਠਿੰਡਾ, 5 ਜੁਲਾਈ (ਦੀਪਕ ਸ਼ਰਮਾ):ਤਲਵੰਡੀ ਸਾਬੋ ਸਿਵਲ ਹਸਪਤਾਲ ਵਿੱਚ ਸਥਿਤ ਨਸ਼ਾ ਛੁਡਾਊ ਕੇਂਦਰ ਵਿੱਚ ਦਵਾਈ ਲੈਣ ਲਈ ਪਰਚੀ ਕਟਵਾਉਣ ਨੂੰ ਲੈ ਕੇ ਹੋਏ ਝਗੜੇ ਤੋਂ ਬਾਅਦ ਕੰਪਿਊਟਰ ਆਪ੍ਰੇਟਰ ਦਾ ਹੱਥ ਵੱਢਣ ਵਾਲੇ ਨਿਹੰਗ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਵਾਰਦਾਤ ਵਿਚ ਵਰਤੀ ਗਈ ਤਲਵਾਰ ਵੀ ਨਿਹੰਗ ਤੋਂ ਬਰਾਮਦ ਕਰ ਲਈ ਹੈ।ਦੂਜੇ ਪਾਸੇ ਸਿਵਲ ਐਸਐਮਓ ਡਾ. ਰਵੀ ਕਾਂਤ ਦੇ ਪੱਤਰ ਤੋਂ ਬਾਅਦ ਸਿਵਲ ਹਸਪਤਾਲ ਤਲਵੰਡੀ ਸਾਬੋ ਵਿਚ ਸੁਰੱਖਿਆ ਲਈ ਦੋ ਪੁਲਿਸ ਮੁਲਾਜ਼ਮ ਤੈਨਾਤ ਕਰ ਦਿੱਤੇ ਗਏ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਤਲਵੰਡੀ ਸਾਬੋ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਕੰਪਿਊਟਰ ਆਪ੍ਰੇਟਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਉਹ ਸਿਵਲ ਹਸਪਤਾਲ ਵਿੱਚ ਕੰਪਿਊਟਰ ਆਪਰੇਟਰ ਦੀ ਡਿਊਟੀ ਕਰਦਾ ਹੈ। ਸ਼ੁੱਕਰਵਾਰ ਨੂੰ ਉਹ ਹਰ ਰੋਜ਼ ਦੀ ਤਰ੍ਹਾਂ ਦਵਾਈ ਲੈਣ ਆਏ ਮਰੀਜ਼ਾਂ ਦੀਆਂ ਪਰਚੀਆਂ ਕੱਟ ਰਿਹਾ ਸੀ। ਇਸ ਦੌਰਾਨ ਹੀ ਨਿਹੰਗ ਬਾਣੇ ਵਿੱਚ ਆਇਆ ਇਕ ਵਿਅਕਤੀ ਲਾਈਨ ਵਿੱਚ ਲੱਗਾ ਹੋਇਆ ਸੀ ਅਤੇ ਉਸਨੇ ਉੱਚੀ ਉੱਚੀ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਸ ਨੇ ਨਿਹੰਗ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਸਨੇ ਤਲਵਾਰ ਨਾਲ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਉਪਰ ਹਮਲਾ ਕਰ ਦਿੱਤਾ। ਨਿਹੰਗ ਨੇ ਉਸ ਦੇ ਸਿਰ 'ਤੇ ਤਲਵਾਰ ਦਾ ਵਾਰ ਕੀਤਾ ਪਰ ਉਸਨੇ ਆਪਣਾ ਹੱਥ ਅੱਗੇ ਕਰ ਲਿਆ ਜਿਸ ਕਾਰਨ ਹੱਥ ਬੁਰੀ ਤਰ੍ਹਾਂ ਵੱਢਿਆ ਗਿਆ। ਇਸ ਤੋਂ ਬਾਅਦ ਨਿਹੰਗ ਮੌਕੇ ਤੋਂ ਫਰਾਰ ਹੋ ਗਿਆ। ਇਸ ਘਟਨਾ ਤੋਂ ਬਾਅਦ ਜਿੱਥੇ ਪੂਰੇ ਸਿਵਲ ਹਸਪਤਾਲ ਵਿੱਚ ਡਰ ਦਾ ਮਾਹੌਲ ਬਣ ਗਿਆ ਉੱਥੇ ਹੀ ਤਲਵੰਡੀ ਸਾਬੋ ਦੇ ਡੀਐਸਪੀ ਰਜੇਸ਼ ਨੇ ਮੌਕੇ ਤੇ ਪੁੱਜ ਕੇ ਘਟਨਾ ਦਾ ਜਾਇਜ਼ਾ ਲਿਆ। ਪੁਲਿਸ ਨੇ ਇਸ ਤੋਂ ਬਾਅਦ ਸਿਵਿਲ ਹਸਪਤਾਲ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਲਈ ਅਤੇ ਨਿਹੰਗ ਸਿੰਘ ਦੀ ਪਛਾਣ ਕਰਨ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਦੂਜੇ ਪਾਸੇ ਹਸਪਤਾਲ ਦੇ ਐਸਐਮ ਡਾਕਟਰ ਰਵੀਕਾਂਤ ਨੇ ਕਿਹਾ ਸੀ ਕਿ ਹਸਪਤਾਲ ਵਿੱਚ ਡਾਕਟਰ ਸੁਰੱਖਿਅਤ ਨਹੀਂ ਹਨ ਇਸ ਲਈ ਇੱਥੇ ਪੁਲਿਸ ਮੁਲਾਜ਼ਮ ਤੈਨਾਤ ਕੀਤੇ ਜਾਣ। ਇਸ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਨੇ ਤਲਵੰਡੀ ਸਾਬੋ ਦੇ ਸਿਵਲ ਹਸਪਤਾਲ ਵਿੱਚ ਦੋ ਮੁਲਾਜ਼ਮਾਂ ਨੂੰ ਤੈਨਾਤ ਕਰ ਦਿੱਤਾ ਹੈ। ਕੰਪਿਊਟਰ ਆਪ੍ਰੇਟਰ ਅਜੇ ਤਲਵੰਡੀ ਸਾਬੋ ਦੇ ਸਿਵਲ ਹਸਪਤਾਲ ਵਿਚ ਜੇਰੇ ਇਲਾਜ ਹੈ।

# ਡੇਂਗੂ 'ਤੇ ਵਾਰ ਹਰ ਸ਼ੁੱਕਰਵਾਰ; ਤਹਿਤ ਲੋਕਾਂ ਨੂੰ ਡੇਂਗੂ ਤੋਂ ਬਚਾਓ ਸਬੰਧੀ ਕੀਤਾ ਜਾਗਰੂਕ



ਖਨੌਰੀ, 5 ਜੁਲਾਈ (ਓਮਪ੍ਰਕਾਸ਼ ਮੁਆਲ): ਸਿਵਲ ਸਰਜਨ ਸੰਗਰੂਰ ਡਾਕਟਰ ਸ੍ਰੀ ਸੰਜੇ ਕਾਮਰਾ ਜੀ ਦੀਆਂ ਹਦਾਇਤਾਂ ਅਨੁਸਾਰ 'ਅਤੇ ਮੈਡੀਕਲ ਅਫਸਰ ਮੂਨਕ ਡਾਕਟਰ ਸ੍ਰੀ ਲਵਰਾਜ ਪਵਾਰ ਜੀ ਦੀ ਅਗਵਾਈ ਹੇਠਾਂ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ; ਮੁਹਿੰਮ ਤਹਿਤ ਖਨੌਰੀ ਮੰਡੀ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਤਹਿਤ ਘਰ ਘਰ ਜਾ ਕੇ ਸਿਹਤ ਵਿਭਾਗ ਦੀ ਟੀਮ ਅਤੇ ਨਗਰ ਪੰਚਾਇਤ ਦੀ ਟੀਮ ਵੱਲੋਂ ਲੋਕਾਂ ਨੂੰ ਡੇਂਗੂ ਤੋਂ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ। ਲੋਕਾਂ ਦੇ ਘਰ ਘਰ ਜਾ ਕੇ ਪਾਣੀ ਦੇ ਸੋਮਿਆਂ ਨੂੰ ਚੈੱਕ ਕੀਤਾ ਗਿਆ। ਲੋਕਾਂ ਨੂੰ ਦੱਸਿਆ ਕਿ ਘਰ ਦੇ ਆਲੇ ਦੁਆਲੇ ਸਾਫ਼ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਇਸ ਮੌਕੇ ਟੀਮ ਵੱਲੋਂ ਘੱਗਰ ਦੇ ਪਾਣੀ ਦਾ ਲੈਵਲ ਵੀ ਚੈਕ ਕੀਤਾ ਗਿਆ, ਜੋ ਲੱਗਭਗ 738.5 'ਤੇ ਪਾਣੀ ਚਲ ਰਿਹਾ ਸੀ। ਇਸ ਮੌਕੇ ਲੋਕਾਂ ਨੂੰ ਬਰਸਾਤੀ ਮੌਸਮ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਸੀਨੀਅਰ ਇੰਸਪੈਕਟਰ ਸ਼੍ਰੀ ਸੁੱਖਦੇਵ ਸਿੰਘ, ਸੀਨੀਅਰ ਇੰਸਪੈਕਟਰ ਸ਼੍ਰੀ ਸੰਜੀਵ ਕੁਮਾਰ, ਸਿਹਤ ਵਿਭਾਗ ਕਰਮਚਾਰੀ ਜਗਸੀਰ ਸਿੰਘ , ਸ਼ਮਸੇਰ ਸਿੰਘ, ਮਨਜੀਤ ਸਿੰਘ, ਪਰਮਜੀਤ ਕੌਰ, ਬੇਅੰਤ ਕੌਰ ਆਦਿ ਹਾਜ਼ਰ ਸਨ, ਜਿਨ੍ਹਾਂ ਨੇ ਲੋਕਾਂ ਨੂੰ ਜਾਗਰੂਕ ਕੀਤਾ। ਲੋਕਾਂ ਵੱਲੋਂ ਵੀ ਟੀਮ ਦਾ ਧੰਨਵਾਦ ਪ੍ਰਗਟ ਕਰਦਿਆਂ ਭਰਵਾਂ ਹੁੰਗਾਰਾ ਦਿੱਤਾ ਗਿਆ।

# ਕਿਸਾਨਾਂ ਦੇ ਖੇਤਾਂ ਲਈ ਨਹਿਰੀ ਪਾਣੀ ਪਹੁੰਚਾਉਣਾ ਪੰਜਾਬ ਸਰਕਾਰ ਦਾ ਮੁੱਖ ਟੀਚਾ: ਗੋਇਲ



ਲਹਿਰਾਗਾਗਾ, 5 ਜੁਲਾਈ +ਗੁਰਦੀਪ ਸਿੰਘ): ਪੰਜਾਬ ਸਰਕਾਰ ਦਾ ਕਿਸਾਨਾਂ ਦੇ ਖੇਤਾਂ ਦੀ ਸਿੰਚਾਈ ਲਈ ਨਹਿਰੀ ਪਾਣੀ ਪਹੁੰਚਾਉਣਾ ਮੁੱਖ ਟੀਚਾ ਹੈ,ਜਿਸ ਨੂੰ ਪੂਰਾ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ, ਕਿਸਾਨਾਂ ਦੇ ਖੇਤਾਂ ਲਈ ਨਹਿਰੀ ਪਾਣੀ ਹਰ ਸੰਭਵ ਪਹੁੰਚਾਇਆ ਜਾਵੇਗਾ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਬਰਿੰਦਰ ਕੁਮਾਰ ਗੋਇਲ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਅੱਜ ਹਲਕਾ ਲਹਿਰਾ ਦੇ ਪਿੰਡ ਕੋਟੜਾ ਲਹਿਲ ਵਿਖੇ ਜਮੀਨ ਦੋਜ ਪਾਈਪਾਂ ਦੇ ਕੰਮ ਦੀ ਸ਼ੁਰੂਆਤ ਕਰਾਉਣ ਸਮੇਂ ਕੀਤਾ, ਕੈਬਨਿਟ ਮੰਤਰੀ ਗੋਇਲ ਨੇ ਅੱਜ ਪਿੰਡ ਕੋਟੜਾ ਲਹਿਲ ਅਤੇ ਬਖੋਰਾ ਕਲਾਂ ਵਿਖੇ ਕਰੀਬ ਇੱਕ ਕਰੋੜ 25 ਲੱਖ ਰੁਪਏ ਦੀ ਲਾਗਤ ਨਾਲ ਪੱਕੇ ਖਾਲਾਂ ਅਤੇ ਜ਼ਮੀਨ ਦੋਸਤ ਪਾਈਪਾਂ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ, ਜਿਸ ਸਬੰਧੀ ਇਹਨਾਂ ਪਿੰਡਾਂ ਦੇ ਲੋਕਾਂ ਵੱਲੋਂ ਪੰਜਾਬ ਸਰਕਾਰ ਅਤੇ ਵਿਸ਼ੇਸ਼ ਤੌਰ 'ਤੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦਾ ਧੰਨਵਾਦ ਕੀਤਾ ਗਿਆ, ਇਸ ਮੌਕੇ ਸ੍ਰੀ ਗੋਇਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡ ਕੋਟੜਾ ਲਹਿਲ ਵਿਖੇ ਕਰੀਬ 89 ਲੱਖ ਰੁਪਏ ਦੀ ਲਾਗਤ ਨਾਲ ਸਿੰਚਾਈ ਲਈ ਪਾਈਪ ਲਾਈਨ ਪਾਈ ਜਾਣੀ ਹੈ, ਜਿਸ ਨਾਲ ਕਰੀਬ 515 ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ ਅਤੇ ਇਸ ਪਾਈਪ ਲਾਈਨ ਦੀ ਲੰਬਾਈ ਲਗਭਗ 18392 ਫੁੱਟ ਹੋਵੇਗੀ, ਇਸੇ ਤਰਾਂ ਪਿੰਡ ਬਖੋਰਾ ਕਲਾਂ ਵਿਖੇ ਲਗਭਗ 36 ਲੱਖ ਰੁਪਏ ਦੀ ਲਾਗਤ ਨਾਲ ਪੱਕੇ ਖਾਲ ਤਿਆਰ ਕੀਤੇ ਜਾ ਰਹੇ ਹਨ, ਜਿਨਾਂ ਦੀ ਲੰਬਾਈ ਤਕਰੀਬਨ 8113 ਫੁੱਟ ਹੋਵੇਗੀ ਅਤੇ ਇਸ ਨਾਲ ਕਰੀਬ 92 ਏਕੜ ਜਮੀਨ ਨੂੰ ਨਹਿਰੀ ਪਾਣੀ ਦੀ ਸਪਲਾਈ ਮਿਲੇਗੀ, ਸ੍ਰੀ ਗੋਇਲ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਖੇਤ ਤੱਕ ਨਹਿਰੀ ਪਾਣੀ ਪੁੱਜਦਾ ਕੀਤਾ ਜਾਵੇਗਾ, ਜੋ ਕਿ ਲਗਭਗ ਕਰੀਬ 30 ਸਾਲ ਬਾਅਦ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਸੰਭਵ ਹੋਵੇਗਾ, ਸੂਬੇ ਦੇ ਨਹਿਰੀ ਸਿਸਟਮ ਦੇ ਵਿਕਾਸ ਲਈ ਪੰਜਾਬ ਸਰਕਾਰ ਨੇ ਪਿਛਲੇ ਸਾਲਾਂ ਵਿੱਚ ਕਰੀਬ 4500 ਕਰੋੜ ਰੁਪਏ ਦੇ ਕੰਮ ਕਰਵਾਏ ਹਨ ਅਤੇ ਸੂਬੇ ਦੇ ਨਹਿਰੀ ਪ੍ਰਬੰਧ ਦੇ ਵਿਕਾਸ ਲਈ ਇਸ ਸਾਲ ਕਰੀਬ 3264 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ, ਸ੍ਰੀ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਮੌਜੂਦਾ ਸਰਕਾਰ ਬਣਨ ਤੱਕ ਪੰਜਾਬ ਦੇ ਹਿੱਸੇ ਦਾ ਤੀਜਾ ਹਿੱਸਾ ਪਾਣੀ ਵਰਤਿਆ ਹੀ ਨਹੀਂ ਜਾ ਰਿਹਾ ਸੀ, ਕਿਉਂਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੇ ਨਹਿਰੀ ਪ੍ਰਬੰਧ ਨੂੰ ਠੀਕ ਕਰਨ ਵੱਲ ਕਦੇ ਧਿਆਨ ਹੀ ਨਹੀਂ ਦਿੱਤਾ ਸੀ, ਪਰ ਮੌਜੂਦਾ ਸਰਕਾਰ ਦੇ ਯਤਨਾਂ ਸਦਕਾ ਨਹਿਰੀ ਪਾਣੀ ਦੀ ਵਰਤੋਂ 62 ਫੀਸਦੀ ਤੋਂ 86 ਫੀਸਦੀ ਤੱਕ ਪਹੁੰਚ ਗਈ ਹੈ ,ਇਸ ਮੌਕੇ ਕੈਬਨਟ ਮੰਤਰੀ ਨੇ ਬੋਲਦਿਆਂ ਕਿਹਾ ਕਿ ਹਲਕੇ ਦੇ ਵੱਡੀ ਗਿਣਤੀ ਵਿੱਚ ਨਹਿਰੀ ਪਾਣੀ ਦੀਆਂ ਪਾਈਪ ਲਾਈਨਾਂ ਪਾਉਣ ਦਾ ਕੰਮ ਜੰਗੀ ਪੱਧਰ ਉੱਤੇ ਚੱਲ ਰਿਹਾ ਹੈ, ਜਿਸ ਨਾਲ ਹਲਕੇ ਦੇ ਵੱਡੇ ਖੇਤਰ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ ਅਤੇ ਧਰਤੀ ਹੇਠਲੇ ਪਾਣੀ ਉੱਤੇ ਨਿਰਭਰਤਾ ਘਟੇਗੀ, ਇਸ ਸਮੇਂ ਉਹਨਾਂ ਦੇ ਨਾਲ ਪੀਏ ਰਕੇਸ਼ ਕੁਮਾਰ ਗੁਪਤਾ, ਐਸ ਸੀ ਸੁਖਜੀਤ ਸਿੰਘ ਭੁੱਲਰ, ਐਕਸੀਅਨ ਇਰੀਗੇਸ਼ਨ ਕਿਰਨਦੀਪ ਕੌਰ ,ਅਮਨਦੀਪ ਸਿੰਘ ਕੋਟੜਾ ਪੰਚ,ਗੋਰਖਾ ਸਿੰਘ ਸਰਪੰਚ ਕੋਟੜਾ,ਸਫਲ ਕਿਸਾਨ ਬਲਜਿੰਦਰ ਸਿੰਘ ਕੋਟੜਾ, ਬਾਰੂ ਸਿੰਘ ਪੰਚ, ਸੋਨੀ ਸਿੰਘ,ਯੂਥ ਆਗੂ ਨਿਰਮਲ ਸਿੰਘ ਕੋਟੜਾ, ਗੁਰਜੰਟ ਸਿੰਘ ਜੰਟੀ, ਸਰਪੰਚ ਗੁਰਲਾਲ ਸਿੰਘ ਬਖੋਰਾ ਕਲਾ, ਤਰਸੇਮ ਸਿੰਘ, ਗੁਰਚਰਨ ਸਿੰਘ, ਪਾਲੀ ਸਿੰਘ ਬਖੋਰਾ ਕਲਾਂ ਤੋਂ ਇਲਾਵਾ ਹੋਰ ਵੀ ਪਤਵੰਤੇ ਸੱਜਣ ਹਾਜ਼ਰ ਸਨ

# ਗੁ. ਮਿੱਠਾਸਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ



ਸ੍ਰੀ ਅਨੰਦਪੁਰ ਸਾਹਿਬ, 5 ਜੁਲਾਈ (ਤਰਲੋਚਨ ਸਿੰਘ): ਇੱਥੋਂ ਦੇ ਨਜ਼ਦੀਕੀ ਪਿੰਡ ਬੱਢਲ ਵਿਖੇ ਸ਼ੁਸ਼ੋਭਿਤ ਇਤਿਹਾਸਕ ਅਸਥਾਨ ਗੁ: ਮਿੱਠਾਸਰ ਸਾਹਿਬ ਮੁੱਖ ਪ੍ਰਬੰਧਕ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵਿਖੇ ਅੱਜ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਦੀਵਾਨ ਸਜਾਇਆ ਗਿਆ। ਜਿਸ ਵਿੱਚ ਭਾਈ ਚਰਨ ਸਿੰਘ ਚੰਨ ਮੀਆਂਪੁਰ ਹੰਡੂਰ ਅਤੇ ਭਾਈ ਜਤਿੰਦਰ ਸਿੰਘ ਬੈਂਸ ਦੇ ਢਾਡੀ ਜਥਿਆਂ ਵੱਲੋਂ ਵਾਰਾਂ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਬਾਬਾ ਗੁਰਦੇਵ ਸਿੰਘ ਮੁੱਖ ਪ੍ਰਬੰਧਕ ਗੁ: ਮਿੱਠਾਸਰ ਸਾਹਿਬ ਵੱਲੋਂ ਜਿੱਥੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ, ਉੱਥੇ ਹੀ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰਪਾਓ ਦੀ ਬਖਸ਼ਿਸ਼ ਦੇ ਕੇ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਸਥਾਨ 'ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ਼ੇਰ ਦਾ ਸ਼ਿਕਾਰ ਕੀਤਾ ਸੀ। ਉਕਤ ਅਸਥਾਨ ਦੇ ਆਸ ਪਾਸ ਕਰੀਬ ਛੇ ਪੁਰਾਤਨ ਬੋੜੀਆਂ ਮੌਜੂਦ ਹਨ, ਜਿਨਾਂ ਵਿੱਚ ਪੁਰਾਤਨ ਕਾਲ 'ਚ ਅੰਮ੍ਰਿਤ ਜਲ ਪ੍ਰਾਪਤ ਹੁੰਦਾ ਸੀ। ਇਸ ਮੌਕੇ ਬਾਬਾ ਗੁਰਦੇਵ ਸਿੰਘ ਮੁੱਖ ਪ੍ਰਬੰਧਕ ਗੁ: ਸ਼ਹੀਦੀ ਬਾਗ, ਬਾਬਾ ਪ੍ਰੇਮ ਸਿੰਘ ਭੋਲੂਜੀ, ਬਾਬਾ ਖੜਕ ਸਿੰਘ ਚੰਦਪੁਰ ਬੇਲਾ, ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿਤਾ ਸੋਹਣ ਸਿੰਘ ਬੈਂਸ, ਮਾਤਾ ਬਲਵਿੰਦਰ ਕੌਰ ਬੈਂਸ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਮੋਹਣ ਸਿੰਘ ਢਾਹੇ, ਬਾਬਾ ਮਲੂਕ ਸਿੰਘ ਲਾਡੀ ਮੁੱਖ ਪ੍ਰਬੰਧਕ ਗੁ: ਨਿਰਮੋਹਗੜ੍ਹ ਸਾਹਿਬ, ਠੇਕੇਦਾਰ ਜਗਜੀਤ ਸਿੰਘ ਜੱਗੀ, ਤਜਿੰਦਰ ਸਿੰਘ ਵਾਲੀਆ, ਜਸਵਿੰਦਰ ਸਿੰਘ ਜੋਗਾ, ਰਘਵੀਰ ਸਿੰਘ ਹਰੀਵਾਲ, ਹਰਜਿੰਦਰ ਸਿੰਘ ਗੱਜਪੁਰ, ਜੋਗਿੰਦਰ ਸਿੰਘ ਮਲਹੋਤਰਾ, ਡਾ: ਗੁਲਜ਼ਾਰ ਸਿੰਘ, ਨਿਰਮਲ ਸਿੰਘ, ਬਲਵਿੰਦਰ ਕੌਰ ਬੈਂਸ, ਬੀਬੀ ਅਮਰ ਕੌਰ, ਬੀਬੀ ਰਜਿੰਦਰ ਕੌਰ, ਸਤਵਿੰਦਰ ਕੌਰ, ਕੁਸਮ ਲਤਾ ਆਦਿਕ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਖੇਤੀਬਾੜੀ ਵਿਗਿਆਨੀਆਂ ਤੇ ਸਿੱਖਿਅਕਾਂ ਲਈ ਉੱਭਰ ਰਹੇ ਏ.ਆਈ. ਟੂਲਸ 'ਤੇ ਐੱਫ.ਡੀ.ਪੀ. ਦਾ ਆਯੋਜਨ

ਮੰਡੀ ਗੋਬਿੰਦਗੜ੍ਹ, 5 ਜੁਲਾਈ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਵਿਖੇ ਖੇਤੀਬਾੜੀ ਤੇ ਜੀਵ ਵਿਗਿਆਨ ਫੈਕਲਟੀ ਤੇ ਇੰਜੀਨੀਅਰਿੰਗ ਤਕਨਾਲੋਜੀ ਤੇ ਕੰਪਿਊਟਿੰਗ ਫੈਕਲਟੀ ਦੇ ਸਹਿਯੋਗ ਨਾਲ ਅਕਾਦਮਿਕ ਮਾਮਲਿਆਂ ਦੇ ਦਫਤਰ ਦੀ ਅਗਵਾਈ ਹੇਠ, ਅਗਰੀਮ ਕਲੱਬ ਵੱਲੋਂ 'ਖੇਤੀਬਾੜੀ ਵਿਗਿਆਨੀਆਂ ਤੇ ਸਿੱਖਿਅਕਾਂ ਲਈ ਉੱਭਰ ਰਹੇ ਏਆਈ ਟੂਲਜ਼' ਵਿਸ਼ੇ 'ਤੇ ਇੱਕ ਫੈਕਲਟੀ ਵਿਕਾਸ ਪ੍ਰੋਗਰਾਮ (ਐਫਡੀਪੀ) ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੇ ਉਦਘਾਟਨ ਮੌਕੇ ਪਤਵੰਤਿਆਂ ਤੇ ਭਾਗੀਦਾਰਾਂ ਦਾ ਪ੍ਰੋ. (ਡਾ.) ਅਰਜੀਤ ਸਿੰਘ, ਪ੍ਰੋ. ਵਾਈਸ ਚਾਂਸਲਰ (ਅਕਾਦਮਿਕ) ਦੁਆਰਾ ਨਿੱਘਾ ਸਵਾਗਤ ਕੀਤਾ ਗਿਆ, ਜਿਨ੍ਹਾਂ ਨੇ ਅਕਾਦਮਿਕ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਐਫਡੀਪੀ ਦੀ ਮਹੱਤਤਾ ਨੂੰ ਉਜਾਗਰ ਕੀਤਾ। ਆਪਣੇ ਮੁੱਖ ਭਾਸ਼ਣ ਵਿੱਚ ਉਨ੍ਹਾਂ ਨੇ ਸਿੱਖਿਆ ਦੀ ਗੁਣਵੱਤਾ ਵਧਾਉਣ, ਨਵੀਨਤਾ ਨੂੰ ਉਤਸ਼ਾਹਿਤ ਕਰਨ ਤੇ ਸਿੱਖਿਆ ਵਿਧੀਆਂ ਨੂੰ ਬਿਹਤਰ ਬਣਾਉਣ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਧਦੀ ਸਾਰਥਿਕਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਡਾ. ਖੁਸ਼ਬੂ ਬਾਂਸਲ ਨੇ ਸਾਰੇ ਭਾਗੀਦਾਰਾਂ ਤੇ ਸਤਿਕਾਰਯੋਗ ਬੁਲਾਰਿਆਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ, ਜਿਸ ਨਾਲ ਇੱਕ ਬਹੁਤ ਹੀ ਸੁਭਾਵਨ ਤੇ ਦਿਲਚਸਪ ਅਕਾਦਮਿਕ ਸੈਸ਼ਨ ਦੀ




ਸ਼ੁਰੂਆਤ ਹੋਈ। ਆਪਣੇ ਉਦਘਾਟਨੀ ਭਾਸ਼ਣ ਵਿੱਚ, ਪ੍ਰੋ. (ਡਾ.) ਐੱਚ.ਕੇ. ਸਿੱਧੂ ਨੇ ਖੋਜਕਰਤਾਵਾਂ ਤੇ ਸਿੱਖਿਅਕਾਂ ਦੋਵਾਂ ਲਈ ਇੱਕ ਪਰਿਵਰਤਨਸ਼ੀਲ ਸਾਧਨ ਵਜੋਂ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ ਨੂੰ ਰੇਖਾਂਕਿਤ ਕੀਤਾ। ਇਸ ਦੌਰਾਨ ਤਕਨੀਕੀ ਸੈਸ਼ਨਾਂ ਵਿੱਚ ਪ੍ਰਸਿੱਧ ਮਾਹਿਰਾਂ ਦੁਆਰਾ ਗਿਆਨਵਾਨ ਭਾਸ਼ਣਾਂ ਦੀ ਇੱਕ ਲੜੀ ਪੇਸ਼ ਕੀਤੀ ਗਈ: ਮਕੈਨੀਕਲ ਇੰਜੀਨੀਅਰਿੰਗ ਦੇ ਪ੍ਰੋਫੈਸਰ, ਪ੍ਰੋ. (ਡਾ.) ਬਧਾਈ ਲੋਨੀਆ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਬਾਰੇ ਇੱਕ ਵਿਆਪਕ ਜਾਣ-ਪਛਾਣ ਕਰਵਾਈ। ਖੇਤੀਬਾੜੀ ਤੇ ਜੀਵ ਵਿਗਿਆਨ ਫੈਕਲਟੀ, ਡਾ. ਅਵਿਨਾਸ਼ ਕੁਮਾਰ ਭਾਟੀਆ ਨੇ ਖੇਤੀਬਾੜੀ ਵਿੱਚ ਏਆਈ ਦੇ ਏਕੀਕਰਨ ਬਾਰੇ ਡੂੰਘਾਈ ਨਾਲ ਜਾਣਕਾਰੀ ਪ੍ਰਦਾਨ ਕੀਤੀ। ਇਲੈਕਟ੍ਰਾਨਿਕਸ ਤੇ ਸੰਚਾਰ ਇੰਜੀਨੀਅਰਿੰਗ ਵਿਭਾਗ ਵਿੱਚ ਐਸੋਸੀਏਟ ਪ੍ਰੋਫੈਸਰ ਡਾ. ਗੁਰਿੰਦਰ ਕੌਰ ਸੋਢੀ ਨੇ ਏਆਈ ਦੇ ਅੰਤਰ-ਅਨੁਸ਼ਾਸਨੀ ਲਾਭਾਂ ਦੀ ਪੜਚੋਲ ਕੀਤੀ, ਖਾਸ ਕਰਕੇ ਡਾਕਟਰੀ ਨਿਦਾਨ ਅਤੇ ਸਿਹਤ ਸੰਭਾਲ ਵਿੱਚ ਇਸਦੀ ਵੱਧ ਰਹੀ ਭੂਮਿਕਾ, ਖੇਤੀਬਾੜੀ ਤੇ ਪਾਠ ਏਆਈ ਦੀ ਸੰਭਾਵਨਾ ਨੂੰ ਦਰਸਾਉਂਦੇ ਹੋਏ। ਖੇਤੀਬਾੜੀ ਅਤੇ ਜੀਵ ਵਿਗਿਆਨ ਫੈਕਲਟੀ ਤੋਂ ਡਾ. ਸਚਿਨ ਭਾਰਦਵਾਜ ਨੇ ਮਾਹਿਰ ਸੈਸ਼ਨਾਂ ਦਾ ਸਮਾਪਨ ਵੱਖ-ਵੱਖ ਖੇਤਰਾਂ ਵਿੱਚ ਏਆਈ ਦੇ ਵਿਭਿੰਨ ਉਪਯੋਗਾਂ 'ਤੇ ਇੱਕ ਸੰਪੂਰਨ ਦ੍ਰਿਸ਼ਟੀਕੋਣ ਨਾਲ ਕੀਤਾ। ਇਹ ਪ੍ਰੋਗਰਾਮ ਸ਼੍ਰੀਮਤੀ ਸ਼ਿਵਾਂਗੀ ਸੂਦ ਦੁਆਰਾ ਕੀਤੇ ਗਏ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ।

# 90ਵੇਂ ਜਨਮ ਦਿਨ ਤੋਂ ਪਹਿਲਾਂ ਬੋਲੇ ਦਲਾਈਲਾਮਾ "ਮੈਂ ਅਜੇ 30 ਤੋਂ 40 ਸਾਲ ਹੋਰ ਜੀਵਾਂਗਾ"

## ☛ ਸਵੇਰੇ 3 ਵਜੇ ਇਸ਼ਨਾਨ ਨਾਲ ਸ਼ੁਰੂ ਹੁੰਦੀ ਹੈ ਰੁਟੀਨ



ਧਰਮਸ਼ਾਲਾ, 5 ਜੁਲਾਈ (ਚ.ਨ.ਸ.): ਬੋਧੀ ਨੇਤਾ ਦਲਾਈ ਲਾਮਾ ਨੇ ਸ਼ਨੀਵਾਰ ਨੂੰ, ਆਪਣੇ ਜਨਮ ਦਿਨ ਤੋਂ ਇੱਕ ਦਿਨ ਪਹਿਲਾਂ, ਆਪਣੇ ਉੱਤਰਾਧਿਕਾਰੀ ਦੀ ਘੋਸ਼ਣਾ ਬਾਰੇ ਚੱਲ ਰਹੀਆਂ ਅਫਵਾਹਾਂ 'ਤੇ ਵਿਰਾਮ ਲਗਾ ਦਿੱਤਾ। ਮੈਕਲੋਡਗੰਜ ਦੇ ਦਲਾਈ ਲਾਮਾ ਮੰਦਰ ਵਿੱਚ, ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀ ਸੇਵਾ ਕਰਨ ਲਈ ਹੋਰ 30-40 ਸਾਲ ਜਿਊਣ ਦੀ ਉਮੀਦ ਕਰਦਾ ਹੈ। ਦਲਾਈ ਲਾਮਾ ਐਤਵਾਰ ਨੂੰ ਆਪਣਾ 90ਵਾਂ ਜਨਮ ਦਿਨ ਮਨਾ ਰਹੇ ਹਨ। ਉਨ੍ਹਾਂ ਦੇ ਜਨਮ ਦਿਨ 'ਤੇ ਮੈਕਲੋਡਗੰਜ ਦੇ ਮੁੱਖ ਬੋਧੀ ਮੰਦਰ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਵਿੱਚ ਹਿੱਸਾ ਲੈਣ ਲਈ ਦੇਸ਼-ਵਿਦੇਸ਼ ਤੋਂ ਉਨ੍ਹਾਂ ਦੇ ਪੈਰੋਕਾਰ ਮੈਕਲੋਡਗੰਜ ਪਹੁੰਚੇ ਹਨ। ਐਤਵਾਰ ਨੂੰ ਦਲਾਈ ਲਾਮਾ ਦੇ 90ਵੇਂ ਜਨਮ ਦਿਨ ਨੂੰ ਮਨਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸ ਸਮੇਂ ਦੌਰਾਨ, ਤਿੱਬਤੀ ਬੋਧੀ ਪਰੰਪਰਾ ਦੇ ਚਾਰੇ ਮੁਖੀ ਵੀ ਮੌਜੂਦ ਰਹਿਣਗੇ। ਇਸ ਦੇ ਨਾਲ ਹੀ ਕੇਂਦਰੀ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਕਿਰੇਨ ਰਿਜਿਜੂ ਅਤੇ ਅਰੁਣਾਚਲ ਦੇ ਮੁੱਖ ਮੰਤਰੀ ਪੇਮਾ ਖਾਂਡੂ ਵੀ ਮੌਜੂਦ ਰਹਿਣਗੇ।

# ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਸਬ-ਜੇਲ੍ਹ ਦਾ ਦੌਰਾ ਕਰਕੇ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ



ਫਾਜ਼ਿਲਕਾ, 5 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਫਾਜ਼ਿਲਕਾ ਅਵਤਾਰ ਸਿੰਘ ਨੇ ਸਬ ਜੇਲ੍ਹ, ਫਾਜ਼ਿਲਕਾ ਦਾ ਦੌਰਾ ਕੀਤਾ ਅਤੇ ਉਨ੍ਹਾਂ ਨੇ ਜੇਲ੍ਹ ਸੁਪਰਡੈਂਟ ਅਤੇ ਜੇਲ੍ਹ ਵਾਸੀਆਂ ਨੂੰ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ, ਕਿਉਂਕਿ ਜੰਗਲਾਂ, ਝੀਲਾਂ, ਦਰਿਆਵਾਂ ਅਤੇ ਜੰਗਲੀ ਜੀਵਾਂ ਸਮੇਤ ਕੁਦਰਤੀ ਵਾਤਾਵਰਣ ਦੀ ਰੱਖਿਆ ਅਤੇ ਸੁਧਾਰ ਕਰਨਾ ਅਤੇ ਜੀਵਤ ਜੀਵਾਂ ਪ੍ਰਤੀ ਹਮਦਰਦੀ ਰੱਖਣਾ ਹਰੇਕ ਨਾਗਰਿਕ ਦਾ ਮੁੱਢਲਾ ਫਰਜ਼ ਹੈ। ਪੌਦੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਦੇ ਹਨ। ਪੌਦੇ ਕੁਦਰਤੀ ਸ਼ੁੱਧੀਕਰਨ ਦਾ ਕੰਮ ਕਰਦੇ ਹਨ, ਆਕਸੀਜਨ ਛੱਡਦੇ ਹਨ ਅਤੇ ਹਾਨੀਕਾਰਕ ਪ੍ਰਦੂਸ਼ਕਾਂ ਨੂੰ ਸੋਖਦੇ ਹਨ। ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਫਾਜ਼ਿਲਕਾ ਨੇ 02 ਏਕੜ 1.5 ਕਨਾਲ ਦੀ ਜ਼ਮੀਨ, ਜੋ ਕਿ ਪੁਰਾਣੇ ਕੋਰਟ ਕੰਪਲੈਕਸ, ਫਾਜ਼ਿਲਕਾ ਵਿੱਚ ਬੰਜਰ ਪਈ ਸੀ, ਨੂੰ ਖੇਤੀ ਕਰਨ ਅਤੇ ਰੁੱਖ ਉਗਾਉਣ ਦੇ ਯੋਗ ਬਣਾਇਆ, ਉਕਤ ਜ਼ਮੀਨ ਨੂੰ ਪੱਧਰ ਕਰਕੇ ਅਤੇ ਝਾੜੀਆਂ ਅਤੇ ਘਾਹ ਨੂੰ ਸਾਫ ਕਰਕੇ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਉਕਤ ਜ਼ਮੀਨ ਵਿੱਚ ਲਗਭਗ 1500 ਰੁੱਖ ਲਗਾਏ। ਇਸ ਤੋਂ ਇਲਾਵਾ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਸੈਸ਼ਨ ਕੋਰਟ ਅਤੇ ਸੈਸ਼ਨ ਹਾਊਸ ਨਾਲ ਜੁੜੇ ਰਸੋਈ ਗਾਰਡਨ ਵਿੱਚ ਲਗਭਗ 300 ਰੁੱਖ ਵੀ ਲਗਾਏ। ਅਦਾਲਤ ਦੇ ਸਮੇਂ ਤੋਂ ਬਾਅਦ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਖੁਦ ਪੌਦਿਆਂ ਦੀ ਨਿਗਰਾਨੀ ਕਰਦੇ ਹਨ। ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਪੌਦਿਆਂ ਨੂੰ ਪਾਣੀ ਪਿਲਾਉਣ ਅਤੇ ਜਾਨਵਰਾਂ ਅਤੇ ਪੰਛੀਆਂ ਤੋਂ ਬਚਾਉਣ ਦਾ ਪ੍ਰਬੰਧ ਵੀ ਕੀਤਾ ਹੈ। ਉਹ ਖੁਦ ਮਾਲੀਆਂ, ਚੌਕੀਦਾਰਾਂ ਅਤੇ ਪ੍ਰੋਸੈਸ ਸਰਵਰਾਂ ਲਈ ਭੋਜਨ ਅਤੇ ਰਿਫਰੈਸ਼ਮੈਂਟ ਲਿਆਉਂਦੇ ਹਨ, ਜੋ ਸਵੈ-ਇੱਛਾ ਨਾਲ ਰੁੱਖ ਲਗਾਉਣ ਵਿੱਚ ਕੰਮ ਕਰ ਰਹੇ ਸਨ। ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਆਪਣੇ ਘਰੇਲੂ ਕੰਮ ਛੱਡ ਦਿੱਤੇ ਅਤੇ ਪੌਦੇ ਲਗਾਉਣ ਵੱਲ ਧਿਆਨ ਦਿੱਤਾ। ਇਸ ਮੌਕੇ ਮੈਡਮ ਰੁਚੀ ਸਵਪਨ ਸ਼ਰਮਾ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਮੌਜੂਦ ਸਨ।

# ਮਿਸ਼ਨ 'ਇਕ ਜੱਜ ਇਕ ਰੁੱਖ' ਮੁਹਿੰਮ ਹੇਠ ਨਿਆਂ ਅਧਿਕਾਰੀਆਂ ਨੇ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ

ਫਾਜ਼ਿਲਕਾ, 5 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਕਮ-ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸ. ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਅਗਵਾਈ ਹੇਠ ਅਤੇ ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਨਿਗਰਾਨੀ ਹੇਠ, 05.07.2025 ਨੂੰ 'ਮਿਸ਼ਨ ਇਕ ਜੱਜ, ਇਕ ਰੁੱਖ' ਮੁਹਿੰਮ ਤਹਿਤ ਨਵੇਂ ਨਿਆਂ ਅਦਾਲਤ ਕੰਪਲੈਕਸ, ਫਾਜ਼ਿਲਕਾ ਵਿੱਚ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ ਗਏ। ਇਸ ਮੌਕੇ ਧਰਮਿੰਦਰ ਪਾਲ ਸਿੰਗਲਾ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਦਰਬਾਰੀ ਲਾਲ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਕ੍ਰਿਸ਼ਨ ਕੁਮਾਰ ਸਿੰਗਲਾ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਤਰਨਤਾਰਨ ਸਿੰਘ ਬਿੰਦਰਾ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਅਜੀਤ ਪਾਲ ਸਿੰਘ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਅਜੇ ਮਿੱਤਲ, ਸਿਵਲ ਜੱਜ (ਸੀਨੀਅਰ ਡਵੀਜ਼ਨ), ਮੈਡਮ ਹਿਮਾਂਸ਼ੀ ਗਲਹੋਤਰਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਮੈਡਮ ਰੁਚੀ ਸਵਪਨ ਸ਼ਰਮਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ, ਹਰਪ੍ਰੀਤ ਸਿੰਘ, ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ), ਮੈਡਮ ਸੰਦੀਪ ਕੌਰ, ਸਿਵਲ ਜੱਜ (ਜੂਨੀਅਰ ਡਵੀਜ਼ਨ), ਮੈਡਮ ਰਵਲੀਨ ਕੌਰ, ਸਿਵਲ ਜੱਜ (ਜੂਨੀਅਰ ਡਵੀਜ਼ਨ), ਮੈਡਮ ਕਰਮਵਿੰਦਰ ਕੌਰ, ਸਿਵਲ ਜੱਜ (ਜੂਨੀਅਰ ਡਵੀਜ਼ਨ) ਨੇ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾ ਕੇ ਵਾਤਾਵਰਣ ਦੀ ਰੱਖਿਆ ਅਤੇ ਪਾਲਣਾ ਕਰਨ ਦੀ ਸਾਂਝੀ ਸਹੁੰ ਚੱਕੀ। ਇਸ ਮੌਕੇ, ਮੈਡਮ ਰੁਚੀ ਸਵਪਨ ਸ਼ਰਮਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਨੇ ਰੁੱਖ ਲਗਾਉਣ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਹਰਾ-ਭਰਾ ਵਾਤਾਵਰਣ ਬਣਾਈ ਰੱਖਣ, ਕਈ ਬਿਮਾਰੀਆਂ ਤੋਂ ਬਚਾਅ ਕਰਨ ਅਤੇ ਸਾਫ ਹਵਾ ਤੇ ਆਕਸੀਜਨ ਪ੍ਰਦਾਨ ਕਰਨ ਲਈ ਰੁੱਖ ਬਹੁਤ ਲਾਭਦਾਇਕ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਕਿਰਤੀ ਦੀ ਸੰਭਾਲ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਹਰ ਇਕ ਵਿਅਕਤੀ ਨੂੰ ਪੌਦੇ ਲਗਾ ਕੇ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇੱਕ ਰੁੱਖ ਸਿਰਫ ਛਾਂ ਹੀ ਨਹੀਂ ਦਿੰਦਾ, ਸਗੋਂ ਇਹ ਜੀਵਨ ਦੇਣ ਵਾਲਾ ਸਾਹ ਵੀ ਮੁਹੱਈਆ ਕਰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਇਸ ਮਾਨਸੂਨੀ ਮੌਸਮ ਦੌਰਾਨ ਹਰ ਵਿਅਕਤੀ ਨੂੰ ਆਪਣੇ ਆਸ-ਪਾਸ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਾਰਿਆਂ ਨੂੰ ਚੰਗਾ ਨਾਗਰਿਕ ਬਣਕੇ ਵਾਤਾਵਰਣ ਦੀ ਦੇਖਭਾਲ ਕਰਨੀ ਚਾਹੀਦੀ ਹੈ ਜੋ ਇਨਸਾਨੀਅਤ ਅਤੇ ਸਮਾਜਕ ਸੁਰੱਖਿਆ ਲਈ ਜ਼ਰੂਰੀ ਹੈ ਅਤੇ ਹੋਰਾਂ ਨੂੰ ਵੀ ਵਾਤਾਵਰਣ ਦੀ ਸੰਭਾਲ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

# ਭਾਰਤ-ਪਾਕਿ ਸਰਹੱਦ ਤੋਂ ਪਾਰ ਗਏ ਨੌਜਵਾਨ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੂੰ ਮਿਲੇ ਪ੍ਰਸ਼ਾਸਨਿਕ ਅਧਿਕਾਰੀ



ਗੁਰੂਹਰਸਹਾਏ/ਫ਼ਿਰੋਜ਼ਪੁਰ, 5 ਜੁਲਾਈ (ਤਿਵਾੜੀ): ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਗੁਰੂਹਰਸਹਾਏ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਭਾਰਤ-ਪਾਕਿਸਤਾਨ ਅੰਤਰ-ਰਾਸ਼ਟਰੀ ਬਾਰਡਰ ਤੋਂ ਪਾਰ ਗਏ ਪਿੰਡ ਖੈਰੇ ਕੇ ਉਤਾੜ ਦੇ ਨੌਜਵਾਨ ਅੰਮ੍ਰਿਤਪਾਲ ਸਿੰਘ ਦੇ ਘਰ ਪਹੁੰਚ ਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਡੀ.ਐਮ. ਗੁਰੂਹਰਸਹਾਏ ਉਦੇਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਨੌਜਵਾਨ ਅੰਮ੍ਰਿਤਪਾਲ ਸਿੰਘ, ਜੋ ਕਿ 21 ਜੂਨ ਨੂੰ ਭਾਰਤ-ਪਾਕਿਸਤਾਨ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਤੋਂ ਪਾਰ ਪੈਂਦੀ ਆਪਣੀ ਜ਼ਮੀਨ ਵਿੱਚ ਹਰ ਰੋਜ਼ ਦੀ ਤਰ੍ਹਾਂ ਖੇਤੀ ਕਰਨ ਲਈ ਗਿਆ ਸੀ। ਪਰੰਤੂ, ਉਹ ਆਪਣੇ ਘਰ ਵਾਪਸ ਨਹੀਂ ਪਰਤਿਆ। ਜਿਸ 'ਤੇ ਪਰਿਵਾਰਕ ਮੈਂਬਰਾਂ ਵੱਲੋਂ ਜ਼ਮੀਨ ਦੇ ਨਾਲ ਲੱਗਦੀ ਬੀ.ਐਸ.ਐਫ. ਦੀ ਚੌਂਕੀ ਰਾਣਾ ਵਿਖੇ ਪਹੁੰਚ ਕੀਤੀ ਗਈ। ਇਸ ਉਪਰੰਤ ਬੀ.ਐਸ.ਐਫ. ਵੱਲੋਂ ਪੜਤਾਲ ਕਰਨ ਉਪਰੰਤ ਸਪੱਸ਼ਟ ਕੀਤਾ ਗਿਆ ਕਿ ਉਨ੍ਹਾਂ ਦਾ ਲੜਕਾ ਅੰਮ੍ਰਿਤਪਾਲ ਸਿੰਘ ਵਾਪਸ ਨਹੀਂ ਆਇਆ। ਬੀ.ਐਸ.ਐਫ. ਵੱਲੋਂ ਪਾਕਿਸਤਾਨ ਰੇਂਜਰਜ਼ ਨਾਲ 3-4 ਵਾਰ ਮੀਟਿੰਗ ਕਰਨ ਉਪਰੰਤ ਪਾਕਿਸਤਾਨ ਰੇਂਜਰਜ਼ ਵੱਲੋਂ ਵੀ 27 ਜੂਨ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਅੰਮ੍ਰਿਤਪਾਲ ਸਿੰਘ ਨਜ਼ਦੀਕ ਲਗਦੀ ਪਾਕਿਸਤਾਨ ਦੀ ਪੁਲਿਸ ਦੀ ਹਿਰਾਸਤ ਵਿੱਚ ਹੈ। ਐਸ.ਡੀ.ਐਮ. ਨੇ ਪਰਿਵਾਰਿਕ ਮੈਂਬਰਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੂੰ ਵਾਪਸ ਲੈ ਕੇ ਆਉਣ ਸਬੰਧੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਨੂੰ ਲਿਖਿਆ ਜਾਵੇਗਾ ਅਤੇ ਪੰਜਾਬ ਸਰਕਾਰ ਰਾਹੀਂ ਮਾਨਯੋਗ ਵਿਦੇਸ਼ ਮੰਤਰੀ/ਭਾਰਤ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ ਤਾਂ ਜੋ ਨੌਜਵਾਨ ਨੂੰ ਛੇਤੀ ਤੋਂ ਛੇਤੀ ਵਾਪਸ ਭਾਰਤ ਲਿਆਂਦਾ ਜਾ ਸਕੇ। ਇਸ ਮੌਕੇ ਬੀਰਕਰਨ ਸਿੰਘ ਢਿੱਲੋਂ ਤਹਿਸੀਲਦਾਰ ਗੁਰੂਹਰਸਾਏ ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਸਨ।

# ਗੁ. ਘਾਹ ਸਾਹਿਬ (ਘੋੜਿਆਂ ਦਾ ਘਾਹ) ਵਿਖੇ ਗੁਰਮਤਿ ਸਮਾਗਮ ਅੱਜ

## ☛ ਇਤਿਹਾਸਿਕ ਦਿਹਾੜਾ ਮਨਾਉਣ ਲਈ ਸੰਗਤਾਂ ਵੱਧ ਤੋਂ ਵੱਧ ਪਹੁੰਚਣ: ਚੱਠਾ

ਸ੍ਰੀ ਅਨੰਦਪੁਰ ਸਾਹਿਬ, 5 ਜੁਲਾਈ (ਤਰਲੋਚਨ ਸਿੰਘ): ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਗੁਰਦੁਆਰਾ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਸੰਤ ਮਹਾਂਪੁਰਸ਼ਾਂ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਘਾਹ ਸਾਹਿਬ, ਪਿੰਡ ਨੀਲਾਂ, ਨੇੜੇ ਕੌਲਾਂ ਵਾਲਾ ਟੋਭਾ, ਹਿਮਾਚਲ ਪ੍ਰਦੇਸ਼ ਵਿਖੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਲੰਗਰ ਸੇਵਾ ਸੋਸਾਇਟੀ ਪਿੰਡ ਮਟੌਰ, ਸ੍ਰੀ ਅਨੰਦਪੁਰ ਸਾਹਿਬ ਅਤੇ ਸਤਿਗੁਰੂ ਓਟ ਆਸਰਾ ਟਰੱਸਟ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਸਬੰਧੀ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ, ਜਿਨ੍ਹਾਂ ਦੇ ਭੋਗ 6 ਜੁਲਾਈ ਦਿਨ ਐਤਵਾਰ ਨੂੰ ਪਾਏ ਜਾਣਗੇ। ਇਹ ਜਾਣਕਾਰੀ ਤਰਲੋਚਨ ਸਿੰਘ ਚੱਠਾ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਅੱਜ 6 ਜੁਲਾਈ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਦੌਰਾਨ ਕੌਮ ਦੇ ਉੱਚ ਕੋਟੀ ਦੇ ਰਾਗੀ ਸਿੰਘਾਂ ਵੱਲੋਂ ਕੀਰਤਨ ਰਾਹੀਂ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ਉੱਥੇ ਹੀ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਉਹਨਾਂ ਸੰਗਤਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਇਤਿਹਾਸਿਕ ਦਿਹਾੜਾ ਮਨਾਉਣ ਲਈ ਸੰਗਤਾਂ ਵੱਧ ਤੋਂ ਵੱਧ ਪਹੁੰਚ ਕੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ। ਇਸ ਮੌਕੇ ਉਕਤ ਤੋਂ ਇਲਾਵਾ ਕੌਂਸਲਰ ਜਸਵਿੰਦਰ ਸਿੰਘ ਬੱਬੀ, ਤਜਿੰਦਰ ਸਿੰਘ ਰਤਨ, ਮਹਿੰਦਰ ਸਿੰਘ ਵਾਲੀਆ, ਠੇਕੇਦਾਰ ਜਗਜੀਤ ਸਿੰਘ ਜੱਗੀ, ਬੀਰ ਬਿਕਰਮ ਸਿੰਘ ਰਾਜਾ, ਸੁਰਜੀਤ ਸਿੰਘ, ਰਘਬੀਰ ਸਿੰਘ ਬੈਂਸ, ਜੋਗਾ ਸਿੰਘ ਚੰਦਪੁਰ, ਸ਼ੇਰ ਸਿੰਘ ਬੁਰਜ, ਮਨਜੀਤ ਸਿੰਘ ਲੱਕੀ, ਹਰਪਾਲ ਸਿੰਘ, ਅਮਰਜੀਤ ਸਿੰਘ, ਜਸਪਾਲ ਸਿੰਘ ਪੰਮੀ, ਤਰਲੋਚਨ ਸਿੰਘ ਮਟੌਰ, ਜਰਨੈਲ ਸਿੰਘ ਮਟੌਰ, ਨਵਲ ਕਿਸ਼ੋਰ ਹਾਜ਼ਰ ਸਨ।



# ਨਹੀਂ ਰਹੇ ਪਦਮਸ਼੍ਰੀ ਡਾ. ਐੱਮ.ਸੀ. ਡਾਬਰ

## ☛ 20 ਰੁਪਏ ਫੀਸ ਲੈ ਕੇ ਮਰੀਜ਼ ਦਾ ਕਰਦੇ ਸਨ ਇਲਾਜ

ਜਬਲਪੁਰ, 5 ਜੁਲਾਈ (ਚ.ਨ.ਸ.): ਪਦਮਸ੍ਰੀ ਡਾ. ਐੱਮ.ਸੀ. ਡਾਬਰ ਦੀ ਸ਼ੁੱਕਰਵਾਰ ਨੂੰ ਸਵੇਰੇ ਮੌਤ ਹੋ ਗਈ। 80 ਸਾਲਾਂ ਦੀ ਉਮਰ ਬਿਤਾ ਕੇ ਵਿਛੋੜਾ ਦੇ ਗਏ ਡਾ. ਡਾਬਰ ਦਾ ਸਸਕਾਰ ਸ਼ਾਮ ਵੇਲੇ ਕੀਤਾ ਗਿਆ। ਡਾ. ਡਾਬਰ ਦੀ ਪ੍ਰਸਿੱਧੀ ਇਸ ਗੱਲੋਂ ਸੀ ਕਿ ਉਹ 20 ਰੁਪਏ ਫੀਸ ਲੈ ਕੇ ਮਰੀਜ਼ ਦਾ ਇਲਾਜ ਕਰਦੇ ਸਨ ਤੇ ਉਨ੍ਹਾਂ ਨੂੰ ਗ਼ਰੀਬਾਂ ਦਾ ਮਸੀਹਾ ਕਿਹਾ ਜਾਂਦਾ ਸੀ। ਉਨ੍ਹਾਂ ਨੂੰ 2020 ਵਿਚ ਪਦਮਸ੍ਰੀ ਇਨਾਮ ਦਿੱਤਾ ਗਿਆ ਸੀ। ਉਹ ਮੱਧ ਪ੍ਰਦੇਸ਼ ਦੇ ਜਬਲਪੁਰ ਵਿਚ 1972 ਤੋਂ ਗ਼ਰੀਬਾਂ ਦਾ ਇਲਾਜ ਕਰ ਰਹੇ ਸਨ। ਉਨ੍ਹਾਂ ਦਾ ਜਨਮ 16 ਜਨਵਰੀ 1946 ਨੂੰ ਪੰਜਾਬ (ਹੁਣ ਪਾਕਿਸਤਾਨ) ਵਿਚ ਹੋਇਆ ਸੀ। ਮੁਲਕ ਦੀ ਵੰਡ ਮਗਰੋਂ ਉਹ ਮਾਪਿਆਂ ਦੇ ਨਾਲ ਭਾਰਤ ਆ ਗਏ। ਛੋਟੀ ਉਮਰ ਵਿਚ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ ਸੀ। ਉਨ੍ਹਾਂ ਨੇ ਪੰਜਾਬ ਦੇ ਜਲੰਧਰ ਵਿਚ ਪੜ੍ਹਾਈ ਕੀਤੀ ਤੇ ਫਿਰ ਜਬਲਪੁਰ ਮੈਡੀਕਲ ਕਾਲਜ ਪਹੁੰਚੇ ਤੇ 1967 ਵਿਚ ਐੱਮਬੀਬੀਐੱਸ ਦੀ ਡਿਗਰੀ ਹਾਸਿਲ ਕੀਤੀ। ਉਦੋਂ ਤੋਂ ਉਹ ਗ਼ਰੀਬ ਤਬਕੇ ਦੀ ਸੇਵਾ ਕਰਦੇ ਆ ਰਹੇ ਸਨ ਤੇ ਦੇਸ਼ ਦੇ ਵੱਡੇ ਡਾਕਟਰਾਂ ਵਿਚ ਸ਼ੁਮਾਰ ਸਨ।

# ਕੌਂਸਲ ਦਾ ਸਫ਼ਾਈ ਮੇਟ ਮੁਅੱਤਲ ਕਰਨ ਵਿਰੁੱਧ ਸਫ਼ਾਈ ਮੁਲਾਜ਼ਮਾਂ ਨੇ ਕੌਂਸਲ ਅੱਗੇ ਦਿੱਤਾ ਧਰਨਾ



ਅਮਲੋਹ, 5 ਜੁਲਾਈ (ਜਸਵੰਤ ਸਿੰਘ): ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਬਲਜਿੰਦਰ ਸਿੰਘ ਵੱਲੋਂ ਵਾਰਡ ਨੰਬਰ 8 ਦੇ ਕੌਂਸਲਰ ਲਵਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਸਫ਼ਾਈ ਮੇਟ ਪਰਮਜੀਤ ਨੂੰ ਮੁਅੱਤਲ ਕਰਨ ਵਿਰੁੱਧ ਸਫ਼ਾਈ ਸੇਵਕਾਂ ਨੇ ਨਗਰ ਕੌਂਸਲ ਦਫ਼ਤਰ ਅੱਗੇ ਧਰਨਾ ਦੇ ਕੇ ਨਾਹਰੇਬਾਜ਼ੀ ਕੀਤੀ ਤੇ ਦੋਸ਼ ਲਾਇਆ ਕਿ ਸਫ਼ਾਈ ਮੇਟ ਨੂੰ ਗਲਤ ਤਰੀਕੇ ਨਾਲ ਮੁਅੱਤਲ ਕੀਤਾ ਗਿਆ। ਉਨ੍ਹਾਂ ਤੁਰੰਤ ਇਸ ਦੀ ਬਹਾਲੀ ਦੀ ਮੰਗ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਉਸ ਨੂੰ ਤੁਰੰਤ ਬਹਾਲ ਨਾ ਕੀਤਾ ਗਿਆ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਧਰਨੇ ਵਿਚ ਯੂਨੀਅਨ ਦੇ ਪ੍ਰਧਾਨ ਪਰਮਜੀਤ, ਮੀਤ ਪ੍ਰਧਾਨ ਪਰਮਜੀਤ ਕੁਮਾਰ ਮਿੰਟੂ, ਕਰਮਜੀਤ ਸਿੰਘ, ਬਲਜਿੰਦਰ ਸਿੰਘ, ਕੇਵਲ ਸਿੰਘ, ਜਤਿੰਦਰ ਸਿੰਘ, ਰੂਪ ਸਿੰਘ, ਸੋਹਨ ਸਿੰਘ, ਵਰਿੰਦਰ ਸਿੰਘ, ਸਤਨਾਮ, ਬਿਕਰਮ ਸਿੰਘ, ਕਰਮਜੀਤ ਸਿੰਘ, ਸਰੋਜ ਰਾਣੀ, ਮਨਪ੍ਰੀਤ ਕੌਰ, ਬੱਬਲੀ, ਆਸ਼ਾ, ਰੇਖਾ, ਜਸਵੀਰ ਕੌਰ ਤੇ ਨੀਰੂ ਆਦਿ ਸ਼ਾਮਲ ਹੋਏ। ਇਥੇ ਇਹ ਵਰਨਣਯੋਗ ਹੈ ਕਿ ਕੌਂਸਲਰ ਲਵਪ੍ਰੀਤ ਸਿੰਘ ਨੇ ਕੌਂਸਲ ਵਿਚ ਸਫ਼ਾਈ ਸਬੰਧੀ ਮੇਟ ਪਰਮਜੀਤ ਦੀ ਸ਼ਿਕਾਇਤ ਕੀਤੀ ਸੀ, ਜਿਸ 'ਤੇ ਕਾਰਜ ਸਾਧਕ ਅਫ਼ਸਰ ਬਲਜਿੰਦਰ ਸਿੰਘ ਨੇ ਉਸ ਤੋਂ ਜਵਾਬ ਮੰਗਿਆ ਸੀ ਪ੍ਰੰਤੂ ਬਾਅਦ ਵਿਚ ਜਵਾਬ ਤਸੱਲੀਬਖਸ਼ ਨਾ ਹੋਣ ਦੇ ਮਾਮਲੇ ਨੂੰ ਲੈ ਕੇ ਉਨ੍ਹਾਂ ਨੇ ਉਸ ਨੂੰ ਮੁੱਅਤਲ ਕਰ ਦਿੱਤਾ ਸੀ ਤੇ ਇਸ ਸਬੰਧੀ ਬਾਅਦ ਵਿਚ ਚਾਰਜਸ਼ੀਟ ਜਾਰੀ ਕਰਨ ਦੀ ਗੱਲ ਆਖੀ ਸੀ।

# ਰਿਮਟ ਯੂਨੀਵਰਸਿਟੀ ਵਿਖੇ 10 ਰੋਜ਼ਾ ਐੱਨ.ਸੀ.ਸੀ. ਕੈਂਪ ਸ਼ਾਨਦਾਰ ਢੰਗ ਨਾਲ ਹੋਇਆ ਸਮਾਪਤ



ਮੰਡੀ ਗੋਬਿੰਦਗੜ੍ਹ, 5 ਜੁਲਾਈ (ਸੂਦ): ਰਿਮਟ ਯੂਨੀਵਰਸਿਟੀ ਵਿੱਚ ਚੱਲ ਰਿਹਾ 10 ਰੋਜ਼ਾ ਐਨਸੀਸੀ ਸਾਲਾਨਾ ਸਿਖਲਾਈ ਕੈਂਪ ਆਪਣੇ ਟੀਚਿਆਂ ਨੂੰ ਪੂਰਾ ਕਰਦਾ ਹੋਇਆ ਸਮਾਪਤ ਹੋ ਗਿਆ। ਸਮਾਪਤੀ ਮੌਕੇ ਬ੍ਰਿਗੇਡੀਅਰ ਪਰਮਜੀਤ ਸਿੰਘ ਚੀਮਾ ਗਰੁੱਪ ਕਮਾਂਡਰ ਲੁਧਿਆਣਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਕ੍ਰੈਡਿਟਾਂ ਦੁਆਰਾ ਪ੍ਰਦਰਸ਼ਿਤ ਅਨੁਸ਼ਾਸਨ, ਉਤਸ਼ਾਹ ਅਤੇ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੈਸ਼ਨਲ ਕੈਡੇਟ ਕੋਰ ਦੇ ਅਨੁਸ਼ਾਸਨ, ਨਿਰਸਵਾਰਥ ਸੇਵਾ, ਲੀਡਰਸ਼ਿਪ ਅਤੇ ਦੇਸ਼ ਨੂੰ ਪਹਿਲਾਂ ਰੱਖਣ ਦੀ ਭਾਵਨਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕੈਂਪ ਦੀ ਸਫ਼ਲਤਾ ਲਈ ਪ੍ਰਬੰਧਕਾਂ ਦੇ ਸ਼ਾਨਦਾਰ ਬੁਨਿਆਦੀ ਢਾਂਚੇ ਅਤੇ ਸਹਾਇਤਾ ਲਈ ਪ੍ਰਬੰਧਕ ਟੀਮ ਅਤੇ ਮੇਜ਼ਬਾਨ ਯੂਨੀਵਰਸਿਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਆਰਮੀ ਦੇ ਵੱਖ-ਵੱਖ ਤਜਰਬਿਆਂ ਨੂੰ ਸਾਂਝੇ ਕਰਦੇ ਹੋਏ ਬੱਚਿਆਂ ਨੂੰ ਆਰਮੀ ਜੁਆਇੰਨ ਕਰਨ ਦੀ ਸਲਾਹ ਦਿੱਤੀ ਅਤੇ ਕੈਡਿਟਾਂ ਨੂੰ ਫੌਜ ਦੀਆਂ ਦੇਸ਼ ਪ੍ਰਤੀ ਵੱਖ-ਵੱਖ ਗਤੀਵਿਧੀਆਂ ਤੋਂ ਜਾਣੂੰ ਕਰਵਾਇਆ। ਯੂਨੀਵਰਸਿਟੀ ਦੇ ਸੀਟੀਓ ਡਾ. ਆਦਰਸ਼ ਕਾਂਤ ਨੇ ਕੈਂਪ ਦੀਆਂ ਗਤੀਵਿਧੀਆਂ ਦਾ ਵੇਰਵਾ ਦਿੰਦਿਆਂ ਕੈਂਪ ਦੌਰਾਨ ਕੈਡਿਟਾਂ ਦੇ ਸਮਰਪਨ, ਸਿਖਲਾਈ ਦੇ ਨਤੀਜਿਆਂ ਅਤੇ ਪ੍ਰਾਪਤੀਆਂ ਨੂੰ ਉਜਾਗਰ ਕੀਤਾ। ਉਨ੍ਹਾਂ ਵੱਖ-ਵੱਖ ਸਿਖਲਾਈ ਮਾਡਿਊਲਾਂ ਬਾਰੇ ਦੱਸਿਆ, ਜਿਨ੍ਹਾਂ ਵਿੱਚ ਡ੍ਰਿਲ ਅਭਿਆਸ, ਸਰੀਰਕ ਤੰਦਰੁਸਤੀ ਸੈਸ਼ਨ, ਨਕਸ਼ਾ ਪੜ੍ਹਨਾ, ਹਥਿਆਰ ਸਿਖਲਾਈ, ਸ਼ਖਸੀਅਤ ਵਿਕਾਸ ਵਰਕਸ਼ਾਪਾਂ ਅਤੇ ਪ੍ਰੋਗਰਾਮ ਸ਼ਾਮਲ ਸਨ। ਡਾ. ਕਾਂਤ ਨੇ ਕੈਡਿਟਾਂ ਦੀ ਸ਼ਾਨਦਾਰ ਭਾਗੀਦਾਰੀ ਅਤੇ ਅਨੁਸ਼ਾਸਨ ਲਈ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਦੱਸਿਆ ਕਿ ਕੈਂਪ ਵਿਚ ਰਿਮਟ ਯੂਨੀਵਰਸਿਟੀ ਅਤੇ ਹੋਰ ਕਾਲਜਾਂ ਦੇ ਕੈਡਿਟਾਂ ਨੇ ਭਾਗ ਲਿਆ ਅਤੇ ਇਥੇ ਦੇ ਤਜਰਬੇ ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਵੱਡੀ ਯਾਦਗਾਰ ਰਹਿਣਗੇ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ। ਯੂਨੀਵਰਸਿਟੀ ਨੂੰ ਨੈਸ਼ਨਲ ਕੈਡੇਟ ਕੋਰ ਦੇ ਸਹਿਯੋਗ ਨਾਲ ਇਸ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਸਿਖਲਾਈ ਕੈਂਪ ਦੀ ਮੇਜ਼ਬਾਨੀ ਕਰਨ 'ਤੇ ਮਾਣ ਹੈ।

# ਬਾਬਾ ਕੇਸਰ ਸਿੰਘ ਦੀ ਯਾਦ 'ਚ ਤੀਜਾ ਕ੍ਰਿਕਟ ਟੂਰਨਾਮੈਂਟ ਸਫਲਤਾਪੂਰਵਕ ਸੰਪੰਨ



ਫਾਜ਼ਿਲਕਾ, 5 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਬਾਬਾ ਕੇਸਰ ਸਿੰਘ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਤੀਜਾ ਨਿਰੋਲ ਕ੍ਰਿਕਟ ਟੂਰਨਾਮੈਂਟ ਪਿੰਡ ਨਰਸ਼ਾਹ ਵਿਖੇ ਧੂਮਧਾਮ ਨਾਲ ਆਯੋਜਿਤ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਇਲਾਕੇ ਦੀਆਂ 32 ਵੱਖ-ਵੱਖ ਟੀਮਾਂ ਨੇ ਭਾਗ ਲਿਆ ਅਤੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਫਾਈਨਲ ਮੁਕਾਬਲਾ ਪਿੰਡ ਮੌਜਮ ਅਤੇ ਸ਼ਮਸ਼ਾਬਾਦ ਦੀਆਂ ਟੀਮਾਂ ਵਿਚਕਾਰ ਹੋਇਆ, ਜੋ ਬਹੁਤ ਹੀ ਰੋਮਾਂਚਕ ਰਿਹਾ। ਦੋਵੇਂ ਟੀਮਾਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਦਰਸ਼ਕਾਂ ਨੂੰ ਉਤਸ਼ਾਹ ਅਤੇ ਮਨੋਰੰਜਨ ਭਰਪੂਰ ਮਿਲਿਆ। ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈਲਫ਼ੇਅਰ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਅਤੇ ਜਰਨਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਖੇਡਾਂ ਦੇ ਮਹੱਤਵ 'ਤੇ ਚਾਨਣਾ ਪਾਇਆ ਅਤੇ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਨਾਲ ਸਨਮਾਨਤ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਅਜੈ ਸਚਦੇਵਾ ਨੇ ਕਿਹਾ ਕਿ, ਸਾਡੀ ਸੋਸਾਇਟੀ ਦਾ ਮਕਸਦ ਸਿਰਫ਼ ਸਮਾਜਕ ਭਲਾਈ ਤੱਕ ਸੀਮਿਤ ਨਹੀਂ, ਸਗੋਂ ਨੌਜਵਾਨਾਂ ਨੂੰ ਖੇਡਾਂ ਰਾਹੀਂ ਨਸ਼ਿਆਂ ਤੋਂ ਦੂਰ ਰੱਖਣਾ ਵੀ ਹੈ। ਅਸੀਂ ਹਮੇਸ਼ਾ ਇਲਾਕੇ 'ਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਅੱਗੇ ਰਹਾਂਗੇ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਵਿੱਚ ਟੀਮ ਵਰਕ, ਅਨੁਸ਼ਾਸਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੀਆਂ ਹਨ। ਉਨ੍ਹਾਂ ਨੇ ਖਿਡਾਰੀਆਂ ਨੂੰ ਸਖ਼ਤ ਮਿਹਨਤ ਅਤੇ ਸਮਰਪਣ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਪੂਜਾ ਲੂਥਰਾ ਸਚਦੇਵਾ ਨੇ ਆਪਣੇ ਸੰਬੋਧਨ ਵਿੱਚ ਖੇਡਾਂ ਦੇ ਮਹੱਤਵ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈਲਫੇਅਰ ਸੋਸਾਇਟੀ ਹਮੇਸ਼ਾ ਖਿਡਾਰੀਆਂ ਦੀ ਮਦਦ ਲਈ ਤਿਆਰ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਟੂਰਨਾਮੈਂਟ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨੂੰ ਨਿਖਾਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਟੂਰਨਾਮੈਂਟ ਦੌਰਾਨ ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈਲਫੇਅਰ ਸੋਸਾਇਟੀ ਵੱਲੋਂ ਜੇਤੂ ਟੀਮ ਅਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਟਰਾਫੀਆਂ ਅਤੇ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਪੰਡ ਮੌਜਮ ਦੀ ਟੀਮ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਸ਼ਮਸ਼ਾਬਾਦ ਦੀ ਟੀਮ ਨੂੰ ਹਰਾਕੇ ਟਰਾਫੀ ਆਪਣੇ ਨਾਮ ਕੀਤੀ।

# ਓਮ ਪ੍ਰਕਾਸ਼ ਬਾਂਸਲ ਸਕੂਲ 'ਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਤੇ ਤੰਦਰੁਸਤੀ 'ਤੇ ਵਿਸ਼ੇਸ਼ ਸੈਸ਼ਨ ਆਯੋਜਿਤ



ਮੰਡੀ ਗੋਬਿੰਦਗੜ੍ਹ, 5 ਜੁਲਾਈ (ਸੂਦ): ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਨੇ ਸਕੂਲ ਦੇ ਵਿਹੜੇ ਵਿੱਚ 'ਵਿਦਿਆਰਥੀਆਂ ਵਿੱਚ ਮਾਨਸਿਕ ਸਿਹਤ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ' ਵਿਸ਼ੇ 'ਤੇ ਵਿਸ਼ੇਸ਼ ਸੈਸ਼ਨ ਆਯੋਜਿਤ ਕੀਤਾ, ਜਿਸ ਵਿੱਚ 60 ਅਧਿਆਪਕਾਂ ਨੇ ਭਾਗ ਲਿਆ ਅਤੇ ਮਾਨਸਿਕ ਸਿਹਤ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਡੂੰਘਾਈ ਨਾਲ ਚਰਚਾ ਕੀਤੀ। ਦੋ ਉੱਘੇ ਬੁਲਾਰੇ ਗੁਰਭੇਜ ਸਿੰਘ ਨਾਗੀ ਪ੍ਰਿੰਸੀਪਲ ਗੁਰੂ ਨਾਨਕ ਪਬਲਿਕ ਸਕੂਲ ਲੁਧਿਆਣਾ ਅਤੇ ਸ਼੍ਰੀਮਤੀ ਜਿੰਨੀ ਤਲਵਾਰ ਪ੍ਰਿੰਸੀਪਲ ਡੀਆਈਪੀਐਸ ਸਕੂਲ ਨੂਰਮਹਿਲ ਨੇ ਅਧਿਆਪਕਾਂ ਨਾਲ ਆਪਣੇ ਤਜ਼ਰਬਿਆਂ ਅਤੇ ਡੂੰਘਾਈ ਨਾਲ ਮਾਰਗ ਦਰਸ਼ਨ ਕੀਤਾ। ਸੈਸ਼ਨ ਵਿੱਚ ਬੱਚਿਆਂ ਵਿੱਚ ਪਾਈਆਂ ਜਾਣ ਵਾਲੀਆਂ ਆਮ ਭਾਵਨਾਤਮਕ ਸਮੱਸਿਆਵਾਂ ਜਿਵੇਂ ਕਿ ਚਿੰਤਾ, ਸਮਾਜਿਕ ਇਕੱਲਤਾ, ਚਿੜਚਿੜਾਪਨ, ਹਾਈਪਰਐਕਟੀਵਿਟੀ ਅਤੇ ਧਿਆਨ ਦੀ ਘਾਟ ਬਾਰੇ ਚਰਚਾ ਕੀਤੀ ਗਈ। ਬੁਲਾਰਿਆਂ ਨੇ ਅਧਿਆਪਕਾਂ ਨੂੰ ਕਲਾਸਰੂਮ ਵਿੱਚ ਭਾਵਨਾਤਮਕ ਤੌਰ 'ਤੇ ਸੁਰੱਖਿਅਤ ਵਾਤਾਵਰਣ ਬਣਾਉਣ, ਵਿਦਿਆਰਥੀਆਂ ਦੀਆਂ ਭਾਵਨਾਵਾਂ ਨੂੰ ਸਮਝਣ ਅਤੇ ਸੰਚਾਰ ਨੂੰ ਤਰਜੀਹ ਦੇਣ ਦਾ ਸੁਝਾਅ ਦਿੱਤਾ। ਸਕਾਰਾਤਮਕ ਵਿਵਹਾਰ, ਸਰਗਰਮ ਸੁਣਨਾ ਅਤੇ ਮਾਪਿਆਂ ਅਤੇ ਸਕੂਲ ਸਲਾਹਕਾਰਾਂ ਦਾ ਸਮਰਥਨ ਵਿਦਿਆਰਥੀ ਜੀਵਨ ਨੂੰ ਸੰਤੁਲਿਤ ਅਤੇ ਤਣਾਅ-ਮੁਕਤ ਬਣਾ ਸਕਦਾ ਹੈ। ਸੈਸ਼ਨ ਦੌਰਾਨ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਕਿਹਾ ਕਿ ਅੱਜ ਦੀ ਸਿੱਖਿਆ ਸਿਰਫ਼ ਕਿਤਾਬੀ ਗਿਆਨ ਤੱਕ ਸੀਮਤ ਨਹੀਂ। ਇੱਕ ਅਧਿਆਪਕ ਨੂੰ ਵਿਦਿਆਰਥੀਆਂ ਦੀ ਭਾਵਨਾਤਮਕ ਸਥਿਤੀ ਨੂੰ ਸਮਝਣਾ, ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਅਤੇ ਮਾਨਸਿਕ ਸੰਤੁਲਨ ਵਿਕਸਤ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਸਾਡਾ ਟੀਚਾ ਸਿਰਫ਼ ਹੁਸ਼ਿਆਰ ਵਿਦਿਆਰਥੀਆਂ ਨੂੰ ਤਿਆਰ ਕਰਨਾ ਹੀ ਨਹੀਂ, ਸਗੋਂ ਮਾਨਸਿਕ ਤੌਰ 'ਤੇ ਸਿਹਤਮੰਦ ਅਤੇ ਮਜ਼ਬੂਤ ਸ਼ਖਸੀਅਤ ਦਾ ਨਿਰਮਾਣ ਕਰਨਾ ਵੀ ਹੈ।

# ਗਰੀਬ ਲੋਕਾਂ ਦੀ ਸੇਵਾ ਕਰਕੇ ਮਨ ਨੂੰ ਸ਼ਾਂਤੀ ਮਿਲਦੀ ਹੈ: ਕੁਲਭੂਸ਼ਨ ਮਹੇਸ਼ਵਰੀ




ਜੈਤੋ, 5 ਜੁਲਾਈ (ਸੰਜੀਵ ਗੋਇਲ/ਵਿਪਨ ਗੋਇਲ): ਸਮਾਜ ਸੇਵਾ ਨੂੰ ਸਮਰਪਿਤ ਲਾਇਨ ਕਲੱਬ ਜੈਤੋ ਗੰਗਸਰ ਵੱਲੋਂ ਜ਼ਿਲ੍ਹਾ 321-ਐਫ ਦੇ ਜ਼ਿਲ੍ਹਾ ਗਵਰਨਰ ਮਾਨਯੋਗ ਲਾਇਨ ਅੰਮ੍ਰਿਤਪਾਲ ਸਿੰਘ ਝੰਡੂ ਦੀ ਯੋਗ ਅਗਵਾਈ ਹੇਠ ਗਰੀਬਾਂ ਲਈ ਭੋਜਨ ਸੇਵਾ ਪ੍ਰੋਗਰਾਮ ਦੇ ਹਿੱਸੇ ਵਜੋਂ, ਸ਼੍ਰੀ ਸ਼ਨੀਦੇਵ ਮੰਦਰ ਜੈਤੋ ਦੇ ਬਾਹਰ ਬੈਠੇ ਸੰਤਾਂ ਨੂੰ ਚਾਹ, ਬਿਸਕੁਟ ਅਤੇ ਰੋਟੀ ਵੰਡੀ ਗਈ। ਇਹ ਸੇਵਾ ਕਲੱਬ ਦੇ ਪ੍ਰਧਾਨ ਲਾਇਨ ਕੁਲਭੂਸ਼ਣ ਮਹੇਸ਼ਵਰੀ ਦੁਆਰਾ ਸ਼ੁਰੂ ਕੀਤੀ ਗਈ ਹੈ। ਪ੍ਰਧਾਨ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਗਰੀਬਾਂ ਦੀ ਸੇਵਾ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਸਾਡਾ ਕਲੱਬ ਅਜਿਹੇ ਲੋਕਾਂ ਨੂੰ ਚੰਗੇ ਕੰਮ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ। ਸਾਨੂੰ ਲੋਕਾਂ ਦਾ ਸਹਿਯੋਗ ਮਿਲਦਾ ਹੈ ਅਤੇ ਸਾਡਾ ਕਲੱਬ ਭਵਿੱਖ ਵਿੱਚ ਵੀ ਅਜਿਹੇ ਚੰਗੇ ਕੰਮ ਜਾਰੀ ਰੱਖੇਗਾ। ਇਸ ਮੌਕੇ ਲਾਇਨ ਆਈ ਕੇਅਰ ਸੈਂਟਰ ਜੈਤੋ ਦੇ ਚੇਅਰਮੈਨ ਲਾਇਨ ਰਾਕੇਸ਼ ਰੋਮਾਣਾ, ਸਕੱਤਰ ਲਾਇਨ ਮੰਨੂ ਗੋਇਲ, ਖਜ਼ਾਨਚੀ ਲਾਇਨ ਆਸ਼ੂ ਮਿੱਤਲ, ਪੀਆਰਓ ਲਾਇਨ ਨਰੇਸ਼ ਮਿੱਤਲ, ਸਾਬਕਾ ਪ੍ਰਧਾਨ ਲਾਇਨ ਪ੍ਰਵੀਨ ਜੈਨ ਅਤੇ ਲਾਇਨ ਮਨੂ ਵਰਮਾ ਆਦਿ ਮੈਂਬਰ ਹਾਜ਼ਰ ਸਨ।

# ਇਫਕੋ ਨੇ ਵਾਤਾਵਰਨ ਦੀ ਸਾਂਭ-ਸੰਭਾਲ ਲਈ ਬੂਟੇ ਵੰਡੇ




ਫਿਰੋਜ਼ਪੁਰ, 5 ਜੁਲਾਈ (ਤਿਵਾੜੀ): ਸੰਸਾਰ ਭਰ ਦੀ ਸਭ ਤੋਂ ਵੱਡੀ ਸਹਿਕਾਰੀ ਸੰਸਥਾ ਇਫ਼ਕੋ ਵੱਲੋਂ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਫਿਰੋਜ਼ਸ਼ਾਹ ਦੇ ਪ੍ਰਾਇਮਰੀ ਸਕੂਲ ਵਿਖੇ ਕੌਮਾਂਤਰੀ ਸਹਿਕਾਰੀ ਦਿਹਾੜਾ ਅਤੇ ਕੇਂਦਰ ਸਰਕਾਰ ਦੇ ਸਹਿਕਾਰੀ ਮੰਤਰਾਲੇ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਵਿੱਚ ਸਹਿਕਾਰੀ ਸਭਾਵਾਂ ਦੇ ਕਰਮਚਾਰੀਆਂ ਅਤੇ ਲਗਭਗ 70 ਕਿਸਾਨਾਂ ਵਲੋਂ ਹਿੱਸਾ ਲਿਆ ਗਿਆ। ਇਸ ਸਮਾਗਮ ਵਿੱਚ ਹਿੱਸਾ ਲੈਣ ਲਈ ਇਫਕੋ ਦੇ ਸਟੇਟ ਮਾਰਕਟਿੰਗ ਮੈਨੇਜਰ ਸ੍ਰੀ ਹਰਮੇਲ ਸਿੰਘ ਸਿੱਧੂ ਉਚੇਚੇ ਤੌਰ 'ਤੇ ਪਹੁੰਚੇ। ਇਸ ਬਾਰੇ ਜਾਣਕਾਰੀ ਦਿੰਦਿਆਂ ਸੰਦੀਪ ਕੁਮਾਰ ਸਹਾਇਕ ਮੈਨੇਜਰ ਇਫਕੋ ਫ਼ਿਰੋਜ਼ਪੁਰ ਨੇ ਦੱਸਿਆ ਕਿ ਇਸ ਮੌਕੇ ਕਿਸਾਨਾਂ ਅਤੇ ਸਕੂਲ ਦੇ ਵਿਦਿਆਰਥੀਆਂ ਵਿੱਚ ਇਫਕੋ ਵੱਲੋਂ ਨਿੰਮ ਦੇ 1000 ਬੂਟੇ ਵੰਡੇ ਗਏ। ਇਸ ਮੌਕੇ ਸ੍ਰੀ ਹਰਮੇਲ ਸਿੰਘ ਸਿੱਧੂ ਨੇ ਦੱਸਿਆ ਕਿ ਇਫਕੋ ਦੀਆਂ ਨੈਨੋ ਖਾਦਾਂ ਨੈਨੋ ਯੂਰੀਆ ਪਲੱਸ ਅਤੇ ਨੈਨੋ ਡੀ.ਏ.ਪੀ. ਵਾਤਾਵਰਣ ਦੇ ਪ੍ਰਤੀ ਬਹੁਤ ਲਾਭਦਾਇਕ ਹਨ ਅਤੇ ਇਨ੍ਹਾਂ ਦੀ ਵਰਤੋਂ ਨਾਲ ਕਿਸਾਨ ਆਪਣੀਆਂ ਫ਼ਸਲਾਂ ਦੀ ਕੁਆਲਿਟੀ, ਝਾੜ ਵਿੱਚ ਸੁਧਾਰ ਕਰ ਸਕਦੇ ਹਨ। ਇਹ ਖਾਦਾਂ ਰਵਾਇਤੀ ਖਾਦਾਂ ਦਾ ਇੱਕ ਬਹੁਤ ਵਧੀਆ ਬਦਲ ਹਨ। ਉਨ੍ਹਾਂ ਦੱਸਿਆ ਰਸਾਇਣਿਕ ਖਾਦਾਂ ਦੀ ਬੇਲੋੜੀ ਵਰਤੋਂ ਤੋਂ ਹੋ ਰਹੇ ਵਾਤਾਵਰਣ ਦੇ ਨੁਕਸਾਨ ਨੂੰ ਇਹ ਖਾਦਾਂ ਖਤਮ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ 5 ਮਿਲੀ ਲੀਟਰ ਨੈਨੋ ਡੀ.ਏ.ਪੀ. ਨਾਲ ਇੱਕ ਕਿਲੋਗ੍ਰਾਮ ਬੀਜ ਨੂੰ ਸੋਧ ਕੇ ਬਿਜਾਈ ਕਰਨ ਨਾਲ ਅਤੇ ਫਿਰ 35 ਦਿਨਾਂ ਬਾਅਦ 500 ਮਿਲੀ ਲੀਟਰ ਨੈਨੋ ਡੀ.ਏ.ਪੀ. 125 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ ਨਾਲ ਰਵਾਇਤੀ ਡੀ.ਏ.ਪੀ. ਦੀ ਇੱਕ ਏਕੜ ਮਿਕਦਾਰ ਨੂੰ 50 ਫ਼ੀਸਦੀ ਘਟਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਨੈਨੋ ਯੂਰੀਆ ਪਲੱਸ ਨੂੰ 500 ਮਿਲੀ ਲੀਟਰ ਪ੍ਰਤੀ ਏਕੜ 125 ਲੀਟਰ ਪਾਣੀ ਵਿਚ ਫਸਲ ਲਾਉਣ ਤੋਂ 40 ਦਿਨਾਂ ਬਾਅਦ ਵਰਤਣ ਨਾਲ ਯੂਰੀਆ ਖਾਦ ਦੇ ਇੱਕ ਬੈਗ ਦੇ ਬਰਾਬਰ ਨਾਈਟ੍ਰੋਜਨ ਤੱਤ ਦੀ ਪੂਰਤੀ ਹੁੰਦੀ ਹੈ। ਇਹਨਾਂ ਖਾਦਾਂ ਦੀ ਢੋਆ ਢੁਆਈ ਅਤੇ ਰੱਖ-ਰਖਾਵ 'ਤੇ ਬਹੁਤ ਘੱਟ ਲਾਗਤ ਆਉਂਦੀ ਹੈ। ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ ਦੇ ਡਿਪਟੀ ਡਾਇਰੈਕਟਰ ਗੁਰਮੇਲ ਸਿੰਘ ਸੰਧੂ ਨੇ ਕਿਸਾਨਾਂ ਨੂੰ ਕੇ ਵੀ ਕੇ ਵਿਖੇ ਕਿੱਤਾਮੁਖੀ ਸਿਖਲਾਈਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਅਤੇ ਇਫ਼ਕੋ ਦੇ ਵਾਤਾਵਰਣ ਸਬੰਧੀ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਇਫਕੋ ਨਾਲ ਮਿਲ ਕੇ ਪਿੰਡ ਪੱਧਰ 'ਤੇ ਲੱਗਣ ਵਾਲੇ ਕੈਂਪਾਂ ਵਿੱਚ ਕਿਸਾਨਾਂ ਨੂੰ ਨੈਨੋ ਖਾਦਾਂ ਬਾਰੇ ਹੋਰ ਜਾਗਰੂਕ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਪ੍ਰਾਇਮਰੀ ਸਕੂਲ ਫ਼ਿਰੋਜ਼ਸ਼ਾਹ ਦੇ ਹੈਡ ਮਾਸਟਰ ਸ਼੍ਰੀ ਰਾਜਿੰਦਰ ਸਿੰਘ ਰਾਜਾ ਨੈਸ਼ਨਲ ਐਵਾਰਡੀ ਵੱਲੋਂ ਬੱਚਿਆਂ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਲਈ ਪ੍ਰੇਰਨ ਲਈ ਧੰਨਵਾਦ ਕੀਤਾ।

# ਆਦਰਸ਼ ਸਕੂਲ ਬਾਲਦ ਕਲਾਂ ਦੀ ਨਵੀਂ ਮੈਨੇਜਮੈਂਟ ਕਮੇਟੀ ਦੀ ਚੋਣ



ਭਵਾਨੀਗੜ੍ਹ, 5 ਜੁਲਾਈ (ਅਮਨਦੀਪ ਸਿੰਘ ਮਾਝਾ) : ਆਦਰਸ਼ ਸਕੂਲ ਪਿੰਡ ਬਾਲਦ ਖੁਰਦ ਵਿਖੇ ਨਵੀਂ ਮੈਨੇਜਮੈਂਟ ਕਮੇਟੀ ਦੀ ਚੋਣ ਕੀਤੀ ਗਈ। ਨਵੀਂ ਮੈਨੇਜਮੈਂਟ ਕਮੇਟੀ ਬਾਰੇ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਯੂਥ ਪ੍ਰਧਾਨ ਸੁਖਮਨ ਸਿੰਘ ਬਾਲਦੀਆ ਨੇ ਦੱਸਿਆ ਕਿ ਆਦਰਸ਼ ਸਕੂਲ ਬਾਲਦ ਖੁਰਦ ਵਿੱਚ ਸਮੂਹ ਗ੍ਰਾਮ ਪੰਚਾਇਤ, ਬੱਚਿਆਂ ਦੇ ਮਾਪੇ, ਸਕੂਲ ਇੰਚਾਰਜ ਅਤੇ ਸਮੂਹ ਸਟਾਫ ਦੀ ਮੌਜੂਦਗੀ ਵਿੱਚ ਅਹੁਦੇਦਾਰ ਨਿਯੁਕਤ ਕੀਤੇ ਗਏ। ਜਿਸ ਵਿੱਚ ਹਰਪ੍ਰੀਤ ਕੌਰ ਚੇਅਰਮੈਨ, ਕਰਮਜੀਤ ਸਿੰਘ ਉੱਪ ਚੇਅਰਮੈਨ, ਚਮਕੌਰ ਸਿੰਘ ਸਾਬਕਾ ਸਰਪੰਚ (ਸਥਾਨਕ ਅਥਾਰਿਟੀ), ਤਰਸੇਮ ਸਿੰਘ ਤੂਰ (ਸਮਾਜ ਸੇਵੀ), ਜਮੀਲਾ ਬੇਗਮ (ਮੈਂਬਰ), ਮੇਜਰ ਸਿੰਘ (ਮੈਂਬਰ), ਗੁਰਪ੍ਰੀਤ ਸਿੰਘ (ਮੈਂਬਰ), ਹਰਜਿੰਦਰ ਸਿੰਘ (ਮੈਂਬਰ), ਗੁਰਮੇਲ ਦਾਸ (ਪੰਚਾਇਤ ਮੈਂਬਰ), ਜਸਪ੍ਰੀਤ ਕੌਰ (ਅਧਿਆਪਕ), ਅਮਨਦੀਪ ਕੌਰ (ਮੈਂਬਰ), ਸੰਦੀਪ ਕੌਰ (ਮੈਂਬਰ) ਆਦਿ ਚੁਣੇ ਗਏ। ਇਸ ਮੌਕੇ ਰਮਨ ਸ਼ਰਮਾ ਸਕੂਲ ਇੰਚਾਰਜ, ਮਾਤਾ ਅੰਗਰੇਜ਼ ਕੌਰ (ਸਰਪੰਚ) ਵੀ ਹਾਜਰ ਸਨ। ਸਾਰੇ ਨਵ-ਨਿਯੁਕਤ ਅਹੁਦੇਦਾਰਾਂ ਨੇ ਸਕੂਲ ਪ੍ਰਬੰਧਾਂ ਨੂੰ ਇਮਾਨਦਾਰੀ ਨਾਲ ਚਲਾਉਣ ਅਤੇ ਦਿਨ ਰਾਤ ਸੇਵਾ ਵਿੱਚ ਹਾਜ਼ਰ ਰਹਿਣ ਦਾ ਭਰੋਸਾ ਦਿੱਤਾ।

# ਅਧਿਆਪਕ ਯੂਨੀਅਨ ਦੇ ਆਗੂ ਕਰਵਾਏ ਰਿਹਾਅ



ਸੰਗਰੂਰ, 5 ਜੁਲਾਈ (ਹਰਕੰਵਲ ਸਿੰਘ ਹੈਪੀ):ਈ.ਟੀ.ਟੀ. 5994 ਬੈਕਲਾਗ ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ ਬੀਤੀ 29 ਜੂਨ ਨੂੰ ਮੁੱਖ ਮੰਤਰੀ ਪੰਜਾਬ ਦੀ ਕੋਠੀ ਦਾ ਘਿਰਾਓ ਰੱਖਿਆ ਗਿਆ ਸੀ। ਜਿਸ ਦੌਰਾਨ ਪੁਲਿਸ ਵੱਲੋਂ 37 ਅਧਿਆਪਕਾਂ ਨੂੰ ਸੰਗਰੂਰ, ਬਰਨਾਲਾ ਅਤੇ ਮਾਲੇਰਕੋਟਲਾ ਜੇਲ੍ਹਾਂ ਦੇ ਵਿੱਚ ਭੇਜ ਦਿੱਤਾ ਗਿਆ ਸੀ। ਜਿਸ ਉਪਰੰਤ ਜਥੇਬੰਦੀਆਂ ਦੇ ਸਾਂਝੇ ਵਫਦ ਵੱਲੋਂ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਨਾਲ ਕੀਤੀ ਮੁਲਾਕਾਤ ਤੋਂ ਬਾਅਦ ਦੂਸਰੇ ਦਿਨ ਸ਼ਾਮ ਨੂੰ 32 ਅਧਿਆਪਕਾਂ ਨੂੰ ਰਿਹਾਅ ਕਰਕੇ ਪੰਜ ਮੁੱਖ ਆਗੂਆਂ ਨੂੰ ਜੇਲ੍ਹ ਵਿੱਚ ਬੰਦ ਰੱਖਿਆ ਗਿਆ। ਇਸ ਸੰਬੰਧੀ ਜਥੇਬੰਦੀਆਂ ਵੱਲੋਂ ਮੁੜ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰਕੇ ਰੋਸ ਤੋਂ ਜਾਣੂੰ ਕਰਵਾਉਣ ਅਤੇ ਅਧਿਆਪਕਾਂ ਦੇ ਰਿਹਾਅ ਨਾ ਹੋਣ ਦੀ ਸੂਰਤ ਵਿੱਚ ਅਗਲਾ ਸੰਘਰਸ਼ ਐਲਾਨ ਕਰਨ ਦੀ ਚੇਤਾਵਨੀ ਦੇ ਮੱਦੇਨਜ਼ਰ ਹੁਣ ਰਹਿੰਦੇ ਸਾਰੇ ਅਧਿਆਪਕਾਂ ਨੂੰ ਜੇਲ੍ਹਾਂ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਹੈ।ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਰਹਿੰਦੇ ਪੰਜ ਆਗੂਆਂ ਸੁਰਿੰਦਰਪਾਲ ਗੁਰਦਾਸਪੁਰ, ਅਸ਼ੋਕ ਬਾਵਾ, ਕੁਲਵਿੰਦਰ ਸਾਮਾ, ਸੁਰਿੰਦਰ ਕੁਮਾਰ, ਜਸਵਿੰਦਰ ਸਿੰਘ ਨੂੰ ਜਥੇਬੰਦੀਆਂ ਦੇ ਦਬਾਅ ਸਦਕਾ ਜੇਲ੍ਹਾਂ ਵਿੱਚੋਂ ਰਿਹਾਅ ਹੋਣ ਉਪਰੰਤ ਈ.ਟੀ.ਟੀ. 5994 ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ ਇਹ ਫੈਸਲਾ ਲਿਆ ਗਿਆ। ਜਦੋਂ ਤੱਕ ਈ ਟੀ ਟੀ 5994 ਭਰਤੀ ਪੂਰੀ ਨਹੀਂ ਹੁੰਦੀ ਉਦੋਂ ਤੱਕ ਸੰਘਰਸ਼ ਨੂੰ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ। ਬੇਰੁਜ਼ਗਾਰ ਅਧਿਆਪਕਾਂ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਬੇਰੁਜ਼ਗਾਰ ਅਧਿਆਪਕ ਲਗਾਤਾਰ ਸੰਘਰਸ਼ ਕਰ ਰਹੇ ਨੇ ਸੜਕਾਂ ਦੇ ਉੱਪਰ ਰੁਲ ਰਹੇ ਨੇ ਪਰ ਪੰਜਾਬ ਸਰਕਾਰ ਬਿਲਕੁਲ ਵੀ ਭਰਤੀ ਨੂੰ ਪੂਰਾ ਕਰਨ ਦੇ ਲਈ ਗੰਭੀਰ ਨਹੀਂ ਹੈ। ਪਿਛਲੇ ਛੇ ਮਹੀਨਿਆਂ ਦੌਰਾਨ ਬੇਰੁਜ਼ਗਾਰ ਅਧਿਆਪਕਾਂ ਨਾਲ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਨੇ ਇੱਕ ਵੀ ਮੀਟਿੰਗ ਨਹੀਂ ਕੀਤੀ ਹੈ।

# ਭਦੌੜ ਮੁੱਖ ਸੜਕ 'ਤੇ ਬਣਿਆ ਖੱਡਾ ਬਣ ਸਕਦਾ ਮੌਤ ਦਾ ਕਾਰਨ



ਭਦੌੜ, 5 ਜੁਲਾਈ (ਸੁਖਵਿੰਦਰ ਪਲਾਹਾ)- ਬਰਨਾਲਾ ਬਾਜ਼ਾ ਖਾਨਾ ਰੋਡ ਥਿੰਦ ਫਰਨੀਚਰ ਵਾਲੀ ਬਿਲਡਿੰਗ ਦੇ ਬਿਲਕੁੱਲ ਸਾਹਮਣੇ ਇੱਕ ਪਿਛਲੇ ਲੰਬੇ ਸਮੇਂ ਤੋਂ ਮੇਨ ਸੜਕ ਉੱਪਰ ਬਹੁਤ ਵੱਡਾ ਖੱਡਾ ਬਣਿਆ ਹੋਇਆ ਹੈ, ਜਿਸ ਨੂੰ ਠੀਕ ਕਰਨ ਲਈ ਲੋਕਾਂ ਵੱਲੋਂ ਸਬੰਧਤ ਮਹਿਕਮੇ ਨੂੰ ਮੰਗ ਪੱਤਰ ਵੀ ਦਿੱਤੇ ਜਾ ਚੁੱਕੇ ਹਨ। ਪਰ ਪਨਤਾਲਾ ਜਿਉਂ ਦਾ ਤਿਉਂ ਉੱਥੇ ਹੀ ਹੈ। ਬੇਸ਼ੱਕ ਇਹ ਸੜਕ 'ਤੇ ਬਣਿਆ ਖੱਡਾ ਬਹੁਤ ਸਮੇਂ ਤੋਂ ਪੁਰਾਣਾ ਹੈ। ਪਰ ਇਸ ਨੂੰ ਠੀਕ ਕਰਨ ਵਿੱਚ ਮਹਿਕਮਾ ਵੀ ਆਨਾਕਾਨੀ ਕਰਦਾ ਨਜ਼ਰ ਆ ਰਿਹਾ। ਇਸ ਦੇ ਨਾਲ ਹੀ ਦੂਸਰੀ ਸਾਈਡ 'ਤੇ ਪੱਤੀ ਵੀਰ ਸਿੰਘ ਏ ਦਾ ਏਰੀਆ ਲੱਗਦਾ ਹੈ ,ਜਿਸ ਦੇ ਘਰਾਂ ਦਾ ਪਾਣੀ ਓਵਰਫਲੋ ਹੋ ਕੇ ਸੜਕ 'ਤੇ ਆ ਜਾਂਦਾ ਹੈ ,ਜਿਸ ਕਾਰਨ ਹਮੇਸ਼ਾ ਹੀ ਇੱਥੇ ਕੋਈ ਭਿਆਨਕ ਹਾਦਸਾ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ। ਬੇਸ਼ੱਕ ਬੀਤੇ ਦਿਨ ਹੋਈ ਬਰਸਾਤ ਕਾਰਨ ਲੋਕਾਂ ਨੂੰ ਰਾਹਤ ਮਿਲੀ ਹੈ, ਪਰ ਇੱਕ ਨਤੀਜਾ ਇਸਦੇ ਉਲਟ ਨਤੀਜਾ ਵੀ ਸਾਹਮਣੇ ਆ ਰਿਹਾ ਹੈ, ਕਿਉਂਕਿ ਬਰਨਾਲਾ ਬਾਜ਼ਾ ਖਾਨਾ ਮੇਨ ਰੋਡ ਉੱਪਰ ਪਾਣੀ ਜਮ੍ਹਾਂ ਹੋਣ ਕਾਰਨ ਇਹ ਖੱਡਾ ਕਿਸੇ ਸਮੇਂ ਵੀ ਕਿਸੇ ਬੇਗੁਨਾਹ ਵਿਅਕਤੀ ਦੀ ਜਾਨ ਲੈ ਸਕਦਾ ਹੈ । ਨਗਰ ਕੌਂਸਲ ਭਦੌੜ ਦੇ ਪ੍ਰਧਾਨ ਮੁਨੀਸ਼ ਕੁਮਾਰ ਗਰਗ ਨੇ ਵੀ ਆਪਣੇ ਤੌਰ 'ਤੇ ਕਈ ਵਾਰ ਇਸ ਖੱਡੇ ਨੂੰ ਠੀਕ ਕਰਵਾਇਆ ਪਰ ਪਾਣੀ ਦੇ ਖੜ੍ਹਨ ਕਾਰਨ ਦੁਬਾਰਾ ਉਸੇ ਜਗ੍ਹਾ ਖੱਡਾ ਆਪਣਾ ਵਿਕਰਾਲ ਰੂਪ ਧਾਰਨ ਕਰ ਜਾਂਦਾ ਹੈ। ਇੱਥੋਂ ਦੇ ਵਸਨੀਕ ਡਾਕਟਰ ਜੁਗਰਾਜ ਸਿੰਘ ਤੂਫਾਨ ,ਜਸਵੀਰ ਸਿੰਘ, ਹਰਪਾਲ ਸਿੰਘ ਪਾਲਾ, ਜੱਸਾ ਸਿੰਘ ਵਿਧਾਤੇ, ਮੁਕੰਦ ਸਿੰਘ ਮਿਸਤਰੀ, ਹਾਕਮ ਸਿੰਘ ਮਿਸਤਰੀ, ਆਦਿ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੇ ਘਰ ਇਸ ਖੱਡੇ ਦੇ ਬਿਲਕੁਲ ਨੇੜੇ ਹਨ ਅਤੇ ਅਸੀਂ ਕਈ ਵਾਰ ਪਿੰਡ ਦੇ ਸਰਪੰਚ ਨੂੰ ਵੀ ਕਹਿ ਚੁੱਕੇ ਹਾਂ ਕਿ ਇਸ ਦਾ ਕੋਈ ਸਥਾਈ ਹੱਲ ਲੱਭਿਆ ਜਾਵੇ ਤਾਂ ਕਿ ਇਹ ਖੱਡਾ ਕਿਸੇ ਦੀ ਮੌਤ ਦਾ ਕਾਰਨ ਨਾ ਬਣੇ। ਇਸ ਸਬੰਧੀ ਪੀ ਡਬਲਿਊ ਡੀ ਦੇ ਐਸਡੀਓ ਕੰਵਰਦੀਪ ਸਿੰਘ ਭੁੱਲਰ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਅਸੀਂ ਪਿੰਡ ਦੇ ਸਰਪੰਚ ਨੂੰ ਵੀ ਇਸ ਮਾਮਲੇ ਪ੍ਰਤੀ ਅਵਗਤ ਕਰਾ ਚੁੱਕੇ ਹਾਂ ਕਿ ਗ੍ਰਾਮ ਪੰਚਾਇਤ ਪੱਤੀ ਵੀਰ ਸਿੰਘ ਦਾ ਪਾਣੀ ਇਸ ਸੜਕ ਉੱਪਰ ਨਾ ਆਉਣ ਦਿੱਤਾ ਜਾਵੇ। ਪਰ ਇਸਦੇ ਬਾਵਜੂਦ ਸਰਕਾਰੀ ਹੁਕਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਬਰਸਾਤ ਦਾ ਪਾਣੀ ਸੁੱਕਣ ਤੋਂ ਬਾਅਦ ਅਸੀਂ ਇਸ ਖੱਡੇ ਦਾ ਕੋਈ ਸਥਾਈ ਹੱਲ ਜ਼ਰੂਰ ਲੱਭਾਂਗੇ ਤਾਂ ਕਿ ਭਵਿੱਖ ਵਿੱਚ ਕੋਈ ਭਿਆਨਕ ਘਟਨਾ ਨਾ ਵਾਪਰ ਸਕੇ।

# ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿੱਚ ਇੱਕ ਰੋਜ਼ਾ ਵਰਕਸ਼ਾਪ ਲਗਾਈ



ਭਗਤਾ ਭਾਈ ਕਾ, 5 ਜੁਲਾਈ (ਸਵਰਨ ਸਿੰਘ ਭਗਤਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਮਾਲਵੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿੱਚ ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰ ਦੀ ਅਗਵਾਈ ਹੇਠ ਕਪੈਸਿਟੀ ਬਿਲਡਿੰਗ ਪ੍ਰੋਗਰਾਮ ਸੀ.ਬੀ.ਐਸ.ਈ ਵੱਲੋਂ ਕਰਵਾਇਆ ਗਿਆ, ਜਿਸ ਦਾ ਵਿਸ਼ਾ ਲਾਈਫ ਸਕਿਲ ਐਡਵਾਂਸ ਸੀ। ਸੀ.ਬੀ.ਐਸ.ਈ.ਬੋਰਡ ਵੱਲੋਂ ਅਧਿਆਪਕਾਂ ਨੂੰ ਸਮੇਂ ਸਮੇਂ ਦੇ ਹਾਣੀ ਬਣਾਉਣ ਲਈ ਅਤੇ ਐਨ. ਈ.ਪੀ 2020 ਲਾਗੂ ਕਰਨ ਲਈ ਵੱਖ-ਵੱਖ ਵਿਸ਼ਿਆਂ 'ਤੇ ਕਪੈਸਟੀ ਬਿਲਡਿੰਗ ਪ੍ਰੋਗਰਾਮ ਕਰਵਾਏ ਜਾਂਦੇ ਹਨ। ਜਿਸ ਵਿੱਚ ਸਾਰੇ ਸੀ.ਬੀ.ਐਸ.ਈ ਸਕੂਲਾਂ ਦੇ ਅਧਿਆਪਕਾਂ ਨੂੰ ਅਲੱਗ ਅਲੱਗ ਵਿਸ਼ਿਆਂ 'ਤੇ ਵਰਕਸ਼ਾਪ ਕਰਵਾਈ ਜਾਂਦੀ ਹੈ ।ਇਸੇ ਤਹਿਤ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿੱਚ ਲਾਈਵ ਸਕਿਲਸ ਐਡਵਾਂਸ ਵਿਸ਼ੇ 'ਤੇ ਵਰਕਸ਼ਾਪ ਕਰਵਾਈ ਗਈ। ਇਹ ਵਰਕਸ਼ਾਪ ਸੀ.ਬੀ.ਪੀ ਨਾਲ ਸੰਬੰਧਿਤ ਸੀ।ਇਸ ਵਰਕਸ਼ਾਪ ਦੇ ਰਿਸੋਰਸ ਪਰਸਨ ਮਿਸ ਪ੍ਰੀਤੀ ਗਰੋਵਰ ਅਤੇ ਕੋਡੀਨੇਟਰ ਮਿਸ ਪ੍ਰਿਅੰਕਾ ਸੀ। ਇਹ ਵਰਕਸ਼ਾਪ ਸਕੂਲ ਵਿੱਚ ਕਰਵਾਈ ਗਈ ਅਤੇ ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਨੇ ਵੀ ਇਸ ਵਰਕਸ਼ਾਪ ਵਿੱਚ ਹਿੱਸਾ ਲਿਆ।ਵਰਕਸ਼ਾਪ ਦੌਰਾਨ ਅਲੱਗ ਅਲੱਗ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਜਿਸ ਰਾਹੀਂ ਵਿਦਿਆਰਥੀਆਂ ਵਿੱਚ ਲਾਈਫ ਸਕਿਲਸ ਸ਼ਾਮਿਲ ਕੀਤੀਆਂ ਜਾ ਸਕਣ। ਉਨ੍ਹਾਂ ਦੁਆਰਾ ਅਧਿਆਪਕਾਂ ਨੂੰ ਪਾਠ ਯੋਜਨਾ ਲਿਖਣ ਬਾਰੇ ਵੀ ਜਾਣਕਾਰੀ ਦਿੱਤੀ ਗਈ ਕਿ ਕਿਸ ਤਰ੍ਹਾਂ ਅਸੀਂ ਪਾਠ ਯੋਜਨਾ ਵਿੱਚ ਵਿੱਚ ਲਾਈਫ ਸਕਿਲਸ ਸ਼ਾਮਿਲ ਕਰ ਸਕਦੇ ਹਾਂ। ਅੰਤ ਵਿੱਚ ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰ ਵੱਲੋਂ ਰਿਸੋਰਸ ਪਰਸਨ ਅਤੇ ਕੋਆਰਡੀਨੇਟਰ ਦਾ ਧੰਨਵਾਦ ਕੀਤਾ ਗਿਆ ਅਤੇ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਅਤੇ ਸਕੂਲ ਦੇ ਸਾਰੇ ਹੀ ਅਧਿਆਪਕਾਂ ਦਾ ਧੰਨਵਾਦ ਕੀਤਾ ਆਸ ਕੀਤੀ ਕਿ ਜੋ ਵੀ ਉਹਨਾਂ ਨੇ ਲਾਈਫ ਸਕਿਲਸ ਬਾਰੇ ਵਰਕਸ਼ਾਪ ਵਿੱਚ ਸਿੱਖਿਆ ਉਹ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਜ਼ਰੂਰ ਇਸਨੂੰ ਸ਼ਾਮਲ ਕਰਨਗੇ।

# ਠੇਕਾ ਮੁਲਾਜ਼ਮਾਂ ਦੇ ਸੰਘਰਸ਼ ਦੇ ਸਮਰਥਨ ਦਾ ਐਲਾਨ : ਮੋਰਚਾ ਆਗੂ

ਭੁੱਚੋ ਮੰਡੀ ਨਥਾਣਾ, 5 ਜੁਲਾਈ (ਹਰਬੰਸ ਸਿੰਘ ਭੋਲਾ ): ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਲੀਡਰਸ਼ਿਪ ਵੱਲੋਂ ਪੰਜਾਬ ਰੋਡਵੇਜ਼,ਪਨਬਸ,ਪੀ.ਆਰ.ਟੀ.ਸੀ. ਕੰਟਰੈਕਟ ਵਰਕਰ ਯੂਨੀਅਨ ਵੱਲੋਂ ਜੋ ਆਪਣੇ ਸਰਕਾਰ ਵਿਰੁੱਧ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਜਾਰੀ ਘੋਲ ਦੀ ਹਮਾਇਤ ਨਾਲ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਮੁਲਾਜ਼ਮਾਂ ਦੇ ਹੱਕੀ ਸੰਘਰਸ਼ ਦੀ ਹਮਾਇਤ ਦਾ ਐਲਾਨ ਕਰਦਾ ਹੈ ਅਤੇ ਪੰਜਾਬ ਸਰਕਾਰ ਨੂੰ ਪੰਜਾਬ ਰੋਡਵੇਜ਼/ਪਨਬਸ/ ਪੀ.ਆਰ.ਟੀ.ਸੀ.ਠੇਕਾ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਬਿਨਾਂ ਦੇਰੀ ਦੇ ਪ੍ਰਵਾਨ ਕਰੇ ਦੀ ਮੰਗ ਕਰਦਾ ਹੈ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾ ਆਗੂਆਂ ਵਰਿੰਦਰ ਸਿੰਘ ਮੋਮੀ,ਬਲਿਹਾਰ ਸਿੰਘ ਕਟਾਰੀਆ,ਪਵਨਦੀਪ ਸਿੰਘ,ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ ਵੱਲੋਂ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਪੰਜਾਬ ਸਰਕਾਰ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੀਆ ਮੰਗਾਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਾ ਹੈ ਕਿ ਸੰਘਰਸ਼ਸ਼ੀਲ ਪੰਜਾਬ ਰੋਡਵੇਜ਼/ਪਨਬਸ/ ਪੀ.ਆਰ.ਟੀ.ਸੀ. ਦੇ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਦਾ ਤੁਰੰਤ ਗੱਲਬਾਤ ਰਾਹੀਂ ਮੰਗਾਂ ਨੂੰ ਪ੍ਰਵਾਨ ਕਰੇ,ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮੋਰਚਾ ਇਸ ਹਿਮਾਇਤ ਵਿੱਚ ਵਾਧੇ ਲਈ ਮਜਬੂਰ ਹੋਵੇਗਾ। ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

# ਪਿੰਡ ਸੰਗਤੀਵਾਲਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਚੋਣ



ਕੌਹਰੀਆਂ, 5 ਜੁਲਾਈ (ਅਵਤਾਰ ਸਿੰਘ ਜਟਾਣਾ):ਪਿੰਡ ਸੰਗਤੀਵਾਲਾ ਵਿਖੇ ਸਰਪੰਚ ਡਾਕਟਰ ਅਜੈਬ ਸਿੰਘ ਦੀ ਅਗਵਾਈ ਹੇਠ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਨਵੀਂ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਵਿੱਚ ਜਥੇਦਾਰ ਅਮਰੀਕ ਸਿੰਘ ਸੰਗਤੀਵਾਲਾ ਨੂੰ ਪ੍ਰਧਾਨ, ਗੁਰਜੰਟ ਸਿੰਘ ਖਜਾਨਚੀ, ਬਾਬਾ ਕਰਮ ਸਿੰਘ ਪੂਨੀਆਂ ਸਲਾਹਕਾਰ ਤੇ ਚਮਕੌਰ ਸਿੰਘ,ਮਨਜਿੰਦਰ ਸਿੰਘ,ਗੁਰਤੇਜ ਸਿੰਘ,ਗੁਰਜੰਟ ਸਿੰਘ,ਰਸ਼ਦੀਪ ਸਿੰਘ,ਗੁਲਾਬ ਸਿੰਘ,ਬੀਰ ਸਿੰਘ,ਪੂਰਨ ਸਿੰਘ,ਮਾਨ ਸਿੰਘ,ਗੁਰਦਾਸ ਸਿੰਘ,ਡੀਸੀ ਸਿੰਘ,ਅਮਰੀਕ ਸਿੰਘ,ਗੁਰਜੰਟ ਸਿੰਘ ਤੇ ਬਲਤੇਜ ਸਿੰਘ ਨੂੰ ਕਮੇਟੀ ਦਾ ਮੈਂਬਰ ਚੁਣਿਆ ਗਿਆ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਜਥੇਦਾਰ ਅਮਰੀਕ ਸਿੰਘ ਨੇ ਕਿਹਾ ਕਿ ਨਗਰ ਨਿਵਾਸੀਆਂ ਵੱਲੋਂ ਸੌਂਪੀ ਇਸ ਜਿੰਮੇਵਾਰੀ ਨੂੰ ਤਨ ਮਨ ਧਨ ਨਾਲ ਕਰਨਗੇ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਜੀ ਦੇ ਜ਼ਰੂਰਤ ਦੇ ਕੰਮਾਂ ਨੂੰ ਜਲਦੀ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਮੌਕੇ ਸਰਪੰਚ ਡਾਕਟਰ ਅਜੈਬ ਸਿੰਘ ਨੇ ਨਗਰ ਦੀ ਸਮੂਹ ਸੰਗਤ ਨੂੰ ਨਵੀਂ ਚੁਣੀ ਗਈ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਥ ਦੇਣ ਦੀ ਅਪੀਲ ਕੀਤੀ। ਇਸ ਮੌਕੇ ਸਰਪੰਚ ਅਜੈਬ ਸਿੰਘ,ਪ੍ਰਧਾਨ ਗੁਰਜੰਟ ਸਿੰਘ ਲਿਬੜਾ ਤੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਜੀ ਨੇ ਸਮੂਹ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਵਧਾਈ ਦਿੱਤੀ। ਨਾਲ ਹੀ ਇਸ ਮੌਕੇ ਪੂਰੇ ਨਗਰ ਨਿਵਾਸੀਆਂ ਵੱਲੋਂ ਹਾੜ੍ਹੀ ਦੀ ਫਸਲ ਨੂੰ ਸੁਰੱਖਿਅਤ ਆਉਣ ਤੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਆਰੰਭ ਕਰਵਾਉਣ ਦੀ ਅਰਦਾਸ ਕੀਤੀ ਗਈ ਸੀ। ਜਿਸ ਦੇ ਅੱਜ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਜੀ ਵੱਲੋਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ ਆਰੰਭ ਕੀਤੇ ਗਏ। ਇਸ ਮੌਕੇ ਠੇਕੇਦਾਰ ਦਰਸ਼ਨ ਸਿੰਘ ਜਟਾਣਾ, ਸੁਖਬੀਰ ਸਿੰਘ ਸਿੱਧੂ ਸੈਕਟਰੀ, ਗੋਲਡੀ, ਰਾਮ ਸਿੰਘ,ਗਗਨਦੀਪ ਸਿੰਘ,ਹਰਜਿੰਦਰ ਸਿੰਘ ਗੇਹਲਾ, ਦਰਸ਼ਨ ਸਿੰਘ, ਰਾਮ ਸਿੰਘ, ਕਰਮਜੀਤ ਸਿੰਘ ਤੋਂ ਇਲਾਵਾ ਹੋਰ ਵੀ ਸੰਗਤਾਂ ਹਾਜ਼ਰ ਸਨ।

# ਬਲਕਾਰ ਸਿੱਧੂ ਨੇ ਥਰੈਸ਼ਰ ਹਾਦਸੇ ਦੇ ਪੀੜਤਾਂ ਨੂੰ ਚੈੱਕ ਵੰਡੇ



ਰਾਮਪੁਰਾ ਫੂਲ, 5 ਜੁਲਾਈ(ਮਨਪ੍ਰੀਤ ਮਿੰਟੂ): ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਆਮ ਆਦਮੀ ਪਾਰਟੀ (ਆਪ) ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਸਿੱਧੂ ਨੇ ਮਾਰਕੀਟ ਕਮੇਟੀ ਰਾਮਪੁਰਾ ਵਿਖੇ ਥਰੈਸ਼ਰ ਹਾਦਸਿਆਂ ਵਿੱਚ ਪੀੜਤ ਕਿਸਾਨਾਂ ਅਤੇ ਮਜ਼ਦੂਰ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦੇ ਚੈਕ ਵੰਡਣ ਸਮੇਂ ਕੀਤਾ।ਇਸ ਮੌਕੇ ਉਨ੍ਹਾਂ ਨੇ ਕਿਸਾਨ ਲਛਮਣ ਸਿੰਘ ਪਿੰਡ ਸੇਲਬਰਾਹ ਨੂੰ 48000, ਸੁਖਦੇਵ ਸਿੰਘ ਵਾਸੀ ਮਹਿਰਾਜ 12000 ਰੁਪਏ, ਕਮਲਜੀਤ ਸਿੰਘ ਵਾਸੀ ਪਿੱਥੋ ਨੂੰ 40000ਰੁਪਏ ਦੀ ਆਰਥਿਕ ਮੱਦਦ ਦੇ ਚੈਕ ਸੌਂਪੇ।ਵਿਧਾਇਕ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹੱਕ ਵਿੱਚ ਹਮੇਸ਼ਾ ਖੜ੍ਹੀ ਹੈ ਅਤੇ ਕਿਸੇ ਵੀ ਆਫ਼ਤ ਸਮੇਂ ਉਨ੍ਹਾਂ ਦੀ ਪੂਰੀ ਸਹਾਇਤਾ ਕਰੇਗੀ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦਾ ਮੁੱਖ ਮਕਸਦ ਕਿਸਾਨਾਂ ਅਤੇ ਮਜ਼ਦੂਰਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਹੈ। ਇਸ ਮੌਕੇ ਮਾਰਕਿਟ ਕਮੇਟੀ ਦੇ ਚੇਅਰਮੈਨ ਦਰਸ਼ਨ ਸੋਹੀ, ਤੇ ਵੱਡੀ ਗਿਣਤੀ 'ਚ ਵਰਕਰ ਮੌਜੂਦ ਸਨ।

# ਪੈਨਸ਼ਨਰਜ ਵੈਲ.ਫੇਅਰ ਐਸੋਸੀਏਸ਼ਨ ਦੀ ਮੀਟਿੰਗ



ਦਿੜ੍ਹਬਾ ਮੰਡੀ, 5 ਜੁਲਾਈ (ਸੁਖਵਿੰਦਰ ਸਿੰਘ ਵਿਰਕ): ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦਿੜ੍ਹਬਾ ਇਕਾਈ ਦੇ ਪ੍ਰੈਸ ਸਕੱਤਰ ਹਰਕੇਸ਼ ਸਿੰਘ ਦਿੜ੍ਹਬਾ ਨੇ ਦੱਸਿਆ ਕਿ ਇਕਾਈ ਦਿੜ੍ਹਬਾ ਦੀ ਮੀਟਿੰਗ ਹੋਈ। ਜਿਸ ਨੂੰ ਸੰਬੋਧਨ ਕਰਦਿਆਂ ,ਗੁਰਦੀਪ ਸਿੰਘ ਮੌੜ ,ਅਜੀਤ ਸਿੰਘ ਕੌਹਰੀਆਂ, ਚਰਨਜੀਤ ਸਿੰਘ ਕੌਹਰੀਆਂ,ਗੁਰਮੀਤ ਸਿੰਘ ਖੇਤਲਾ, ਹਰਪਾਲ ਸਿੰਘ,ਜਤਿੰਦਰ ਭਾਰਦਵਾਜ ਅਤੇ ਜਗਵੰਤ ਸਿੰਘ ਬੂਰੜ ਨੇ ਪੰਜਾਬ ਸਰਕਾਰ ਦੁਆਰਾ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਦੇਖਿਆਂ ਕਰਨ ਦੀ ਨਿਖੇਧੀ ਕੀਤੀ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨ ਕਾਰਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਵਿਆਪਕ ਰੋਸ ਹੈ।ਉਹਨਾਂ ਸਰਕਾਰ ਤੋਂ ਦੋ ਧਿਰੀ ਗੱਲਬਾਤ ਰਾਹੀਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲੇ ਹੱਲ ਕਰਨ ਦੀ ਮੰਗ ਕੀਤੀ।ਹਰਮੇਲ ਸਿੰਘ ਦਿੜ੍ਹਬਾ,ਘੁਕਾ ਸਿੰਘ ਦਿੜ੍ਹਬਾ, ਬੰਤਾ ਸਿੰਘ ਕੈਂਪਰ ,ਸਵਰਨ ਸਿੰਘ ਦਿੜ੍ਹਬਾ, ਗੁਰਮੇਲ ਸਿੰਘ ਦਿੜ੍ਹਬਾ,ਨੇ ਕਿਹਾ ਕਿ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਕਿਸੇ ਵੇਲੇ ਸਾਰੇ ਸੂਬਿਆਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲੋਂ ਜਿਆਦਾ ਤਨਖ਼ਾਹਾਂ ਲੈਂਦੇ ਸੀ ਹੁਣ ਸਭ ਤੋਂ ਘੱਟ ਲੈ ਰਹੇ ਹਨ।ਗੁਆਂਢੀ ਸੂਬਿਆਂ ਦੇ ਪੈਨਸ਼ਨਰਾਂ ਨਾਲੋਂ ਪੰਜਾਬ ਦੇ ਪੈਨਸ਼ਨਰ 13% ਘੱਟ ਡੀ ਏ ਲੈ ਰਹੇ ਹਨ। ਉਹਨਾਂ ਮੰਗ ਕੀਤੀ ਕਿ ਪੰਜਾਬ ਦੇ ਪੈਨਸ਼ਨਰਾਂ ਨੂੰ ਵੀ ਰਹਿੰਦਾ ਡੀ ਏ ਦਿੱਤਾ ਜਾਵੇ। ਪੇ ਫਿਕਸੇਸ਼ਨ 2.59 ਦੇ ਗੁਣਾਂਕ ਨਾਲ ਕੀਤੀ ਜਾਵੇ ਅਤੇ 2004ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ।ਇਸ ਸਮੇਂ ਨਵੇ ਆਏ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਕਸਮੀਰ ਸਿੰਘ ਰੋੜੇਵਾਲ ਨੇ ਕੀਤਾ।ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਦਰਸ਼ਨ ਸਿੰਘ ਰੋਗਲਾ ਨੇ ਮੀਟਿੰਗ ਵਿੱਚ ਸ਼ਮੂਲੀਅਤ ਕਰਨ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਅਗਲੇ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸਦਾ ਦਿੱਤਾ। ਇਸ ਮੌਕੇ ਜਵਾਲਾ ਸਿੰਘ,ਪ੍ਰਸੋਤਮ ਦਾਸ,ਗੁਲਜਾਰ ਸਿੰਘ,ਧਰਮਪਾਲ,ਬਲਵਿੰਦਰ ਸਿੰਘ , ਨੰਦ ਕਿਸ਼ੋਰ ਸਾਦੀਹਰੀ ਅਤੇ ਜਸਪਾਲ ਸਿੰਘ ਲਾਡਬੰਜਾਰਾ ਆਦਿ ਹਾਜ਼ਰ ਸਨ।

# ਸੁਨਾਮ ਵਿਖੇ ਬਣੇਗਾ ਸੂਬੇ ਦਾ ਪਹਿਲਾ ਸਟੇਟ ਹਾਈਵੇ ਟਰੌਮਾ ਸੈਂਟਰ



ਸੁਨਾਮ (ਊਧਮ ਸਿੰਘ ਵਾਲਾ), 5 ਜੁਲਾਈ (ਮੋਹਣ ਸ਼ਰਮਾ/ਰਾਉਵਰਿੰਦਰ ਮਠਾੜੂ) : ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਅਤਿ ਆਧੁਨਿਕ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸ਼ੁਰੂ ਕੀਤੀ ਮੁਹਿੰਮ ਅਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਵਿਸ਼ੇਸ਼ ਯਤਨਾਂ ਸਦਕਾ ਸੁਨਾਮ ਸ਼ਹਿਰ ਵਿੱਚ ਸੂਬੇ ਦਾ ਪਹਿਲਾ ਸਟੇਟ ਹਾਈਵੇ ਟਰੌਮਾ ਸੈਂਟਰ ਸ਼ੁਰੂ ਹੋਣ ਜਾ ਰਿਹਾ ਹੈ। ਇਸ 10 ਬੈੱਡ ਵਾਲੇ ਟਰੌਮਾ ਸੈਂਟਰ ਦੀ ਇਮਾਰਤ ਦਾ ਨੀਂਹ ਪੱਥਰ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਥਾਨਕ ਸਬ ਡਵੀਜ਼ਨਲ ਹਸਪਤਾਲ ਵਿਖੇ ਰੱਖਿਆ। ਇਸ ਮੌਕੇ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਦੱਸਿਆ ਕਿ ਸੂਬੇ ਵਿੱਚ ਇਸ ਵੇਲੇ ਸਿਰਫ ਪੰਜ ਟਰੌਮਾ ਸੈਂਟਰ ਜਲੰਧਰ, ਖੰਨਾ, ਪਠਾਨਕੋਟ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਚੱਲ ਰਹੇ ਹਨ। ਇਹ ਸਾਰੇ ਪੰਜ ਸੈਂਟਰ ਨੈਸ਼ਨਲ ਹਾਈਵੇਜ਼ ਉੱਪਰ ਸਥਿਤ ਹਨ। ਸੁਨਾਮ ਵਿਖੇ ਬਣਨ ਵਾਲਾ ਟਰੌਮਾ ਸੈਂਟਰ ਸੂਬੇ ਦਾ ਪਹਿਲਾ ਸਟੇਟ ਹਾਈਵੇ ਟਰੌਮਾ ਸੈਂਟਰ ਹੋਵੇਗਾ। ਜੋ ਕਿ ਪੂਰੀ ਮਾਲਵਾ ਬੈਲਟ ਫਾਜ਼ਿਲਕਾ ਤੋਂ ਲੈ ਕੇ ਚੰਡੀਗੜ੍ਹ ਤੱਕ ਸੜਕ ਹਾਦਸਿਆਂ ਦੇ ਸ਼ਿਕਾਰ ਲੋਕਾਂ ਲਈ ਮੁੱਢਲੀ ਸਹਾਇਤਾ ਦੇ ਨਾਲ ਨਾਲ ਮੁਕੰਮਲ ਇਲਾਜ਼ ਪ੍ਰਦਾਨ ਕਰੇਗਾ। ਉਹਨਾਂ ਕਿਹਾ ਕਿ ਇਹ ਕੋਈ ਲੋਕਾਂ ਦੀ ਮੰਗ ਨਹੀਂ ਸੀ, ਸਗੋਂ ਉਹਨਾਂ ਦੀ ਲੰਮੇ ਸਮੇਂ ਦੀ ਨਿੱਜੀ ਇੱਛਾ ਸੀ ਕਿ ਸੁਨਾਮ ਸ਼ਹਿਰ ਵਿੱਚ ਇਹ ਸਹੂਲਤ ਹੋਵੇ। ਜਿਸ ਲਈ ਉਹ ਪਿਛਲੇ ਤਿੰਨ ਸਾਲ ਤੋਂ ਯਤਨ ਕਰ ਰਹੇ ਸਨ। ਅੱਜ ਫਾਜ਼ਿਲਕਾ ਤੋਂ ਲੈ ਕੇ ਚੰਡੀਗੜ੍ਹ ਤੱਕ ਕੋਈ ਵੀ ਟਰੌਮਾ ਸੈਂਟਰ ਨਹੀਂ ਹੈ। ਇਹ ਸੈਂਟਰ ਬਣਨ ਨਾਲ ਇਸ ਸੜਕ ਤੋਂ ਗੁਜ਼ਰਨ ਵਾਲੇ ਲੱਖਾਂ ਰਾਹਗੀਰਾਂ ਨੂੰ ਸਹੂਲਤ ਮਿਲੇਗੀ। ਇਹ ਸੈਂਟਰ ਦੀ ਇਮਾਰਤ ਦਾ ਕੰਮ ਅਗਲੇ 8 ਮਹੀਨੇ ਵਿੱਚ ਪੂਰਾ ਕੀਤਾ ਜਾਵੇਗਾ। ਪੱਤਰਕਾਰਾਂ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਦੇ ਚੱਲਦਿਆਂ ਸਰਕਾਰੀ ਹਸਪਤਾਲਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਡਾਕਟਰਾਂ ਅਤੇ ਹੋਰ ਸਟਾਫ ਦੀ ਭਰਤੀ ਨਹੀਂ ਹੋਈ। ਜਦੋਂ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਉਦੋਂ ਤੋਂ ਸਿਹਤ ਵਿਭਾਗ ਸਮੇਤ ਹਰੇਕ ਵਿਭਾਗ ਵਿੱਚ ਭਰਤੀ ਪ੍ਰਕਿਰਿਆ ਲਗਾਤਾਰ ਜਾਰੀ ਹੈ।

# ਰਿਸ਼ਵਤ ਲੈਂਦਾ ਨਗਰ ਕੌਂਸਲ ਦਾ ਲੇਖਾਕਾਰ ਗ੍ਰਿਫ਼ਤਾਰ



ਬਰਨਾਲਾ, 5 ਜੁਲਾਈ: (ਚਮਕੌਰ ਸਿੰਘ ਗੱਗੀ): ਨਗਰ ਕੌਂਸਲ ਧਨੌਲਾ ਵਿੱਚ ਭਰਿਸ਼ਟਾਚਾਰ ਇਸ ਕਦਰ ਫੈਲ ਚੁੱਕਾ ਹੈ ਕਿ ਬਿਨਾਂ ਰਿਸ਼ਵਤ ਤੋਂ ਨਗਰ ਕੌਂਸਲ ਦਾ ਕਾਰਜਸਾਧਕ ਅਫਸਰ ਕੋਈ ਕੰਮ ਨਹੀਂ ਕਰਦਾ। ਜਿਸ ਦੀ ਤਾਜ਼ਾ ਉਦਾਹਰਣ ਅੱਜ ਵਿਜੀਲੈਂਸ ਬਿਊਰੋ ਵੱਲੋਂ 11000 ਦੀ ਰਿਸ਼ਵਤ ਲੈਂਦਿਆਂ ਨਗਰ ਕੌਂਸਲ ਧਨੌਲਾ ਦੇ ਲੇਖਾਕਾਰ ਦੀਪਕ ਸੇਤੀਆ ਦੀ ਰੰਗੇ ਹੱਥੀਂ ਹੋਈ ਗਿਰਫਤਾਰ ਤੋਂ ਮਿਲਦੀ ਹੈ। ਦੱਸਣਯੋਗ ਹੈ ਕਿ ਨਗਰ ਕੌਂਸਲ ਧਨੌਲਾ ਦੇ ਕਾਰਜ ਸਾਧਕ ਅਫਸਰ ਵਿਸ਼ਾਲ ਦੀਪ ਕੋਲ ਧਨੌਲਾ ਨਗਰ ਕੌਂਸਲ ਸਮੇਤ ਨਗਰ ਪੰਚਾਇਤ ਹੰਡਿਆਇਆ ਦਾ ਵੀ ਚਾਰਜ ਹੈ, ਉਸ ਵੱਲੋਂ ਕਥਿਤ ਤੌਰ 'ਤੇ ਠੇਕੇਦਾਰਾਂ ਨਾਲ ਮਿਲੀ ਭੁਗਤ ਕਰਕੇ ਸਰਕਾਰੀ ਖਜਾਨੇ ਨੂੰ ਚੂਨਾ ਲਾਇਆ ਜਾ ਰਿਹਾ। ਨਗਰ ਕੌਂਸਲ ਧਨੌਲਾ ਵਿੱਚ ਇਸ ਕਦਰ ਭ੍ਰਿਸ਼ਟਾਚਾਰ ਹੈ ਕਿ ਕਾਰਜਸਾਧਕ ਅਫਸਰ ਆਪਣੇ ਕਮਿਸਨ ਤੋਂ ਬਿਨਾਂ ਕੋਈ ਕੰਮ ਨਹੀਂ ਕਰਦਾ ਤੇ ਠੇਕੇਦਾਰਾਂ ਦੀਆਂ ਅਦਾਇਗੀਆਂ ਵੀ ਰਿਸ਼ਵਤ ਲੈ ਕੇ ਕਰਦਾ, ਜੇਕਰ ਚੈੱਕ 'ਤੇ ਦਸਤਖ਼ਤ ਕਰਨ ਲਈ ਵੀ ਰਕਮ ਦਾ ਪੰਜ ਪ੍ਰਤੀਸ਼ਤ ਮੰਗਦਾ ਹੈ, ਜੇਕਰ ਕੋਈ ਨਹੀਂ ਦਿੰਦਾ ਤਾਂ ਅਦਾਇਗੀ ਨਹੀਂ ਕਰਦਾ, ਤੇ ਇਹ ਕਮਿਸਨ ਆਪਣੇ ਹੇਠਲੇ ਪੱਧਰ ਦੇ ਅਧਿਕਾਰੀਆਂ ਰਾਹੀਂ ਲੈਂਦਾ ਹੈ, ਸ਼ਿਕਾਇਤ ਕਰਤਾ ਜਸਪ੍ਰੀਤ ਸਿੰਘ ਕਾਲਾ ਠੇਕੇਦਾਰ ਨੇ ਇਹ ਕਿ ਇਸ ਵੱਲੋਂ ਕੀਤੇ ਕੰਮਾ ਦੇ 2,21,402 ਰੁਪਏ ਦੇ ਚੈੱਕ ਲੈਣੇ ਸਨ, ਜਿਸ ਦੀ ਕਲੀਰੀਅੰਸ ਲਈ ਲੇਖਾਕਾਰ ਦੀਪਕ ਸੇਤੀਆ ਰਾਹੀਂ ਪੰਜ ਪਰਸੈਂਟ ਕਮਿਸਨ ਦੀ ਮੰਗ ਕੀਤੀ ਗਈ।ਜਿਸ ਤੋਂ ਦੁਖੀ ਹੋ ਕੇ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਓਰੋ ਕੋਲ ਦਰਖਾਸਤ ਦਿੱਤੀ ਗਈ, ਜਿਸ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 11000 ਰੁਪਏ ਰਿਸ਼ਵਤ ਲੈਂਦੇ ਹੋਏ ਦੀਪਕ ਸੇਤੀਆ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਮੌਕੇ ਤੋਂ ਰਿਸ਼ਵਤ ਦੀ ਰਕਮ ਬਰਾਮਦ ਕਰ ਲਈ ਗਈ ਹੈ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਕੇਸ ਸਬੰਧੀ ਹੋਰ ਜਾਂਚ ਪ੍ਰਕਿਰਿਆ ਅਧੀਨ ਹੈ। ਜਿਹੜਾ ਵੀ ਅਧਿਕਾਰੀ ਇਸ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਇਆ ਉਹ ਬਖਸ਼ਿਆ ਨਹੀਂ ਜਾਵੇਗਾ।

# ਨੌਜਵਾਨਾਂ ਦੇ ਝੁਕਾਅ ਕਾਰਨ ਬਸਪਾ ਲਹਿਰਾ ਹਲਕੇ 'ਚ ਹੋਈ ਮਜ਼ਬੂਤ ਤੇਜ਼ੀ ਨਾਲ ਵਧ ਰਿਹੈ ਬਸਪਾ ਦਾ ਕਾਫ਼ਲਾ : ਵੀਰ



ਖਨੌਰੀ, 5 ਜੁਲਾਈ (ਓਮਪ੍ਰਕਾਸ਼ ਮੁਆਲ): ਪੰਜਾਬ ਬਸਪਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਜੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਬਸਪਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਚਮਕੌਰ ਸਿੰਘ ਵੀਰ ਅਤੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸਤਿਗੁਰੂ ਸਿੰਘ ਕੋਹਰੀਆਂ ਜੀ ਦੀ ਅਗਵਾਈ ਹੇਠਾਂ ਇੱਕ ਵਿਸ਼ੇਸ਼ ਸਮੀਖਿਆ ਮੀਟਿੰਗ ਪੰਜਾਬ ਸੰਭਾਲੋ ਮੁਹਿੰਮ ਤਹਿਤ ਬੇਗਮਪੁਰਾ ਧਾਮ ਖਨੌਰੀ ਮੰਡੀ ਵਿੱਚ ਹੋਈ। ਜਿਸ ਵਿੱਚ ਹਲਕਾ ਲਹਿਰਾ ਦੇ ਬਸਪਾ ਆਗੂਆਂ ਅਤੇ ਵਰਕਰਾਂ ਨੇ ਭਾਰੀ ਗਿਣਤੀ ਵਿੱਚ ਪਹੁੰਚ ਕੇ ਹਿੱਸਾ ਲਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਹਲਕਾ ਦੇ ਇੰਚਾਰਜ ਅਤੇ ਜ਼ਿਲ੍ਹਾ ਕੋਆਰਡੀਨੇਟਰ ਇੰਜ ਅਮਨ ਬੋਧ ਨੇ ਦੱਸਿਆ ਕਿ ਇਹ ਮੀਟਿੰਗ ਬਸਪਾ ਦੇ ਹਲਕਾ ਪ੍ਰਧਾਨ ਡਾ. ਰਾਜਕੁਮਾਰ ਜੱਸਲ ਜੀ ਦੀ ਪ੍ਰਧਾਨਗੀ ਹੇਠ ਹੋਈ ਅਤੇ ਮੀਟਿੰਗ ਦੇ ਕਨਵੀਨਰ ਖਨੌਰੀ ਬਸਪਾ ਦੇ ਸ਼ਹਿਰੀ ਪ੍ਰਧਾਨ ਗੁਲਾਬ ਛਾਛੀਆ ਜੀ ਰਹੇ, ਜਿਨ੍ਹਾਂ ਦੀ ਮਿਹਨਤ ਬਦੌਲਤ ਇਹ ਮੀਟਿੰਗ ਸਫਲ਼ ਰਹੀ । ਪੰਜਾਬ ਬਸਪਾ ਜਨਰਲ ਸਕੱਤਰ ਚਮਕੌਰ ਵੀਰ ਜੀ ਨੇ ਦੱਸਿਆ ਕੇ ਜਦੋਂ ਤੋਂ ਲਹਿਰੇ ਹਲਕੇ ਦੇ ਇੰਚਾਰਜ ਅਮਨ ਬੋਧ ਜੀ ਲਗਾਏ ਹਨ ਹਲਕੇ ਅੰਦਰ ਨੌਜਵਾਨਾਂ ਦਾ ਝੁਕਾਅ ਬਸਪਾ ਵਲ ਤੇਜੀ ਨਾਲ ਹੋ ਰਿਹਾ ਹੈ । ਉਹਨਾਂ ਪਾਰਟੀ ਪ੍ਰਤੀ ਕੰਮ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਰਕਰਾਂ 'ਚ ਭਾਰੀ ਉਤਸ਼ਾਹ ਹੈ ਅਤੇ ਹਲਕੇ ਅੰਦਰ ਬਸਪਾ ਮਜ਼ਬੂਤ ਹੋ ਰਹੀ ਹੈ । ਉਨ੍ਹਾਂ ਦੱਸਿਆ ਕਿ ਸੰਗਠਨ ਦੀ ਸਮੀਖਿਆ ਦੌਰਾਨ ਬਹੁਤ ਸਾਰੇ ਨਵੇਂ ਆਗੂਆਂ ਨੂੰ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਜਿਨ੍ਹਾਂ ਵਿੱਚ ਕੰਬੋਜ ਭਾਈਚਾਰੇ ਦੇ ਸਿਰਮੌਰ ਆਗੂ ਗੁਰਪ੍ਰੀਤ ਕੰਬੋਜ ਨੂੰ ਹਲਕੇ ਦੇ ਮੀਤ ਪ੍ਰਧਾਨ, ਸੋਨੂੰ ਰਾਣਾ (ਜੋਨੀ) ਨੂੰ ਖਨੌਰੀ ਸ਼ਹਿਰੀ ਮੀਤ ਪ੍ਰਧਾਨ, ਰਾਜਵੀਰ ਸਿੰਘ ਨੂੰ ਖਨੌਰੀ ਦਿਹਾਤੀ ਪ੍ਰਧਾਨ, ਹਰਬਿਲਾਸ ਅਜਾਦ ਨੂੰ ਹਲਕਾ ਸਕੱਤਰ ਨਿਯੁਕਤ ਕੀਤਾ ਗਿਆ ਹੈ । ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਸਤਿਗੁਰੂ ਸਿੰਘ ਕੋਹਰੀਆਂ ਜੀ ਨੇ ਪਾਰਟੀ ਦੀ ਵਿਚਾਰਧਾਰਾ 'ਤੇ ਕਾਡਰ ਦਿੱਤਾ । ਪਾਰਟੀ ਦੇ ਆਗੂ ਨੇ ਅਪਣੇ ਅਪਣੇ ਸੁਝਾਅ ਪਾਰਟੀ ਲੀਡਰਸ਼ਿਪ ਸਾਹਮਣੇ ਰੱਖੇ । ਜਿਸ ਨਾਲ ਮੀਟਿੰਗ ਦੀ ਸਾਰਥਿਕਤਾ ਮਜ਼ਬੂਤ ਹੋਈ। ਬਾਬਾ ਕਰਨੈਲ ਸਿੰਘ ਜੀ ਨੇ ਵੀ ਅਪਣੇ ਵਿਚਾਰਾਂ ਨਾਲ ਵਰਕਰਾਂ ਦਾ ਹੌਸਲਾ ਵਧਾਇਆ। ਮੀਟਿੰਗ ਦੀ ਸਟੇਜ ਕਾਰਵਾਈ ਹਲਕਾ ਜਨਰਲ ਸਕੱਤਰ ਸੰਭੂ ਰੰਗਾਂ ਚੱਠਾ ਨੇ ਨਿਭਾਈ । ਹਲਕਾ ਪ੍ਰਧਾਨ ਡਾ. ਰਾਜਕੁਮਾਰ ਜੱਸਲ ਨੇ ਮੀਟਿੰਗ ਵਿੱਚ ਆਏ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਰਾਜੇਸ਼ ਬਸਪਾ ਪ੍ਰਧਾਨ ਖਨੌਰੀ ਖੁਰਦ, ਮਨਪ੍ਰੀਤ ਠਸਕਾ ਬਸਪਾ ਪ੍ਰਧਾਨ, ਅਭਿਸ਼ੇਕ ਸੇਨ ਬਸਪਾ ਬੋਪੁਰ ਪ੍ਰਧਾਨ, ਜਸਵੰਤ ਚੌਹਾਨ, ਸਾਹਿਬ ਛਾਛੀਆ, ਡਾ ਦੇਸਰਾਜ, ਦੇਸਰਾਜ ਛਾਛੀਆ, ਕੁਲਦੀਪ ਨਿੰਬੜੀਆ, ਵਿਕਾਸ ਸਿੰਹਮਾਰ, ਪ੍ਰਧਾਨ ਸੁਖਵਿੰਦਰ, ਰਾਮਨਿਵਾਸ ਸੇਟੀ , ਜਗਸ਼ੀਰ ਜੱਗਾ, ਵਿਕਰਮ ਗੁਲਾੜੀ, ਕਰਮਚੰਦ ਫੌਜੀ, ਮਨੀਸ਼, ਸੰਦੀਪ, ਬਿੱਟੂ ਨਿੰਬੜੀਆ, ਡਾ ਓਮਪ੍ਰਕਾਸ਼, ਸ਼ਰਨਜੀਤ ਨੰਬਰਦਾਰ ਠਸਕਾ, ਮੇਲਾ, ਸੰਦੀਪ ਨਿੱਕਾ ਆਦਿ ਆਗੂ ਹਾਜਰ ਸਨ।

# ਕੱਚੇ ਰਸਤਿਆਂ ਨੂੰ ਪੱਕੀਆਂ ਸੜਕਾਂ ਵਜੋਂ ਵਿਕਸਤ ਕਰਨ ਦਾ ਰੱਖਿਆ ਨੀਂਹ ਪੱਥਰ



ਸੰਗਰੂਰ, 5 ਜੁਲਾਈ(ਹਰਕੰਵਲ ਸਿੰਘ ਹੈਪੀ): ਮੁੱਖ ਮੰਤਰੀ, ਪੰਜਾਬ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਸੰਗਰੂਰ ਵਿਖੇ ਵਿਕਾਸ ਕਾਰਜ ਜੰਗੀ ਪੱਧਰ ਉੱਤੇ ਜਾਰੀ ਹਨ ਤੇ ਇਸ ਹਲਕੇ ਨੂੰ ਨਮੂਨੇ ਦਾ ਹਲਕਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਸ ਲੜੀ ਤਹਿਤ ਘਰਾਚੋਂ ਵਿਖੇ 04 ਕੱਚੇ ਰਸਤਿਆਂ ਨੂੰ ਪੱਕੀਆਂ ਸੜਕਾਂ ਵਜੋਂ ਵਿਕਸਤ ਕਰਨ ਹਿਤ ਹਲਕਾ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਨੇ ਕਰੀਬ 03 ਕਰੋੜ 64 ਲੱਖ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਨਾਲ ਪਿੰਡ ਵਾਸੀਆਂ ਨੂੰ ਲਾਭ ਹੋਵੇਗਾ ਤੇ ਉਹਨਾਂ ਦੀ ਚਿਰਕੋਣੀ ਮੰਗ ਪੂਰੀ ਹੋਈ ਹੈ।ਇਸ ਮੌਕੇ ਹਲਕਾ ਵਿਧਾਇਕ ਨੇ ਦੱਸਿਆ ਕਿ ਹਲਕੇ ਦੀਆਂ ਵੱਡੀ ਗਿਣਤੀ ਸੜਕਾਂ ਦੀ ਕਾਇਆ ਕਲਪ ਕੀਤੀ ਗਈ ਹੈ ਤੇ ਕਾਫੀ ਸੜਕਾਂ ਦੇ ਵਿਕਾਸ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ। ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਪਿੰਡਾਂ ਵਿੱਚ ਜਿੱਥੇ ਚੰਗੀਆਂ ਸਿਹਤ ਸਹੂਲਤਾਂ ਦੇਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਉੱਥੇ ਵਧੀਆ ਖੇਡ ਮੈਦਾਨ ਵੀ ਬਣਾਏ ਜਾ ਰਹੇ ਹਾਂ। ਪਿੰਡਾਂ ਦੇ ਪਾਣੀ ਦੀ ਨਿਕਾਸੀ ਅਤੇ ਟੋਭਿਆਂ ਦੀ ਸਫਾਈ ਲਈ ਕੰਮ ਲਗਾਤਾਰ ਜਾਰੀ ਹਨ।ਸ਼੍ਰੀਮਤੀ ਭਰਾਜ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਿਰਮਾਣ ਕਾਰਜਾਂ ਦੀ ਖੁਦ ਨਿਗਰਾਨੀ ਕਰਨ ਅਤੇ ਜੇਕਰ ਕਿਤੇ ਕੋਈ ਤਰੁਟੀ ਲਗਦੀ ਹੈ ਤਾਂ ਫੌਰੀ ਉਹਨਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ।

# ਜੁਡੀਸ਼ੀਅਲ ਅਫਸਰਾਂ ਨੇ ਕੋਰਟ ਕੰਪਲੈਕਸ ਵਿਖੇ ਬੂਟੇ ਲਗਾਏ




ਬਰਨਾਲਾ, 5 ਜੁਲਾਈ (ਬਘੇਲ ਸਿੰਘ ਧਾਲੀਵਾਲ): ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਜੀਆਂ ਦੀਆਂ ਹਦਾਇਤਾਂ ਦੀ ਪਾਲਣਾ ਅਤੇ ਮਾਨਯੋਗ ਬੀ. ਬੀ. ਐਸ. ਤੇਜੀ, ਜ਼ਿਲ੍ਹਾ ਅਤੇ ਸੈਸ਼ਨ ਜੱਜ਼ — ਕਮ— ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਜੀਆਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਦਨ ਲਾਲ , ਸੀ.ਜੇ.ਐਮ ਕਮ੍ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਦੀ ਅਗਵਾਈ ਹੇਠ ਅੱਜ ਮਿਸ਼ਨ ਇੱਕ ਜੱਜ, ਇੱਕ ਰੁੱਖ ਮੁਹਿੰਮ ਤਹਿਤ ਜੁਡੀਸ਼ੀਅਲ ਕੋਰਟ ਕੰਪਲੈਕਸ, ਬਰਨਾਲਾ ਵਿਖੇ ਵੱਖ ਵੱਖ ਤਰ੍ਹਾਂ ਦੇ ਬੂਟੇ ਲਗਾਏ ਗਏ। ਇਸ ਮੌਕੇ ਬੀ.ਬੀ.ਐਸ. ਤੇਜੀ ਜ਼ਿਲ੍ਹਾ ਅਤੇ ਸੈਸ਼ਨ ਜੱਜ — ਕਮ — ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਅਤੇ ਸਾਰੇ ਜੁਡੀਸ਼ੀਅਲ ਅਫਸਰਾਂ, ਪ੍ਰਧਾਨ, ਵਾਇਸ ਪ੍ਰਧਾਨ ਅਤੇ ਸੈਕਟਰੀ, ਬਾਰ ਐਸੋਸੀਏਸ਼ਅਨ, ਬਰਨਾਲਾ ਵੱਲੋਂ ਬੂਟੇ ਲਗਾਉਣ ਤੋਂ ਬਾਅਦ ਬੂਟਿਆਂ ਦੇ ਬਚਾਅ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦੀ ਦੇਖਭਾਲ ਅਤੇ ਪਾਲਣ ਪੋਸ਼ਣ ਕਰਨ ਦਾ ਪ੍ਰਣ ਲਿਆ। ਇਸ ਮੌਕੇ ਮਾਨਯੋਗ ਬੀ.ਬੀ.ਐਸ.ਤੇਜੀ, ਜ਼ਿਲ੍ਹਾ ਅਤੇ ਸੈਸ਼ਨ ਜੱਜ—ਕਮ— ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ, ਸ੍ਰੀ ਰਾਕੇਸ਼ ਗੁਪਤਾ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਬਿਕਰਮਜੀਤ ਸਿੰਘ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਦੀਪਕ ਚੌਧਰੀ, ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਬਰਨਾਲਾ, ਮਦਨ ਲਾਲ, ਸੀ.ਜੇ. ਐਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ, ਮੁਨੀਸ਼ ਗਰਗ, ਸਿਵਲ ਜੱਜ ( ਸੀਨੀਅਰ ਡਿਵੀਜ਼ਨ) ਮਿਸ ਸੋਨਾਲੀ ਸਿੰਘ, ਸੀ.ਜੇ.ਐਮ, ਸੁਧੀਕ ਕੁਮਾਰ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ), ਅਨੁਪਮ ਗੁਪਤਾ ਸਿਵਲ ਜੱਜ਼ (ਜੂਨੀਅਰ ਡਿਵੀਜ਼ਨ) ਮਿਸ ਨਿਹਾਰੀਕਾ ਸਿੰਗਲਾ , ਸਿਵਲ ਜੱਜ ( ਜੂਨੀਅਰ ਡੀਵੀਜ਼ਨ), ਅਭਿਸ਼ੇਕ ਪਾਠਕ, ਸਿਵਲ ਜੱਜ ( ਜੂਨੀਅਰ ਡੀਵੀਜ਼ਨ), ਮਿਸ ਗਿਤਾਂਸ਼ੂ, ਸਿਵਲ ਜੱਜ ( ਜੂਨੀਅਰ ਡੀਵੀਜ਼ਨ), ਪ੍ਰਧਾਨ ਬਾਰ ਐਸੋਸੀਏਅਨ, ਬਰਨਾਲਾ ਪੰਕਜ ਬਾਂਸਲ, ਤਲਵਿੰਦਰ ਸਿੰਘ ਮਸੌਣ, ਵਾਈਸ ਪ੍ਰਧਾਨ, ਬਾਰ ਐਸੋਸੀਏਸ਼ਨ, ਬਰਨਾਲਾ, ਕਰਨਵੀਰ ਸਿੰਘ ਮਾਨ, ਸੈਕਟਰੀ, ਬਾਰ ਐਸੋਸੀਏਅਨ, ਬਰਨਾਲਾ ਵੱਲੋਂ ਬੂਟੇ ਲਗਾਏ ਗਏ। ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨ ਜੱਜ਼ — ਕਮ —ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਬੀ.ਬੀ.ਐਸ. ਤੇਜੀ ਜੀਆਂ ਵੱਲੋਂ ਹਰਾ ਭਰਾ ਵਾਤਾਵਰਣ ਬਣਾਈ ਰੱਖਣ, ਲੋਕਾਂ ਨੂੰ ਕਈ ਬਿਮਾਰੀਆਂ ਤੋਂ ਬਚਾਉਣ ਅਤੇ ਸਾਫ਼ ਹਵਾ ਅਤੇ ਆਕਸੀਜਨ ਪ੍ਰਦਾਨ ਕਰਨ ਲਈ ਰੁੱਖ ਲਗਾਉਣ ਦੀ ਮਹੱਤਤਾ 'ਤੇ ਚਾਨਣਾ ਪਾਇਆ। ਇਸ ਤੋ ਇਲਾਵਾ ਉਹਨਾਂ ਨੇ ਕਿਹਾ ਕਿ ਇਸ ਮੌਨਸੂਨ ਸੀਜ਼ਨ ਦੌਰਾਨ ਸਾਰੇ ਲੋਕਾਂ ਨੂੰ ਆਪਣੇ ਆਲੇ ਦੁਆਲੇ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਸਾਨੂੰ ਸਭ ਨੂੰ ਇੱਕ ਚੰਗੇ ਨਾਗਰਿਕਤਾ ਦਾ ਸਬੂਤ ਦਿੰਦੇ ਹੋਏ ਮਾਨਵਤਾ ਦੀ ਭਲਾਈ ਅਤੇ ਸਮਾਜਿਕ ਸੁਰੱਖਿਆ ਵਾਸਤੇ ਵਾਤਾਵਰਣ ਦੀ ਸੰਭਾਲ ਕਰਨੀ ਚਾਹੀਦੀ ਹੈ ਅਤੇ ਦੂਜਿਆਂ ਨੂੰ ਵੀ ਵਾਤਾਵਰਣ ਦੀ ਸੰਭਾਲ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

# ਅਧਿਆਪਕ ਸਿਖਲਾਈ ਕੈਂਪ ਲਗਾਇਆ





ਭੁੱਚੋ ਮੰਡੀ/ ਨਥਾਣਾ, 5 ਜੁਲਾਈ ( ਹਰਬੰਸ ਸਿੰਘ ਭੋਲਾ): ਸਿਲਵਰ ਓਕਸ ਸਕੂਲ, ਰਾਮਪੁਰਾ ਰੋਡ, ਬਠਿੰਡਾ ਵਿਖੇ ਮਾਹਿਰ ਟ੍ਰੇਨਰ ਦੀ ਯੋਗ ਅਗਵਾਈ ਵਿੱਚ ਪੰਜ ਰੋਜ਼ਾ ਅਧਿਆਪਕ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚਮਿਸ ਬਲਵਿੰਦਰ ਕੌਰ ਅਤੇ ਡਾ. ਸ਼ਿਕਸ਼ਾ ਸਿਖਲਾਈ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ । ਉਹਨਾਂ ਦਾ ਇੱਥੇ ਪਹੁੰਚਣ 'ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਛਾਇਆ ਵਿਨੋਚਾ ਵੱਲੋਂ ਸ਼ਮਾ ਜਗਾ ਕੇ ਸੁਆਗਤੀ ਕਾਰਡ ਦਿੰਦੇ ਹੋਏ ਪਿਆਰ ਭਰੇ ਸ਼ਬਦਾਂ ਨਾਲ ਸਵਾਗਤ ਕੀਤਾ ਗਿਆ। ਪਰਮਾਤਮਾ ਦਾ ਨਾਮ ਲੈਂਦੇ ਹੋਏ ਇਸ ਸਿਖਲਾਈ ਕੈਂਪ ਨੂੰ ਅੱਗੇ ਵਧਾਇਆ ਗਿਆ । ਇਸ ਇੱਕ ਦਿਨ ਦੇ ਸਿਖਲਾਈ ਕੈਂਪ ਵਿੱਚ ਦੋ ਵੱਖ-ਵੱਖ ਸੈਸ਼ਨ ਲਗਾਏ ਗਏ। ਸੈਸ਼ਨ ਜੌਲੀ ਫੋਨਿਕਸ ਫਾਰ ਕਿੰਡਰਗਾਰਟਨ ਇਹ ਸੈਸ਼ਨ ਖਾਸ ਕਿੰਡਰਗਾਰਟਨ ਅਧਿਆਪਕਾਂ ਲਈ ਸੀ । ਜਿਸ ਦੀ ਅਗਵਾਈ ਵਿਸ਼ੇਸ਼ ਮਾਹਰ ਮਿਸ ਬਲਵਿੰਦਰ ਕੌਰ ਨੇ ਕੀਤੀ, ਇਸ ਦੌਰਾਨ ਉਨ੍ਹਾਂ ਨੇ ਅਧਿਆਪਕਾਂ ਨੂੰ ਬੱਚਿਆਂ ਲਈ ਸਹੀ ਧੁਨੀ ਉਚਾਰਨ, ਪਿੱਚ, ਲੈਅ, ਹਾਵ-ਭਾਵ ਆਦਿ ਸਭ ਬਾਰੇ ਭਰਪੂਰ ਜਾਣਕਾਰੀ ਦਿੱਤੀ। ਜਿਸ ਤੋਂ ਅਧਿਆਪਕਾਂ ਨੇ ਬਹੁਤ ਲਾਭ ਉਠਾਇਆ ਅਤੇ ਇਸ ਵਿਸ਼ੇਸ਼ ਸਿਖਲਾਈ ਨਾਲ ਉਹ ਜਮਾਤ ਵਿੱਚ ਬੱਚਿਆਂ ਨੂੰ ਵਧੇਰੇ ਵਧੀਆ ਤਰੀਕੇ ਨਾਲ ਸਿਖਾ ਸਕਣਗੇ, ਨਾਲ ਹੀ ਦੂਸਰਾ ਸੈਸ਼ਨ ਜੋ ਹਿੰਦੀ ਵਿਸ਼ੇ ਨਾਲ ਸੰਬੰਧਿਤ ਹਿੰਦੀ ਦੇ ਅਧਿਆਪਕਾਂ ਲਈ ਸੀ। ਵਿਸ਼ੇਸ਼ ਮਾਹਰ ਡਾ. ਸ਼ਿਕਸ਼ਾ ਵੱਲੋਂ ਹਿੰਦੀ ਭਾਸ਼ਾ ਅਤੇ ਇਸ ਵਿਸ਼ੇ ਬਾਰੇ ਸਪੱਸ਼ਟ ਜਾਣਕਾਰੀ ਦਿੰਦੇ ਹੋਏ ਅਧਿਆਪਕਾਂ ਅੰਦਰ ਨਵੇਂ ਦ੍ਰਿਸ਼ਟੀਕੋਣਾਂ ਨੂੰ ਉਜਾਗਰ ਕੀਤਾ। ਬਿਨਾਂ ਸੰਦੇਹ ਅਸੀਂ ਕਹਿ ਸਕਦੇ ਹਾਂ ਕਿ ਇਹ ਸਿਖਲਾਈ ਕੈਂਪ ਅਧਿਆਪਕਾਂ ਨੂੰ ਨਵੇ ਤਰੀਕੇ ਨਾਲ ਸੋਚਣ ਅਤੇ ਨਵੀਆਂ ਤਕਨੀਕਾਂ ਨਾਲ ਬੱਚਿਆਂ ਤੱਕ ਪਹੁੰਚਣ ਵਿੱਚ ਬਹੁਤ ਸਹਾਈ ਸਿੱਧ ਹੋਣਗੇ।



# ਪਟਿਆਲਾ-ਆਸ/ਪਾਸ



## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹੇ 'ਚ ਲਗਾਏ ਜਾਣਗੇ 3.50 ਲੱਖ ਬੂਟੇ

### ☛ਡੀ.ਸੀ. ਵੱਲੋਂ ਬਰਸਾਤੀ ਮੌਸਮ ਦੌਰਾਨ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਾਉਣ ਦਾ ਸੱਦਾ




ਪਟਿਆਲਾ, 5 ਜੁਲਾਈ (ਚ.ਨ.ਸ.): ਵਾਤਾਵਰਨ ਨੂੰ ਹਰਿਆ-ਭਰਿਆ ਤੇ ਸ਼ੁੱਧ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਬਰਸਾਤੀ ਸੀਜ਼ਨ ਦੌਰਾਨ ਪਟਿਆਲਾ ਜ਼ਿਲ੍ਹੇ ਵਿੱਚ 6 ਲੱਖ ਬੂਟੇ ਲਗਾਉਣ ਦਾ ਟੀਚਾ ਮਿਥਿਆ ਗਿਆ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਵੱਖ ਵੱਖ ਵਿਭਾਗਾਂ ਸਮੇਤ ਸਮਾਜ ਸੇਵੀ ਸੰਸਥਾਵਾਂ ਨਾਲ ਮੀਟਿੰਗ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹੇ 'ਚ 3.50 ਲੱਖ ਬੂਟੇ ਲਗਾਏ ਜਾ ਰਹੇ ਹਨ। ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਬੂਟੇ ਲਗਾਉਣ 'ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਲਈ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵੀ ਕਿਹਾ ਤਾਂ ਜੋ ਬੂਟੇ ਲਗਾਉਣ ਤੋਂ ਬਾਅਦ ਬੂਟੇ ਦੀ ਸਹੀ ਸਾਂਭ ਸੰਭਾਲ ਹੋ ਸਕੇ। ਉਨ੍ਹਾਂ ਹਰ ਵਿਅਕਤੀ ਨੂੰ ਘੱਟੋ-ਘੱਟ ਇੱਕ ਬੂਟਾ ਲਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਨ ਨੂੰ ਸੰਤੁਲਿਤ ਕਰਨ 'ਚ ਹਰੇਕ ਵਿਅਕਤੀ ਆਪਣਾ ਯੋਗਦਾਨ ਪਾਵੇ। ਉਨ੍ਹਾਂ ਕਿਹਾ ਕਿ ਹੁਣ ਜਦੋਂ ਪੂਰੀ ਦੁਨੀਆਂ ਵਾਤਾਵਰਨ ਪ੍ਰਤੀ ਚਿੰਤਤ ਹੈ ਅਤੇ ਵਾਤਾਵਰਨ ਦੀਆਂ ਤਬਦੀਲੀਆਂ ਸਬੰਧੀ ਚਰਚਾ ਕਰ ਰਹੀ ਹੈ, ਤਾਂ ਹਰੇਕ ਮਨੁੱਖ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਵਾਤਾਵਰਨ ਪ੍ਰਤੀ ਸੁਚੇਤ ਹੋਵੇ ਅਤੇ ਵਾਤਾਵਰਨ ਦੀ ਸੰਭਾਲ 'ਚ ਆਪਣਾ ਬਣਦਾ ਯੋਗਦਾਨ ਪਾਵੇ। ਡਿਪਟੀ ਕਮਿਸ਼ਨਰ ਨੇ ਬੂਟੇ ਲਗਾਉਣ ਦੀ ਮੁਹਿੰਮ ਦੌਰਾਨ ਪੰਜਾਬ ਦੇ ਰਵਾਇਤੀ ਬੂਟੇ ਜਿਸ ਵਿੱਚ ਨਿੰਮ, ਸ਼ੀਸ਼ਮ, ਅੰਬ ਤੇ ਜਾਮਣ ਵਰਗੇ ਬੂਟੇ ਲਗਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਬੂਟੇ ਲਗਾਉਣ ਲਈ ਸਥਾਨ ਦੀ ਚੋਣ ਭਵਿੱਖੀ ਯੋਜਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਸਹੀ ਕੀਤੀ ਜਾਵੇ ਤਾਂ ਜੋ ਅੱਜ ਲਗਾਏ ਬੂਟੇ ਦੀ ਛਾਂ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਮਾਣ ਸਕਣ। ਇਸ ਮੌਕੇ ਵਣ ਮੰਡਲ ਅਫ਼ਸਰ ਗੁਰਅਮਨਪ੍ਰੀਤ ਸਿੰਘ ਨੇ ਨਰਸਰੀ ਵਿੱਚ ਪਏ ਸਟਾਕ ਸਬੰਧੀ ਜਾਣਕਾਰੀ ਦਿੱਤੀ ਅਤੇ ਵੱਖ ਵੱਖ ਵਿਭਾਗਾਂ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਲਗਾਏ ਜਾਣ ਵਾਲੇ ਬੂਟੇ ਦੀ ਗਿਣਤੀ ਸਬੰਧੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਬੂਟਾ ਲਗਾਉਣ ਤੇ ਬੂਟੇ ਨੂੰ ਪਾਲਣ ਲਈ ਹਰੇਕ ਵਿਅਕਤੀ ਆਪਣੀ ਜ਼ਿੰਮੇਵਾਰੀ ਨਿਭਾਏ। ਵਣ ਮੰਡਲ ਅਫ਼ਸਰ ਨੇ ਦੱਸਿਆ ਕਿ ਬਰਸਾਤੀ ਸੀਜ਼ਨ ਦੌਰਾਨ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ 50 ਹਜ਼ਾਰ ਬੂਟੇ, ਪੁਲਿਸ ਵਿਭਾਗ 10 ਹਜ਼ਾਰ ਬੂਟੇ, ਏ.ਡੀ.ਸੀ. (ਪੇਂਡੂ ਵਿਕਾਸ) ਤੇ ਪੰਚਾਇਤ ਵਿਭਾਗ ਪਿੰਡਾਂ ਵਿੱਚ 2 ਲੱਖ ਬੂਟੇ, ਪੀ.ਐਸ.ਪੀ.ਸੀ.ਐਲ 10 ਹਜ਼ਾਰ ਬੂਟੇ, ਖੇਤੀਬਾੜੀ ਵਿਭਾਗ ਤੇ ਸਹਿਕਾਰੀ ਸਭਾਵਾਂ 50-50 ਹਜ਼ਾਰ ਬੂਟੇ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ 50 ਹਜ਼ਾਰ ਬੂਟੇ, ਭੂਮੀ ਰੱਖਿ ?ਆ ਵਿਭਾਗ 1 ਲੱਖ ਬੂਟੇ, ਸਿੱਖਿਆ ਵਿਭਾਗ ਸਕੂਲਾਂ 'ਚ 50 ਹਜ਼ਾਰ ਬੂਟਿਆਂ ਸਮੇਤ ਸਮੂਹ ਕਾਰਜ ਸਾਧਕ ਅਫ਼ਸਰ 10-10 ਹਜ਼ਾਰ ਬੂਟੇ ਲਗਾਉਣਗੇ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਵੱਡੀ ਗਿਣਤੀ 'ਚ ਬੂਟੇ ਲਗਾਏ ਜਾਣਗੇ।ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਸਮੇਤ ਜਨਹਿੱਤ ਸਮਿਤੀ, ਹਿਊਮਨ ਰਾਈਟਸ ਮਿਸ਼ਨ ਪ੍ਰੋਟੈਕਸ਼ਨ, ਲਾਇਨ ਕਲੱਬ ਨਿਊ ਸੈਂਟਰਲ ਤੇ ਪਟਿਆਲਾ ਆਵਰ ਪਰਾਈਡ ਸਮੇਤ ਹੋਰ ਸਮਾਜ ਸੇਵੀ ਸੰਸਥਾਵਾਂ ਵੀ ਮੌਜੂਦ ਸਨ।

## ਖ਼ਾਲਸਾ ਕਾਲਜ ਨੇ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਵਿਖੇ ਲਗਾਈ ਧਾਰਮਿਕ ਪ੍ਰਦਰਸ਼ਨੀ

ਪਟਿਆਲਾ, 5 ਜੁਲਾਈ (ਰੁਪਾਣਾ) : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਗੱਦੀ ਦਿਵਸ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਗੁਰਮਤਿ ਸਮਾਗਮ ਅੱਜ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ, ਪਟਿਆਲਾ ਵਿਖੇ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.), ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਮੌਕੇ ਖ਼ਾਲਸਾ ਕਾਲਜ ਪਟਿਆਲਾ ਵੱਲੋਂ ਇੱਕ ਧਾਰਮਿਕ ਪ੍ਰਦਰਸ਼ਨੀ ਦੀ ਸਟਾਲ ਦਾ ਆਯੋਜਨ ਕੀਤਾ ਗਿਆ, ਜਿਸ ਨੇ ਸੰਗਤ ਦਾ ਧਿਆਨ ਖਿੱਚਿਆ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸ਼ਹਾਦਤ ਦੀ ਮਹੱਤਤਾ ਨੂੰ ਉਜਾਗਰ ਕੀਤਾ। ਇਸ ਪ੍ਰਦਰਸ਼ਨੀ ਵਿੱਚ ਖ਼ਾਲਸਾ ਕਾਲਜ ਦੇ ਪਬਲੀਕੇਸ਼ਨ ਸੈੱਲ ਵੱਲੋਂ ਇੱਕ ਪੁਸਤਕ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਸਿੱਖ ਇਤਿਹਾਸ, ਗੁਰਬਾਣੀ ਅਤੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਪੁਸਤਕਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਦੇ ਨਾਲ ਹੀ, ਖ਼ਾਲਸਾ ਕਾਲਜ ਪਟਿਆਲਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਗਾਇਨ ਪ੍ਰੋਜੈਕਟ ਦਾ ਪ੍ਰਦਰਸ਼ਨ ਐਲ.ਸੀ.ਡੀ. ਸਕਰੀਨ ਰਾਹੀਂ ਕੀਤਾ ਗਿਆ। ਇਸ ਪ੍ਰੋਜੈਕਟ ਨੇ ਸੰਗਤ ਨੂੰ ਗੁਰੂ ਸਾਹਿਬ ਦੀ ਬਾਣੀ ਦੀ ਡੂੰਘੀ ਸਮਝ ਅਤੇ ਆਧੁਨਿਕ ਤਕਨੀਕ ਦੀ ਵਰਤੋਂ ਨਾਲ ਧਾਰਮਿਕ ਸਿੱਖਿਆ ਪ੍ਰਦਾਨ ਕੀਤੀ। ਵਰਨਣਯੋਗ ਹੈ ਕਿ ਇਸ ਮੌਕੇ ਸਕੱਤਰ ਵਿੱਦਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਸੁਖਮਿੰਦਰ ਸਿੰਘ, ਸ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਅਨੇਕਾਂ ਉੱਘੀਆਂ ਸਿੱਖ ਸ਼ਖ਼ਸੀਅਤਾਂ ਵੱਲੋਂ ਸਟਾਲ ਦਾ ਦੌਰਾ ਕੀਤਾ ਗਿਆ। ਸਮਾਗਮ ਵਿੱਚ ਲਗਾਏ ਗਏ ਬੈਨਰਾਂ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਸਹਿਯੋਗੀ ਸਿੱਖਾਂ ਦੀ ਸ਼ਹਾਦਤ ਦੀ ਮਹੱਤਤਾ ਨੂੰ ਵੀ ਉਜਾਗਰ ਕੀਤਾ ਗਿਆ ਸੀ। ਖ਼ਾਲਸਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਪ੍ਰਦਰਸ਼ਨੀ ਦੀ ਮਹੱਤਤਾ ਬਾਰੇ ਸੰਗਤ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਪ੍ਰਦਰਸ਼ਨੀ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਦਾ ਇੱਕ ਸਾਰਥਕ ਯਤਨ ਹੈ। ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਨੇ ਇਸ ਪ੍ਰਦਰਸ਼ਨੀ ਦਾ ਖੂਬ ਆਨੰਦ ਮਾਣਿਆ ਅਤੇ ਖ਼ਾਲਸਾ ਕਾਲਜ ਦੇ ਇਸ ਯਤਨ ਦੀ ਸ਼ਲਾਘਾ ਕੀਤੀ। ਵਰਨਣਯੋਗ ਹੈ ਕਿ ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਵੱਲੋਂ ਵੀ ਧਾਰਮਿਕ ਪ੍ਰਦਰਸ਼ਨੀਆਂ ਦੇ ਸਟਾਲ ਲਗਾਏ ਗਏ ਸਨ। ਖ਼ਾਲਸਾ ਕਾਲਜ ਪਟਿਆਲਾ ਦੇ ਸੰਗੀਤ ਗਾਇਨ ਵਿਭਾਗ ਵੱਲੋਂ ਵੀ ਇਸ ਮੌਕੇ ਢਾਡੀ ਵਾਰਾਂ ਦੀ ਪੇਸ਼ਕਾਰੀ ਰਾਹੀਂ ਦੀਵਾਨ ਹਾਲ ਵਿੱਚ ਹਾਜ਼ਰੀ ਭਰੀ ਗਈ ਅਤੇ ਐਨ.ਸੀ.ਸੀ. ਦੇ ਤਿੰਨਾਂ ਵਿੰਗਾਂ ਦੇ ਏ. ਐਨ. ਓ. ਦੀ ਰਹਿਨੁਮਾਈ ਵਿੱਚ ਅਨੁਸ਼ਾਸਨੀ ਸੇਵਾ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਸੰਗਤ ਨੇ ਗੁਰਮਤਿ ਸਮਾਗਮ ਵਿੱਚ ਸ਼ਾਮਲ ਹੋ ਕੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਨੇ ਸਿੱਖ ਸੰਗਤ ਨੂੰ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ।



## ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਦੇ ਵਫ਼ਦ ਨੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਮੰਗ ਪੱਤਰ ਸੌਂਪਿਆ



ਨਾਭਾ, 5 ਜੁਲਾਈ (ਬਲਜਿੰਦਰ ਮਾਨ) : ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਇਕ ਵਫ਼ਦ ਵੱਲੋਂ ਅੱਜ ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨਾਲ ਨਾਭਾ ਸਥਿਤ ਉਨ੍ਹਾਂ ਦੇ ਨਿੱਜੀ ਦਫਤਰ ਵਿਖੇ ਪੁੱਜਕੇ ਮੀਟਿੰਗ ਕੀਤੀ ਅਤੇ ਇਸ ਮੌਕੇ ਉਪਰੋਕਤ ਵਫ਼ਦ ਵੱਲੋਂ ਆਪਣੀ ਬਹਾਲੀ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਾਮ 'ਤੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਗਿਆ ਤੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਸਰਕਾਰ ਦਾ ਨੁਮਾਇੰਦਾ ਹੋਣ ਦੇ ਨਾਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਜਾਣੂ ਕਰਵਾਇਆ ਗਿਆ। ਉਪਰੋਕਤ ਮੁੜ ਬਹਾਲ ਕੱਚੇ ਅਧਿਆਪਕਾ ਨੇ ਦੱਸਿਆ ਕਿ ਈ.ਜੀ.ਐਸ, ਏ.ਆਈ.ਈ, ਐਸ.ਟੀ.ਆਰ, ਸਿੱਖਿਆ ਪ੍ਰੋਵਾਇਡਰ ਅਤੇ ਆਈ.ਈ.ਵੀ ਸਿੱਖਿਆ ਵਿਭਾਗ ਵਿਖੇ ਅਧਿਆਪਕਾਂ ਦੀ ਮੁੜ ਬਹਾਲੀ ਕਰਨ ਦੇ ਪ੍ਰੋਸੈਸ ਸਬੰਧੀ ਮਾਨਯੋਗ ਮੁੱਖ ਮੰਤਰੀ, ਪੰਜਾਬ ਦੁਆਰਾ 15 ਜੂਨ 2025 ਨੂੰ ਹੋਈ ਮੀਟਿੰਗ ਦੌਰਾਨ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਅਤੇ ਮਾਨਯੋਗ ਸਿੱਖਿਆ ਸਕੱਤਰ, ਪੰਜਾਬ ਨੂੰ ਕਮੇਟੀ ਦਾ ਗਠਨ ਕਰਕੇ ਅਧਿਆਪਕਾਂ ਦੀ ਮੁੜ ਬਹਾਲੀ ਨੂੰ ਅੰਤਿਮ ਰੂਪ ਦੇਣ ਦੇ ਦਿਸ਼ਾ ਨਿਰਦੇਸ਼ਾਂ ਨੂੰ ਅਮਲ ਵਿੱਚ ਲਿਆਂਦਾ ਜਾਵੇ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਮੰਗ ਪੱਤਰ ਲੈਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਵਫਦ ਵੱਲੋਂ ਦਿੱਤਾ ਗਿਆ ਮੰਗ ਪੱਤਰ ਮਾਨਯੋਗ ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਪੰਜਾਬ ਤੱਕ ਪੁੱਜਦਾ ਕਰ ਦਿੱਤਾ ਜਾਵੇਗਾ ਤਾਂ ਜੋ ਇਨ੍ਹਾਂ ਦੀ ਬਹਾਲੀ ਹੋ ਸਕੇ। ਮੰਗ ਪੱਤਰ ਦੇਣ ਸਮੇਂ ਵਿਕਾਸ ਸਾਹਨੀ, ਲਖਵਿੰਦਰ ਕੌਰ, ਮਨਜੀਤ ਕੌਰ, ਰੁਪਿੰਦਰ ਕੌਰ, ਸਤਵੀਰ ਕੌਰ, ਸੁਖਵਿੰਦਰ ਸਿੰਘ, ਅਮਨਦੀਪ ਕੌਰ, ਜਸਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਆਦਿ ਸ਼ਾਮਲ ਸਨ।

## ਵੀਰਪਾਲ ਕੌਰ ਨੇ 400 ਮੀਟਰ ਰੇਸ 'ਚ ਪਹਿਲਾ ਸਥਾਨ ਹਾਸਲ ਕਰਕੇ ਜਿੱਤਿਆ ਗੋਲਡ ਮੈਡਲ



ਨਾਭਾ, 5 ਜੁਲਾਈ (ਬਲਜਿੰਦਰ ਮਾਨ) : ਨਾਭਾ ਨੇੜੇ, ਪਿੰਡ ਰੋਹਟੀ ਮੌੜ੍ਹਾਂ ਦੀ ਵੀਰਪਾਲ ਕੌਰ ਸੁਪਤਨੀ ਕੰਬਰਦੀਪ ਸਿੰਘ ਜੋ ਕਿ ਪੰਜਾਬ ਪੁਲਿਸ ਵਿਚ ਬਤੌਰ ਏ. ਐਸ. ਆਈ. ਡਿਊਟੀ ਨਿਭਾਅ ਰਹੀ ਹੈ ਜੋ ਕਿ ਸਪੋਰਟਸ ਸੈਂਟਰ ਜਲੰਧਰ ਵਿਚ ਪ੍ਰੈਕਟਿਸ ਕਰਦੀ ਹੈ, ਨੇ ਯੂ.ਐਸ.ਏ. ਵਿਖੇ ਹੋ ਰਹੀ ਵਰਲਡ ਪੁਲਿਸ ਗੇਮਜ਼ 'ਚ ਵੀਰਪਾਲ ਕੌਰ ਨੇ ਪਹਿਲਾਂ ਇੰਡੀਆ ਪੁਲਿਸ ਵਿੱਚੋਂ 400 ਮੀਟਰ ਰੇਸ ਵਿਚ ਪਹਿਲੇ ਸਥਾਨ 'ਤੇ ਰਹਿ ਕੇ ਅਪਣੇ ਪਿੰਡ ਤੇ ਪਰਿਵਾਰ ਦਾ ਨਾਮ ਰੋਸ਼ਨ ਕੀਤਾ ਵਰਲਡ ਪੁਲਸ ਗੇਮਜ਼ ਜੋ ਕਿ ਯੂ. ਐਸ. ਏ. ਦੇ ਅਲਬਾਹਮਾ ਸਟੇਟ ਦੇ ਸ਼ਹਿਰ ਬਰਮਿੰਘਮ ਵਿਚ 27 ਜੂਨ ਤੋਂ 6 ਜੁਲਾਈ 2025 ਤੱਕ ਹੋ ਰਹੀਆਂ ਹਨ, ਵਿਚ ਭਾਗ ਲਿਆ ਸੀ ਅਤੇ 400 ਮੀਟਰ ਰੇਸ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਜਿੱਤਿਆ ਹੈ। ਇਸ ਸਬੰਧੀ ਜਾਣਕਾਰੀ ਉਸਦੇ ਸਹੁਰਾ ਪਰਿਵਾਰ ਰਵਿੰਦਰ ਸਿੰਘ ਰੋਹਟੀ ਮੌੜਾਂ ਨੇ ਦਿੱਤੀ ਹੈ।

## ਨਸ਼ੀਲੀਆਂ ਗੋਲ਼ੀਆਂ ਸਮੇਤ ਇੱਕ ਕਾਬੂ

ਸਮਾਣਾ, 5 ਜੁਲਾਈ (ਵਿਜੇ ਕੁਮਾਰ) : ਸਦਰ ਪੁਲਿਸ ਨੇ ਨਸ਼ੀਲੀਆਂ ਗੋਲੀਆਂ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਇੱਕ ਵਿਅਕਤੀ ਨੂੰ 100 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਪਿੰਡ ਬਿਜਲਪੁਰ ਦੇ ਸੁਲੱਖਣ ਸਿੰਘ ਵਜੋਂ ਹੋਈ ਹੈ। ਸਦਰ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਏ.ਐਸ.ਆਈ. ਜਸਵਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਪਿੰਡ ਅਸਰਪੁਰ ਚੁਪਕੀ ਵਿੱਚ ਮੌਜੂਦ ਸਨ, ਕਿ ਮਿਲੀ ਸੂਚਨਾ ਦੇ ਆਧਾਰ 'ਤੇ ਪੁਲਿਸ ਪਾਰਟੀ ਨੇ ਪਿੰਡ ਦੇ ਸ਼ਮਸ਼ਾਨਘਾਟ ਅਨਾਜ ਮੰਡੀ ਨੇੜੇ ਨਸ਼ੀਲੀਆਂ ਗੋਲ਼ੀਆਂ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਮੁਲਜ਼ਮ ਕੋਲੋਂ 100 ਗੋਲ਼ੀਆਂ ਬਰਾਮਦ ਕਰਕੇ ਉਸਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ, ਮੁਲਜ਼ਮ ਨੂੰ ਮਾਣਯੋਗ ਅਦਾਲਤ ਦੇ ਆਦੇਸ਼ 'ਤੇ ਜੇਲ੍ਹ ਭੇਜ ਦਿੱਤਾ ਗਿਆ ਹੈ।

## ਨਗਰ ਨਿਗਮ ਨੇ ਵਾਲਮੀਕਿ ਚੌਕ ਤੋਂ ਪੁਰਾਣੇ ਬਸ ਅੱਡੇ ਵੱਲ ਜਾਂਦੇ ਦੋਨੋਂ ਪਾਸੇ ਰੱਖਿਆ ਸਾਮਾਨ ਕੀਤਾ ਜਬਤ



ਪਟਿਆਲਾ, 5 ਜੁਲਾਈ (ਰੁਪਾਣਾ) : ਸ਼ਹਿਰ ਦੇ ਵਾਲਮੀਕਿ ਚੌਂਕ ਤੋਂ ਪੁਰਾਣੇ ਬਸ ਅੱਡੇ ਵੱਲ ਜਾਂਦੇ ਰਸਤੇ ਅਤੇ ਮਾਤਾ ਕੁਸ਼ੱਲਿਆ ਹਸਪਤਾਲ ਦੇ ਸਾਹਮਣੇ ਏਰੀਆ ਮੁੜ ਤੋਂ ਖਾਲੀ ਕਰਾਇਆ ਗਿਆ। ਦੱਸਣਯੋਗ ਹੈ ਕਿ ਨਗਰ ਨਿਗਮ ਵੱਲੋਂ ਮੇਅਰ ਕੁੰਦਨ ਕੋਗੀਆ, ਨਿਗਮ ਕਮਿਸ਼ਨਰ ਪਰਮਵੀਰ ਸਿੰਘ ਅਤੇ ਲੈਂਡ ਬਰਾਂਚ ਦੇ ਸਕੱਤਰ ਸੁਰਜੀਤ ਸਿੰਘ ਦੀ ਰਹਿਨੁਮਾਈ ਹੇਠ ਲੋਕਾਂ ਨੂੰ ਬਜ਼ਾਰਾ ਵਿੱਚ ਦੁਕਾਨਦਾਰਾਂ ਵੱਲੋਂ ਸੜਕਾਂ ਤੱਕ ਰੱਖੇ ਸਮਾਨ ਨਾਲ ਵਾਲੀ ਤੰਗੀ ਨੂੰ ਠੀਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਇੰਸਪੈਕਟਰ ਵਿਸ਼ਾਲ ਵਰਮਾ ਅਤੇ ਨਿਗਮ ਟੀਮ ਵੱਲੋਂ ਕਰਵਾਈ ਕਰਦਿਆਂ ਉਪਰੋਕਤ ਇਲਾਕਿਆਂ ਦੀਆਂ ਸੜਕਾਂ ਦੇ ਦੋਹਾਂ ਪਾਸਿਆਂ 'ਤੇ ਦੁਕਾਨਦਾਰਾਂ ਵਲੋਂ ਬਾਹਰ ਸੜਕ ਤੱਕ ਰੱਖੇ ਗਏ ਪੌਂਦੇ, ਗਮਲੇ ਅਤੇ ਹੋਰ ਸਾਜੋ-ਸਾਮਾਨ ਜਬਤ ਕਰ ਲਿਆ ਗਿਆ। ਨਿਗਮ ਅਧਿਕਾਰੀਆਂ ਮੁਤਾਬਕ ਇਹ ਮੁਹਿੰਮ ਅਵੈਧ ਕਬਜ਼ਿਆਂ ਖ਼ਿਲਾਫ਼ ਚਲਾਈ ਗਈ ਹੈ, ਤਾਂ ਜੋ ਆਮ ਲੋਕਾਂ ਨੂੰ ਆਉਣ-ਜਾਣ ਵਿੱਚ ਹੋ ਰਹੀ ਦਿੱਕਤ ਨੂੰ ਦੂਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੜਕਾਂ ਨੂੰ ਖੁਲ੍ਹਾ ਰੱਖਣਾ ਜ਼ਰੂਰੀ ਹੈ, ਅਤੇ ਜਿਸ ਕਿਸੇ ਨੇ ਵੀ ਸਰਕਾਰੀ ਜਗ੍ਹਾ 'ਤੇ ਕਬਜ਼ਾ ਕੀਤਾ ਹੋਇਆ ਹੈ, ਉਸ 'ਤੇ ਸਖ਼ਤ ਕਾਰਵਾਈ ਜਾਰੀ ਰਹੇਗੀ। ਸ਼ਹਿਰ ਵਾਸੀਆਂ ਨੇ ਨਿਗਮ ਦੀ ਇਸ ਕਾਰਵਾਈ ਦੀ ਸਿਰਾਹਨਾ ਕੀਤੀ ਹੈ ਅਤੇ ਮੰਗ ਕੀਤੀ ਕਿ ਅਜਿਹੀਆਂ ਮੁਹਿੰਮਾਂ ਨੂੰ ਨਿਯਮਤ ਤੌਰ 'ਤੇ ਚਲਾਇਆ ਜਾਵੇ। ਵਿਸ਼ਾਲ ਵਰਮਾ ਨੇ ਕਿਹਾ ਕਿ ਇਨ੍ਹਾਂ ਇਲਾਕਿਆਂ ਵਿੱਚ ਲੋਕਾਂ ਨੂੰ ਰਸਤੇ ਸਬੰਧੀ ਆਉਣ ਵਾਲੀ ਦਿੱਕਤ ਦੇ ਮੱਦੇਨਜ਼ਰ ਪਹਿਲਾ ਮੁਨਿਆਦੀ ਵੀ ਕਰਵਾਈ ਗਈ ਸੀ ਪਰ ਦੁਕਾਨਦਾਰਾਂ ਨੇ ਮੁਨਿਆਦੀ ਅਤੇ ਲੋਕ ਸਹੂਲਤ ਨੂੰ ਅੱਖੋ ਪਰੋਖੇ ਕਰ ਨਿਯਮਾਂ ਦੀ ਉਲੰਘਣਾ ਕੀਤੀ ਹੈ, ਜਿਸ ਕਾਰਨ ਇਹ ਕਾਰਵਾਈ ਕੀਤੀ ਗਈ ਹੈ।

## ਐਂਟੀ ਡੇਂਗੂ ਲਾਰਵਾ ਮੁਹਿੰਮ ਚਲਾਈ



ਪਟਿਆਲਾ, 5 ਜੁਲਾਈ (ਚ.ਨ.ਸ.) : ਨਗਰ ਨਿਗਮ ਪਟਿਆਲਾ ਅਤੇ ਰਾਜਿੰਦਰਾ ਹਸਪਤਾਲ ਦੇ ਸਟਾਫ਼ ਵੱਲੋਂ ਧਾਲੀਵਾਲ ਕਲੋਨੀ ਅਤੇ ਬੈਂਕ ਕਲੋਨੀ ਵਿਖੇ ਐਂਟੀ ਡੇਂਗੂ ਲਾਰਵਾ ਮੁਹਿੰਮ ਚਲਾਈ ਗਈ, ਜਿਸ ਦੇ ਤਹਿਤ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ। ਪਬਲਿਕ ਨੂੰ ਦੱਸਿਆ ਇਹ ਮੱਛਰ ਸ਼ਾਫ ਖੜੇ ਪਾਣੀ ਵਿਚ ਪੈਦਾ ਹੁੰਦਾ ਹੈ। ਉਹਨਾਂ ਲੋਕਾਂ ਨੂੰ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਆਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ ਟੁੱਟੇ-ਫੁੱਟੇ ਬਰਤਨਾਂ ਨੂੰ ਮੂੰਧਾ ਮਾਰਨ ਜਾਂ ਨਸ਼ਟ ਕਰਨ, ਗਮਲਿਆਂ, ਕੂਲਰਾਂ,ਫਰਿਜ਼ਾਂ ਦੀਆਂ ਟਰੇਆਂ ਨੂੰ ਸਾਫ ਕਰਨਾ ਯਕੀਨੀ ਬਣਾਉਣ ਅਤੇ ਸ਼ਰੀਰ ਨੂੰ ਢੱਕਣ ਵਾਲੇ ਕੱਪੜੇ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਨਗਰ ਨਿਗਮ ਪਟਿਆਲਾ ਵੱਲੋਂ ਸੈਨੇਟਰੀ ਇੰਸਪੈਕਟਰ ਇੰਦਰਜੀਤ ਸਿੰਘ ਅਤੇ ਰਾਜਿੰਦਰਾ ਹਸਪਤਾਲ ਦੇ ਮੈਡਮ ਮਧੂ ਅਤੇ ਸਵਿਟੀ ਮੌਜੂਦ ਸਨ।

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਘਨੌਰ, 5 ਜੁਲਾਈ (ਮਦਨ ਲਾਲ) : ਥਾਣਾ ਖੇੜੀ ਗੰਡਿਆ ਪੁਲਿਸ ਨੇ ਕਥਿਤ ਦੋਸ਼ੀ ਗੁਰਤੇਜ ਸਿੰਘ ਵਾਸੀ ਕੁਥਾਖੇੜੀ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ. ਜਸਵਿੰਦਰਪਾਲ ਸਮੇਤ ਪੁਲਿਸ ਨਹਿਰ ਪੁਲ ਖੇੜੀ ਗੰਡਿਆ ਮੌਜੂਦ ਸੀ, ਜੋ ਦੇਖਿਆ ਕਿ ਉਕਤ ਕਥਿਤ ਦੋਸ਼ੀ ਪੁਲ ਕੋਲ ਦਰੱਖਤਾਂ ਵਿੱਚ ਨਸ਼ੇ ਦਾ ਸੇਵਨ ਕਰ ਰਿਹਾ ਸੀ।

## ਲੜਕੇ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਹਿਰਾਸਤ 'ਚ ਰੱਖਣ ਦਾ ਸ਼ੱਕ

ਪਟਿਆਲਾ, 5 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਗੁਰਪਿਆਰ ਸਿੰਘ ਪੁੱਤਰ ਮੇਵਾ ਸਿੰਘ ਵਾਸੀ ਪਿੰਡ ਨੂਰਖੇੜੀਆ ਥਾਣਾ ਸਦਰ ਪਟਿਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਹਰਪ੍ਰੀਤ ਸਿੰਘ ਉਮਰ ਕਰੀਬ 13 ਸਾਲ ਜੋ ਕਿ ਘਰੋਂ ਸਾਈਕਲ ਲੈ ਕੇ ਪਿੰਡ ਵਿੱਚ ਖੇਡਣ ਚਲਾ ਗਿਆ ਪਰ ਘਰ ਵਾਪਿਸ ਨਹੀ ਆਇਆ ਅਤੇ ਕਾਫੀ ਭਾਲ ਕਰਨ ਪਰ ਵੀਂ ਨਹੀਂ ਮਿਲਿਆ। ਉਸ ਨੂੰ ਸ਼ੱਕ ਹੈ ਕਿ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸਦੇ ਲੜਕੇ ਨੂੰ ਗੈਰ ਕਾਨੂੰਨੀ ਤੌਰ 'ਤੇ ਆਪਣੀ ਹਿਰਾਸਤ ਵਿੱਚ ਛੁਪਾ ਕੇ ਰੱਖ ਲਿਆ ਹੈ। ਪੁਲਿਸ ਨੇ ਧਾਰਾ 127 (6) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਛੋਟੇ ਬੱਚਿਆਂ ਨੂੰ ਛੱਡ ਕੇ ਗਈ ਪਤਨੀ ਨੂੰ ਲਿਆਉਣ ਲਈ ਉੱਚ ਅਧਿਕਾਰੀਆਂ ਨੂੰ ਪੱਤਰ



ਪਟਿਆਲਾ, 5 ਜੁਲਾਈ (ਰੁਪਾਣਾ) : ਸਥਾਨਕ ਬਹਾਦਰਗੜ੍ਹ ਵਾਸੀ ਸਤਨਾਮ ਸਿੰਘ ਨੇ ਉੱਚ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਬੇਅੰਤ ਸਿੰਘ ਨਾਮੀ ਵਿਅਕਤੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਸਤਨਾਮ ਸਿੰਘ ਨੇ ਪੱਤਰ 'ਚ ਲਿਖਿਆ ਹੈ ਕਿ ਉਸ ਦੀ ਪਤਨੀ ਨੂੰ ਉਕਤ ਬੇਅੰਤ ਸਿੰਘ ਨੇ ਆਪਣੇ ਜਾਲ 'ਚ ਫਸਾ ਕੇ ਆਪਣੇ ਨਾਲ ਲੈ ਗਿਆ ਹੈ। ਇਹ ਮਾਮਲਾ 11 ਜੂਨ ਦਾ ਦੱਸਿਆ ਜਾ ਰਿਹਾ ਹੈ। ਸਤਨਾਮ ਸਿੰਘ ਮੁਤਾਬਕ ਉਸ ਦੇ 2 ਛੋਟੇ-ਛੋਟੇ ਬੱਚੇ ਹਨ, ਜਿਨ੍ਹਾਂ ਨੂੰ ਛੱਡ ਕੇ ਮੇਰੀ ਪਤਨੀ ਚਲੀ ਗਈ ਹੈ। ਮੈਂ ਪੁਲਿਸ ਚੌਂਕੀ ਬਹਾਦਰਗੜ੍ਹ, ਦਰਖ਼ਾਸਤ ਲਿਖਾਈ, ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਉਸ ਨੇ ਮੰਗ ਕੀਤੀ ਆ ਕੇ ਉਕਤ ਵਿਅਕਤੀ ਦੇ ਖਿਲਾਫ ਕਾਰਵਾਈ ਕਰਕੇ ਮੇਰੀ ਪਤਨੀ ਨੂੰ ਵਾਪਸ ਲਿਆਂਦਾ ਜਾਵੇ ਤਾਂ ਕੇ ਮੇਰੇ ਬੱਚਿਆਂ ਨੂੰ ਆਪਣੀ ਮਾਂ ਮਿਲ ਸਕੇ।

## ਮੰਦਰ ਪ੍ਰਬੰਧਕ ਕਮੇਟੀ ਨੇ ਸਕਾਲਰਸ਼ਿਪ ਵੰਡ ਸਮਾਰੋਹ ਕਰਵਾਇਆ




ਪਟਿਆਲਾ, 5 ਜੁਲਾਈ (ਚ.ਨ.ਸ.) : ਵਿਦਿਆ ਅਤੇ ਚੰਗੇ ਸੰਸਕਾਰਾਂ ਤੋਂ ਵਿਹੀਨ ਨਰ ਪਸ਼ੂ ਸਮਾਨ ਹੁੰਦਾ ਹੈ। ਇਹ ਸ਼ਬਦ ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਵੱਲੋਂ ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਸਮਾਜ ਸੇਵਾ ਮੁਹਿੰਮ ਤਹਿਤ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਇੱਕ ਸਕਾਲਰਸ਼ਿਪ ਵੰਡ ਸਮਾਗਮ ਦੇ ਦੌਰਾਨ ਭੈਣ ਨੀਲਮ ਦੱਤ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਹੇ। ਸਮਾਗਮ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਸ੍ਰੀਮਤੀ ਨੀਲਮ ਦੱਤ ਨੇ ਅਦਾ ਕੀਤੀ, ਜੋ ਕਿ ਇੱਕ ਕ੍ਰਾਂਤੀਕਾਰੀ ਸਨਾਤਨ ਧਰਮੀ ਅਤੇ ਨਿਰਸਵਾਰਥ ਸਮਾਜ ਸੇਵਿਕਾ ਹਨ ਅਤੇ ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿਸਟਰਡ) ਪਟਿਆਲਾ ਦੇ ਸੰਸਥਾਪਕ ਪ੍ਰਧਾਨ ਸਵਰਗੀ ਅਨਿਲ ਦੱਤ ਦੀ ਪਤਨੀ ਹਨ। ਸਮਾਗਮ ਦੀ ਪ੍ਰਧਾਨਗੀ ਸਨਾਤਨ ਧਰਮ ਸੰਸਕ੍ਰਿਤ ਇੰਗਲਿਸ਼ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਕੀਤੀ। ਇਸ ਸ਼ੁਭ ਮੌਕੇ 'ਤੇ ਮੌਜੂਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੰਦੇ ਹੋਏ ਸ੍ਰੀਮਤੀ ਨੀਲਮ ਦੱਤ ਨੇ ਕਿਹਾ ਕਿ ਸਿੱਖਿਆ ਅਤੇ ਚੰਗੇ ਸੰਸਕਾਰਾਂ ਤੋਂ ਬਿਨਾਂ ਮਨੁੱਖ ਜਾਨਵਰ ਵਰਗਾ ਹੁੰਦਾ ਹੈ। ਇਸ ਲਈ, ਸਾਰੇ ਵਿਦਿਆਰਥੀਆਂ ਨੂੰ ਵਿੱਦਿਆ ਰੂਪੀ ਗਿਆਨ ਦੇ ਭੰਡਾਰ ਨੂੰ ਪ੍ਰਾਪਤ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਮਾਗਮ ਵਿੱਚ ਕਰਨ ਮੋਦਗਿਲ ਜਨਰਲ ਸਕੱਤਰ, ਵਰਿੰਦਰ ਮੋਦਗਿਲ, ਗੌਰਾ ਲਾਲ ਭਾਰਦਵਾਜ ਅਤੇ ਸੁਰੇਸ਼ ਕਾਮਰਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਐਸ. ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ ਦੀ ਮਾਤ ਸੰਸਥਾ ਸ੍ਰੀ ਸਨਾਤਨ ਧਰਮ ਸਭਾ (ਰਜਿ:) ਪਟਿਆਲਾ ਦੇ ਪ੍ਰਧਾਨ ਲਾਲ ਚੰਦ ਜਿੰਦਲ, ਸੀਨੀਅਰ ਉਪ-ਪ੍ਰਧਾਨ ਸ੍ਰੀ ਵਿਜੇ ਮੋਹਨ ਗੁਪਤਾ, ਉਪ-ਪ੍ਰਧਾਨ ਸ੍ਰੀ ਐਨ.ਕੇ. ਜੈਨ, ਸਕੂਲ ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ ਅਤੇ ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਦੀ ਯੋਗ ਅਗਵਾਈ ਵਿੱਚ ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਵਿੱਚ ਪਟਿਆਲਾ ਜ਼ਿਲ੍ਹੇ ਦੇ ਹਜ਼ਾਰਾਂ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ, ਅੰਤਰਰਾਸ਼ਟਰੀ ਪੱਧਰ ਤੇ ਖੇਡਾਂ ਅਤੇ ਸਨਾਤਨ ਧਰਮ ਦੀਆਂ ਪਵਿੱਤਰ ਕਦਰਾਂ-ਕੀਮਤਾਂ ਪ੍ਰਦਾਨ ਕੀਤੀ ਜਾ ਰਹੀਆਂ ਹਨ। ਸਮਾਰੋਹ ਵਿੱਚ ਆਲ ਇੰਡੀਆ ਸ਼੍ਰੋਮਣੀ ਮੰਦਰ ਪ੍ਰਬੰਧਕ ਕਮੇਟੀ ਪਟਿਆਲਾ ਵੱਲੋਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਲਈ 15,000 ਰੁਪਏ ਦੇ ਵਜ਼ੀਫ਼ੇ ਦਾ ਚੈੱਕ ਪ੍ਰਾਪਤ ਕਰਦੇ ਹੋਏ, ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਸੰਸਥਾ ਦੇ ਸਾਰੇ ਸਤਿਕਾਰਯੋਗ ਪਦ ਅਧਿਕਾਰੀਆਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ।

## ਹਿਊਮਨ ਸਰਵਿਸ ਸੁਸਾਇਟੀ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੀਟਿੰਗ ਦੌਰਾਨ ਜਗਦੀਪ ਸਿੰਘ ਜੱਗਾ ਦਾ ਸਨਮਾਨ



ਪਟਿਆਲਾ, 5 ਜੁਲਾਈ (ਚ.ਨ.ਸ.) : ਹਿਊਮਨ ਸਰਵਿਸ ਸੁਸਾਇਟੀ ਦੇ ਦਫਤਰ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਇੱਕ ਮੀਟਿੰਗ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਦਾ ਟੀਮ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਜਤਿੰਦਰ ਸ਼ਰਮਾ ਨੇ ਦੱਸਿਆ ਕਿ ਜਗਦੀਪ ਸਿੰਘ ਜੱਗਾ ਬਹੁਤ ਹੀ ਇਮਾਨਦਾਰ ਅਤੇ ਲੋਕਾਂ ਦੇ ਕੰਮ ਆਉਣ ਵਾਲੇ ਬਹੁਤ ਹੀ ਵਧੀਆ ਇਨਸਾਨ ਹਨ। ਉਹਨਾਂ ਦੀ ਇਮਾਨਦਾਰੀ ਤੇ ਚੰਗੇ ਕੰਮਾਂ ਨੂੰ ਦੇਖਦੇ ਹੋਏ ਜੋ ਡਿਪਟੀ ਮੇਅਰ ਦਾ ਅਹੁਦਾ ਉਹਨਾਂ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਾਡੀ ਟੀਮ ਵੱਲੋਂ ਨਸ਼ੇ ਕਰਨ ਵਾਲੇ ਮਰੀਜ਼ਾਂ ਦਾ ਮੁਫ਼ਤ ਇਲਾਜ ਵੀ ਕਰਵਾਇਆ ਜਾਂਦਾ ਹੈ। ਇਸ ਮੀਟਿੰਗ ਵਿੱਚ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ, ਜ਼ਿਲ੍ਹਾ ਵਾਇਸ ਪ੍ਰਧਾਨ ਰਾਜ ਕੁਮਾਰ, ਪਵਨ ਕੁਮਾਰ, ਜਸਵੰਤ ਰਾਏ, ਪ੍ਰਿੰਸ ਤਿਆਗੀ, ਦਵਿੰਦਰ ਸਿੰਘ ਚੱਡਾ, ਮਾਸਟਰ ਹਰਦੇਵ ਸਿੰਘ, ਵਿਸ਼ਾਲ ਬੋਕਸਰ, ਬਲਵਿੰਦਰ ਸਿੰਘ ਲੁਬਾਣਾ, ਪਤਵੰਤੇ ਸੱਜਣ ਮੌਜੂਦ ਰਹੇ।

## ਕਿਸਾਨ ਯੂਨੀਅਨ ਪੁਆਧ ਪੰਜਾਬ ਵੱਲੋਂ ਵਿਸੇਸ਼ ਮੁਦਿਆਂ 'ਤੇ ਮਹੀਨਾਵਾਰ ਮੀਟਿੰਗ



ਘਨੌਰ, 5 ਜੁਲਾਈ (ਮਦਨ ਲਾਲ) : ਅੱਜ ਕਿਸਾਨ ਯੂਨੀਅਨ ਦੀ ਹਰ ਮਹੀਨੇ ਦੀ ਹੋਣ ਵਾਲੀ ਮੀਟਿੰਗ ਗੁਰੂ ਘਰ ਕਾਰ ਸੇਵਾ ਘਨੌਰ ਵਿਖੇ ਹੋਈ। ਅੱਜ ਦੇ ਜੋ ਹਾਲਾਤ ਨੇ ਉਹਨਾਂ 'ਤੇ ਵੱਖ ਵੱਖ ਕਿਸਾਨ ਲੀਡਰਾਂ ਨੇ ਆਪਣੇ ਵਿਚਾਰ ਰੱਖੇ ਸੇਂਟਰ ਸਰਕਾਰ ਦੀ ਅਮਰੀਕਾ ਗੌਰਮਿੰਟ ਨਾਲ ਅੰਦਰ ਖਾਤੇ ਚਲ ਰਹੇ ਸਮਝੌਤੇ ਜੋ ਕਿ ਅਮਰੀਕਾ ਆਸਟਰੇਲੀਆ ਵਰਗੇ ਮੁਲਕਾਂ ਦੇ ਅਨਾਜ ਨੂੰ ਭਾਰਤ ਵਿਚ ਆਉਣ ਦੀ ਖੁੱਲ੍ਹ ਦੇਣਾ ਕਿਸਾਨ ਯੂਨੀਅਨ ਪੁਆਧ ਵੱਲੋਂ ਪੁਰਜੋਰ ਵਿਰੋਧਤਾ ਕਰਨ ਦਾ ਫੈਸਲਾ ਕੀਤਾ ਗਿਆ ਤੇ 9 ਜੁਲਾਈ ਦੇ ਤਹਿਸੀਲਾਂ 'ਤੇ ਧਰਨੇ ਵਿੱਚ ਆਪਣੇ ਵਰਕਰਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਏ। ਜ਼ਿਲ੍ਹਾ ਪ੍ਰਧਾਨ ਸਰਦਾਰਾ ਸਿੰਘ ਨੇ ਕਿਸਾਨਾਂ ਨੂੰ ਹਰ ਦਵਾਈ ਦਾ ਪੱਕਾ ਬਿਲ ਲੈਣ ਲਈ ਪ੍ਰੇਰਤ ਕੀਤਾ ਕਿ ਕਿਸ ਤਰ੍ਹਾਂ ਪਿੱਛੇ ਸੂਰਜ ਮੁਖੀ ਦੇ ਮਾੜੇ ਬੀਜਾਂ ਨਾਲ ਕਿਸਾਨਾਂ ਦੀ ਲੁੱਟ ਹੋਈ ਇਸ ਲਈ ਪੱਕਾ ਬਿਲ ਜ਼ਰੂਰੀ ਲਵੋ।ਅੱਜ ਦੀ ਮੀਟਿੰਗ ਵਿੱਚ ਸੋਨੂੰ ਬਘੌਰਾ, ਜਗਤਾਰ ਸਿੰਘ ਅਲਾਮਦੀ ਪੁਰ, ਨਰਾਤਾ ਸਿੰਘ , ਗੁਰਜੀਤ ਸਿੰਘ ਸਰਾਂਲਾ ,ਚਰਨਜੀਤ ਸਿੰਘ ਝੁੱਗੀਆ ਪ੍ਰਧਾਨ ਪੰਜਾਬ, ਸਾਬਕਾ ਕਿਸਾਨ ਨੇਤਾ ਹਰਦਮ ਸਿੰਘ ਮਹਿਦੂਦਾ, ਗੁਰਮੀਤ ਸਿੰਘ ਸਦਾਰਸੀ, ਅਮਰਜੀਤ ਸਿੰਘ ਕਾਮੀ ,ਸਾਬਕਾ ਚੇਅਰਮੈਨ ਸਰਬਜੀਤ ਸਿੰਘ ਬਾਘੌਰਾ ,ਗੁਰਦੀਪ ਸਿੰਘ , ਗੁਰਬਾਜ ਸਿੰਘ ਕਪੂਰੀ, ਬਲਕਾਰ ਸਿੰਘ ਅਲੰਦੀਪੁਰ ,ਜਨਕ ਸਿੰਘ ਸੋਗਲਪੁਰ ,ਹਾਕਮ ਸਿੰਘ ਰੁੜਕੀ ਤੇ ਹੋਰ ਵੀ ਕਿਸਾਨ ਹਾਜਰ ਹੋਏ ਅਤੇ ਪ੍ਰੈਸ ਸਕੱਤਰ ਗੁਰਦੀਪ ਸਿੰਘ ਰੁੜਕੀ ਸਮੇਤ ਹੋਰ ਵੀ ਬਹੁਤ ਸਾਰੇ ਕਿਸਾਨ ਹਾਜ਼ਰ ਸਨ।

## ਲਾਇਨਜ਼ ਕਲੱਬ ਨਾਭਾ ਦੀ ਸਥਾਪਨਾ, ਸੰਨੀ ਸਿੰਗਲਾ ਲਗਾਤਾਰ ਦੂਜੀ ਵਾਰ ਪ੍ਰਧਾਨ ਬਣੇ




ਨਾਭਾ, 5 ਜਲਾਈ (ਬਲਜਿੰਦਰ ਮਾਨ) : ਬੀਤੇ ਬੁੱਧਵਾਰ ਨੂੰ ਲਾਇਨਜ਼ ਕਲੱਬ ਨਾਭਾ ਦੀ ਇੰਸਟਾਲੇਸ਼ਨ ਡਿਸਟ੍ਰਿਕ 3216 ਦੇ ਗਵਰਨਰ ਲਾਇਨ ਅੰਮ੍ਰਿਤ ਪਾਲ ਸਿੰਘ ਜੰਡੂ ਦੀ ਮੌਜੂਦਗੀ ਵਿੱਚ ਹੋਈ, ਲਾਇਨਜ਼ ਕਲੱਬ ਨਾਭਾ ਦੀ ਟੀਮ ਨੂੰ ਪਾਸਟ ਡਿਸਟ੍ਰਿਕ ਗਵਰਨਰ ਬਰਿੰਦਰ ਸਿੰਘ ਸੋਹਲ ਕੋਡੀਨੇਟਰ ਨੇ ਇੰਸਟਾਲ ਕਰਵਾਇਆ ਅਤੇ ਲਾਇਨ ਸੰਨੀ ਸਿੰਗਲਾ ਪ੍ਰਧਾਨ, ਲਾਇਨ ਗਿਰਧਾਰੀ ਲਾਲ ਬਾਂਸਲ ਸੈਕਟਰੀ, ਅਤੇ ਲਾਇਨ ਟੀ ਮੁਕੇਸ਼ ਨੂੰ ਖਜ਼ਾਨਚੀ ਅਤੇ ਹੋਰ ਸਾਰੇ ਅਹੁਦੇਦਾਰਾਂ ਨੂੰ ਆਪਣੀ ਡਿਊਟੀ ਨਿਭਾਉਣ ਦੀ ਸਹੁੰ ਚੁਕਾਈ। ਇਸ ਮੌਕੇ 'ਤੇ ਸੁਰਿੰਦਰ ਬੀਰ ਸਿੰਘ ਸੇਠੀ ਨੇ ਸਭ ਨੂੰ ਜੀ ਆਇਆਂ ਕਿਹਾ। ਲਾਇਨ ਅਜੈ ਗੋਇਲ, ਲਾਇਨ ਨਰੇਸ਼ ਗੋਇਲ ਅਤੇ ਲਾਇਨ ਸੰਜੀਵ ਸੂਦ (ਡਿਸਟ੍ਰਿਕ ਐਡਮਿਨਿਸਰੇਟਰ) ਉਚੇਚੇ ਤੌਰ 'ਤੇ ਪਹੁੰਚੇ, ਰੀਜਨ ਚੇਅਰਮੈਨ ਲਾਇਨ ਰਾਜੀਵ ਬਾਂਸਲ, ਜੋਨ ਚੇਅਰਮੈਨ ਲਾਇਨ ਰਾਜੇਸ਼ ਅਨੇਜਾ ਅਤੇ ਸਾਬਕਾ ਪ੍ਰਧਾਨ ਲਾਇਨ ਸੁਭਾਸ਼ ਸਹਿਗਲ ਵੀ ਮੌਜੂਦ ਰਹੇ, ਡਿਸਟ੍ਰਿਕ 3216 ਦਾ ਡਿਸਟ੍ਰਿਕ ਸੋਂਗ ਜੋ ਕਿ ਲਾਇਨ ਗੁਰਮੀਤ ਸਿੰਘ ਗੈਰੀ ਵੱਲੋਂ ਤਿਆਰ ਕੀਤਾ ਗਿਆ ਸੀ। ਇਸ ਮੌਕੇ ਤੇ ਰਲੀਜ਼ ਕੀਤਾ ਗਿਆ, ਪ੍ਰਧਾਨ ਲਾਇਨ ਸੰਨੀ ਸਿੰਗਲਾ ਨੇ ਸਾਰੇ ਹਾਊਸ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਸਾਲ ਪਿਛਲੇ ਸਾਲ ਤੋਂ ਵੀ ਵੱਧ ਸਮਾਜ ਭਲਾਈ ਦੇ ਕੰਮ ਕਿਤੇ ਜਾਣਗੇ।

## ਇਨਵੈਸਟ ਪੰਜਾਬ ਪੋਰਟਲ ਰਾਹੀਂ ਲਾਭ ਲੈ ਰਹੀਆਂ ਉਦਯੋਗਿਕ ਇਕਾਈਆਂ




ਪਟਿਆਲਾ, 5 ਜੁਲਾਈ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਉਦਯੋਗਿਕ ਵਿਕਾਸ ਲਈ ਲਾਗੂ ਕੀਤੀ ਇੰਡਸਟਰੀਅਲ ਐਂਡ ਬਿਜ਼ਨਸ ਡਿਵੈਲਪਮੈਂਟ ਪਾਲਿਸੀ 2017 ਤਹਿਤ, ਅੱਜ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਕਮੇਟੀ ਦੀ ਅਹਿਮ ਮੀਟਿੰਗ ਹੋਈ ।ਮੀਟਿੰਗ ਦੌਰਾਨ ਜ਼ਿਲ੍ਹੇ ਦੀਆਂ 8 ਉਦਯੋਗਿਕ ਇਕਾਈਆਂ ਨੂੰ ਵੱਖ-ਵੱਖ ਲਾਭਾਂ ਦੀ ਮਨਜ਼ੂਰੀ ਦਿੱਤੀ ਗਈ ।ਜਨਰਲ ਮੈਨੇਜਰ , ਜ਼ਿਲ੍ਹਾ ਉਦਯੋਗਿਕ ਕੇਂਦਰ ਅੰਗਦ ਸਿੰਘ ਸੋਹੀ ਨੇ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਵਿੱਚ ਸਥਾਪਿਤ ਹੋਈਆਂ ਵੱਖ-ਵੱਖ ਇਕਾਈਆਂ ਦਾ ਇੰਸੈਂਟਿਵ ਪ੍ਰਵਾਨ ਕੀਤਾ ਗਿਆ, ਜਿਸ ਵਿੱਚ ਮੈਸਰਜ਼ ਗੋਰਡਫੀਲਡ ਨਿਊਰੈਂਟਸ ਵਰਲਡ ਵਾਈਡ ਐਲ.ਐਲ.ਪੀ., ਸਪੇਡ ਮਟੈਲਿਕਸ, ਆਲੀਆਨਾ ਇੰਡਸਟ੍ਰੀਜ਼, ਨੇਹਾ ਐਂਟਰਪ੍ਰਾਈਸਿਜ਼ ਨੂੰ ਇਲੈਕਟ੍ਰੀਸਿਟੀ ਡਿਊਟੀ ਦੀ ਛੋਟ 07 ਸਾਲ ਅਤੇ 10 ਸਾਲ ਲਈ ਪ੍ਰਵਾਨ ਕੀਤੀ ਗਈ ਅਤੇ ਮੈਸਰਜ਼ ਐਚ.ਓ.ਜੀ. ਇਲੈਕਟ੍ਰੀਕਲਜ਼ ਪ੍ਰਾਈਵੇਟ ਲਿਮਟਿਡ, 50-51, ਵਿਵਿਧਾ ਇੰਡਸਟ੍ਰੀਅਲ ਪਾਰਕ ਪਟਿਆਲਾ ਨੂੰ 29,400/- ਦੀ ਸਟੈਂਪ ਡਿਊਟੀ ਦੀ ਰੀਇਮਬਰਸਮੈਂਟ ਦਾ ਇਨਸੈਂਟਿਵ ਅਤੇ ਮੈਸ ਡੀ.ਐਸ.ਅਲਾਇਜ਼ ਪਿੰਡ ਦੋਹੜਾ ਸਮਾਣਾ ਨੂੰ ਸਾਲ 2024-25 ਤਹਿਤ ਇੰਟਰਸਟ ਸਬਸਿਡੀ ਦੀ ਰੀਇੰਮਬਰਸਮੈਂਟ 2,56,776/- ਰੁਪਏ ਅਤੇ ਮੈਸਰਜ਼ ਸ਼ਿਰੀ ਕਰਿਸ਼ਨਾ ਫਾਈਬਰਜ਼, ਖੇਵਟ ਨੰ: 1249/1202 ਨੇੜੇ ਰਾਧਾ ਸੁਆਮੀ ਸਤਸੰਗ ਘਰ ਬਾਹਮਨਾ ਪਟਿਆਲਾ ਨੂੰ ਸਾਲ 2024-25 ਤਹਿਤ ਇੰਟਰਸਟ ਸਬਸਿਡੀ ਦੀ ਰੀਇੰਬਰਸਮੈਂਟ 2,11,461/- ਰੁਪਏ ਅਤੇ ਮੈਸ ਅਲਾਇਨਾ ਇੰਡਸਟ੍ਰੀਜ਼ ਪਿੰਡ ਰੇਤਗੜ੍ਹ ਪਟਿਆਲਾ ਨੂੰ ਸਾਲ 2024-25 ਤਹਿਤ ਇੰਟਰਸਟ ਸਬਸਿਡੀ ਦੀ ਰੀਇੰਬਰਸਮੈਂਟ 68,099/-ਰੁਪਏ ਦਾ ਇਨਸੈਂਟਿਵ ਪ੍ਰਵਾਨ ਕੀਤਾ ਗਿਆ । ਇਸ ਤੋਂ ਇਲਾਵਾ ਮੈਸਰਜ਼ ਏਪੈਕਸ ਥਰਮੋਪੋਕ ਘਨੌਰ ਪਟਿਆਲਾ ਨੂੰ ਸਾਲ 2021-22ਤਹਿਤ ਐਸ.ਜੀ.ਐਸ.ਟੀ. ਦੀ ਰੀਇੰਬਰਸਮੈਂਟ ਰਕਮ 7,59,841/- ਰੁਪਏ ਦਾ ਇੰਨਸੈਂਟਿਵ ਪ੍ਰਵਾਨ ਕੀਤਾ ਗਿਆ । ਅੰਗਦ ਸਿੰਘ ਸੋਹੀ ਕਿਹਾ ਕਿ ਪੰਜਾਬ ਸਰਕਾਰ ਦੀ ਉਦਯੋਗਿਕ ਪਾਲਿਸੀ ਤਹਿਤ ਉਦਯੋਗਿਕ ਇਕਾਈਆਂ ਨੂੰ ਪ੍ਰੋਤਸਾਹਨ ਦੇਣ ਅਤੇ ਓਹਨਾਂ ਦੀਆਂ ਜ਼ਰੂਰਤਾਂ ਮੁਤਾਬਕ ਸਹੂਲਤਾਂ ਦਿੰਦੇ ਹੋਏ ਜ਼ਿਲ੍ਹੇ ਵਿੱਚ ਉਦਯੋਗਿਕ ਇਕਾਈਆਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ।



# ਪਟਿਆਲਾ-ਆਸ/ਪਾਸ



### ਸਟੇਸ਼ਨਰੀ ਤੇ ਜੂਟ ਦੇ ਥੈਲੇ ਵੰਡਣ ਦੀ ਮੁਹਿੰਮ ਦੀ ਸ਼ੁਰੂਆਤ

## ਵਾਤਾਵਰਨ ਦੀ ਸੁਰੱਖਿਆ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ: ਹਰਚੰਦ ਸਿੰਘ ਬਰਸਟ



ਪਟਿਆਲਾ, 5 ਜੁਲਾਈ (ਚ.ਨ.ਸ.) : ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਤਿਆਰ ਕੀਤੇ ਜੂਟ ਦੇ ਥੈਲੇ, ਲੋੜਵੰਦ ਬਚਿੱਆਂ ਨੂੰ ਸਟੇਸ਼ਨਰੀ ਅਤੇ ਕਾਪੀਆਂ ਵੰਡਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ ਗੋਇਲ, ਹਰਿੰਦਰ ਸਿੰਘ ਧਬਲਾਨ, ਨਰੇਸ਼ ਮਿੱਤਲ, ਮੋਹਨ ਕੁਮਾਰ ਗੋਇਲ ਅਤੇ ਗੋਪੀ ਸਿੱਧੂ ਮੌਜੂਦ ਰਹੇ। ਇਸ ਮੌਕੇ ਸ. ਬਰਸਟ ਨੇ ਕਿਹਾ ਕਿ ਧਰਤੀ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਅਤੇ ਵਾਤਾਵਰਣ ਦੀ ਸੁਰੱਖਿਆ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ ਅਤੇ ਸਾਨੂੰ ਸਾਰਿਆਂ ਨੂੰ ਇੱਕਜੁਟ ਹੋ ਕੇ ਵਾਤਾਵਰਣ ਦੀ ਸੰਭਾਲ ਕਰਨੀ ਚਾਹੀਦੀ ਹੈ, ਤਾਂ ਜੋ ਤੰਦਰੁਸਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸਦੇ ਲਈ ਜਰੂਰੀ ਹੈ ਕਿ ਸਿੰਗਲ ਵਰਤੋਂ ਵਾਲੇ ਪਲਾਸਟਿਕ ਦੇ ਲਿਫਾਫਿਆਂ ਦਾ ਇਸਤੇਮਾਲ ਨਾ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਬਾਜਾਰ ਵਿੱਚੋਂ ਸਮਾਨ ਖਰੀਦਣ ਲਈ ਜਾਓ ਤਾਂ ਘਰ ਤੋਂ ਹੀ ਕਪੜੇ ਜਾਂ ਜੂਟ ਦਾ ਥੈਲਾ ਨਾਲ ਲੈ ਕੇ ਜਾਓ। ਜੂਟ ਦੇ ਥੈਲੇ ਨਾ ਸਿਰਫ਼ ਟਿਕਾਊ ਹਨ, ਸਗੋਂ ਸਿਹਤਮੰਦ ਭਵਿੱਖ ਵੱਲ ਵੀ ਇੱਕ ਕਦਮ ਹਨ। ਸੋਸਾਇਟੀ ਵੱਲੋਂ ਤਿਆਰ ਕੀਤੀਆਂ ਕਾਪੀਆਂ ਉੱਤੇ ਵੀ ਪਲਾਸਟਿਕ ਦੇ ਲਿਫਾਫਿਆਂ ਨੂੰ ਕਰੋ ਨਾਂਹ ਦਾ ਸੁਨੇਹਾ ਦਿੱਤਾ ਗਿਆ ਹੈ, ਤਾਂ ਜੋ ਬਚਿੱਆਂ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ। ਸ. ਬਰਸਟ ਨੇ ਕਿਹਾ ਕਿ ਅੱਜ ਸਭ ਤੋਂ ਵੱਧ ਜ਼ਰੂਰਤ ਹੈ, ਤਾਂ ਜਾਗਰੂਕ ਹੋਣ ਦੀ, ਨਾਲ ਹੀ ਸਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ। ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਲਗਭਗ 20 ਸਾਲਾਂ ਤੋਂ ਸਮਾਜ ਭਲਾਈ ਦੇ ਕਾਰਜਾਂ ਦੇ ਨਾਲ-ਨਾਲ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ, ਜੋ ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਨੇ ਸੋਸਾਇਟੀ ਮੈਂਬਰਾਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਹਰ ਸਮਾਂ ਉਨ੍ਹਾਂ ਦੇ ਨਾਲ ਖੜੇ ਹਨ। ਇਸ ਮੌਕੇ ਪ੍ਰਧਾਨ ਵਿਜੇ ਕੁਮਾਰ ਗੋਇਲ ਨੇ ਸੋਸਾਇਟੀ ਦੀ ਸਥਾਪਨਾ ਅਤੇ ਇਸਦੇ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਹੀ ਸਮਾਜ ਭਲਾਈ ਦੇ ਕਾਰਜਾਂ ਨੂੰ ਜਾਰੀ ਰੱਖਣ ਦੀ ਗੱਲ ਕਹੀ।

### 75ਮਿਲੀਗ੍ਰਾਮ ਤੋਂ ਵੱਧ ਮਾਤਰਾ ਵਾਲੀ ਪ੍ਰੀਗਾਬਾਲਿਨ ਦਵਾਈ 'ਤੇ ਪਾਬੰਦੀ, ਏ.ਡੀ.ਸੀ. ਵੱਲੋਂ ਹੁਕਮ ਜਾਰੀ

ਪਟਿਆਲਾ, 5 ਜੁਲਾਈ (ਚ.ਨ.ਸ.) : ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨਵਰੀਤ ਕੌਰ ਸੇਖੋਂ ਨੇ ਭਾਰਤੀਆ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪ੍ਰੀਗਾਬਾਲਿਨ ਦੀ75ਮਿਲੀਗ੍ਰਾਮ ਤੋਂ ਵੱਧ ਮਾਤਰਾ ਵਾਲੀਆਂ ਦਵਾਈਆਂ, ਗੋਲੀਆਂ ਤੇ ਕੈਪਸੂਲਾਂ ਦੀ ਵਿਕਰੀ ਅਤੇ ਭੰਡਾਰਨ 'ਤੇ ਪਾਬੰਦੀ ਲਗਾਈ ਹੈ।ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਦੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਦਵਾਈਆਂ ਦੇ ਥੋਕ ਤੇ ਪ੍ਰਚੂਨ ਵਿਕਰੇਤਾ, ਕੈਮਿਸਟਸ, ਮੈਡੀਕਲ ਸਟੋਰਾਂ ਵਾਲੇ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਵੀ ਹੋਰ ਵਿਅਕਤੀ ਪ੍ਰੀਗਾਬਾਲਿਨ ਦੀ75ਐਮ.ਜੀ. ਤੋਂ ਵੱਧ ਵਾਲੀ ਦਵਾਈ ਦੀ ਬਿਨ੍ਹਾਂ ਅਸਲ ਡਾਕਟਰ ਦੀ ਪਰਿਸਕ੍ਰਿਪਸ਼ਨ ਸਲਿਪ ਦੇ ਕਿਸੇ ਨੂੰ ਵਿਕਰੀ ਨਹੀਂ ਕਰੇਗਾ।ਇਹ ਪਾਬੰਦੀ ਜ਼ਿਲ੍ਹੇ ਵਿੱਚ ਵੱਖ-ਵੱਖ ਸਮਾਜਿਕ ਜਥੇਬੰਦੀਆਂ ਵੱਲੋਂ ਦਿੱਤੀ ਸੂਚਨਾ ਦੇ ਮੱਦੇਨਜ਼ਰ ਸਿਵਲ ਸਰਜਨ ਦੀ ਅਗਵਾਈ ਹੇਠ ਇੱਕ ਕਮੇਟੀ ਵੀ ਗਠਿਤ ਕੀਤੀ ਗਈ ਹੈ, ਜਿਸ ਵੱਲੋਂ ਪ੍ਰੀਗਾਬਾਲਿਨ ਖਾਣ ਦੇ ਮਾੜੇ ਪ੍ਰਭਾਵਾਂ ਦੀ ਇੱਕ ਰਿਪੋਰਟ ਵੀ ਤਿਆਰ ਕੀਤੀ ਗਈ ਕਿ75ਐਮ.ਜੀ. ਤੋਂ ਵੱਧ ਮਾਤਰਾ ਵਾਲੀ ਪ੍ਰੀਗਾਬਾਲਿਨ ਦਵਾਈ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਅਤੇ ਇਸ ਨੂੰ ਨਸ਼ੇ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਇੰਡੀਅਨ ਮੈਡੀਕਲ ਐਸੋਸੀਏਸ਼ਨ, ਪਟਿਆਲਾ ਤੇ ਕੈਮਿਸਟ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਵੀ ਬੈਠਕ ਕੀਤੀ ਗਈ, ਜਿਨ੍ਹਾਂ ਨੇ ਇਸ ਉਪਰ ਪਾਬੰਦੀ ਨੂੰ ਜਾਇਜ਼ ਠਹਿਰਾਇਆ ਸੀ।ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨਵਰੀਤ ਕੌਰ ਸੇਖੋਂ ਨੇ ਹੁਕਮਾਂ ਵਿੱਚ ਅੱਗੇ ਕਿਹਾ ਕਿ ਕਮੇਟੀ ਵੱਲੋਂ ਕਿਹਾ ਗਿਆ ਹੈ ਕਿ ਇਹ ਦਵਾਈ ਬਹੁਤ ਘੱਟ ਡਾਕਟਰਾਂ ਵੱਲੋਂ ਮਰੀਜਾਂ ਨੂੰ ਲਿਖੀ ਜਾਂਦੀ ਹੈ ਤੇ ਪ੍ਰੀਗਾਬਾਲਿਨ ਦੀ75ਐਮ.ਜੀ. ਤੋਂ ਵੱਧ ਵਾਲੀ ਦਵਾਈ ਉਪਰ ਪਾਬੰਦੀ ਲਗਾਉਣੀ ਸਮਾਜ ਦੀ ਬਿਹਤਰੀ ਲਈ ਯੋਗ ਹੋਵੇਗੀ। ਇਹ ਹੁਕਮ 2 ਸਤੰਬਰ 2025 ਤੱਕ ਜ਼ਿਲ੍ਹੇ ਵਿੱਚ ਲਾਗੂ ਰਹਿਣਗੇ।

## ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਪਟਿਆਲਾ ਵੱਲੋਂ ਉਪਕਾਰ ਸਿੰਘ ਵਿਰਕ ਦਾ ਸਨਮਾਨ

### ਖੋ-ਖੋ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਬਣਨ 'ਤੇ ਦਿੱਤੀ ਵਧਾਈ

ਪਟਿਆਲਾ, 5 ਜੁਲਾਈ (ਰੁਪਾਣਾ) : ਖੋ-ਖੋ ਫੈਡਰੇਸ਼ਨ ਆਫ ਇੰਡੀਆ ਦੀਆਂ ਹੋਈਆਂ ਚੋਣਾਂ ਵਿੱਚ ਪਟਿਆਲੇ ਜ਼ਿਲ੍ਹੇ ਨਾਲ ਸੰਬੰਧਿਤ ਉਪਕਾਰ ਸਿੰਘ ਵਿਰਕ ਨੂੰ ਖੋ ਖੋ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਬਣਨ 'ਤੇ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਪਟਿਆਲਾ ਵੱਲੋਂ ਸ. ਉਪਕਾਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਗਦੀਪ ਸਿੰਘ ਕਾਹਲੋਂ, ਜਨਰਲ ਸਕੱਤਰ, ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਪਟਿਆਲਾ ਵੱਲੋਂ ਗੁਲਦਸਤੇ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ, ਪਟਿਆਲਾ ਦੇ ਜਰਨਲ ਸਕੱਤਰ ਤੇ ਪੰਜਾਬ ਸਰਕਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਸ. ਉਪਕਾਰ ਸਿੰਘ ਵਿਰਕ ਪਿਛਲੇ ਲੰਬੇ ਸਮੇਂ ਤੋਂ ਬਤੌਰ ਖੇਡ ਅਧਿਕਾਰੀ, ਜਨਰਲ ਸਕੱਤਰ ਪੰਜਾਬ ਖੋ ਖੋ ਐਸੋਸੀਏਸ਼ਨ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਦੇ ਰਹੇ ਹਨ, ਪਿਛਲੇ ਦਿਨੀਂ ਦਿੱਲੀ ਵਿਖੇ ਹੋਈਆਂ ਚੋਣਾਂ ਵਿੱਚ ਸਰਬ ਸੰਮਤੀ ਨਾਲ ਉਪਕਾਰ ਸਿੰਘ ਵਿਰਕ ਨੂੰ ਜਨਰਲ ਸਕੱਤਰ ਚੁਣਿਆ ਗਿਆ। ਉਹਨਾਂ ਦੱਸਿਆ ਕਿ ਇਸ ਨਾਲ ਪੰਜਾਬ ਤੇ ਪਟਿਆਲਾ ਦਾ ਮਾਣ ਵਧਿਆ ਹੈ। ਉਹਨਾਂ ਕਿਹਾ ਕਿ ਪੂਰੇ ਪੰਜਾਬ ਵਿੱਚ ਖੋ ਖੋ ਖੇਡ ਨੂੰ ਪ੍ਰਫੁੱਲਤ ਕਰਨ ਵਿੱਚ ਉਪਕਾਰ ਸਿੰਘ ਵਿਰਕ ਦਾ ਬਹੁਤ ਅਹਿਮ ਯੋਗਦਾਨ ਰਿਹਾ ਹੈ। ਜੇਕਰ ਪੰਜਾਬ ਵਿੱਚ ਖੇਡਾਂ ਨੂੰ ਪ੍ਰਫੁੱਲਤ ਕਰਨਾ ਹੈ, ਤਾਂ ਉਪਕਾਰ ਸਿੰਘ ਵਿਰਕ ਵਰਗੀ ਸੋਚ ਪੈਦਾ ਕਰਨ ਦੀ ਲੋੜ ਹੈ। ਇਸ ਮੌਕੇ ਉਪਕਾਰ ਸਿੰਘ ਵਿਰਕ ਨੇ ਕਿਹਾ ਕਿ ਜੋ ਮਾਣ ਸਤਿਕਾਰ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਪਟਿਆਲਾ ਵੱਲੋਂ ਦਿੱਤਾ ਗਿਆ ਹੈ ਉਹ ਉਸ ਲਈ ਹਮੇਸ਼ਾ ਰਿਣੀ ਰਹਿਣਗੇ। ਉਹਨਾਂ ਕਿਹਾ ਕਿ ਅੱਜ ਪੰਜਾਬ ਵਿੱਚ ਹਰ ਖੇਡ ਬਾਰੇ ਘਰ ਘਰ ਜਾ ਕੇ ਪ੍ਰਚਾਰ ਅਤੇ ਪਸਾਰ ਕਰਨ ਦੀ ਜ਼ਰੂਰਤ ਹੈ, ਤਾਂ ਕਿ ਆਮ ਲੋਕਾਂ ਨੂੰ ਖੇਡਾਂ ਬਾਰੇ ਜਾਣਕਾਰੀ ਮਿਲ ਸਕੇ। ਇਸ ਮੌਕੇ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਦੇ ਉਪ ਪ੍ਰਧਾਨ ਬਖਸ਼ੀਸ਼ ਸਿੰਘ, ਸੁਰਜੀਤ ਸਿੰਘ, ਅਮਰਜੀਤ ਸਿੰਘ, ਕੁਲਵੰਤ ਸਿੰਘ, ਦੀਪਕ ਕੁਮਾਰ ਅਤੇ ਖਿਡਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਜਾਰੀ

ਪਟਿਆਲਾ, 5 ਜੁਲਾਈ (ਵਿਨੋਦ ਸ਼ਰਮਾ) : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 5 ਜੂਨ ਹਰ ਕੋਈ ਇਕ ਰੁੱਖ ਲਗਾਓ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਇਸੇ ਲੜੀ ਤਹਿਤ 5 ਜੁਲਾਈ ਨੂੰ ਹਰਾ ਸੰਕਲਪ ਦਿਵਸ ਵਜੋਂ ਮਨਾਇਆ ਗਿਆ ਅਤੇ ਇਸ ਦਿਨ ਨੂੰ ਮਿਸ਼ਨ ਇਕ ਜੱਜ-ਇੱਕ ਰੁੱਖ ਵਜੋਂ ਮਨਾਉਣ ਦੀ ਘੋਸ਼ਣਾ ਵੀ ਕੀਤੀ ਗਈ। ਪੰਜਾਬ ਸਟੇਟ ਲੀਗਲ ਸਰਵਿਸਿਜ਼ ਅਥਾਰਟੀ, ਐਸ.ਏ.ਐਸ. ਨਗਰ ਦੀ ਹਦਾਇਤਾਂ ਅਤੇ ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਲੀਗਲ ਸਰਵਿਸਿਜ਼ ਅਕਾਰਟੀ ਪਟਿਆਲਾ ਰੁਪਿੰਦਰਜੀਤ ਚਾਹਲ ਦੀ ਅਗਵਾਈ ਹੇਠ ਹਰਾ ਸੰਕਲਪ ਦਿਵਸ ਜ਼ਿਲ੍ਹਾ ਅਦਾਲਤ ਕੰਪਲੈਕਸ, ਪਟਿਆਲਾ ਵਿਖੇ ਮਨਾਇਆ ਗਿਆ। ਇਸ ਮੌਕੇ ਵਧੀਕ ਸੈਸ਼ਨ ਜੱਜ ਹਰਿੰਦਰ ਕੌਰ ਸਿੱਧੂ, ਪ੍ਰਿੰਸੀਪਲ ਜੱਜ ਫੈਮਿਲੀ ਕੋਰਟ ਪਟਿਆਲਾ, ਪ੍ਰਧਾਨ ਬਾਰ ਐਸੋਸੀਏਸ਼ਨ ਮਨਵੀਰ ਸਿੰਘ ਟਿਵਾਣਾ, ਸਕੱਤਰ ਬਾਰ ਐਸੋਸੀਏਸ਼ਨ ਸਚਿਨ ਸ਼ਰਮਾ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਟਾਫ ਨੇ ਵੱਖ-ਵੱਖ ਕਿਸਮਾਂ ਦੇ ਰੁੱਖਾਂ ਜਿਵੇਂ ਕਿ ਨਿੰਮ, ਬਹੇੜਾ, ਸੁਹੰਜਣਾ, ਚਾਂਦਨੀ, ਅਮਲਤਾਸ, ਜਾਮਣ ਆਦਿ ਦੇ ਬੂਟੇ ਜ਼ਿਲ੍ਹਾ ਕੋਰਟ ਕੰਪਲੈਕਸ ਦੇ ਅੰਦਰ ਦੁਆਲੇ ਲਗਾਏ। ਇਹ ਰੁੱਖ ਲਗਾਉਣ ਦੀ ਮੁਹਿੰਮ ਜੰਗਲਾਤ ਵਿਭਾਗ ਅਤੇ ਗੈਰ ਸਰਕਾਰੀ ਸੰਗਠਨ ਪੰਜਾਬ ਇਕੋ ਫ੍ਰੈਂਡਲੀ ਐਸੋਸੀਏਸ਼ਨ ਪਟਿਆਲਾ ਦੇ ਸਹਿਯੋਗ ਨਾਲ ਕੀਤੀ ਗਈ। ਇਸ ਸਮਾਗਮ ਵਿੱਚ ਜੰਗਲਾਤ ਰੇਂਜ ਅਫ਼ਸਰ, ਪਰਮਵੀਰ ਸਿੰਘ ਪ੍ਰਧਾਨ ਪੀ.ਈ.ਐਫ.ਏ. ਸ੍ਰੀ ਜੁਗਰਾਜ ਸਿੰਘ ਨੇ ਵੀ ਹਿੱਸਾ ਲਿਆ। ਇਸ ਮੌਕੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਮਨਦੀਪ ਕੰਬੋਜ ਨੇ ਦੱਸਿਆ ਕਿ ਹਰ ਕੋਈ ਇਕ ਰੁੱਖ ਲਗਾਓ ਮੁਹਿੰਮ ਜਾਰੀ ਜੋ ਕਿ ਅਗਸਤ 2025 ਦੇ ਅੰਤ ਤੱਕ ਚੱਲੇਗੀ।

## 20 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 5 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪੁਲਿਸ ਨੇ ਪਿੰਡ ਕੋਲ ਵਿਖੇ ਵਾਸੀ ਗੌਂਡਾ ਯੂ.ਪੀ. ਹਾਲ ਏਕਤਾ ਨਗਰ ਪਿੰਡ ਦੌਲਤਪੁਰ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਮਨਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬੱਸ ਅੱਡਾ ਪਿੰਡ ਕਸਿਆਣਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਸ਼ਰਾਬ ਵੇਚਣ ਲਈ ਪਿੰਡ ਹਸਨਪੁਰ ਦੀ ਗੁੱਗਾ ਮਾੜੀ ਨੂੰ ਜਾਂਦੇ ਕੱਚੇ ਰਸਤੇ ਪਰ ਬੈਠਾ ਹੈ, ਤੇ ਰੇਡ ਕਰਨ ਪਰ 20 ਬੋਤਲਾ ਸ਼ਰਾਬ ਠੇਕਾ ਸੰਤਰਾ ਚੰਡੀਗੜ੍ਹ ਦੀਆਂ ਬ੍ਰਾਮਦ ਹੋਈਆਂ।

### ਨਸ਼ੀਲੀਆਂ ਗੋਲੀਆਂ ਰੱਖਣ ਦੇ ਮਾਮਲੇ 'ਚੋਂ ਬਰੀ

ਪਟਿਆਲਾ, 5 ਜੁਲਾਈ (ਵਿਨੋਦ ਸ਼ਰਮਾ) : ਨਸ਼ੀਲੀਆਂ ਗੋਲੀਆਂ ਰੱਖਣ ਦੇ ਮਾਮਲੇ 'ਚ ਅਦਾਲਤ ਨੇ ਇੱਕ ਵਿਅਕਤੀ ਗੁਰਿੰਦਰਜੀਤ ਸਿੰਘ ਨੂੰ ਬਚਾਅਪੱਖ ਦੇ ਸੀਨੀਅਰ ਵਕੀਲ ਐਚ.ਐਸ.ਸੱਗੂ ਦੀਆਂ ਦਲੀਲਾਂ ਮੰਨਦੇ ਹੋਏ ਬਰੀ ਕਰ ਦਿੱਤਾ ਹੈ। ਪੁਲਿਸ ਨੇ ਉਸ ਤੋਂ ਨਸ਼ੀਲੀਆਂ ਗੋਲ਼ੀਆਂ ਬ੍ਰਾਮਦ ਕਰਕੇ ਸਾਲ 2021 ਵਿਚ ਥਾਣਾ ਤ੍ਰਿਪੜੀ ਵਿਖੇ ਮਾਮਲਾ ਦਰਜ ਕੀਤਾ ਸੀ। ਮਾਮਲਾ ਸਾਬਤ ਨਾ ਹੋਣ 'ਤੇ ਉਸ ਨੂੰ ਬਰੀ ਕਰ ਦਿੱਤਾ।

## ਵਾਤਾਵਰਨ ਸਾਫ਼-ਸੁਥਰਾ ਰੱਖਣ ਲਈ ਛਾਂਦਾਰ ਬੂਟੇ ਲਗਾਏ



ਦੇਵੀਗੜ੍ਹ, 5 ਜੁਲਾਈ (ਗੁਰਜੀਤ ਢੋਟ) : ਦੇਵੀਗੜ੍ਹ ਕਸਬੇ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਹਰਿਆਵਲ ਵਧਾਉਣ ਲਈ ਮੌਨਸੂਨ ਰੁੱਤ 'ਚ ਬੂਟੇ ਲਗਾਉਣੇ ਅਤਿ ਜ਼ਰੂਰੀ ਹਨ। ਇਹ ਪ੍ਰਗਟਾਵਾ ਨਗਰ ਪੰਚਾਇਤ ਦੇਵੀਗੜ੍ਹ ਦੀ ਪ੍ਰਧਾਨ ਸਵਿੰਦਰ ਕੌਰ ਧੰਜੂ ਨੇ ਅਨਾਜ ਮੰਡੀ ਦੇਵੀਗੜ੍ਹ ਵਿੱਚ ਪ੍ਰਧਾਨ ਵੇਦ ਪ੍ਰਕਾਸ਼ ਗਰਗ ਅਤੇ ਸ਼ੈਲਰ ਐਸੋਸੀਏਸ਼ਨ ਦੇਵੀਗੜ੍ਹ ਦੇ ਪ੍ਰਧਾਨ ਭੁਪਿੰਦਰ ਸਿੰਘ ਮੀਰਾਂਪੁਰ ਦੀ ਪ੍ਰਧਾਨਗੀ ਹੇਠ ਛਾਂਦਾਰ ਬੂਟੇ ਲਗਾਉਣ ਸਮੇਂ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਉਣ ਲਈ ਸਾਰਿਆਂ ਨੂੰ ਬੂਟੇ ਲਗਾਉਣੇ ਲਈ ਹੰਭਲਾ ਮਾਰਨਾ ਪਵੇਗਾ। ਇਸ ਮੌਕੇ ਵੇਦ ਪ੍ਰਕਾਸ਼ ਗਰਗ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਦੇਵੀਗੜ੍ਹ, ਭੁਪਿੰਦਰ ਸਿੰਘ ਪ੍ਰਧਾਨ ਸ਼ੈਲਰ ਐਸੋਸੀਏਸ਼ਨ ਦੇਵੀਗੜ੍ਹ, ਰਾਜਾ ਧੰਜੂ, ਜਗਦੀਸ਼ ਰਾਜ, ਛਬੀਲ ਦਾਸ, ਗਣੇਸ਼ੀ ਲਾਲ, ਮਹੇਸ਼ ਕੁਮਾਰ ਸਿੰਗਲਾ, ਕੁਲਦੀਪ ਸਿੰਘ, ਪਲਵਿੰਦਰ ਸਿੰਘ ਅਤੇ ਸ੍ਰੀ ਮਹਿਤਾ ਮੌਜੂਦ ਸਨ।

### 250 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 5 ਜੁਲਾਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਨੇ ਕਥਿਤ ਦੋਸ਼ੀ ਅਕਾਸ਼ ਵਾਸੀ ਪਿੰਡ ਸ਼ਾਮਲੀ ਜ਼ਿਲ੍ਹਾ ਮੁਜਫਰਨਗਰ ਯੂ.ਪੀ ਹਾਲ ਗਲੀ ਨੰ. 10 ਅਜਾਦ ਨਗਰ-ਬੀ ਪਟਿਆਲਾ ਹਾਲ ਗਲੀ ਨੰ. 08 ਦੀਪ ਨਗਰ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਾਜਿੰਦਰ ਕੁਮਾਰ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੁੱਡਾ ਗਰਾਊਂਡ ਪਟਿਆਲਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 250 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਗਊਆਂ ਲਈ ਹਰੇ-ਚਾਰੇ ਦੀ ਸੇਵਾ



ਸਮਾਣਾ, 5 ਜੁਲਾਈ (ਜਵੰਦਾ/ਵਿਜੇ ਕੁਮਾਰ) : ਲਾਇਨਜ਼ ਕਲੱਬ ਸਮਾਣਾ ਰੋਜ਼ ਵੱਲੋਂ ਸਮਾਜ ਭਲਾਈ ਕਾਰਜਾਂ ਵਿੱਚ ਵਾਧਾ ਕਰਦੇ ਹੋਏ ਪ੍ਰਧਾਨ ਅੰਸ਼ੁਲ ਢੀਂਗੜਾ, ਸੈਕਟਰੀ ਵਿਕਾਸ ਸਿੰਗਲਾ, ਕੈਸ਼ੀਅਰ ਵਿਨੋਦ ਗਰਗ ਅਤੇ ਪੀ ਆਰ ਓ ਸੰਜੀਵ ਗੋਇਲ ਦੀ ਅਗਵਾਈ ਵਿੱਚ ਸਥਾਨਕ ਗਾਜ਼ੀਪੁਰ ਗਊਸ਼ਾਲਾ ਵਿਖੇ ਗਊਆਂ ਨੂੰ ਹਰਾ ਚਾਰਾ ਅਤੇ ਗੁੜ ਪਾਉਣ ਦੀ ਸੇਵਾ ਕੀਤੀ ਗਈ, ਜਿਸ ਦੇ ਪ੍ਰੋਜੈਕਟ ਚੇਅਰਮੈਨ ਹਰਮੇਸ਼ ਕੁਮਾਰ ਹਨ। ਇਸ ਮੌਕੇ ਡਾ ਪ੍ਰਧਾਨ ਢੀਂਗੜਾ ਅਤੇ ਵਿਕਾਸ ਸਿੰਗਲਾ ਨੇ ਕਿਹਾ ਕਿ ਗਊ ਸੇਵਾ ਸਭ ਤੋਂ ਉੱਤਮ ਸੇਵਾ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਾਂ ਵਾਲਾ ਮੰਨਦੇ ਹਨ, ਜੋ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਸਭ ਤੋਂ ਪਿਆਰੇ ਗਊ ਵੰਸ਼ ਦੀ ਸੇਵਾ ਕਰਨ ਦਾ ਸੁਭਾਗ ਮਿਲਿਆ ਹੈ। ਇਸ ਮੌਕੇ ਪ੍ਰੋਜੈਕਟ ਚੇਅਰਮੈਨ ਸੰਜੀਵ ਗੋਇਲ ਨੇ ਕਿਹਾ ਕਿ ਕਲੱਬ ਦਾ ਉਦੇਸ਼ ਸਮਾਜ ਸੇਵਾ ਅਤੇ ਮਨੁੱਖਤਾ ਦੀ ਸੇਵਾ ਕਰਨਾ ਹੈ। ਇਸ ਸੰਸਥਾ ਦੇ ਮੈਂਬਰ ਰਿਤੇਸ਼ ਸਿੰਗਲਾ, ਸਮਰ ਸਿੰਘ ਅਤੇ ਸੁਦੇਸ਼ ਜੈਨ ਆਦਿ ਵੀ ਮੌਜੂਦ ਹਨ।

## ਸ਼੍ਰੀ ਖਾਟੂ ਸ਼ਿਆਮ ਮੰਦਰ ਕਮੇਟੀ ਵੱਲੋਂ ਇਕਾਦਸ਼ੀ ਮੌਕੇ ਕੀਰਤਨ ਅੱਜ

ਨਾਭਾ, 5 ਜੁਲਾਈ (ਬਲਜਿੰਦਰ ਮਾਨ) : ਸ਼੍ਰੀ ਖਾਟੂ ਸ਼ਿਆਮ ਮੰਦਰ ਕਮੇਟੀ ਰਜਿ. ਨਾਭਾ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਕਾਦਸ਼ੀ ਮੌਕੇ ਸ੍ਰੀ ਖਾਟੂ ਸਿਆਮ ਮੰਦਰ ਦੂਲਦੀ ਗੇਟ ਨੇੜੇ ਗੁੱਗਾ ਮਾੜੀ ਵਿਸ਼ਾਲ ਕੀਰਤਨ ਅੱਜ ਆਯੋਜਿਤ ਕੀਤਾ ਜਾ ਰਿਹਾ ਹੈ ਐਤਵਾਰ ਸ਼ਾਮ ਸਾਢੇ ਚਾਰ ਵਜੇ ਮਸ਼ਹੂਰ ਭਜਨ ਗਾਇਕ ਰੋਹਿਤ ਅਟਵਾਲ ਵੱਲੋਂ ਭਜਨ ਸੰਧਿਆ ਕੀਤੀ ਜਾਵੇਗੀ। ਕਮੇਟੀ ਦੇ ਪ੍ਰਧਾਨ ਵਿਕਾਸ ਗੋਇਲ ਅਤੇ ਸਕੱਤਰ ਰਜੇਸ਼ ਗਰਗ ਨੇ ਦੱਸਿਆ ਕਿ ਸੰਗਤਾਂ ਨੂੰ ਇਕਾਦਸ਼ੀ ਦੇ ਸ਼ੁਭ ਮੌਕੇ ਸ੍ਰੀ ਖਾਟੂ ਸ਼ਿਆਮ ਦੇ ਦਰਬਾਰ ਵਿੱਚ ਹਾਜ਼ਰੀ ਲਗਵਾਉਣੀ ਚਾਹੀਦੀ ਹੈ। ਉਹਨਾਂ ਦੱਸਿਆ ਕਿ ਮੰਦਰ ਕਮੇਟੀ ਵੱਲੋਂ ਨਵੇਂ ਬਣ ਰਹੇ ਸ੍ਰੀ ਖਾਟੂ ਸਿਆਮ ਮੰਦਰ ਲਈ ਕੰਮ ਲਗਾਤਾਰ ਜਾਰੀ ਹੈ ਤੇ ਜਲਦ ਹੀ ਮੰਦਿਰ ਵਿੱਚ ਭਗਵਾਨ ਸ੍ਰੀ ਖਾਟੂ ਸ਼ਿਆਮ, ਸ਼੍ਰੀ ਬਾਲਾ ਜੀ ਤੇ ਰਾਧਾ ਕ੍ਰਿਸ਼ਨ ਦੀ ਮੂਰਤੀ ਸਥਾਪਨਾ ਕੀਤੀ ਜਾਵੇਗੀ। ਮੰਦਰ ਕਮੇਟੀ ਵੱਲੋਂ ਸੰਗਤਾਂ ਲਈ ਲੰਗਰ ਦਾ ਆਯੋਜਨ ਕੀਤਾ ਗਿਆ ਹੈ।

## ਏਰੀਆ ਡਿਵੈਲਪਮੈਂਟ ਐਸੋਸੀਏਸ਼ਨ ਦੀ ਮੀਟਿੰਗ 'ਚ ਵੱਖ-ਵੱਖ ਵਿਕਾਸ ਕਾਰਜਾਂ 'ਤੇ ਚਰਚਾ



ਪਟਿਆਲਾ, 5 ਜੁਲਾਈ (ਚ.ਨ.ਸ.) : ਸਥਾਨਕ ਗੁਰਬਖਸ਼ ਕਲੋਨੀ ਟੈਂਕੀ ਵਾਲਾ ਪਾਰਕ ਵਿਖੇ ਏਰੀਆ ਡਿਵੈਲਪਮੈਂਟ ਐਸੋਸੀਏਸ਼ਨ ਦੀ ਮਾਸਿਕ ਬੈਠਕ ਮਦਨ ਲਾਲ ਕਾਂਸਲ ਅਤੇ ਪ੍ਰਧਾਨ ਸ਼ਾਮ ਲਾਲ ਮਿੱਤਲ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਐਸੋਸੀਏਸ਼ਨ ਦੇ ਮੈਂਬਰਾਂ ਨੇ ਹਿੱਸਾ ਲਿਆ। ਬਰਸਾਤ ਦੇ ਮੌਸਮ ਨੂੰ ਵੇਖਦੇ ਹੋਏ ਟੈਂਕੀ ਵਾਲਾ ਪਾਰਕ ਵਿੱਚ ਜਗਦੀਸ਼ ਵਰਮਾ, ਪ੍ਰਦੀਪ ਕੁਮਾਰ ਮੋਗਾ, ਵੀ.ਕੇ. ਲੂੰਬਾ ਨੇ ਮੌਸਮੀ ਬੂਟੇ ਲਗਾਉਣ ਦਾ ਪ੍ਰਸਤਾਵ ਰੱਖਿਆ। ਇਸ ਮਾਮਲੇ 'ਤੇ ਸਾਰੇ ਮੈਂਬਰ ਸਹਿਮਤ ਹੋਏ। ਇਸ ਤੋਂ ਇਲਾਵਾ ਜਨਰਲ ਸਕੱਤਰ ਜੀ.ਐਲ.ਵਡੇਰਾ ਨੇ ਜੂਨ ਮਹੀਨੇ ਵਾਸਤੇ ਪ੍ਰਾਪਤ ਭੁਗਤਾਨ ਦਾ ਵੇਰਵਾ ਦਿੱਤਾ ਅਤੇ ਐਸੋਸੀਏਸ਼ਨ ਵੱਲੋਂ ਪਾਰਕ ਵਿੱਚ ਕਰਵਾਈਆਂ ਵੱਖ-ਵੱਖ ਸਰਗਰਮੀਆਂ ਬਾਰੇ ਰੌਸ਼ਨੀ ਪਾਈ, ਨਾਲ ਹੀ ਭਰੋਸਾ ਦਿੱਤਾ ਕਿ ਪਾਰਕ ਦੀ ਬੇਹਤਰੀ ਲਈ ਪਹਿਲਾਂ ਤੋਂ ਜ਼ਿਆਦਾ ਕੰਮ ਕੀਤੇ ਜਾਣਗੇ ਅਤੇ ਹੁਣ ਤੱਕ ਕੀਤੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਮੀਟਿੰਗ ਦੇ ਅੰਤ ਵਿਚ ਸ਼ਾਮ ਲਾਲ ਮਿੱਤਲ ਨੇ ਮੀਟਿੰਗ ਵਿਚ ਪੁੱਜੇ ਸਾਰੇ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ। ਮੀਟਿੰਗ ਦੀ ਸਮੁੱਚੀ ਜਾਣਕਾਰੀ ਮੀਡੀਆ ਐਡਵਾਈਜ਼ਰ ਨਰੇਸ਼ ਕੁਮਾਰ ਵਲੋਂ ਦਿੱਤੀ ਗਈ।

## ਸੁਰੱਖਿਆ, ਖੁਸ਼ਹਾਲੀ, ਹਮਦਰਦੀ ਜਗਾਉਣ ਦੀ ਟ੍ਰੇਨਿੰਗ ਜ਼ਰੂਰੀ



ਪਟਿਆਲਾ, 5 ਜੁਲਾਈ (ਚ.ਨ.ਸ.) : ਡਿਪਟੀ ਕਮਿਸ਼ਨਰ ਪਟਿਆਲਾ ਦੇ ਹੁਕਮਾਂ ਦੀ ਪਾਲਨਾ ਕਰਦੇ ਹੋਏ, ਵਰਤਮਾਨ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਕੁਦਰਤੀ ਅਤੇ ਮਨੁੱਖੀ ਆਫਤਾਵਾਂ ਸਮੇਂ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਦੀ ਟ੍ਰੇਨਿੰਗ ਫਸਟ ਏਡ, ਸੇਫਟੀ, ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਵੱਲੋਂ ਜੰਗੀ ਪੱਧਰ ਤੇ ਵਿਦਿਆਰਥੀਆਂ, ਅਧਿਆਪਕਾਂ, ਅਤੇ ਕਰਮਚਾਰੀਆਂ ਨੂੰ ਦਿੱਤੀ ਜਾ ਰਹੀ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਪੀ ਜੇ ਐਮ ਹਾਈ ਸਕੂਲ, ਪਟਿਆਲਾ ਵਿਖੇ ਪ੍ਰਿੰਸੀਪਲ ਸ਼੍ਰੀ ਨਵਦੀਪ ਕੁਮਾਰ ਵੱਲੋ ਲਗਾਇਆ। ਪ੍ਰਿੰਸੀਪਲ ਨੇ ਕਿਹਾ ਕਿ ਘਰ, ਫੈਕਟਰੀਆਂ, ਵਿਉਪਾਰਕ ਅਦਾਰੇ, ਇਮਾਰਤਾਂ, ਗੱਡੀਆਂ ਤਬਾਹੀ ਕਰਨ ਵਾਲੇ ਸਾਮਾਨ ਨਾਲ ਭਰੇ ਪਏ ਹਨ। ਕਾਕਾ ਰਾਮ ਵਰਮਾ ਨੇ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਦੀ ਟ੍ਰੇਨਿੰਗ ਦਿੱਤੀ ਅਤੇ ਦੱਸਿਆ ਕਿ 90 ਪ੍ਰਤੀਸ਼ਤ ਹਾਦਸਿਆਂ ਅਤੇ ਘਟਨਾਵਾਂ ਨੂੰ ਟ੍ਰੇਨਿੰਗ, ਅਭਿਆਸ ਮੌਕ ਡਰਿੱਲਾਂ ਰਾਹੀਂ ਰੋਕਿਆ ਜਾ ਸਕਦਾ ਹੈ। ਵਾਇਸ ਪ੍ਰਿੰਸੀਪਲ ਅਮਨਪ੍ਰੀਤ ਕੌਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਅਜ ਦੇ ਸਮੇਂ ਵਿੱਚ ਉਹ ਹੀ ਵਿਦਿਆਰਥੀ ਸਫਲ ਅਤੇ ਸਨਮਾਨਿਤ ਨਾਗਰਿਕ/ ਕਰਮਚਾਰੀ ਬਣ ਸਕਦੇ ਹਨ। ਏ ਐਸ ਆਈ ਰਾਮ ਸਰਨ, ਆਵਾਜਾਈ ਸਿਖਿਆ ਸੈਲ ਨੇ ਨਸ਼ਿਆਂ, ਅਪਰਾਧਾਂ, ਫਾਸਟ ਫੂਡ, ਕਿਡਨੈਪਿੰਗ, ਸਾਈਬਰ ਤਬਾਹੀ ਤੋਂ ਬਚਣ ਅਤੇ ਹੈਲਪ ਲਾਈਨ ਨੰਬਰਾਂ ਦੀ ਜਾਣਕਾਰੀ ਦਿੱਤੀ।

## ਐਸ.ਜੀ.ਪੀ.ਸੀ. ਨੇ ਜੰਗ-ਏ-ਆਜ਼ਾਦੀ ਦੇ ਪਹਿਲੇ ਜਲਾਵਤਨ ਸ਼ਹੀਦ ਹੋਏ ਭਾਈ ਮਹਾਰਾਜ ਸਿੰਘ ਦੀ ਸ਼ਹਾਦਤ ਦੀ ਯਾਦ ਸਬੰਧੀ ਸਮਾਗਮ ਕਰਵਾਇਆ

ਬਲਬੇੜਾ, 5 ਜੁਲਾਈ (ਗੁਰਜੀਤ ਸਿੰਘ ਢੋਟ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ ਕਿਰਪਾਲ ਸਿੰਘ ਬਡੂੰਗਰ ਨੇ ਜੰਗ-ਏ-ਅਜ਼ਾਦੀ ਦੇ ਪਹਿਲੇ ਜਲਾਵਤਨ ਸ਼ਹੀਦ ਹੋਏ ਭਾਈ ਮਹਾਰਾਜ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਅਦੁੱਤੀ ਸ਼ਹੀਦ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸਤਿਕਾਰ ਭੇਟ ਕਰਦੇ ਹਾਂ। ਉਹਨਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ ਪਰਵਾਨਿਆਂ ਦੀਆਂ ਕੁਰਬਾਨੀ ਅੱਗੇ ਸਿਰ ਝੁਕਦਾ ਹੈ। ਭਾਰਤ ਦੀ ਆਜ਼ਾਦੀ ਲਈ ਸਿੱਖਾਂ ਨੇ ਤਸ਼ੱਦਦ ਝਲਿਆ, ਜ਼ਮੀਨ ਜਾਇਦਾਦ ਕੁਰਕ ਕਰਵਾਈਆਂ, ਜੇਲ੍ਹ ਵਿੱਚ ਬੰਦ ਰਹੇ, ਸ਼ਹੀਦੀਆਂ ਪਾ ਗਏ ਉਹਨਾਂ ਕਿਹਾ ਕਿ ਆਜ਼ਾਦੀ ਦੀਆਂ ਅਜਿਹੀਆਂ ਸ਼ਖ਼ਸੀਅਤਾਂ ਵਿੱਚ ਭਾਈ ਮਹਾਰਾਜ ਸਿੰਘ ਨਾਮ ਵੀ ਸ਼ਾਮਲ ਹੈ। ਕਾਲੇ ਪਾਣੀ ਸੈਲੂਲਰ ਜੇਲ੍ਹ ਦੇ ਪਹਿਲੇ ਸ਼ਹੀਦ ਹੋਣ ਦਾ ਅੱਜ 169ਵਾਂ ਸ਼ਹੀਦੀ ਦਿਹਾੜਾ ਹੈ। ਪ੍ਰੋ ਬਡੂੰਗਰ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਉਹ ਇੱਕ ਨੇਕ ਸਿੱਖ ਸਨ। ਉਹ ਮਹਾਨ ਕ੍ਰਾਂਤੀਕਾਰੀ ਸਿੱਖ ਯੋਧਾ ਵੀ ਸਨ। ਉਹ ਸਮੇਂ ਦੀ ਹਕੂਮਤ ਦੇ ਸਾਹਮਣੇ ਝੁਕੇ ਨਹੀਂ। ਨਾ ਹੀ ਭਾਰਤ ਦੀ ਆਜ਼ਾਦੀ ਦਾ ਰਾਹ ਨ ਛੱਡਿਆ। ਆਜ਼ਾਦੀ ਦੇ ਪਰਵਾਨਿਆਂ ਨਾਲ ਆਖਰੀ ਸਾਹ ਤੱਕ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਉਹਨਾਂ ਕਿਹਾ ਕਿ ਭਾਈ ਮਹਾਰਾਜ ਸਿੰਘ ਦਾ ਮੂਲ ਨਾਮ ਨਿਹਾਲ ਸਿੰਘ ਰਖਿਆ ਗਿਆ। ਉਸ ਦਾ ਮਨ ਧਰਮ ਵੱਲ ਝੁਕਿਆ ਹੋਇਆ ਹੋਣ ਕਾਰਨ ਬਾਬਾ ਬੀਰ ਸਿੰਘ ਦੇ ਡੇਰੇ ਵਿੱਚ ਆਉਂਦੀ ਸੰਗਤ ਨੂੰ ਪ੍ਰੇਮ ਭਾਵਨਾ ਨਾਲ ਸੇਵਾ ਕਰਦੇ ਸਨ ਆਮ ਤੌਰ 'ਤੇ ਅੰਨ, ਜਲ ਦੀ ਸੇਵਾ ਕਰਦਾ, ਲੰਗਰ ਵਰਤਾਉਣ ਸਮੇਂ ਲਓ ਪ੍ਰਸ਼ਾਦਾ ਮਹਾਰਾਜ ਜੀ, ਜਲ ਲਓ ਮਹਾਰਾਜ ਜੀ ਇਸੇ ਕਾਰਨ ਉਸ ਦੀ ਪਹਿਚਾਣ ਅਤੇ ਨਾਮ ਹੀ ਭਾਈ ਮਹਾਰਾਜ ਸਿੰਘ ਪੱਕ ਗਿਆ। ਪ੍ਰੋ. ਬਡੂੰਗਰ ਨੇ ਕਿਹਾ ਕਿ ਭਾਈ ਮਹਾਰਾਜ ਸਿੰਘ ਦੇਸ਼ ਭਗਤੀ ਬਦੌਲਤ ਛੇ ਸਾਲ ਦੇ ਕਰੀਬ ਜੇਲ ਵਿੱਚ ਬੰਦ ਰਹਿਣ ਮਗਰੋਂ 5 ਜੁਲਾਈ 1856 ਈਸਵੀ ਨੂੰ ਹਕੂਮਤ ਦੀਆਂ ਚਾਲਾਂ ਠੁਕਰਾਉਂਦੇ ਹੋਏ ਜੇਲ ਅੰਦਰ ਹੀ ਸ਼ਹੀਦੀ ਪਾ ਗਏ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬਡੂੰਗਰ ਨੇ ਕਿਹਾ ਕਿ ਦੇਸ਼ ਭਗਤੀ ਪ੍ਰਤੀ ਜਜ਼ਬੇ ਵਾਲੇ ਸ਼ਹੀਦ ਭਾਈ ਮਹਾਰਾਜ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਆਖਿਆ ਕਿ ਅਸੀਂ ਅਜ਼ਾਦੀ ਲਈ ਵੱਡਮੁਲਾ ਯੋਗਦਾਨ ਪਾਉਣ ਸ਼ਖ਼ਸੀਅਤ 'ਤੇ ਮਾਣ ਮਹਿਸੂਸ ਹੋ ਰਿਹਾ ਹੈ।



### ਲੜਕੀ ਨੂੰ ਵਿਆਹ ਦਾ ਝਾਂਸਾ ਦੇਣ 'ਤੇ ਮਾਮਲਾ ਦਰਜ

ਪਟਿਆਲਾ, 5 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੋਨੂੰ ਸਿੰਘ ਵਾਸੀ ਪਿੰਡ ਮਹਿਲ ਸਿੰਘ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਲੜਕੀ ਉਮਰ 18 ਸਾਲ ਜੋ ਕਿ ਕਿਸੇ ਪ੍ਰਾਈਵੇਟ ਕੰਪਨੀ ਵਿੱਚ ਕੰਮ ਕਰਦੀ ਸੀ, ਜੋ ਰੋਜ਼ਾਨਾ ਦੀ ਤਰ੍ਹਾਂ ਆਪਣੇ ਕੰਮ ਪਰ ਚਲੀ ਗਈ ਅਤੇ ਦੁਪਿਹਰ ਸਮੇਂ ਘਰ ਖਾਣਾ ਖਾ ਕੇ ਫਿਰ ਕੰਮ ਪਰ ਚਲੀ ਗਈ, ਜੋ ਸ਼ਾਮ ਤੱਕ ਘਰ ਵਾਪਿਸ ਨਹੀ ਆਈ ਅਤੇ ਕਾਫੀ ਭਾਲ ਕਰਨ ਪਰ ਪਤਾ ਲੱਗਾ ਕਿ ਉਕਤ ਕਥਿਤ ਦੋਸ਼ੀ ਉਸ ਦੀ ਲੜਕੀ ਨੂੰ ਵਰਗਲਾ ਫੁਸਲਾ ਕੇ ਵਿਆਹ ਕਰਾਉਣ ਦਾ ਝਾਂਸਾ ਦੇ ਕੇ ਭਜਾ ਕੇ ਲੈ ਗਿਆ। ਪੁਲਿਸ ਨੇ ਧਾਰਾ 87,137(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਸ਼ਨੀਵਾਰ ਦੀ ਛੁੱਟੀ ਦੀ ਮੰਗ ਨੂੰ ਲੈ ਕੇ ਵਕੀਲਾਂ ਦੀ ਰਹੀ ਹੜਤਾਲ

ਪਟਿਆਲਾ, 5 ਜੁਲਾਈ (ਵਿਨੋਦ ਸ਼ਰਮਾ) : ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮਨਵੀਰ ਸਿੰਘ ਟਿਵਾਣਾ ਨੇ ਦੱਸਿਆ ਕਿ ਅੱਜ ਸ਼ਨੀਵਾਰ ਦੀ ਛੁੱਟੀ ਦੀ ਮੰਗ ਨੂੰ ਲੈ ਕੇ ਬਾਰ ਦੇ ਸਮੂਹ ਅਹੁਦੇਦਾਰਾਂ ਅਤੇ ਹੋਰ ਵਕੀਲ ਭਾਈਚਾਰੇ ਵਲੋਂ ਹੜਤਾਲ ਕੀਤੀ ਗਈ। ਅੱਜ ਕੇਸਾਂ 'ਤੇ ਕੋਈ ਸੁਣਵਾਈ ਨਹੀਂ ਹੋਈ।

## ਨਾਜਾਇਜ਼ ਸ਼ਰਾਬ ਸਮੇਤ ਕਾਬੂ

ਸਮਾਣਾ, 5 ਜੁਲਾਈ (ਵਿਜੇ ਕੁਮਾਰ) ਸ਼ਰਾਬ ਵੇਚਣ ਲਈ ਗਾਹਕਾਂ ਦੇ ਇੰਤਜ਼ਾਰ ਵਿੱਚ ਖੜ੍ਹੇ ਇੱਕ ਨੌਜਵਾਨ ਨੂੰ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 20 ਬੋਤਲਾਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮੁਲਜ਼ਮ ਦੀ ਪਛਾਣ ਗੌਰਵ ਗਰਗ ਵਾਸੀ ਆਨੰਦ ਕਾਲੋਨੀ ਸਮਾਣਾ ਵਜੋਂ ਹੋਈ ਹੈ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਹੈੱਡ ਕਾਂਸਟੇਬਲ ਜਗਦੀਸ਼ ਕੁਮਾਰ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਅੰਬੇਦਕਰ ਚੌਂਕ 'ਤੇ ਮੌਜੂਦ ਸਨ ਕਿ ਮੁਲਜ਼ਮ ਦੇ ਚੌਂਕ ਨੇੜੇ ਖੜ੍ਹੇ ਹੋ ਕੇ ਸ਼ਰਾਬ ਵੇਚਣ ਸਬੰਧੀ ਮਿਲੀ ਸੂਚਨਾ 'ਤੇ ਰੇਡ ਦੌਰਾਨ ਉਸ ਕੋਲੋਂ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 20 ਬੋਤਲਾਂ ਬਰਾਮਦ ਹੋਣ 'ਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਆਦੇਸ਼ 'ਤੇ ਮੁਲਜ਼ਮ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

## ਪੁੱਟੀਆਂ ਸੜਕਾਂ ਨੂੰ ਜਲਦ ਬਣਾਇਆ ਜਾਵੇ, ਨਹੀਂ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਸਟੇਟ ਹਾਈਵੇ ਜਾਮ ਕਰਾਂਗੇ: ਚੰਦੂਮਾਜਰਾ



ਦੇਵੀਗੜ੍ਹ, 5 ਜੁਲਾਈ (ਗੁਰਜੀਤ ਸਿੰਘ ਢੋਟ) : ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੇ ਪਿੰਡਾਂ ਨੂੰ ਜਾਂਦੀਆਂ ਸੜਕਾਂ ਦੀ ਖਸਤਾ ਹਾਲਤ ਕਾਰਨ ਰਾਹਗੀਰ ਪ੍ਰੇਸ਼ਾਨ ਹਨ। ਹਲਕਾ ਸਨੌਰ ਦੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੀਆਂ ਖਸਤਾ ਹਾਲ ਸੜਕਾਂ ਕਾਰਨ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਣੀਆਂ ਸੜਕਾਂ ਪਿਛਲੇ ਡੇਢ ਸਾਲ ਤੋਂ ਟੁੱਟੀਆਂ ਹੋਈਆਂ ਹਨ। ਦੇਵੀਗੜ੍ਹ ਤੋਂ ਕਪੂਰੀ, ਦੇਵੀਗੜ੍ਹ ਤੋਂ ਭੰਬੂਆਂ ਅਤੇ ਭੰਬੂਆਂ ਤੋਂ ਜੁਲਕਾਂ ਨੂੰ ਜਾਂਦੀਆਂ ਸੜਕਾਂ ਕਾਫੀ ਸਮੇਂ ਤੋਂ ਸੀਵਰੇਜ਼ ਦੇ ਪਾਈਪ ਪਾਉਣ ਲਈ ਪੁੱਟੀਆਂ ਪਈਆਂ ਹਨ। ਮੀਂਹ ਕਾਰਨ ਦਲ-ਦਲ ਬਣੀਆਂ ਇਨ੍ਹਾਂ ਸੜਕਾਂ ਤੋਂ ਪਿੰਡਾਂ ਦੇ ਲੋਕਾਂ ਦਾ ਲੰਘਣਾ ਮੁਸ਼ਕਲ ਹੋ ਗਿਆ ਹੈ। ਚੰਦੂਮਾਜਰਾ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਇਨ੍ਹਾਂ ਪੁੱਟੀਆਂ ਸੜਕਾਂ ਨੂੰ ਜਲਦੀ ਬਣਾਇਆ ਜਾਵੇ ਨਹੀਂ ਤਾਂ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਨਾਲ ਲੈ ਕੇ ਸਟੇਟ ਹਾਈਵੇ ਜਾਮ ਕਰਨਗੇ। ਉਨ੍ਹਾਂ ਕਿਹਾ ਕਿ ਜੇ ਮੌਕਾ ਮਿਲਿਆ ਤਾਂ ਇਸ ਨਗਰ ਪੰਚਾਇਤ ਨੂੰ ਭੰਗ ਕਰਵਾਇਆ ਜਾਵੇਗਾ। ਚੰਦੂਮਾਜਰਾ ਨੇ ਇਸ ਹਲਕੇ ਵਿੱਚ ਹੁੰਦੀ ਨਾਜਾਇਜ਼ ਮਾਇਨਿੰਗ ਦਾ ਵੀ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਉਹ ਇਹ ਮਸਲਾ ਮੁੱਖ ਮੰਤਰੀ ਪੰਜਾਬ ਕੋਲ ਉਠਾਉਣਗੇ। ਇਸ ਮੌਕੇ ਜਗਜੀਤ ਸਿੰਘ ਕੋਹਲੀ, ਜਥੇਦਾਰ ਤਰਸੇਮ ਸਿੰਘ ਕੋਟਲਾ, ਡਾ. ਯਸ਼ਪਾਲ ਖੰਨਾ, ਕੈਪਟਨ ਖੁਸ਼ਵੰਤ ਸਿੰਘ, ਬਿਕਰਮ ਸਿੰਘ ਫਰੀਦਪੁਰ, ਤਰਲੋਕ ਸਿੰਘ ਹਾਜੀਪੁਰ ਅਤੇ ਜਸਵਿੰਦਰ ਸਿੰਘ ਬ੍ਰਹਮਪੁਰ ਹਾਜ਼ਰ ਸਨ।

## ਪ੍ਰੈਸ ਕਲੱਬ ਸਮਾਣਾ ਦੇ ਪ੍ਰਧਾਨ ਅਸ਼ੋਕ ਕੁਮਾਰ ਦੀ ਮਾਤਾ ਖੇਮੀ ਬਾਈ ਦਾ ਭੋਗ ਅੱਜ



ਸਮਾਣਾ, 5 ਜੁਲਾਈ (ਜਵੰਦਾ) : ਬਹਾਵਲਪੁਰ ਮਹਾਂ ਸਿੰਘ ਸਮਾਣਾ ਦੇ ਸਰਪ੍ਰਸਤ ਲਾਲਾ ਭਵਾਨੀ ਰਾਮ ਦੀ ਪਤਨੀ ਖੇਮੀ ਬਾਈ ਅਤੇ ਪ੍ਰੈਸ ਕਲੱਬ ਸਮਾਣਾ ਦੇ ਪ੍ਰਧਾਨ ਅਸ਼ੋਕ ਕੁਮਾਰ ਦੇ ਮਾਤਾ ਜੀ ਸਨ, ਜੋ ਪਿਛਲੇ 24 ਜੂਨ ਨੂੰ ਪਰਿਵਾਰਿਕ ਵਿਛੋੜਾ ਦੇ ਕੇ ਪ੍ਰਭੂ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਮਾਤਾ ਖੇਮੀ ਬਾਈ ਨੇ ਆਪਣੇ ਜੀਵਨ ਦੇ ਕਰੀਬ 82 ਸਾਲ ਇੱਕ ਸਾਦਗੀ ਅਤੇ ਧਾਰਮਿਕ ਅਤੇ ਸਮਾਜ ਸੇਵਾ ਵਿੱਚ ਹੀ ਗੁਜ਼ਾਰੇ। ਬਹਾਵਲਪੁਰ ਮਹਾਂਸੰਘ ਵਿੱਚ ਬਤੌਰ ਸਰਪ੍ਰਸਤ ਰਹਿ ਕੇ ਲਾਲਾ ਭਵਾਨੀ ਰਾਮ ਨੇ ਬਹਾਵਲਪੁਰ ਸਮਾਜ ਨਾਲ ਸ਼ਹਿਰ ਵਿੱਚ ਸੈਂਕੜੇ ਪਰਿਵਾਰਾਂ ਨੂੰ ਕਈ ਸਾਲਾਂ ਤੋਂ ਹਰ ਮਹੀਨੇ ਰਾਸ਼ਨ ਵੰਡ ਤੋਂ ਇਲਾਵਾ ਇਹਨਾਂ ਲੋਕਾਂ ਦੀ ਹਰ ਤਰ੍ਹਾਂ ਦੀ ਮਦਦ ਅਤੇ ਸਮਾਜ ਸੇਵਾ ਕਰ ਸ਼ਹਿਰ ਵਿੱਚ ਵੱਡੇ ਸਮਾਜ ਸੇਵਕ ਬਣ ਕੇ ਉਭਰੇ ਲਾਲਾ ਭਵਾਨੀ ਰਾਮ ਤੋਂ ਇਲਾਵਾ ਇਹਨਾਂ ਦੇ ਬੱਚੇ ਲੋਕਰਾਜ ਅਤੇ ਅਸ਼ੋਕ ਕੁਮਾਰ ਪੱਤਰਕਾਰ ਪ੍ਰਧਾਨ ਪ੍ਰੈਸ ਕਲੱਬ ਸਮਾਣਾ ਵੀ ਆਪਣੇ ਪਰਿਵਾਰ ਦੇ ਦਿਖਾਏ ਰਸਤੇ 'ਤੇ ਚਲਦੇ ਹੋਏ ਸਮਾਜ ਸੇਵਾ ਅਤੇ ਬੇਜ਼ੁਬਾਨ ਜਾਨਵਰਾਂ ਦੀ ਸੇਵਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ। ਮਿਨੋਚਾ ਪਰਿਵਾਰ ਦਾ ਨਾਮ ਸ਼ਹਿਰ ਦੇ ਨਾਮੀ ਪਰਿਵਾਰਾਂ ਵਿੱਚੋਂ ਇੱਕ ਹੈ ਪਿਛਲੇ ਤਿੰਨ ਸਾਲਾਂ ਤੋਂ ਇਹ ਬੱਚੇ ਮਾਤਾ ਖੇਮੀ ਬਾਈ ਦੇ ਗੰਭੀਰ ਬਿਮਾਰ ਹੋਣ ਦੇ ਬਾਵਜੂਦ ਵੀ ਦਿਲੋਂ ਜਾਨ ਨਾਲ ਸੇਵਾ ਕਰਦੇ ਰਹੇ ਪਰ 24 ਜੂਨ ਨੂੰ ਮਾਤਾ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਹਨ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਰੁੜ ਪੁਰਾਣ ਜੀ ਦੇ ਪਾਠ ਦਾ ਭੋਗ 6 ਜੁਲਾਈ ਦਿਨ ਐਤਵਾਰ ਮਾਤਾ ਨੈਣਾ ਆਰੀਆ ਧਰਮਸ਼ਾਲਾ ਸਮਾਣਾ ਨੇੜੇ ਨਗਰ ਕੌਂਸਲ ਸਮਾਣਾ ਵਿਖੇ ਦੁਪਹਿਰ 12 ਤੋਂ 1 ਵਜੇ ਪਵੇਗਾ।

## ਮੱਕੀ ਹੇਠ ਰਕਬਾ ਵਧਾਉਣ ਲਈ ਉਪਰਾਲਾ; ਕਿਸਾਨਾਂ ਨੂੰ 10 ਹਜ਼ਾਰ ਪ੍ਰਤੀ ਹੈਕਟੇਅਰ ਦੀ ਦਿੱਤੀ ਜਾਵੇਗੀ ਵਿੱਤੀ ਸਹਾਇਤਾ: ਡਾ. ਜਸਵਿੰਦਰ ਸਿੰਘ



ਪਟਿਆਲਾ, 5 ਜੁਲਾਈ (ਚ.ਨ.ਸ.) : ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਫ਼ਸਲੀ ਵਿਭਿੰਨਤਾ ਪ੍ਰੋਗਰਾਮ ਅਧੀਨ ਪਟਿਆਲਾ ਜ਼ਿਲ੍ਹੇ ਨੂੰ ਮੌਜੂਦਾ ਸਾਉਣੀ ਸੀਜ਼ਨ ਦੌਰਾਨ ਮੱਕੀ ਹੇਠ ਰਕਬਾ 500 ਏਕੜ (200 ਹੈਕਟੇਅਰ ਰਕਬਾ) ਤੱਕ ਵਧਾਉਣ ਦਾ ਟੀਚਾ ਪ੍ਰਾਪਤ ਹੋਇਆ ਹੈ, ਜਿਸ ਵਿੱਚ 20 ਕਲੱਸਟਰ ਪ੍ਰਦਰਸ਼ਨੀਆਂ (10 ਹੈਕਟੇਅਰ ਪ੍ਰਤੀ ਪ੍ਰਦਰਸ਼ਨੀ) ਹਨ ਜਿਨ੍ਹਾਂ ਦੀ ਬਲਾਕ ਵਾਰ ਵੰਡ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਲਾਕ ਪਟਿਆਲਾ, ਭੁਨਰਹੇੜੀ ਤੇ ਨਾਭਾ ਨੂੰ ਦੋ-ਦੋ ਕਲੱਸਟਰ ਪ੍ਰਦਰਸ਼ਨੀਆਂ ਜਦਕਿ ਸਮਾਣਾ ਤੇ ਘਨੌਰ ਨੂੰ ਤਿੰਨ-ਤਿੰਨ ਅਤੇ ਰਾਜਪੁਰਾ ਨੂੰ 8 ਕਲੱਸਟਰ ਪ੍ਰਦਰਸ਼ਨੀਆਂ ਦਾ ਟੀਚਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਕਿਸਾਨਾਂ ਨੂੰ 10 ਹਜ਼ਾਰ ਪ੍ਰਤੀ ਹੈਕਟੇਅਰ ਵਿੱਤੀ ਸਹਾਇਤਾ ਬੀਜ ਦਾ ਖਰਚਾ, ਬਿਜਾਈ ਦਾ ਖਰਚਾ, ਦਵਾਈਆਂ ਦਾ ਖਰਚਾ ਅਤੇ ਮੰਡੀਕਰਨ ਸਬੰਧੀ ਖਰਚਾ ਦਿੱਤਾ ਜਾਣਾ ਹੈ। ਮੱਕੀ ਬੀਜਣ ਦੇ ਚਾਹਵਾਨ ਕਿਸਾਨ ਵੈਬਸਾਈਟ agrimachinerypb.com ਉੱਪਰ ਅਰਜ਼ੀ ਅਪਲਾਈ ਕਰ ਸਕਦੇ ਹਨ ਅਤੇ ਪੋਰਟਲ ਉੱਪਰ ਰਜਿਸਟ੍ਰੇਸ਼ਨ ਲਈ ਬਲਾਕ ਰਾਜਪੁਰਾ ਦੇ ਕਿਸਾਨ ਬਲਾਕ ਖੇਤੀਬਾੜੀ ਅਫ਼ਸਰ, ਰਾਜਪੁਰਾ ਜਪਿੰਦਰ ਸਿੰਘ (79735-74542), ਬਲਾਕ ਘਨੌਰ ਦੇ ਕਿਸਾਨ ਬਲਾਕ ਖੇਤੀਬਾੜੀ ਅਫ਼ਸਰ ਘਨੌਰ ਰਣਜੋਧ ਸਿੰਘ (99883-12299), ਬਲਾਕ ਪਟਿਆਲਾ ਦੇ ਕਿਸਾਨ ਬਲਾਕ ਖੇਤੀਬਾੜੀ ਅਫ਼ਸਰ ਪਟਿਆਲਾ ਗੁਰਮੀਤ ਸਿੰਘ (97791-60950), ਬਲਾਕ ਭੁਨਰਹੇੜੀ ਦੇ ਕਿਸਾਨ ਬਲਾਕ ਖੇਤੀਬਾੜੀ ਅਫ਼ਸਰ, ਭੁਨਰਹੇੜੀ ਅਵਨਿੰਦਰ ਸਿੰਘ ਮਾਨ (80547-04471), ਬਲਾਕ ਨਾਭਾ ਦੇ ਕਿਸਾਨ ਬਲਾਕ ਖੇਤੀਬਾੜੀ ਅਫ਼ਸਰ ਨਾਭਾ ਜੁਪਿੰਦਰ ਸਿੰਘ ਗਿੱਲ (97805-60004) ਅਤੇ ਬਲਾਕ ਸਮਾਣਾ ਦੇ ਕਿਸਾਨ ਬਲਾਕ ਖੇਤੀਬਾੜੀ ਅਫ਼ਸਰ ਸਮਾਣਾ ਸਤੀਸ਼ ਕੁਮਾਰ (97589-00047) ਨਾਲ ਸੰਪਰਕ ਕਰ ਸਕਦੇ ਹਨ ਤਾਂ ਜੋ ਕਿਸਾਨਾਂ ਨੂੰ ਰਜਿਸਟ੍ਰੇਸ਼ਨ ਕਰਨ ਵਿੱਚ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਪਟਿਆਲਾ ਵਿੱਚ ਵੱਧ ਤੋਂ ਵੱਧ ਮੱਕੀ ਦੇ ਰਕਬੇ ਦੀ ਬਿਜਾਈ ਕੀਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਹਰੇਕ ਕਲੱਸਟਰ ਪ੍ਰਦਰਸ਼ਨੀ (10 ਹੈਕਟੇਅਰ) ਲਈ ਇੱਕ ਅਗਾਂਹਵਧੂ ਕਿਸਾਨ ਨੂੰ ਇਨ੍ਹਾਂ ਦੇ ਮੁਖੀਆ ਵਜੋਂ ਘੋਸ਼ਿਤ ਕੀਤਾ ਜਾਵੇਗਾ ਜਿਸ ਨੂੰ ਇੱਕ ਮੁਸ਼ਤ 2000 ਰੁਪਏ ਪ੍ਰਤੀ ਕਲੱਸਟਰ ਪ੍ਰਦਰਸ਼ਨੀ ਦੀ ਦੇਖ ਰੇਖ ਵੱਜੋ ਮਾਣਭੱਤਾ ਵੀ ਦਿੱਤਾ ਜਾਵੇਗਾ।